*Published in Punjabi & English*

Distributed in Toronto, Calgary, Vancouver and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-10, ਅੰਕ-8, ਅਗਸਤ 2020 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਅਡੋਲ ਕਮਿਊਨਿਸਟ ਨਿਹਚਾ ਦਾ ਮੁਜੱਸਮਾ ਬਾਬਾ ਬੂਝਾ ਸਿੰਘ/2

ਇਹੋ ਜਿਹਾ ਸੀ, ਸਾਡਾ ਊਧਮ ਸਿੰਘ/4

ਕਰੋਨੇ ਦੀ ਮਾਰ, ਮਾਫੀਏ ਦਾ ਹਥਿਆਰ ਤੇ ਲੋਕਾਂ ਦਾ ਘਾਣ /6

ਸਿੱਖ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਜਾਂ ਬੇਈਮਾਨ ? /11

ਫੁਕਰਪੁਣਾ ਜਿਨ੍ਹਾਂ ਦੇ ਹੱਡੀਂ ਰਚਿਆ/13

'ਇਹ ਅਨਿਆਂ ਸਦਾ ਨਹੀਂ ਰਹਿਣਾ' - ਅਰੁੰਧਤੀ ਰਾਏ ਦੀ ਪ੍ਰੋਫੈਸਰ ਸਾਈਬਾਬਾ ਦੇ ਨਾਂ ਚਿੱਠੀ/14

ਇਨਕਲਾਬ ਦੀ ਜਗਦੀ ਲੋਅ /16

ਕੋਵਿਡ-19: ਸੰਪੂਰਨ ਕੁਆਰਨਟੀਨ /19

ਸਮਾਜ ਨੂੰ ਗਿਆਨ ਤੋਂ ਵਾਂਝੇ ਕਰਨਾ /20

ਇਨਕਲਾਬੀ ਵਿਰਾਂਗਣਾਂ ਕਾਮਰੇਡ : ਮਹਿੰਦਰ ਕੌਰ/24

ਐਮਰਜੈਂਸੀ ਦੇ ਦਿਨਾਂ ਦੀ ਇੱਕ ਯਾਦ/26

## ਪ੍ਰੋਫੈਸਰ ਵਰਵਰਾ ਰਾਓ ਦੀ ਤੁਰੰਤ ਰਿਹਾਈ ਮੰਗੀ

# ਜਮਹੂਰੀ ਅਧਿਕਾਰ ਸਭਾ ਦੇ ਸੱਦੇ 'ਤੇ ਦੇਸ਼ਾਂ ਵਿਦੇਸ਼ਾਂ 'ਚ ਰੋਸ ਪ੍ਰਦਰਸ਼ਨ



19 ਜੁਲਾਈ ਨੂੰ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੱਦੇ 'ਤੇ ਭਾਜਪਾ-ਆਰਐੱਸਐੱਸ ਸਰਕਾਰ ਦੀ ਉੱਘੇ ਲੋਕਪੱਖੀ ਬੁੱਧੀਜੀਵੀਆਂ ਨੂੰ ਜੇਲ੍ਹਾਂ ਵਿਚ ਤਿਲ-ਤਿਲ ਮਾਰਨ ਦੀ ਸਾਜ਼ਿਸ਼ ਵਿਰੁੱਧ ਕੈਲਗਰੀ, ਬਰੈਂਪਟਨ, ਟੋਰਾਂਟੋ, ਨਵਾਂਸ਼ਹਿਰ, ਸੰਗਰੂਰ, ਮੋਗਾ, ਪਟਿਆਲਾ, ਬਠਿੰਡਾ, ਜਲੰਧਰ, ਰਾਮਪੁਰਾ ਫੂਲ, ਮਾਨਸਾ, ਮੁਕਤਸਰ, ਹੁਸ਼ਿਆਰਪੁਰ, ਫ਼ਗਵਾੜਾ, ਗੁਰਦਾਸਪੁਰ, ਜਗਰਾਓਂ, ਮੁੱਲਾਂਪੁਰ ਅਤੇ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ), ਜ਼ਿਲ੍ਹਾ ਬਰਨਾਲਾ ਵਿਚ ਲਗਭਗ 30 ਥਾਵਾਂ 'ਤੇ, ਸੰਗਰੂਰ ਵਿਚ ਸੰਗਰੂਰ, ਸੁਨਾਮ, ਲੌਂਗੋਂਵਾਲ, ਲਹਿਰਾਗਾਗਾ ਅਤੇ ਉੱਭਿਆ, ਨਗਰ (ਜਲੰਧਰ) ਆਦਿ ਤੋਂ ਬਿਨਾਂ ਸਿਰਸਾ (ਹਰਿਆਣਾ) ਵਿਚ ਪ੍ਰਦਰਸ਼ਨ ਕੀਤੇ ਗਏ। ਜਿਸ ਵਿਚ ਜਮਹੂਰੀ ਅਧਿਕਾਰ ਸਭਾ (ਪੰਜਾਬ), ਜਮਹੂਰੀ ਅਧਿਕਾਰ ਸਭਾ (ਹਰਿਆਣਾ), ਤਰਕਸ਼ੀਲ ਸੁਸਾਇਟੀ ਪੰਜਾਬ, ਪ੍ਰਗਤੀਸ਼ੀਲ ਲੇਖਕ ਸੰਘ (ਹਰਿਆਣਾ), ਪੰਜਾਬ ਸਟੂਡੈਂਟਸ ਯੂਨੀਅਨ, ਨੌਜਵਾਨ ਭਾਰਤ ਸਭਾ, ਇਨਕਲਾਬੀ ਕੇਂਦਰ ਪੰਜਾਬ, ਬੀ.ਕੇ.ਯੂ. (ਡਕੌਂਦਾ), ਲੋਕ ਸੰਗਰਾਮ ਮੋਰਚਾ, ਪਲਸ ਮੰਚ, ਡੀ.ਟੀ.ਐੱਫ, ਡੀ.ਐੱਮ.ਐੱਫ., ਟੈਕਨੀਕਲ ਐਂਡ ਮਕੈਨੀਕਲ ਵਰਕਰਜ਼ ਯੂਨੀਅਨ, ਵਰਗ ਚੇਤਨਾ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ), ਪੇਂਡੂ ਮਜ਼ਦੂਰ ਯੂਨੀਅਨ, ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਇਨਕਲਾਬੀ ਜਮਹੂਰੀ ਮੋਰਚਾ, ਬੀ.ਕੇ.ਯੂ (ਕ੍ਰਾਂਤੀਕਾਰੀ), ਇਨਕਲਾਬੀ ਮਜ਼ਦੂਰ ਕੇਂਦਰ ਅਤੇ ਹੋਰ ਜਮਹੂਰੀ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁੰਨਾਂ ਨੇ ਸ਼ਾਮਲ ਹੋ ਕੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਜਾਬਰ ਨੀਤੀਆਂ ਵਿਰੁੱਧ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ। ਬੀ.ਕੇ.ਯੂ.(ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਵੀ ਸੱਦੇ ਨਾਲ ਇਕਮੁੱਠਤਾ ਪ੍ਰਗਟਾਈ ਗਈ। 20 ਜੁਲਾਈ ਨੂੰ ਇਸੇ ਲੜੀ 'ਚ ਬਠਿੰਡਾ ਵਿਚ ਪ੍ਰਦਰਸ਼ਨ ਕੀਤਾ ਗਿਆ। ਵੱਖ ਵੱਖ ਥਾਈਂ ਪ੍ਰਦਰਸ਼ਨਾਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਕਿਹਾ ਕਿ ਦੇਸ਼-ਵਿਦੇਸ਼ ਦੇ ਇਨਸਾਫ਼ਪਸੰਦ ਲੋਕਾਂ ਵੱਲੋਂ ਜ਼ੋਰਦਾਰ ਮੰਗ ਕੀਤੇ ਜਾਣ ਅਤੇ ਜੇਲ੍ਹਾਂ ਵਿਚ ਕਰੋਨਾ ਮਹਾਮਾਰੀ ਫੈਲਣ ਦੇ ਬਾਵਜੂਦ ਕੇਂਦਰ ਅਤੇ ਮਹਾਰਾਸ਼ਟਰ ਸਰਕਾਰਾਂ ਵੱਲੋਂ ਭੀਮਾ-ਕੋਰੇਗਾਓਂ ਦੇ ਝੂਠੇ ਕੇਸ ਤਹਿਤ ਦੋ ਸਾਲ ਤੋਂ ਜੇਲ੍ਹ ਵਿਚ ਬੰਦ ਗਿਆਰਾਂ ਉੱਘੇ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। 81 ਸਾਲਾ ਇਨਕਲਾਬੀ ਕਵੀ ਵਰਵਰਾ ਰਾਓ ਦੀ ਦਿਨੋਦਿਨ ਵਿਗੜ ਰਹੀ ਸਿਹਤ ਅਤੇ ਉਹਨਾਂ ਦੀ ਰਿਪੋਰਟ ਕਰੋਨਾ ਪਾਜ਼ਿਟਿਵ ਆਉਣ 'ਤੇ ਵੀ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਗਿਆ ਅਤੇ ਪੰਜ ਵਾਰ ਉਹਨਾਂ ਦੀ ਜ਼ਮਾਨਤ ਦੀ ਅਰਜ਼ੀ ਰੱਦ ਕੀਤੀ ਗਈ ਹੈ। ਪ੍ਰੋਫੈਸਰ ਤੇਲਤੁੰਬੜੇ, ਗੌਤਮ ਨਵਲੱਖਾ, ਐਡਵੋਕੇਟ ਸੁਰਿੰਦਰ ਗੈਡਲਿੰਗ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਵਰਨੋਨ,

(ਬਾਕੀ ਸਫ਼ਾ 34 'ਤੇ)

CONGRATULATIONS
TEAM OVER 600 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® MULTIPLE LISTING SERVICE®
urban Real Estate Services Ltd.

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010



ਬੂਟਾ ਸਿੰਘ ਨਵਾਂਸ਼ਹਿਰ
94634-74342

## 50ਵੇਂ ਸ਼ਹਾਦਤ ਦਿਵਸ 'ਤੇ ਵਿਸ਼ੇਸ਼

# ਅਡੋਲ ਕਮਿਊਨਿਸਟ ਨਿਹਚਾ ਦਾ ਮੁਜੱਸਮਾ ਬਾਬਾ ਬੂਝਾ ਸਿੰਘ

ਇਸ ਵਰ੍ਹੇ 27 ਜੁਲਾਈ ਨੂੰ ਬਾਬਾ ਬੂਝਾ ਸਿੰਘ ਨੂੰ ਸ਼ਹੀਦ ਹੋਇਆਂ 50 ਸਾਲ ਹੋ ਜਾਣਗੇ। ਬਾਬਾ ਬੂਝਾ ਸਿੰਘ, ਕਾ. ਚਾਰੂ ਮਜੂਮਦਾਰ ਵਰਗੇ ਆਗੂਆਂ ਸਮੇਤ ਪੰਜ ਹਜ਼ਾਰ ਦੇ ਕਰੀਬ ਕਮਿਊਨਿਸਟ ਜੁਝਾਰੂਆਂ ਨੂੰ ਝੂਠੇ ਮੁਕਾਬਲਿਆਂ ਅਤੇ ਤਸੀਹਿਆਂ ਦੁਆਰਾ ਸ਼ਹੀਦ ਕਰਕੇ ਭਾਰਤੀ ਹਾਕਮਾਂ ਨੇ ਲਹਿਰ ਨੂੰ ਹਮੇਸ਼ਾ ਲਈ ਕੁਚਲ ਦੇਣ ਦਾ ਭਰਮ ਪਾਲਿਆ ਸੀ ਪਰ ਇਹ ਲਹਿਰ ਅੱਜ ਵੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਹਥਿਆਰਬੰਦ ਇਨਕਲਾਬ ਦਾ ਝੰਡਾ ਬੁਲੰਦ ਰੱਖ ਰਹੀ ਹੈ। 82 ਸਾਲ ਦੀ ਉਮਰ 'ਚ ਪੁਲਿਸ ਦੇ ਤਸੀਹਿਆਂ ਅਤੇ ਗੋਲੀਆਂ ਅੱਗੇ ਹਿੱਕ ਡਾਹ ਕੇ ਸ਼ਹਾਦਤ ਦੀ ਨਿਆਰੀ ਮਿਸਾਲ ਕਾਇਮ ਕਰਨ ਵਾਲਾ ਇਹ ਇਨਕਲਾਬੀ ਸੂਰਮਾ ਲੋਕ-ਮੁਕਤੀ ਲਈ ਜੂਝਣ ਵਾਲਿਆਂ ਲਈ ਹਮੇਸ਼ਾ ਪ੍ਰੇਰਣਾ ਸਰੋਤ ਬਣਿਆ ਰਹੇਗਾ।

ਬੂਝਾ ਸਿੰਘ ਉਹਨਾਂ ਮਿਸਾਲੀ ਕਮਿਊਨਿਸਟ ਆਗੂਆਂ ਵਿੱਚੋਂ ਇਕ ਸਨ ਜਿਹਨਾਂ ਦਾ ਸਾਡੇ ਦੇਸ਼ ਦੀ ਕਮਿਊਨਿਸਟ ਲਹਿਰ ਦੇ ਇਤਿਹਾਸ ਵਿਚ ਇਕ ਨਿਆਰਾ ਸਥਾਨ ਹੈ। ਉਹਨਾਂ ਨੇ 82 ਸਾਲ ਦੀ ਉਮਰ 'ਚ ਵੀ ਇਨਕਲਾਬ ਦਾ ਝੰਡਾ ਬੁਲੰਦ ਰੱਖਿਆ। ਜਦ ਮਈ 1967 'ਚ ਪੱਛਮੀ ਬੰਗਾਲ ਦੀ ਧਰਤੀ ਤੋਂ ਨਕਸਲਬਾੜੀ ਦੀ ਹਥਿਆਰਬੰਦ ਬਗ਼ਾਵਤ ਦਾ ਬਿਗਲ ਵੱਜਿਆ ਤਾਂ ਉਹ ਪੰਜਾਬ ਵਿਚ ਇਸ ਦੀ ਹਮਾਇਤ ਕਰਨ ਵਾਲੇ ਮੋਹਰੀ ਆਗੂਆਂ ਵਿਚ ਸਨ। ਉਹਨਾਂ ਨੇ ਹਥਿਆਰਬੰਦ ਇਨਕਲਾਬ ਦੇ ਸੱਦੇ ਦਾ ਪੁਰਜ਼ੋਰ ਸਵਾਗਤ ਕੀਤਾ ਅਤੇ ਬ੍ਰਿਧ ਅਵੱਸਥਾ ਵਿਚ ਵੀ ਇਨਕਲਾਬ ਦਾ ਝੰਡਾ ਬੁਲੰਦ ਕਰਨ ਦਾ ਬੇਮਿਸਾਲ ਇਨਕਲਾਬੀ ਜਜ਼ਬਾ ਦਿਖਾਇਆ। ਭਾਰਤੀ ਰਾਜ ਦੇ ਲੋਕ ਦੁਸ਼ਮਣ ਸੁਭਾਅ ਨੂੰ ਬਾਖ਼ੂਬੀ ਸਮਝਦੇ ਹੋਣ ਕਾਰਨ ਉਹ ਜਾਣਦੇ ਸਨ ਕਿ ਫੜੇ ਜਾਣ 'ਤੇ ਪੁਲਿਸ ਉਸ ਨਾਲ ਕਿਵੇਂ ਪੇਸ਼ ਆਵੇਗੀ

ਜ਼ਿਲ੍ਹਾ ਜਲੰਧਰ ਇਲਾਕਾ ਬੰਗਾ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਚੱਕ ਮਾਈਦਾਸ ਦੇ ਜੰਮਪਲ ਬੂਝਾ ਸਿੰਘ ਨੇ ਵੀ ਆਪਣੇ ਸਮਕਾਲੀ ਹੋਰ ਨੌਜਵਾਨਾਂ ਦੀ ਤਰ੍ਹਾਂ ਬਦੇਸ਼ ਜਾ ਕੇ ਆਪਣੇ ਬਦਹਾਲ ਕਿਸਾਨ ਪਰਿਵਾਰ ਦੀ ਹਾਲਤ ਸੁਧਾਰਨ ਦਾ ਸੁਪਨਾ ਲਿਆ ਸੀ। 1930ਵਿਆਂ ਦੇ ਸ਼ੁਰੂ ਵਿਚ ਉਹ ਅਰਜਨਟਾਈਨਾ ਪਹੁੰਚੇ। ਉੱਥੇ ਭਗਤ ਸਿੰਘ ਬਿਲਗਾ ਅਤੇ ਹੋਰ ਗ਼ਦਰੀ ਇਨਕਲਾਬੀਆਂ ਦੀ ਸੰਗਤ ਵਿਚ ਉਹ ਵੀ ਗ਼ਦਰੀ ਕਾਫ਼ਲੇ ਵਿਚ ਸ਼ਾਮਲ ਹੋ ਗਏ। ਆਪਣੀ ਜ਼ਿੰਦਗੀ ਨੂੰ ਨਿੱਜ ਦੀ ਬਜਾਏ ਪੂਰੇ ਮੁਲਕ ਦੀ ਤਕਦੀਰ ਬਦਲਣ ਲਈ ਲੜੇ ਜਾ ਰਹੇ ਇਨਕਲਾਬੀ ਸੰਗਰਾਮ ਦੇ ਲੇਖੇ ਲਾਉਣ ਦੇ ਇਸ ਅਹਿਦ ਉੱਪਰ ਉਹ ਆਖ਼ਰੀ ਸਾਹਾਂ ਤਕ ਸ਼ਾਨਦਾਰ ਦ੍ਰਿੜਤਾ ਨਾਲ ਨਿਭੇ।

ਸਮਾਜ ਸੇਵਾ ਨਾਲ ਬੂਝਾ ਸਿੰਘ ਨੂੰ ਬਚਪਨ ਤੋਂ ਹੀ ਲਗਾਓ ਸੀ, ਗ਼ਦਰ ਦੀ ਇਨਕਲਾਬੀ ਵਿਚਾਰਧਾਰਾ ਦੇ ਪਹੁਲ ਨੇ ਉਸ ਦੀ ਇਸ ਸ਼ਖ਼ਸੀ ਖ਼ੂਬੀ ਦੀ ਕਾਇਆਕਲਪ ਕਰਕੇ ਉਸ ਨੂੰ ਰੌਸ਼ਨ ਖ਼ਿਆਲ ਯੁਗ-ਪਲਟਾਊ ਬਣਾ ਦਿੱਤਾ। ਉਹਨਾਂ ਦੀ ਇਨਕਲਾਬੀ ਕਾਜ ਪ੍ਰਤੀ ਨਿਹਚਾ, ਵਚਨਬੱਧਤਾ, ਮਿਸਾਲੀ ਸਿਰੜ ਅਤੇ ਸੂਝ ਨੇ ਗ਼ਦਰੀ ਆਗੂਆਂ ਦੇ ਮਨ ਮੋਹ ਲਏ ਅਤੇ ਬੂਝਾ ਸਿੰਘ ਨੇ ਮੁੜ ਜਥੇਬੰਦ ਹੋਈ ਗ਼ਦਰ ਪਾਰਟੀ ਦੀ ਅਰਜਨਟਾਈਨਾ ਸ਼ਾਖਾ ਵਿਚ ਮਹੱਤਵਪੂਰਨ ਜ਼ੁੰਮੇਵਾਰੀਆਂ ਓਟਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਪ੍ਰਮੁੱਖ ਗ਼ਦਰੀ ਆਗੂ ਭਾਈ ਰਤਨ ਸਿੰਘ ਰਾਇਪੁਰ ਡੱਬਾ ਅਤੇ ਉਹਨਾਂ ਤੋਂ ਬਾਦ ਤੇਜਾ ਸਿੰਘ ਸੁਤੰਤਰ ਵਿਸ਼ੇਸ਼ ਪ੍ਰੋਗਰਾਮ ਲੈ ਕੇ ਅਰਜਨਟਾਈਨਾ ਗਏ ਤਾਂ ਬੂਝਾ ਸਿੰਘ ਨੇ ਵੱਖ-ਵੱਖ ਹਿੱਸਿਆਂ ਵਿਚ ਉਹਨਾਂ ਦੇ ਨਾਲ ਜਾ ਕੇ ਫੰਡ ਇਕੱਠੇ ਕਰਨ, ਨਵੇਂ ਮੈਂਬਰ ਭਰਤੀ ਕਰਨ ਅਤੇ ਗ਼ਦਰੀਆਂ ਨੂੰ ਛਾਪਾਮਾਰ ਲੜਾਈ ਦੀ ਸਿਖਲਾਈ ਦੇਣ ਦੀਆਂ ਮੁਹਿੰਮਾਂ ਨੂੰ ਕਾਮਯਾਬ ਕਰਨ ਲਈ ਜੋਸ਼-ਖ਼ਰੋਸ਼ ਨਾਲ ਸਰਗਰਮੀ ਕੀਤੀ।



ਬਾਬਾ ਰਤਨ ਸਿੰਘ ਦੀ ਤਜਵੀਜ਼ ਮੰਨ ਕੇ ਗ਼ਦਰੀਆਂ ਨੂੰ ਕਮਿਊਨਿਸਟ ਸਿਧਾਂਤ ਦੀ ਪੜ੍ਹਾਈ ਅਤੇ ਹੋਰ ਸਿਖਲਾਈ ਲਈ ਰੂਸ ਭੇਜਣ ਦੀ ਯੋਜਨਾ ਮੁਤਾਬਿਕ ਅਪ੍ਰੈਲ 1932 'ਚ ਚਾਰ ਗ਼ਦਰੀਆਂ ਦਾ ਪਹਿਲਾ ਜੱਥਾ ਕਾ. ਬੂਝਾ ਸਿੰਘ ਦੀ ਅਗਵਾਈ ਹੇਠ ਰੂਸ ਭੇਜਿਆ ਗਿਆ। ਫਿਰ ਹੋਰ ਮੁਲਕਾਂ ਤੋਂ ਵੀ ਜੱਥੇ ਆਉਂਦੇ ਗਏ, ਪਰ ਇਹ ਗ਼ੌਰਤਲਬ ਹੈ ਕਿ ਸਭ ਤੋਂ ਵੱਧ ਤਕਰੀਬਨ 60ਫ਼ੀ ਸਦੀ ਇਨਕਲਾਬੀ ਅਰਜਨਟਾਈਨਾ ਤੋਂ ਆਏ ਸਨ। ਲੋੜੀਂਦੀ ਪੜ੍ਹਾਈ-ਸਿਖਲਾਈ ਤੋਂ ਬਾਦ 1934 'ਚ ਵਾਪਸ ਹਿੰਦੁਸਤਾਨ ਭੇਜੇ ਗਏ ਅਰਜਨਟਾਈਨਾ ਵਾਲੇ ਗ਼ਦਰੀਆਂ ਵਿੱਚੋਂ ਵੀ ਬੂਝਾ ਸਿੰਘ ਮੋਹਰੀ ਸਨ। ਮੁਲਕ ਵਿਚ ਆ ਕੇ ਉਹਨਾਂ ਕਿਰਤੀ ਪਾਰਟੀ ਦੀ ਅਗਵਾਈ ਹੇਠ ਲਹਿਰ ਉਸਾਰਨ ਲਈ ਦਿਨ-ਰਾਤ ਇਕ ਕਰ ਦਿੱਤਾ। ਅਕਤੂਬਰ 1935 'ਚ ਬੂਝਾ ਸਿੰਘ ਅਤੇ ਦੂੱਲਾ ਸਿੰਘ ਜਲਾਲਦੀਵਾਲ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਕੇ ਸ਼ਾਹੀ ਕਿਲ੍ਹਾ ਲਾਹੌਰ ਵਿਚ ਬੇਤਹਾਸ਼ਾ ਤਸ਼ੱਦਦ ਢਾਹਿਆ ਗਿਆ ਅਤੇ ਦੋ ਮਹੀਨੇ ਬਾਦ ਪਿੰਡ ਵਿਚ ਜੂਹਬੰਦ ਕਰ ਦਿੱਤਾ ਗਿਆ। ਕਾ. ਬੂਝਾ ਸਿੰਘ ਬਹੁਤ ਸੂਝਵਾਨ ਅਤੇ ਬਹੁਪੱਖੀ ਗੁਣਾਂ ਵਾਲੇ ਸਨ। ਉਹਨਾਂ ਨੇ ਜੂਹਬੰਦੀ ਦੌਰਾਨ ਜਿੱਥੇ ਗੁਪਤ ਤਰੀਕੇ ਨਾਲ ਆਪਣੀ ਸਰਗਰਮੀ ਜਾਰੀ ਰੱਖੀ ਉੱਥੇ ਇਸ ਸਮੇਂ ਦੌਰਾਨ ਨਵੀਂ ਸੇਧ ਦੇ ਕੇ ਪਰਿਵਾਰ ਦੀ ਆਰਥਿਕਤਾ ਦੀ ਕਾਇਆ ਕਲਪ ਵੀ ਕਰ ਦਿੱਤੀ। ਜੂਹਬੰਦੀ ਖ਼ਤਮ ਹੁੰਦੇ ਸਾਰ ਉਹ ਮੁੜ ਪਹਿਲਾਂ ਦੀ ਤਰ੍ਹਾਂ ਪੁਰਜ਼ੋਰ ਸਰਗਰਮੀ ਵਿਚ ਜੁੱਟ ਗਏ। ਦੂਜੀ ਸੰਸਾਰ ਜੰਗ ਦੌਰਾਨ ਹੋਰ ਆਗੂਆਂ ਦੇ ਨਾਲ ਉਹਨਾਂ ਨੂੰ ਵੀ ਜੇਲ੍ਹ ਵਿਚ ਬੰਦ ਰੱਖਿਆ ਗਿਆ। ਉਹਨਾਂ ਨੇ 1947 ਝੂਠੀ ਆਜ਼ਾਦੀ ਦਾ ਪਰਦਾਫਾਸ਼ ਕੀਤਾ ਅਤੇ ਲੋਕਾਂ ਨੂੰ ਸੱਚੀ ਆਜ਼ਾਦੀ ਲਈ ਹਥਿਆਰਬੰਦ ਇਨਕਲਾਬ ਦਾ ਹੋਕਾ ਦਿੱਤਾ। ਉਨ੍ਹਾਂ ਨੇ ਲਾਲ ਕਮਿਊਨਿਸਟ ਪਾਰਟੀ ਦੇ ਝੰਡੇ ਹੇਠ ਪੈਪਸੂ ਰਿਆਸਤਾਂ ਦੇ ਮੁਜ਼ਾਰੇ ਕਿਸਾਨਾਂ ਦੇ ਜਗੀਰਦਾਰੀ ਵਿਰੁੱਧ ਜੁਝਾਰੂ ਸੰਗਰਾਮ ਵਿਚ ਆਗੂ ਭੂਮਿਕਾ ਨਿਭਾਈ। ਲੀਡਰਸ਼ਿੱਪ ਦੀਆਂ ਇਨਕਲਾਬ ਵਿਰੋਧੀ ਨੀਤੀਆਂ ਵਿਰੁੱਧ ਅਡੋਲ ਵਿਚਾਰਧਾਰਕ-ਰਾਜਸੀ ਸਟੈਂਡ ਕਾਰਨ ਲਾਲ ਪਾਰਟੀ ਤੋਂ ਬਾਦ ਉਹਨਾਂ ਨੂੰ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਨੇ ਮੈਂਬਰ ਨਹੀਂ ਲਿਆ। ਉਹ ਲੋਕਾਂ ਦੇ ਆਗੂ ਸਨ ਅਤੇ ਲੋਕਾਂ ਵਿਚ ਹਮੇਸ਼ਾ ਸਰਗਰਮ ਰਹੇ।

1930 ਤੋਂ ਲੈ ਕੇ ਸ਼ਹਾਦਤ ਦੇ ਆਖ਼ਰੀ ਪਲਾਂ ਤਕ ਉਹਨਾਂ ਦਾ ਚਾਰ ਦਹਾਕੇ ਲੰਮਾ ਰਾਜਸੀ ਸਫ਼ਰ ਇਨਕਲਾਬੀ ਨਿਹਚਾ ਅਤੇ ਵਚਨਬੱਧਤਾ ਦਾ ਮੁਜੱਸਮਾ ਹੈ। ਇਸੇ ਤਰ੍ਹਾਂ ਹੀ ਸ਼ਾਨਦਾਰ ਹੈ ਉਹਨਾਂ ਦਾ ਇਨਕਲਾਬੀ ਲਗਾਤਾਰਤਾ ਵਾਲਾ ਸਮਝੌਤਾਰਹਿਤ ਅਤੇ ਅਡੋਲ ਵਿਚਾਰਧਾਰਕ-ਰਾਜਸੀ ਸਟੈਂਡ। ਕਿਰਤੀ ਪਾਰਟੀ ਤੋਂ ਲੈ ਕੇ ਸੀ.ਪੀ.ਆਈ., ਫਿਰ ਲਾਲ ਕਮਿਊਨਿਸਟ ਪਾਰਟੀ, ਫਿਰ ਸੀ.ਪੀ.ਐੱਮ. ਅਤੇ ਆਖ਼ਿਰਕਾਰ ਨਕਸਲੀ ਲਹਿਰ, ਗੱਲ ਕੀ ਕਮਿਊਨਿਸਟ ਲਹਿਰ ਦੇ ਹਰ ਮਹੱਤਵਪੂਰਨ ਮੋੜ ਉੱਪਰ ਬਹੁਤ ਹੀ ਪ੍ਰਤੀਕੂਲ ਹਾਲਾਤ ਦੇ ਬਾਵਜੂਦ ਕਾ ਬੂਝਾ ਸਿੰਘ ਦੀ ਸਿਰਕੱਢ ਆਗੂ ਭੂਮਿਕਾ ਅਤੇ ਧੜੱਲੇਦਾਰ ਦਖ਼ਲਅੰਦਾਜ਼ੀ ਹਮੇਸ਼ਾ ਧਿਆਨ ਖਿੱਚਦੀ ਹੈ। ਉਹ ਜਿਸ ਵੀ ਪਾਰਟੀ ਵਿਚ ਰਹੇ ਹਮੇਸ਼ਾ ਜ਼ਾਤੀ ਨੇੜਤਾ, ਲਿਹਾਜ਼ਾਂ ਅਤੇ ਪੁਰਾਣੇ ਰਿਸ਼ਤਿਆਂ ਤੋਂ ਬੇਪ੍ਰਵਾਹ ਹੋ ਕੇ ਅਤੇ ਕਮਿਊਨਿਸਟ ਸਿਧਾਂਤਾਂ ਤੇ ਅਸੂਲਾਂ ਅਨੁਸਾਰ ਹਥਿਆਰਬੰਦ ਇਨਕਲਾਬ ਨੂੰ ਪ੍ਰਣਾਈ ਜੁਝਾਰੂ ਇਨਕਲਾਬੀ ਧਾਰਾ ਨਾਲ ਖੜ੍ਹੇ। 1950ਵਿਆਂ ਦੇ ਅਖ਼ੀਰ 'ਚ ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਸ਼ੁਰੂ ਹੋਈ ਸਿਧਾਂਤਕ ਬਹਿਸ ਅਤੇ 1960ਵਿਆਂ ਦੇ ਸ਼ੁਰੂ ਵਿਚ ਭਾਰਤ-ਚੀਨ ਯੁੱਧ ਵਰਗੇ ਫ਼ੈਸਲਾਕੁਨ ਇਤਿਹਾਸਕ ਮੋੜਾਂ ਉੱਪਰ ਉਹਨਾਂ ਦੇ ਰਾਜਸੀ ਸਟੈਂਡ ਬੜੇ ਸਪਸ਼ਟ ਕੌਮਾਂਤਰੀਵਾਦੀ ਸਨ। ਜਦ ਖ਼ਾਸ ਦੌਰ ਵਿਚ ਉਹ ਕਮਿਊਨਿਸਟ ਜਥੇਬੰਦੀ ਤੋਂ ਬਾਹਰ ਕਰ ਦਿੱਤੇ ਗਏ, ਉਦੋਂ ਵੀ ਉਹ ਗ਼ੈਰਸਰਗਰਮ ਨਹੀਂ ਹੋਏ। ਜਿਉਂ ਹੀ ਮੌਕਾ ਮਿਲਿਆ ਉਹ ਮੁੜ ਸਰਗਰਮ ਰਾਜਸੀ ਭੂਮਿਕਾ ਵਿਚ ਆ ਗਏ। ਐਸੇ ਸਮਿਆਂ 'ਚ ਉਹਨਾਂ ਦਾ ਸਟੈਂਡ ਬਹੁਤ ਹੀ ਅਡੋਲ ਅਤੇ ਦ੍ਰਿੜ ਹੁੰਦਾ ਸੀ ਅਤੇ ਉਹ ਵੱਡੇ ਤੋਂ ਵੱਡੇ ਖ਼ਤਰਿਆਂ ਦਾ ਖਿੜੇ ਮੱਥੇ ਮੁਕਾਬਲਾ ਕਰਨ ਦਾ ਦਮ ਰੱਖਦੇ ਸਨ। ਉਹ ਡੂੰਘੀ ਰਾਜਸੀ ਸੂਝ ਵਾਲੇ ਆਗੂ, ਨਿਪੁੰਨ ਨੀਤੀਘਾੜੇ ਅਤੇ ਪ੍ਰਭਾਵਸ਼ਾਲੀ ਵਕਤਾ ਸਨ। ਉਸ ਦੀ ਲੋਕਾਂ ਦੀ ਨਬਜ਼ ਉੱਪਰ ਪੂਰੀ ਪਕੜ ਸੀ। ਉਹ ਮਾਰਕਸੀ ਫ਼ਲਸਫ਼ੇ ਨੂੰ ਸਾਡੇ ਆਪਣੇ ਸਮਾਜੀ ਇਤਿਹਾਸ ਵਿੱਚੋਂ ਠੋਸ ਮਿਸਾਲਾਂ ਦੇ ਕੇ ਲੋਕ ਮੁਹਾਵਰੇ ਵਿਚ ਬਿਆਨ ਕਰਨ ਦੀ ਕਲਾ ਦੇ ਧਨੀ ਸਨ। ਪਿੰਡ-ਪਿੰਡ ਉਹਨਾਂ ਵੱਲੋਂ ਲਾਏ ਸਿਧਾਂਤਕ ਸਕੂਲਾਂ ਤੋਂ ਪ੍ਰਭਾਵਿਤ ਹੋ ਕੇ ਅਣਗਿਣਤ ਨੌਜਵਾਨ ਸਮਾਜ ਨੂੰ ਬਦਲਣ ਦਾ ਸੁਪਨਾ ਲੈ ਕੇ ਨਕਸਲੀ ਲਹਿਰ ਵਿਚ ਸ਼ਾਮਲ ਹੋਏ।

ਬਾਬਾ ਭਗਤ ਸਿੰਘ ਬਿਲਗਾ ਉਹਨਾਂ ਦੀ ਦ੍ਰਿੜਤਾ ਅਤੇ ਅਡੋਲਤਾ ਬਾਰੇ ਦੱਸਦੇ ਹਨ ਕਿ ਜਦੋਂ ਨਕਸਲੀ ਲਹਿਰ ਦੌਰਾਨ ਕਾ. ਬੂਝਾ ਸਿੰਘ ਦੇ ਵਾਰੰਟ ਨਿੱਕਲੇ ਹੋਏ ਸਨ ਤਾਂ ਬਾਬਾ ਬਿਲਗਾ ਜੀ ਦੇ ਪੁੱਤਰ ਕੁਲਬੀਰ ਨੇ ਉਹਨਾਂ ਦੀ ਕਮਜ਼ੋਰ ਸਿਹਤ ਦੇ ਮੱਦੇਨਜ਼ਰ ਉਹਨਾਂ ਨੂੰ ਦੋ ਮਹੀਨੇ ਪਹਾੜਾਂ ਉੱਪਰ ਜਾ ਕੇ ਅਰਾਮ ਕਰਨ ਅਤੇ ਫਿਰ ਸਿਹਤ ਬਣਾ ਕੇ ਰਾਜਸੀ ਸਰਗਰਮੀ ਵਿਚ ਪਰਤਣ ਦੀ ਸਲਾਹ ਦਿੱਤੀ। ਅੱਗੋਂ ਉਹਨਾਂ ਦਾ ਜਵਾਬ ਉਹਨਾਂ ਦੇ ਅਟੱਲ ਇਰਾਦੇ ਦੇ ਦੀਦਾਰ ਕਰਾਉਂਦਾ ਹੈ। ਕਾ. ਬੂਝਾ ਸਿੰਘ ਨੇ ਕਿਹਾ ਕਿ ਸਾਡੇ ਕਹਿਣ 'ਤੇ ਜੋ ਨੌਜਵਾਨ ਲਹਿਰ ਵਿਚ ਕੁੱਦੇ ਹਨ ਉਹਨਾਂ ਨੂੰ ਪੁਲਿਸ ਦੀਆਂ ਗੋਲੀਆਂ ਨਾਲ ਉਡਾਇਆ ਜਾ ਰਿਹਾ ਹੋਵੇ ਅਤੇ ਮੈਂ ਸਿਹਤ ਬਣਾਉਣ ਦੀ ਸੋਚਾਂ, ਇਹ ਹਰਗਿਜ਼ ਨਹੀਂ ਹੋ ਸਕਦਾ। ਉਹ ਲੋਕਾਂ ਵਿਚ ਐਨੇ ਸਤਿਕਾਰੇ ਜਾਂਦੇ ਸਨ ਕਿ ਮਫ਼ਰੂਰੀ ਸਮੇਂ ਜਲੰਧਰ ਦੇ ਜੰਡਿਆਲਾ ਆਦਿ ਮਸ਼ਹੂਰ ਵੱਡੇ ਪਿੰਡਾਂ ਵਿਚ ਜਿੱਥੇ ਉਹਨਾਂ ਦੀ ਪੱਕੀ ਠਾਹਰ ਸੀ, ਉੱਥੋਂ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਉਹਨਾਂ ਦੀ ਸੂਹ ਲੈਣ ਲਈ ਯਤਨਸ਼ੀਲ ਇਕ ਡੀ.ਐੱਸ.ਪੀ. ਨੂੰ ਸਾਫ਼ ਸੁਣਾਉਣੀ ਕਰ ਦਿੱਤੀ ਗਈ ਸੀ ਕਿ ਉਹਨਾਂ ਪਿੰਡਾਂ ਦੇ ਲੋਕ ਬੂਝਾ ਸਿੰਘ ਦੀ ਗ੍ਰਿਫ਼ਤਾਰੀ ਨੂੰ ਬਰਦਾਸ਼ਤ ਨਹੀਂ ਕਰਨਗੇ।

ਬਾਬਾ ਬਿਲਗਾ ਕਾ. ਬੂਝਾ ਸਿੰਘ ਦੀ ਸ਼ਖ਼ਸੀਅਤ ਨੂੰ ਬਹੁਤ ਹੀ ਢੁੱਕਵੇਂ ਸ਼ਬਦਾਂ ਵਿਚ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਕਾ. ਬੂਝਾ ਸਿੰਘ ਬਹੁਪੱਖੀ ਸਿਫ਼ਤਾਂ ਦਾ ਮਾਲਕ ਸੀ। ਸ਼ੁਰੂ-ਸ਼ੁਰੂ ਵਿਚ ਚੰਗਾ ਬੁਲਾਰਾ ਅਤੇ ਅਖ਼ੀਰ ਤੱਕ ਮਾਰਕਸਵਾਦ ਦਾ ਗਿਆਨ ਦੇਣ ਵਾਲਾ ਆਹਲਾ ਅਧਿਆਪਕ। ਉਹ ਪਾਰਟੀ ਜਾਂ ਧੜੇ ਬਾਬਤ ਅਡੋਲ ਸਟੈਂਡ ਲੈਣ ਵਾਲਾ ਵਿਅਕਤੀ ਸੀ। ਇਸ ਦੇ ਬਾਵਜੂਦ ਉਹ ਕਮਿਊਨਿਸਟਾਂ ਵਿਚ, ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ, ਬੜਾ ਮਿਲਾਪੜਾ ਮੰਨਿਆ ਜਾਂਦਾ ਸੀ। ਰਾਜਸੀ ਹਲਕਿਆਂ 'ਚ ਹੀ ਨਹੀਂ, ਆਪਣੇ ਪਿੰਡ ਦੇ ਦਲਿਤ ਵਿਹੜੇ ਅਤੇ ਲਹਿਰ ਦੇ ਹਮਦਰਦ ਪਰਿਵਾਰਾਂ ਵਿਚ ਵੀ ਉਹਨਾਂ ਦੀ ਸਾਦਗੀ ਅਤੇ ਅਪਣੱਤ ਦਾ ਡੂੰਘਾ ਪ੍ਰਭਾਵ ਸੀ।

ਪੁਲਿਸ ਵੱਲੋਂ ਹੁਕਮਰਾਨਾਂ ਦੇ ਇਸ਼ਾਰੇ 'ਤੇ ਉਹਨਾਂ ਨੂੰ ਨਹਾਇਤ ਬੁਜ਼ਦਿਲ ਤਰੀਕੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਅਤੇ 27-28 ਜੁਲਾਈ 1970 ਦਰਮਿਆਨ ਦੀ ਰਾਤ ਨੂੰ ਕਤਲ ਕਰਕੇ ਝੂਠਾ ਮੁਕਾਬਲਾ ਦਿਖਾ ਦਿੱਤਾ ਗਿਆ। ਬਾਦਲ ਰਾਜ ਦੇ ਇਸ ਘਿਣਾਉਣੇ ਕਾਰੇ ਦਾ ਵਿਆਪਕ ਵਿਰੋਧ ਹੋਇਆ। ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਮੁਕਾਬਲੇ ਦੀ ਜੁਡੀਸ਼ੀਅਲ ਜਾਂਚ ਕਰਾਉਣ ਤੋਂ ਵੀ ਸਾਫ਼ ਨਾਂਹ ਕਰ ਦਿੱਤੀ ਕਿਉਂਕਿ ਇਸ ਨਾਲ ਇਸ ਦਾ ਆਪਣਾ ਖ਼ੂਨੀ ਚਿਹਰਾ ਨੰਗਾ ਹੁੰਦਾ ਸੀ।

ਇਕ ਕਮਿਊਨਿਸਟ ਦਾ ਕਿਰਦਾਰ ਕਿਸ ਤਰ੍ਹਾਂ ਦਾ ਅਸੂਲੀ ਅਤੇ ਦ੍ਰਿੜ ਹੋਣਾ ਚਾਹੀਦਾ ਹੈ ਕਾ. ਬੂਝਾ ਸਿੰਘ ਦੀ ਜ਼ਿੰਦਗੀ ਇਸ ਦੀ ਆਦਰਸ਼ ਮਿਸਾਲ ਹੈ। ਉਹਨਾਂ ਦੀ ਦੇਣ ਅਤੇ ਕੁਰਬਾਨੀ ਸਮੁੱਚੀ ਕਮਿਊਨਿਸਟ ਲਹਿਰ ਦੇ ਚੇਤਿਆਂ ਵਿਚ ਵਸੀ ਹੋਈ ਹੈ। ਉਹਨਾਂ ਦੀ ਯਾਦ ਵਿਚ ਹਰ ਸਾਲ 28 ਜੁਲਾਈ ਨੂੰ ਚੱਕ ਮਾਈਦਾਸ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਜਾਂਦਾ ਹੈ। ਇਸ ਵਾਰ ਉਹਨਾਂ ਦੀ 50ਵਾਂ ਸ਼ਹਾਦਤ ਦਿਵਸ ਚਾਰ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ – ਸੀ. ਪੀ. ਆਈ. ਐੱਮ. ਐੱਲ. (ਨਿਊ ਡੈਮੋਕਰੇਸੀ), ਲੋਕ ਸੰਗਰਾਮ ਮੋਰਚਾ, ਇਨਕਲਾਬੀ ਕੇਂਦਰ ਪੰਜਾਬ ਅਤੇ ਇਨਕਲਾਬੀ ਜਮਹੂਰੀ ਮੋਰਚਾ ਵੱਲੋਂ ਸਾਂਝੇ ਤੌਰ 'ਤੇ ਜੋਸ਼-ਖ਼ਰੋਸ਼ ਨਾਲ ਮਨਾਇਆ ਗਿਆ।



SARO KARAN DI AWAZ

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)

Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਜਨਤਕ ਇਕੱਠਾਂ 'ਤੇ ਲੱਗੀ ਪਾਬੰਦੀ ਕਾਰਨ ਨੁੱਕੜ ਨਾਟਕ 'ਤੇ ਅਸਰ, ਗੁਜ਼ਾਰਾ ਕਰਨ ਲਈ ਕਲਾਕਾਰ ਨਿੱਕੇ-ਮੋਟੇ ਕੰਮ ਕਰਨ ਲਈ ਮਜ਼ਬੂਰ

*ਜ਼ੋਰਦਾਰ ਸਮਾਜਕ, ਸਿਆਸੀ ਸੁਨੇਹਿਆਂ ਵਾਲੇ ਨਾਟਕ ਕਰਨ 'ਚ ਆਪਣੇ ਦਿਨ ਬਿਤਾਉਣ ਵਾਲੇ ਕਲਾਕਾਰ ਖੇਤਾਂ ਅਤੇ ਹੋਰ ਥਾਂਵਾਂ 'ਤੇ ਮਜ਼ਦੂਰੀ ਕਰ ਰਹੇ ਹਨ*



Actors Balwinder Changaliwala and Samuel John perform before an enraptured audience.



ਸੰਗਰੂਰ (ਅਵਤਾਰ ਸਿੰਘ) : ਜਨਤਕ ਇਕੱਠਾਂ 'ਤੇ ਪਾਬੰਦੀਆਂ ਜਾਰੀ ਹਨ ਅਤੇ ਉਨ੍ਹਾਂ ਦੇ ਖਤਮ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ, ਇਸ ਲਈ ਪੰਜਾਬ ਦੇ ਨੁੱਕੜ ਨਾਟਕ ਦੇ ਸਿਰੜੀ ਕਲਾਕਾਰਾਂ ਨੂੰ ਆਪਣਾ ਗੁਜ਼ਾਰਾ ਕਰਨ ਲਈ ਨਿੱਕੇ ਮੋਟੇ ਕੰਮ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ।

ਕੋਵਿਡ ਤੋਂ ਪਹਿਲਾਂ ਦੇ ਸਮੇਂ ਵਿੱਚ ਜ਼ੋਰਦਾਰ ਸਿਆਸੀ ਜਾਂ ਸਮਾਜਕ ਸੁਨੇਹਿਆਂ ਵਾਲੇ ਨਾਟਕ ਕਰਨ ਵਾਲੇ ਕਲਾਕਾਰਾਂ ਨੂੰ ਔਖੇ ਵਕਤਾਂ ਵਿੱਚ ਦੀ ਲੰਘਣਾ ਪੈ ਰਿਹਾ ਹੈ।

ਲਹਿਰਾਗਾਗਾ ਵਿਖੇ ਐਕਟਰ ਸੈਮੂਅਲ ਜੌਹਨ ਵੱਲੋਂ ਚਲਾਏ ਜਾਂਦੇ ਪੀਪਲਜ਼ ਥੀਏਟਰ ਨਾਲ ਕੰਮ ਕਰਦਾ 25 ਸਾਲਾ ਐਕਟਰ ਬਲਵਿੰਦਰ ਚਾਂਗਲੀਵਾਲਾ, ਮਹਾਤਮਾ ਗਾਂਧੀ ਇੰਪਲੌਏਮੈਂਟ ਗਰੰਟੀ ਐਕਟ (ਮਗਨੇਰੇਗਾ) ਅਧੀਨ ਕੰਮ ਕਰਨ ਲੱਗਾ ਹੈ। ਝੋਨਾ ਲਾਉਣ ਦੇ ਸੀਜ਼ਨ ਵਿੱਚ ਉਸ ਨੇ ਖੇਤਾਂ ਵਿੱਚ ਵੀ ਕੰਮ ਕੀਤਾ।

ਸ਼ਹੀਦ ਉਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਐੱਮ ਏ ਦੀ ਡਿਗਰੀ ਕਰ ਰਹੇ ਬਲਵਿੰਦਰ ਸਿੰਘ ਦਾ ਕਹਿਣਾ ਹੈ, "ਅਸੀਂ ਪਿੰਡਾਂ ਅਤੇ ਸਕੂਲਾਂ ਵਿੱਚ ਨਾਟਕ ਕਰਦੇ ਹੁੰਦੇ ਸੀ। ਸਾਡੇ ਨਾਟਕਾਂ ਵਿੱਚ ਸਮਾਜ ਲਈ ਜ਼ੋਰਦਾਰ ਅਤੇ ਜ਼ਰੂਰੀ ਸੁਨੇਹਾ ਹੁੰਦਾ ਸੀ। ਮੈਨੂੰ ਆਪਣਾ ਕੰਮ ਬਹੁਤ ਪਸੰਦ ਸੀ। ਕੰਮ ਕਰਨ ਦੇ ਸਮੇਂ ਵਿੱਚ ਲਚਕ ਕਾਰਨ ਮੇਰੇ ਕੋਲ ਆਪਣੀ ਪੜ੍ਹਾਈ ਲਈ ਸਮਾਂ ਹੁੰਦਾ ਸੀ।"

ਪਟਿਆਲੇ ਵਿੱਚ 10-12 ਮੈਂਬਰਾਂ ਦੇ ਥੀਏਟਰ ਗਰੁੱਪ ਪੀਪਲਜ਼ ਆਰਟ ਦੇ ਸੰਚਾਲਕ ਸਤਪਾਲ ਬੰਗਨ ਦਾ ਕਹਿਣਾ ਹੈ ਕਿ ਲਾਕ ਡਾਊਨ ਅਤੇ ਕੋਵਿਡ -19 ਦੀ ਮਹਾਂਮਾਰੀ ਨੇ ਉਸ ਦੇ ਗਰੁੱਪ ਦੇ ਚੰਗੀ ਕਾਬਲੀਅਤ ਰੱਖਣ ਵਾਲੇ ਮੈਂਬਰਾਂ ਨੂੰ ਨਿੱਕੇ-ਮੋਟੇ ਕੰਮ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ।

"ਸਾਡੇ ਬਹੁਤੇ ਮੈਂਬਰਾਂ ਕੋਲ ਬੀ ਐੱਡ, ਐੱਮ ਫਿਲ (ਮਾਸਟਰ ਆਫ ਫਿਲਾਸਫੀ) ਦੀਆਂ ਡਿਗਰੀਆਂ ਹਨ ਅਤੇ ਉਨ੍ਹਾਂ ਨੇ ਟੀਚਰ ਇਲੀਜੀਬਿਲਟੀ ਟੈੱਸਟ ਪਾਸ ਕੀਤੇ ਹੋਏ ਹਨ।"

**ਕਲਾਕਾਰਾਂ ਦੀ ਮਾਨਸਿਕ ਸਿਹਤ 'ਤੇ ਅਸਰ**

ਬੰਗਨ ਨੇ ਦੱਸਿਆ, "ਬਹੁਤੀ ਵਾਰ ਸਾਡਾ ਗਰੁੱਪ ਪਟਿਆਲਾ, ਸੰਗਰੂਰ, ਮਾਨਸਾ, ਬਠਿੰਡਾ ਅਤੇ ਫਤਿਹਗੜ੍ਹ ਸਾਹਿਬ ਦੇ ਪੇਂਡੂ ਇਲਾਕਿਆਂ ਵਿੱਚ ਨਾਟਕ ਕਰਦਾ ਹੁੰਦਾ ਸੀ। ਇਨ੍ਹਾਂ ਸਮਾਗਮਾਂ ਦੌਰਾਨ ਅਸੀਂ ਕਿਤਾਬਾਂ ਵੀ ਵੇਚਦੇ ਹੁੰਦੇ ਸੀ। ਪਰ ਹੁਣ ਅਸੀਂ ਜਿਉਂਦੇ ਰਹਿਣ ਲਈ ਜੱਦੋਜਹਿਦ ਕਰ ਰਹੇ ਹਾਂ। ਡਿਗਰੀਆਂ ਹੋਣ ਦੇ ਬਾਵਜੂਦ, ਸਾਡੇ ਬਹੁਤ ਸਾਰੇ ਮੈਂਬਰ ਮਜ਼ਦੂਰੀ ਕਰ ਰਹੇ ਹਨ, ਇਕ ਜਣਾ ਸਬਜ਼ੀਆਂ ਵੇਚ ਰਿਹਾ ਹੈ। ਕੋਵਿਡ-19 ਦੇ ਸੰਕਟ ਨੇ ਸਾਨੂੰ ਆਰਥਿਕ ਤੌਰ 'ਤੇ ਹੀ ਸੱਟ ਨਹੀਂ ਮਾਰੀ ਸਗੋਂ ਸਾਡੀ ਮਾਨਸਿਕ ਸਿਹਤ 'ਤੇ ਵੀ ਅਸਰ ਪਾਇਆ ਹੈ।"

ਐਕਟਰ ਅਤੇ ਨੁੱਕੜ ਨਾਟਕ ਕਲਾਕਾਰ ਸੈਮੂਅਲ ਜੌਹਨ ਨੇ ਕਿਹਾ, "ਨੁੱਕੜ ਨਾਟਕ ਸਿੱਧੇ ਤੌਰ 'ਤੇ ਲੋਕਾਂ ਨਾਲ ਜੁੜੇ ਹੋਏ ਹਨ। ਪਰ ਜਦੋਂ ਕਿਸੇ ਕਲਾਕਾਰ ਨੂੰ ਆਪਣੇ ਦਰਸ਼ਕਾਂ ਤੋਂ ਦੂਰ ਰਹਿਣਾ ਪੈਂਦਾ ਹੈ, ਤਾਂ ਇਹ ਫਾਸਲਾ ਕਲਾਕਾਰਾਂ 'ਤੇ ਮਾਨਸਿਕ ਤੌਰ 'ਤੇ ਅਸਰ ਪਾਉਂਦਾ ਹੈ।"

ਸੈਮੂਅਲ ਜੌਹਨ ਨੇ ਅੱਗੇ ਕਿਹਾ, "ਕੋਵਿਡ-19 ਦੀ ਮਹਾਂਮਾਰੀ ਨੇ ਲੋਕਾਂ ਅਤੇ ਕਲਾਕਾਰਾਂ ਵਿਚਕਾਰ ਇਕ ਵੱਡਾ ਪਾੜਾ ਪਾ ਦਿੱਤਾ ਹੈ। ਕਈ ਵਾਰੀ ਕਲਾਕਾਰਾਂ ਦਾ ਰੁਜ਼ਗਾਰ ਨਾਟਕਾਂ 'ਤੇ ਨਿਰਭਰ ਕਰਦਾ ਹੈ। ਮਹਾਂਮਾਰੀ ਨੇ ਕਲਾਕਾਰਾਂ ਨੂੰ ਆਰਥਿਕ ਅਤੇ ਮਾਨਸਿਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ।"

**ਕਲਾਕਾਰਾਂ ਦੇ ਮਦਦ ਲਈ ਸਮਾਜ ਅੱਗੇ ਆਇਆ ਹੈ**

ਬੰਗਨ ਨੇ ਦੱਸਿਆ, "ਅਸੀਂ ਔਸਤਨ ਦਿਨ ਵਿੱਚ ਤਿੰਨ ਨਾਟਕ ਕਰਦੇ ਹੁੰਦੇ ਸੀ। ਜਦੋਂ ਸਾਡੇ 'ਤੇ ਔਖਾ ਵਕਤ ਆਇਆ, ਤਾਂ ਸਥਾਨਕ ਲੋਕਾਂ ਨੇ ਸਾਨੂੰ ਕਣਕ ਅਤੇ ਪੈਸੇ ਦਿੱਤੇ, ਪਰ ਉਹ ਜ਼ਿੰਦਾ ਰਹਿਣ ਲਈ ਕਾਫੀ ਨਹੀਂ ਸਨ। ਅੱਜਕੱਲ੍ਹ ਮੈਂ ਸੋਸ਼ਲ ਮੀਡੀਏ ਰਾਹੀਂ ਆਨਲਾਈਨ ਕਿਤਾਬਾਂ ਵੇਚਦਾ ਹਾਂ।"

ਚੇਤਨਾ ਕਲਾ ਕੇਂਦਰ ਬਰਨਾਲਾ ਦੇ ਸੰਚਾਲਕ ਹਰਵਿੰਦਰ ਦੀਵਾਨਾ ਨੇ ਕਿਹਾ ਕਿ ਪਿਛਲੇ ਹਫਤੇ ਭਾਰਤੀ ਕਿਸਾਨ ਯੂਨੀਅਨ ਦੇ ਮੈਂਬਰਾਂ ਨੇ ਕੁੱਝ ਇਕੱਠ ਕੀਤੇ ਸਨ, ਜਿਨ੍ਹਾਂ ਵਿੱਚ ਉਸ ਦੀ ਟੀਮ ਨੇ ਆਪਣੀਆਂ ਪੇਸ਼ਕਾਰੀਆਂ ਕੀਤੀਆਂ ਸਨ।

ਦੀਵਾਨਾ ਨੇ ਕਿਹਾ, "ਬਿਨਾਂ ਸ਼ੱਕ, ਮੇਰੀ ਟੀਮ ਦੇ ਕੁੱਝ ਮੈਂਬਰ ਆਰਥਿਕ ਸੰਕਟ ਵਿੱਚੋਂ ਦੀ ਲੰਘ ਰਹੇ ਹਨ। ਪਰ ਜਦੋਂ ਕੋਈ ਕਲਾਕਾਰ ਸਮਾਜ ਲਈ ਕੰਮ ਕਰਦਾ ਹੈ, ਤਾਂ ਲੋਕ ਉਨ੍ਹਾਂ ਦੀ ਮਦਦ ਕਰਨ ਲਈ ਅੱਗੇ ਆਉਂਦੇ ਹਨ। ਮਹਾਂਮਾਰੀ ਦੌਰਾਨ, ਮੈਨੂੰ ਵੀ ਮਦਦ ਦਿੱਤੀ ਗਈ ਸੀ।"

ਜਦੋਂ ਕਿ ਪੰਜਾਬ ਸਰਕਾਰ ਨੇ ਕੋਵਿਡ-19 ਦੇ ਸੰਕਟ ਦੌਰਾਨ ਸੁਰੱਖਿਆ ਦੀਆਂ ਗਾਈਡਲਾਈਨਾਂ ਦੀ ਪਾਲਣਾ ਕਰਨ ਦੀ ਸ਼ਰਤ ਲਾ ਕੇ ਫਿਲਮਾਂ ਅਤੇ ਮਿਊਜ਼ਕ ਵੀਡੀਓ ਬਣਾਉਣ ਵਾਲਿਆਂ ਨੂੰ ਸ਼ੂਟਿੰਗ ਕਰਨ ਦੀ ਇਜਾਜ਼ਤ ਦਿੱਤੀ ਹੈ, ਨੁੱਕੜ ਨਾਕਟ ਕਰਨ ਵਾਲੇ ਸਥਿਤੀ ਵਿੱਚ ਸੁਧਾਰ ਹੋਣ ਦੀ ਉਡੀਕ ਕਰ ਰਹੇ ਹਨ।






# ਇਹੋ ਜਿਹਾ ਸੀ, ਸਾਡਾ ਊਧਮ ਸਿੰਘ



**ਅਮੋਲਕ ਸਿੰਘ**
**94170-76735**

ਸਾਡੇ ਮੁਲਕ ਅੰਦਰ ਚੜ੍ਹਦੇ ਸੂਰਜ ਵਗਦੀਆਂ ਫਿਰਕੂ ਹਨੇਰੀਆਂ ਦੇ ਦੌਰ ਅੰਦਰ ਸ਼ਹੀਦ ਊਧਮ ਸਿੰਘ ਨੂੰ ਦੂਰ-ਦ੍ਰਿਸ਼ਟੀ ਨਾਲ 'ਮੁਹੰਮਦ ਸਿੰਘ ਆਜ਼ਾਦ' ਸਮਝਕੇ ਮਿਲਣਾ ਵਡੇਰੇ ਅਤੇ ਗਹਿਰੇ ਮਾਨਵੀ ਮੁੱਲਾਂ ਭਰੀ ਇਤਿਹਾਸਕ ਵਿਰਾਸਤ ਹੈ।

ਮੁਹੰਮਦ ਸਿੰਘ ਆਜ਼ਾਦ ਦੀ ਸੰਗਰਾਮੀ ਜੀਵਨ-ਗਾਥਾ ਨੂੰ ਟੁਕੜਿਆਂ



'ਚ ਵੇਖਣ, ਸੁਣੀਆਂ ਸੁਣਾਈਆਂ ਗੈਰ-ਪ੍ਰਮਾਣਿਕ ਕਹਾਣੀਆਂ ਤੱਕ ਸਮੇਟ ਦੇਣਾ, ਉਸਦੀ ਸਖ਼ਤ ਘਾਲਣਾ ਅਤੇ ਅਮੁੱਲੀ ਇਤਿਹਾਸਕ ਦੇਣ ਤੋਂ ਪਲਕਾਂ ਬੰਦ ਕਰਨਾ ਹੈ। ਊਧਮ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਜਲ੍ਹਿਆਂ ਵਾਲਾ ਬਾਗ਼ ਤੋਂ ਸ਼ੁਰੂ ਕਰਕੇ, ਮਾਈਕਲ ਓਡਵਾਇਰ ਨੂੰ ਗੋਲੀ ਮਾਰਨ ਅਤੇ 31 ਜੁਲਾਈ 1940 ਨੂੰ ਫਾਂਸੀ ਦਾ ਰੱਸਾ ਚੁੰਮਣ ਤੱਕ ਦੀ ਕਹਾਣੀ 'ਚ ਕੈਦ ਕਰਨਾ ਇਤਿਹਾਸਕਾਰੀ ਨਹੀਂ। ਸਾਡਾ ਸੁਭਾਅ ਬਣਾ ਦਿੱਤਾ ਗਿਆ ਹੈ ਸਿਰਫ਼ ਕੁਰਬਾਨੀਆਂ, ਬਦਲੇ ਅਤੇ ਸੂਰਮਗਤੀ ਦੀਆਂ ਹੀ ਵਾਰਾਂ ਗਾ ਕੇ ਮਨ ਨੂੰ ਤਸੱਲੀ ਦੇ ਲੈਣਾ। ਸ਼ਹੀਦੀ ਜਾਮ ਪੀ ਲੈਣ ਵਾਲਾ, ਅਜੇਹਾ ਇਤਿਹਾਸਕ ਨਾਇਕ ਬਣਕੇ ਕਿਵੇਂ ਸਾਡੇ ਰੂਬਰੂ ਹੋਇਆ। ਉਹ ਨਿੱਕੀਆਂ-ਵੱਡੀਆਂ, ਵਿੰਗੀਆਂ-ਟੇਢੀਆਂ ਪਗਡੰਡੀਆਂ ਵਿੱਚੋਂ ਗੁਜ਼ਾਰਦਾ ਇਸ ਵਿਲੱਖਣ ਮੁਕਾਮ ਤੇ ਕਿਵੇਂ ਪੁੱਜਾ ਇਹ ਬਿਖੜੇ ਪੈਂਡਿਆਂ ਭਰੇ ਸ਼ਫ਼ਰ ਨੂੰ ਘੋਖਣ ਵੱਲ ਅਸੀਂ ਘੱਟ ਹੀ ਨਜ਼ਰ ਕਰਦੇ ਹਾਂ। ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ, ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਚੰਦਰ ਸੇਖ਼ਰ ਆਜ਼ਾਦ, ਸ਼ਹੀਦ ਪ੍ਰੋ. ਬਰਕਤ ਉੱਲਾ ਅਤੇ ਸ਼ਹੀਦ ਰਹਿਮਤ ਅਲੀ ਵਜੀਦਕੇ ਵਰਗੇ ਅਨੇਕਾਂ ਸੰਗਰਮੀਆਂ ਦਾ ਜੀਵਨ ਸੰਗਰਾਮ, ਉਦੇਸ਼ ਅਤੇ ਉਹਨਾਂ ਦੇ ਸੁਪਨੇ ਸਾਡੀਆਂ ਸੋਚਾਂ, ਵਿਚਾਰ-ਚਰਚਾਵਾਂ ਦਾ ਅਹਿਮ ਸਥਾਨ ਲੈਣ ਲੱਗਣ ਇਹ ਹੈ, ਹਕੀਕੀ ਸ਼ਰਧਾਂਜਲੀ।

ਅਜੇਹਾ ਨਜ਼ਰੀਆਂ, ਲੰਮੇ ਇਤਿਹਾਸਕ ਪਿਛੋਕੜ ਤੋਂ ਸਾਡੇ ਨਾਲ-ਨਾਲ ਤੁਰਿਆ ਆ ਰਿਹਾ ਹੈ। ਬਾਬਾ ਨਾਨਕ ਜੀ ਦਾ ਸਾਂਝੇ ਪੰਜ ਸੌ ਸਾਲਾਂ, ਪੰਜ ਪਿਆਰਿਆਂ ਦੀ ਸਿਰਜਣਾ, ਬੰਦਾ ਸਿੰਘ ਬਹਾਦਰ ਦੀ ਸ਼ਹਾਦਤ, ਨਨਕਾਣਾ ਸਾਹਿਬ ਦਾ ਸਾਕਾ, ਗ਼ਦਰ, ਬੱਬਰ ਅਕਾਲੀ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ, ਆਜ਼ਾਦ ਹਿੰਦ ਫੌਜ, ਬਾਗੀ ਫ਼ੌਜੀਆਂ ਦੀ ਬਗਾਵਤ, 1857 ਦੇ ਗ਼ਦਰ ਵਾਂਗ ਸਾਡੇ ਚੇਤਿਆਂ ਦੀ ਸਲੇਟ ਉਪਰ ਕੁਰਬਾਨੀਆਂ ਪ੍ਰਤੀ ਸ਼ਰਧਾਵਾਨ ਹੋ ਜਾਣ ਦਾ ਹੀ ਉਘੜਵਾਂ ਰੰਗ ਰਹਿ ਜਾਂਦਾ ਹੈ। ਇਹਨਾਂ ਲਹਿਰਾਂ, ਇਤਿਹਾਸ ਅਤੇ ਵਿਰਸੇ ਨੂੰ ਜਾਨਣਾ, ਅੱਗੇ ਤੋਰਨਾ, ਸਾਡੇ ਸਰੋਕਾਰਾਂ 'ਚ ਵਿਸਰ ਜਾਂ ਮੱਧਮ ਪੈ ਜਾਂਦਾ ਹੈ।

ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਨਾਲ ਸਬੰਧਤ ਇਤਿਹਾਸ, ਦਰਸ਼ਨ, ਰਾਜਨੀਤੀ, ਸਮਾਜਿਕ ਸਰੋਕਾਰਾਂ ਸਾਹਿਤ ਅਤੇ ਸਭਿਆਚਾਰ ਨੂੰ ਸਮਝਣਾ ਲਾਜ਼ਿਮ ਹੈ।

ਡਾਇਰੈਕਟਰ ਇੰਟੈਲੀਜੈਂਸੀ ਬਿਊਰੋ (ਹੋਮ ਵਿਭਾਗ, ਭਾਰਤ ਸਰਕਾਰ) ਵੱਲੋਂ 1934 ਵਿੱਚ ਜਾਰੀ ਕੀਤੀ ਗ਼ਦਰ ਡਾਇਰੈਕਟਰੀ ਦਰਸਾਉਂਦੀ ਹੈ ਕਿ ਊਧਮ ਸਿੰਘ ਨੇ ਸ਼ੇਰ ਸਿੰਘ, ਉਦੇ ਸਿੰਘ, ਫਰੈਂਕ ਬਰਾਜ਼ੀਲ, ਬਾਵਾ, ਐਮ.ਐਸ. ਆਜ਼ਾਦ (ਮੁਹੰਮਦ ਸਿੰਘ ਆਜ਼ਾਦ) ਆਦਿ ਨਾਵਾਂ ਤੇ ਕੰਮ ਕੀਤਾ। ਸ਼ਹੀਦ ਊਧਮ ਸਿੰਘ ਦੇ ਸਾਹਾਂ ਅਤੇ ਰਾਹਾਂ ਦੀ ਸੰਗੀ-ਸਾਥੀ ਸੀ ਗ਼ਦਰ ਪਾਰਟੀ। ਉਹਦੇ ਚੇਤਿਆਂ ਅੰਦਰ ਗਹਿਰੀ ਉੱਕਰੀ ਸੀ ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਦੀ ਸ਼ਹਾਦਤ। ਉਸਦੇ ਲਿਖਤੀ ਬਿਆਨ, ਤਕਰੀਰਾਂ, ਅਦਾਲਤੀ ਹਲਫ਼ਨਾਮੇ ਢੇਰਾਂ ਇਤਿਹਾਸਕ ਪ੍ਰਮਾਣ ਗਵਾਹੀ ਭਰਦੇ ਹਨ ਕਿ ਉਹ ਜਲ੍ਹਿਆਂ ਵਾਲਾ ਬਾਗ਼ ਦੀ ਖ਼ੂਨੀ ਹੋਲੀ ਖੇਡਣ ਵਾਲੇ ਇੱਕਾ-ਦੁੱਕਾ ਵਿਅਕਤੀਆਂ ਨੂੰ ਹੀ ਜ਼ਿੰਮੇਵਾਰ ਨਹੀਂ ਸਮਝਦਾ। ਉਹ ਸਾਮਰਾਜੀ ਪ੍ਰਬੰਧ ਉਪਰ ਚੋਟ ਨਿਸ਼ਾਨਾ ਮਾਰਦਾ ਹੈ। ਉਹ ਖ਼ੂਨ ਦਾ ਬਦਲਾ ਖ਼ੂਨ ਵਰਗੇ ਦਾਇਰਿਆਂ ਅੰਦਰ ਸਿਮਟਣ ਦੀ ਬਜਾਏ, ਸਾਮਰਾਜਵਾਦ ਦੀ ਖ਼ੈਅ ਅਤੇ ਇਨਕਲਾਬ ਦੀ ਜੈ ਦਾ ਸੂਰਮਾ, ਸੂਝਵਾਨ, ਦੂਰ-ਅੰਦੇਸ਼ ਇਨਕਲਾਬੀ ਨਾਇਕ ਹੈ।

ਊਧਮ ਸਿੰਘ ਨੌਜਵਾਨ ਭਾਰਤ ਸਭਾ ਦੀ 1925 ਵਿੱਚ ਹੋਈ ਕਾਨਫਰੰਸ ਵਿੱਚ ਆਪਣਾ ਸੁਨੇਹਾ ਇਹਨਾਂ ਸ਼ਬਦਾਂ ਨਾਲ




ਦਿੰਦਾ ਹੈ :

"ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗ਼ੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰਕੇ, ਸਿਰ ਨਿਵਾ ਦਿੰਦੀ ਹੈ, ਉਹ ਮੌਤ ਨੂੰ ਪ੍ਰਵਾਨ ਕਰਦੀ ਹੈ। ਆਜ਼ਾਦੀ, ਜੀਵਨ ਹੈ ਅਤੇ ਗ਼ੁਲਾਮੀ, ਮੌਤ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸਨੂੰ ਪ੍ਰਾਪਤ ਕਰਕੇ ਹੀ ਰਹਾਂਗੇ। ਅਸੀਂ ਇਨਕਲਾਬ ਦੇ ਦਰ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਂਟ, ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।"

ਸੁਨਾਮ ਦੇ ਗਰੀਬ ਪਰਿਵਾਰ ਵਿੱਚ 26 ਦਸੰਬਰ 1899 ਨੂੰ ਜਨਮੇ ਊਧਮ ਸਿੰਘ ਦੇ ਮਾਪਿਆਂ ਨੇ ਆਰਥਿਕ ਤੰਗੀਆਂ ਕਾਰਨ ਤਪਦੇ ਤੰਦੂਰ 'ਚ ਲੱਗੀ ਜ਼ਿੰਦਗੀ ਗੁਜ਼ਾਰੀ। ਬਾਲ-ਉਮਰੇ ਹੀ ਉਸਦੀ ਮਾਂ ਵਿਛੋੜਾ ਦੇ ਗਈ। ਰੇਲਵੇ ਫਾਟਕ 'ਤੇ ਡਿਊਟੀ ਕਰਦਾ ਪਿਤਾ ਅਤੇ ਉਪਰੋਂ ਥਲੀ ਭਰਾ ਵੀ ਮੌਤ ਦੀ ਗੋਦ 'ਚ ਚਲੇ ਗਏ।

ਚਾਵਾਂ, ਲਾਡਾਂ, ਖ਼ੁਸ਼ੀਆਂ, ਹੱਸਣ-ਖੇਡਣ ਦੀ ਉਮਰੇ ਹੀ ਊਧਮ ਸਿੰਘ ਯਤੀਮਖ਼ਾਨਾ ਅੰਮ੍ਰਿਤਸਰ ਅੰਦਰ ਵੱਸਦੀ ਆਪਣੀ ਕਿਸਮ ਦੀ ਦੁਨੀਆਂ ਦਾ ਨਾਗਰਿਕ ਹੋ ਗਿਆ। ਸਾਡੇ ਸਮਾਜ 'ਚ ਆਮ ਹੀ ਕਿਹਾ ਜਾਂਦਾ ਹੈ ਕਿ ਜੀਹਦੇ ਮਾਪੇ, ਨਿੱਕੜੀ ਉਮਰੇ ਛੱਡ ਜਾਣ। ਜੀਹਦੇ ਭਰਾ ਵੀ ਤੁਰ ਜਾਣ। ਜਿਹੜਾ ਇੱਕਲਾ ਰਹਿ ਜਾਵੇ ਉਹਦੇ 'ਵਿਗੜ ਜਾਣ' ਦੇ ਮੌਕੇ ਵਧ ਜਾਂਦੇ ਨੇ। ਊਧਮ ਸਿੰਘ ਨੇ ਇਹ ਧਾਰਨਾ ਬਦਲਕੇ ਰੱਖ ਦਿੱਤੀ। ਉਹਨੇ ਆਪਣਾ ਪਰਿਵਾਰ, ਆਪਣਾ ਗ਼ੁਲਾਮ, ਲੁੱਟਿਆ-ਪੁੱਟਿਆ ਅਤੇ ਕੋਹਿਆਂ ਜਾਂਦਾ ਸਮਾਜ ਸਮਝਿਆ। ਉਸ ਲਈ ਜੀਵਿਆ। ਉਸ ਲਈ ਮਰਿਆ। ਊਧਮ ਸਿੰਘ ਨੇ ਦੁਨੀਆਂ ਦੇ ਮਹਾਨ ਦਾਰਸ਼ਨਿਕਾਂ, ਇਨਕਲਾਬੀ ਸੰਗਰਾਮੀਆਂ ਦੇ ਬੋਲਾਂ ਨੂੰ ਅਮਲੀ ਜਾਮਾ ਪਹਿਨਾਇਆ ਕਿ :

"ਇਸ ਦੁਨੀਆਂ 'ਤੇ ਬੰਦੇ ਖ਼ਾਤਰ
ਕੋਈ ਨਾ ਕੰਮ ਔਖੇਰਾ
ਬੱਸ ਚਾਹੀਦੈ ਪਰਬਤ ਉੱਤੇ
ਪੈੜਾਂ ਕਰਨ ਦਾ ਜੇਰਾ"

ਬਚਪਨੇ ਦੀ ਕੱਚੀ ਕਲੀ ਵਰਗੀ ਚੌਰਾਹੇ ਖੜ੍ਹੀ ਜ਼ਿੰਦਗੀ ਨੇ ਕੁਰਾਹੇ ਪੈਣ ਦੀ ਬਜਾਏ ਜਦ ਸਹੀ ਮਾਰਗ ਦੀ ਨਿਰਖ਼ ਕਰ ਲਈ ਤਾਂ ਉਹ ਦੁਨੀਆਂ ਭਰ ਦੇ ਲੋਕਾਂ ਨੂੰ ਸੁੱਲਖਣੇ ਰਾਹ ਦਾ ਨਵਾਂ ਸੁਨੇਹਾ ਦੇ ਗਿਆ ਕਿ ਜੇ ਜ਼ਿੰਦਗੀ ਨਵੇਂ ਉੱਚੇ ਆਦਰਸ਼ਾਂ ਵਿੱਚ ਰੰਗ ਦਿੱਤੀ ਜਾਵੇ ਤਾਂ ਯਤੀਮ ਆਪਣੇ ਵਡੇਰੇ ਪਰਿਵਾਰ ਦੀ ਫੁਲਵਾੜੀ ਦੇ ਮਹਿਕਦੇ ਫੁੱਲ ਹੋ ਨਿਬੜਦੇ ਹਨ। ਊਧਮ ਸਿੰਘ ਉਸ ਜੁਆਨੀ ਲਈ ਵੀ ਵੰਗਾਰ ਹੈ ਜਿਸਨੂੰ ਭਰੇ ਪਰਿਵਾਰਾਂ ਵਿੱਚ ਵੀ ਵਸਦਿਆਂ ਨੂੰ ਹੀ 'ਬੌਧਿਕ ਯਤੀਮ' ਬਣਾ ਧਰਿਆ ਹੈ। ਉਹਨਾਂ ਨੂੰ ਊਧਮ ਸਿੰਘ ਦਾ ਸੂਹਾ ਮਾਰਗ ਆਵਾਜ਼ਾਂ ਮਾਰਦਾ ਹੈ ਕਿ ਘਰਾਂ ਦੀ ਕੈਦ ਅਤੇ ਝੂਠੀ ਮੂਠੀ ਜ਼ਿੰਦਗੀ 'ਚ ਲਲਕਾਰੇ ਮਾਰਨ, ਮੋਟਰਸਾਈਕਲਾਂ ਦੀ ਪਟਾਕੇ ਛੱਡਣ ਦੀ ਬਜਾਏ! ਮੇਰੇ ਮਾਰਗ 'ਤੇ ਆਓ ਕਿ :

**"ਮੰਜ਼ਲਾਂ ਤੇ ਖੜ੍ਹੀ ਥੋਨੂੰ ਜ਼ਿੰਦਗੀ ਉਡੀਕਦੀ ਏ ਤੁਰੇ ਬਿਨਾਂ ਕੰਮ ਨਾ ਸਰੇ..."**

ਆਫ਼ਤਾਂ 'ਚ ਘਿਰੀ ਊਧਮ ਸਿੰਘ ਦੀ ਜ਼ਿੰਦਗੀ ਨਿਰਾਸ਼, ਉਦਾਸ ਹੋਣ ਦੀ ਬਜਾਏ ਉਚੇਰੀ ਪਰਵਾਜ਼ ਭਰਦੀ ਹੈ। ਇਸਦਾ ਪ੍ਰਮਾਣ ਹੈ 1857 ਦੇ ਗ਼ਦਰ ਦੀ ਬਰਸੀ ਮੌਕੇ 1923 ਵਿੱਚ ਦਿੱਤਾ ਊਧਮ ਸਿੰਘ ਦਾ ਸੁਨੇਹਾ ਜੋ ਪੱਤ੍ਰਿਕਾ 'ਕੰਬੋਜ ਸੰਦੇਸ਼' ਦੇ ਜੂਨ 1955 ਅੰਕ ਵਿੱਚ ਪ੍ਰਕਾਸ਼ਿਤ ਹੈ :

"ਹਿੰਦੋਸਤਾਨ ਦੀ ਆਜ਼ਾਦੀ ਦੀ ਜੰਗ ਦੇ ਉਹਨਾਂ ਬਹਾਦਰ ਸ਼ਹੀਦਾਂ ਨੂੰ ਮੈਂ ਸ਼ਰਧਾਂਜਲੀ ਭੇਂਟ ਕਰਦਾ ਹਾਂ ਜਿਹਨਾਂ ਨੇ ਆਪਣਾ ਖ਼ੂਨ ਦੇ ਕੇ ਆਜ਼ਾਦੀ ਦੇ ਝੰਡੇ ਨੂੰ ਉੱਚਿਆ ਚੁੱਕਿਆ। ਉਹਨਾਂ ਦੇ ਆਜ਼ਾਦ ਆਦਰਸ਼ ਨੂੰ ਅਪਣਾਉਂਦੇ ਹੋਏ ਅਸੀਂ ਹਕੂਮਤ ਦੇ ਹਰ ਵਾਰ ਅਤੇ ਕਹਿਰ ਨੂੰ ਛਾਤੀਆਂ 'ਤੇ ਝੱਲਾਂਗੇ। ਅੰਗਰੇਜ਼ ਸਾਮਰਾਜ ਨਾਲ ਸਾਡਾ ਸਮਝੌਤਾ ਅਸੰਭਵ ਹੈ। ਇਸ ਵਿਰੁੱਧ ਸਾਡੀ ਜੰਗ ਦਾ ਉਸ ਵੇਲੇ ਅੰਤ ਹੋਵੇਗਾ ਜਦ ਸਾਡੀ ਜਿੱਤ ਦਾ ਕੌਮੀ ਝੰਡਾ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਦੀ ਕਬਰ ਤੇ ਝੁੱਲੇਗਾ।"

ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਸ਼ਹੀਦ ਊਧਮ ਸਿੰਘ ਇਹ ਨਹੀਂ ਕਹਿੰਦਾ ਕਿ ਮੇਰਾ ਅੰਤਿਮ ਨਿਸ਼ਾਨਾ ਜਲ੍ਹਿਆਂ ਵਾਲਾ ਬਾਗ਼ ਦਾ ਬਦਲਾ ਲੈਣਾ ਹੈ। ਡਾਇਰ ਜਾਂ ਮਾਈਕਲ ਓਡਵਾਇਰ ਨੂੰ ਮਾਰਨਾ ਉਸਦਾ ਅੰਤਿਮ ਨਿਸ਼ਾਨਾ ਨਹੀਂ। ਉਹ ਸਾਮਰਾਜੀ ਪ੍ਰਬੰਧ ਦੀ ਕਬਰ ਖੋਦਣ ਦਾ ਸੰਕਲਪ ਦ੍ਰਿੜਾਉਂਦਾ ਹੈ। ਅੱਜ ਜਦੋਂ ਅਮਰੀਕੀ ਸਾਮਰਾਜ ਅਤੇ ਹੋਰ ਸਾਮਰਾਜੀ ਗਿਰਝਾਂ ਨੂੰ ਭਾਰਤੀ ਹਾਕਮਾਂ ਵੱਲੋਂ ਮੁਲਕ ਦਾ ਸਭ ਕੁੱਝ ਪਰੋਸਕੇ, ਨਿਉਂਦਾ ਦਿੱਤਾ ਜਾ ਰਿਹਾ ਹੈ ਤਾਂ ਅਜੇਹੇ ਮੌਕੇ ਸ਼ਹੀਦ ਊਧਮ ਸਿੰਘ ਦੇ ਉਪਰੋਕਤ ਬੋਲਾਂ ਦੀ ਪ੍ਰਸੰਗਕਤਾ ਅਤੇ ਸਾਰਥਕਤਾ ਹੋਰ ਵੀ ਵਿਆਪਕ ਅਤੇ ਅਰਥ ਭਰਪੂਰ ਹੋ ਨਿਬੜਦੀ ਹੈ। ਜਦੋਂ ਬਾਰੂਦ ਦੇ ਢੇਰ, ਜੰਗੀ ਅੱਡਿਆਂ ਸਾਜ਼ੋ-ਸਾਮਾਨ ਦੇ ਸਾਮਰਾਜੀਆਂ ਨਾਲ ਸੌਦੇ ਹੋ ਰਹੇ ਹਨ ਤਾਂ ਉਹ ਦੌਰ ਹੈ ਜਿਸ ਵੇਲੇ ਲੋਕਾਂ ਲਈ ਹਸਪਤਾਲ, ਦਵਾਈ, ਮਾਸਕ, ਕਿੱਟਾਂ ਤੱਕ ਨਸੀਬ ਨਹੀਂ। ਉਸ ਵੇਲੇ ਬੰਬਾਂ, ਆਧੁਨਿਕ ਉਪਕਰਣਾਂ ਦੀ ਸੌਦੇਬਾਜ਼ੀ ਹੋ ਰਹੀ ਹੈ। ਅਜੇਹੇ ਖ਼ਤਰਿਆਂ ਨੂੰ ਅਗਾਊਂ ਭਾਂਪਦਿਆਂ ਊਧਮ ਸਿੰਘ ਲਿਖਦਾ ਹੈ :

"ਆਧੁਨਿਕ ਬੰਦੂਕਾਂ ਅਤੇ ਬੰਬਾਂ ਦੀ ਭੋਲੇ ਭਾਲੇ ਭਾਰਤੀਆਂ ਖ਼ਿਲਾਫ਼ ਵਰਤੋਂ ਕੀਤੀ ਜਾਵੇਗੀ। ਅਸੀਂ ਜਾਣਦੇ ਹਾਂ ਕਿ ਹਜ਼ਾਰਾਂ ਲੋਕਾਂ ਨੂੰ ਵਹਿਸ਼ੀ ਸਾਮਰਾਜੀ ਬਘਿਆੜਾਂ ਵੱਲੋਂ ਮਾਰਿਆ ਜਾਏਗਾ। ਭਾਰਤ ਇੱਕ ਬੁੱਚੜਖ਼ਾਨਾ ਬਣ ਜਾਏਗਾ।"

ਅੱਜ ਕਸ਼ਮੀਰ, ਜੰਗਲ ਦੇ ਆਦਿਵਾਸੀ, ਦਲਿਤ, ਮੁਸਲਿਮ, ਸਿੱਖ ਭਾਈਚਾਰਾ, ਤਰਕਸ਼ੀਲ, ਵਿਗਿਆਨੀ, ਬੁੱਧੀਜੀਵੀ, ਜਮਹੂਰੀ, ਇਨਕਲਾਬੀ ਅਤੇ ਕਮਿਊਨਿਸਟ ਇਨਕਲਾਬੀ ਇਸ ਊਧਮ ਸਿੰਘ ਵੱਲੋਂ ਕਿਆਸੇ ਇਸ ਬੁੱਚੜਖ਼ਾਨੇ ਵਿੱਚ ਫਾਸ਼ੀ ਹੱਲੇ ਦੀ ਮਾਰ ਹੇਠ ਹਨ।

ਬਦੇਸ਼ੀ ਅਤੇ ਦੇਸੀ ਹਰ ਵੰਨਗੀ ਦੀ ਗ਼ੁਲਾਮੀ, ਦਾਬੇ, ਜਬਰ, ਵਿਤਕਰੇ, ਜਾਤ-ਪਾਤ, ਫਿਰਕੂਪੁਣੇ ਅਤੇ ਜਬਰ-ਸਿਤਮ ਦੀ ਮੂਲੋਂ ਜੜ੍ਹ ਵੱਢਣ ਲਈ ਊਧਮ ਸਿੰਘ ਇਨਕਲਾਬੀ ਤਬਦੀਲੀ ਉਪਰ ਦ੍ਰਿੜ ਨਿਹਚਾ ਰੱਖਦਾ ਹੈ। ਅੱਜ ਕਰੋਨਾ ਦੇ ਓਹਲੇ




ਓਹਲੇ ਜਿਵੇਂ ਖੇਤੀ ਆਰਡੀਨੈਂਸ, ਸਿੱਖਿਆ, ਸਿਹਤ, ਰੇਲਵੇ, ਬਿਜਲੀ, ਸਨਅਤ, ਸੜਕਾਂ, ਰੇਲਾਂ, ਰੁਜ਼ਗਾਰ ਆਦਿ ਸਭ ਕੁੱਝ ਸਾਡੇ ਸਮਿਆਂ ਦੇ ਮਲਕ ਭਾਗੋਆਂ ਦੀ ਝੋਲੀ ਪਾਇਆ ਜਾ ਰਿਹਾ ਹੈ, ਇਸ ਬਾਰੇ ਖ਼ਬਰਦਾਰ ਕਰਨ ਦੀ ਸੋਚ, ਸੇਧ, ਸ਼ਹੀਦ ਊਧਮ ਸਿੰਘ ਦੇ ਇਨਕਲਾਬੀ ਬਦਲਵੇਂ ਮਾਡਲ ਵਿੱਚ ਸਾਫ ਅਤੇ ਸਪੱਸ਼ਟ ਦਿਖਾਈ ਦਿੰਦੀ ਹੈ।

"ਇਨਕਲਾਬ ਦੇ ਅਰਥ ਹਨ ਬਦੇਸ਼ੀ ਖ਼ੂਨੀ ਜਬਾੜ੍ਹਿਆਂ ਤੋਂ ਛੁਟਕਾਰਾ। ਲੁੱਟ-ਖਸੁੱਟ ਅਤੇ ਉਸ ਨਿਜ਼ਾਮ ਦਾ ਅੰਤ ਜੋ ਅਮੀਰ ਨੂੰ ਹੋਰ ਅਮੀਰ ਬਣਾਉਣ ਅਤੇ ਗਰੀਬ ਨੂੰ ਕੰਗਾਲੀ ਦੇ ਪੁੜਾਂ ਵਿੱਚ ਪੀਸੇ ਜਾਣ ਲਈ ਮਜ਼ਬੂਰ ਕਰਦਾ ਹੈ। ਸਾਮਰਾਜੀ ਦਾਬੇ ਭਰੇ ਨਿਜ਼ਾਮ ਕਾਰਨ ਲੱਖਾਂ ਕਰੋੜਾਂ ਕਿਰਤੀ, ਕੁੱਲੀ, ਗੁੱਲੀ, ਜੁੱਲੀ, ਵਿੱਦਿਆ ਅਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਤੋਂ ਵੀ ਸੱਖਣੇ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ ਕਿਰਤੀਆਂ ਕਿਸਾਨਾਂ ਦੀ ਹਾਲਤ ਨੂੰ ਵੇਖਕੇ ਜਿਸਦਾ ਖ਼ੂਨ ਉਬਾਲੇ ਨਹੀਂ ਖਾਂਦਾ।

ਕਹਿਰ ਹੈ ਯਾਰੋ! ਜਿਹੜਾ ਆਪਣੀ ਜ਼ਿੰਦਗੀ ਦੇ ਖ਼ੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ ਉਹ ਆਪ ਰਾਤ ਨੂੰ ਢਿੱਡੋਂ ਖਾਲੀ ਤੇ ਕੇਵਲ ਆਕਾਸ਼ ਦੀ ਛੱਤ ਥੱਲੇ ਸੌਂਵੇਂ। ਅਜੇਹੇ ਨਿਜ਼ਾਮ ਨੂੰ ਸਾੜਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ? ਹੁਣ ਇਨਕਲਾਬ ਹੀ ਇਕੋ ਇੱਕ ਮੁਕਤੀ ਦਾ ਮਾਰਗ ਹੈ। ਅਸੀਂ ਕਰੋੜਾਂ ਲੋਕੀ ਜਿਹੜੇ ਬਦੇਸ਼ੀ ਅਤੇ ਦੇਸੀ ਅੱਗ ਵਿੱਚ ਧੁਖ ਰਹੇ ਹਾਂ ਜੇਕਰ ਅਸੀਂ ਆਪਣੀ ਕਿਸਮਤ ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸਦਾ ਸਿੱਟਾ ਇਨਕਲਾਬ ਹੋਵੇਗਾ। ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜਾਮਨੀ ਹੈ।"(ਨੌਜਵਾਨ ਭਾਰਤ ਸਭਾ ਦੀ 1925 ਦੀ ਕਾਨਫਰੰਸ 'ਚ ਪੇਸ਼ ਵਿਚਾਰ : ਮੁਕਤੀ ਮਾਰਗ ਜੁਲਾਈ 1996)






5 ਜੂਨ 1940 ਦੀ ਗੱਲ ਹੈ, ਊਧਮ ਸਿੰਘ ਦਾ ਅਦਾਲਤ ਵਿੱਚ ਬਿਆਨ ਲਿਆ ਜਾਣਾ ਸੀ। ਉਹ ਬਿਆਨ ਲਿਖਕੇ ਲੈ ਕੇ ਗਿਆ। ਨਾਟਕੀ ਅੰਦਾਜ਼ 'ਚ ਕੰਮ ਕਰ ਰਹੀ ਵਿਸ਼ੇਸ਼ ਅਦਾਲਤ ਦੇ ਜੱਜ ਨੇ ਊਧਮ ਸਿੰਘ ਦੇ ਬਿਆਨ ਨੂੰ ਭਾਸਣ ਕਹਿਕੇ ਰੋਕਿਆ, ਟੋਕਿਆ। ਊਧਮ ਸਿੰਘ ਨੇ ਅਖੀਰ ਇਸ ਬਿਆਨ ਦੇ ਟੁਕੜੇ-ਟੁਕੜੇ ਕਰਕੇ ਅਦਾਲਤੀ ਚਕਵੰਜ ਦੇ ਮੂੰਹ ਤੇ ਮਾਰਿਆ। ਬਰਤਾਨਵੀ ਹਾਕਮਾਂ ਨੇ ਟੁਕੜਾ-ਟੁਕੜਾ ਕਾਗਜ਼ ਚੁੱਕਕੇ ਜੋੜ ਲਏ। ਇਸ ਬਿਆਨ 'ਚ ਊਧਮ ਸਿੰਘ ਕਹਿੰਦਾ ਹੈ :

"ਮੈਂ ਇੱਕ ਭਾਰਤੀ ਪੁੱਤਰ ਦੇ ਤੌਰ 'ਤੇ ਅਤੇ ਇੱਕ ਆਪਣੇ ਪਿੰਡ ਦੇ ਜ਼ਮੀਨ ਵਾਹਕ ਦੇ ਤੌਰ 'ਤੇ ਬ੍ਰਿਟਿਸ਼ ਰਾਜ ਨੂੰ ਇਉਂ ਦੇਖਦਾ ਹਾਂ ਜਿਹੜਾ ਜ਼ਾਲਮਾਨਾ ਹੈ। ਭਾਰਤੀ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੈ। ਵੱਡੇ ਜ਼ਿਮੀਦਾਰਾਂ ਅਤੇ ਪੂੰਜੀਪਤੀਆਂ ਦਾ ਮੇਰੇ ਦੇਸ਼ ਦੀ ਜ਼ਮੀਨ ਅਤੇ ਸਨਅਤ ਉਪਰ ਕਬਜ਼ਾ ਹੈ। ਉਹ ਕਾਮਿਆਂ ਨੂੰ ਜਿਉਣ ਦੇ ਹੱਕ ਤੋਂ ਵਾਂਝਿਆ ਕਰਕੇ, ਜ਼ਮੀਨ ਜਾਇਦਾਦ ਦੇ ਸਿਰ ਤੇ ਆਨੰਦ ਮਾਣਦੇ ਹਨ। ਇਹ ਮੇਰੇ ਅਤੇ ਮੇਰੇ ਦੇਸ਼ ਲਈ ਨਫ਼ਰਤ ਯੋਗ ਹੈ।

ਠਾਠ ਭਰੀ ਜ਼ਿੰਦਗੀ ਜਿਉਂ ਰਹੇ ਇਸ ਅਮੀਰ ਤਬਕੇ ਨੂੰ ਮੇਰੇ ਲੋਕਾਂ ਦੀ ਕੋਈ ਪਰਵਾਹ ਨਹੀਂ। ਨਾ ਉਹਨਾਂ ਲਈ ਸਿਹਤ, ਸਕੂਲ, ਵਿਦਿਆ ਦੇ ਪ੍ਰਸਾਰ ਦਾ ਫਿਕਰ ਫਾਕਾ ਹੈ।" ਊਧਮ ਸਿੰਘ ਜ਼ਿੰਦਗੀ ਦਾ ਸੱਚਾ ਸੁੱਚਾ ਆਸ਼ਕ ਸੀ। ਉਹ ਜ਼ਿੰਦਗੀ ਨੂੰ ਰੱਜਕੇ ਮੁਹੱਬਤ ਕਰਦਾ ਸੀ। ਉਹ ਇਕੱਲਿਆਂ ਵਧੀਆ ਜ਼ਿੰਦਗੀ ਜੀਣ ਬਾਰੇ ਸੋਚ ਵੀ ਨਹੀਂ ਸੀ ਸਕਦਾ। ਉਹ ਸਮਾਜ ਦੇ ਦੱਬੇ ਕੁਚਲੇ, ਗ਼ੁਲਾਮ, ਸਾਧਨ-ਵਿਹੂਣੇ ਲੋਕਾਂ ਦੀ ਜ਼ਿੰਦ ਜਾਨ ਸੀ। ਉਹ ਜੀਵਿਆ ਲੋਕਾਂ ਲਈ। ਫਾਂਸੀ ਚੜ੍ਹਿਆ ਲੋਕਾਂ ਲਈ। ਉਹ ਮਾਣ ਨਾਲ ਕਹਿੰਦਾ ਰਿਹਾ :

**"ਕਿਆ ਹੂਆ ਅਗਰ ਮਿਟ ਜਾਏਂ**
**ਆਪਣੇ ਵਤਨ ਕੇ ਵਾਸਤੇ**
**ਬੁਲਬਲੇਂ ਕੁਰਬਾਨ ਹੋਤੀ ਹੈਂ**
**ਚਮਨ ਕੇ ਵਾਸਤੇ"**

ਊਧਮ ਸਿੰਘ ਦਾ ਚਮਨ ਭਾਵ ਉਸਦਾ ਪਿਆਰਾ ਵਤਨ ਅੱਜ ਉਸ ਵੇਲੇ ਨਾਲੋਂ ਵੀ ਵੀਰਾਨ ਹੈ। ਨੰਗੀ ਚਿੱਟੀ ਧੌਂਸ, ਲੁੱਟ, ਵਿਤਕਰਾ, ਕਤਲੋਗਾਰਦ, ਉਜਾੜਾ, ਨਫ਼ਰਤ ਅਤੇ ਜਬਰ ਦੀ ਹਨੇਰੀ ਹੈ।

ਊਧਮ ਸਿੰਘ ਆਪਣਾ ਫ਼ਰਜ ਅਦਾ ਕਰ ਗਏ। ਉਹਨਾਂ ਨੂੰ ਸਿਰਫ਼ ਯਾਦ ਕਰਨਾ। ਫੁੱਲਾਂ ਦੀ ਵਰਖਾ ਕਰਨਾ ਜਾਂ ਫੋਟੋ ਤੇ ਹਾਰ ਪਾਉਣਾ। ਉਹਦੇ ਬੁੱਤ ਨੂੰ ਬੁੱਤ ਬਣਕੇ ਵੇਖਦੇ ਰਹਿਣਾ। ਇਉਂ ਕਰਦੇ ਰਹਿਣਾ, ਉਹਦੇ ਵਰਗਾ ਹੋਣਾ ਨਹੀਂ ਹੈ। ਵਕਤ ਦੀ ਆਵਾਜ਼ ਹੈ ਕਿ ਆਪਣੇ ਹਿੱਸੇ ਦੀ ਚੇਤਨਾ, ਸੰਗਰਾਮ ਅਤੇ ਇਨਕਲਾਬ ਦੀ ਮਸ਼ਾਲ ਲੈਕੇ, ਜੋਟੀਆਂ ਪਾਕੇ ਸੰਗਰਾਮ ਦੇ ਮੈਦਾਨ 'ਚ ਨਿੱਤਰੀਏ ਤਾਂ ਜੋ ਊਧਮ ਸਿੰਘ ਦੇ ਸੁਪਨਿਆਂ ਦਾ ਲੁੱਟ ਜਬਰ ਤੋਂ ਰਹਿਤ, ਲੋਕਾਂ ਦੀ ਪੁੱਗਤ ਵਾਲਾ ਨਵਾਂ-ਨਰੋਆ ਸਮਾਜ ਸਿਰਜਿਆ ਜਾ ਸਕੇ। ਵਕਤ ਦੀ ਲੋੜ ਹੈ ਕਿ ਉਹਨਾਂ ਦੀ ਸੋਚ ਦੇ ਦੀਪ ਜਗਾ ਕੇ ਕਹੀਏ ਕਿ ਇਹੋ ਜਿਹਾ ਸੀ, ਸਾਡਾ ਊਧਮ ਸਿੰਘ।

### ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸ਼ਹੀਦ ਅਵਤਾਰ ਢੁਡੀਕੇ ਮੇਰੀ ਨਜ਼ਰ 'ਚ

ਜਿਵੇਂ ਸਿੱਖ ਇਤਹਾਸ ਵਿੱਚ ਪੋਹ ਦਾ ਮਹੀਨਾ ਸ਼ਹੀਦੀਆਂ ਦਾ ਮਹੀਨਾ ਹੈ। ਓਵੇਂ ਹੀ ਹਨ ਜੁਲਾਈ ਮਹੀਨਾ ਇਨਕਲਾਬੀ ਜਮਹੂਰੀ ਲਹਿਰ ਲਈ ਸ਼ਹਾਦਤਾਂ ਦਾ ਮਹੀਨਾ ਹੈ। ਅਵਤਾਰ ਢੁਡੀਕੇ, ਲਾਲ ਇੰਦਰ ਲਾਲੀ, ਪਿੰਡ ਚੁਗਵਾਂ, ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ, ਹਰਭਜਨ ਸੋਹੀ, ਕਨਈ ਚੈਟਰਜੀ, ਬਾਬਾ ਬੂਝਾ ਸਿੰਘ, ਨਕਸਲਬਾੜੀ ਲਹਿਰ ਦੀ ਸਿਰਮੌਰ ਹਸਤੀ ਕਾਮਰੇਡ ਚਾਰੂ ਮਜੌਮਦਰ ਅਤੇ ਅਨੇਕਾਂ ਹੋਰ ਜੋਧੇ ਇਸੇ ਮਹੀਨੇ ਸ਼ਹੀਦ ਹੋਏ ਹਨ। ਇਸੇ ਮਹੀਨੇ 31 ਜੁਲਾਈ 1940 ਨੂੰ ਸ਼ਹੀਦ ਊਧਮ ਸਿੰਘ ਨੇ ਫਾਂਸੀ ਦੇ ਤਖ਼ਤੇ ਤੇ ਚੜਕੇ ਸ਼ਹੀਦੀ ਜਾਮ ਪੀਤਾ ਸੀ। ਭਾਵੇਂ ਸਾਰੇ ਹੀ ਸ਼ਹੀਦ ਸਾਥੀ ਸਾਡੇ ਸਤਿਕਾਰਯੋਗ ਹਨ। ਅਸੀਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ। ਉਹਨਾਂ ਦੇ ਇਨਕਲਾਬੀ ਜੀਵਨ ਤੋਂ ਪ੍ਰੇਰਨਾ ਲੈਂਦੇ ਹਾਂ ਅਤੇ ਉਨ੍ਹਾਂ ਦੇ ਅਧੂਰੇ ਸੁਪਨੇ, ਲੁੱਟ ਅਤੇ ਦਾਬੇ ਰਹਿਤ ਸਮਾਜ ਸਿਰਜਣ ਦਾ ਪ੍ਰਣ ਕਰਦੇ ਹਾਂ। ਇਸ ਲਿਖਤ ਵਿੱਚ ਮੈਂ ਅਵਤਾਰ ਢੁੱਡੀਕੇ ਬਾਰੇ ਹੀ ਚਰਚਾ ਕਰੂਗਾ।

ਸਾਥੀ ਅਵਤਾਰ ਢੁੱਡੀਕੇ ਅਲੜ ਉਮਰ ਵਿਚ ਹੀ ਇਨਕਲਾਬੀ ਜਮਹੂਰੀ ਲਹਿਰ ਦੀ ਬੁੱਕਲ ਵਿੱਚ ਆ ਗਿਆ ਸੀ।ਉਹ ਉਮਰ ਦੇ ਤਿੱਖੜ ਦੁਪਿਹਰੇ ਸ਼ਹੀਦ ਹੋ ਗਿਆ ।ਉਹਨੇ ਪਿੰਡ ਵਿੱਚ ਗੁੰਡਾਗਰਦੀ ਵਿਰੋਧੀ ਸੰਘਰਸ਼ ਦੀ ਅਗਵਾਈ ਕੀਤੀ ਸੀ

ਹੰਕਾਰੇ ਹੋਏ ਗੁੰਡਾ ਟੋਲੇ ਦੀ ਲੋਕ ਘੋਲ ਨੇ ਮਿੱਟੀ ਪਲੀਤ ਕਰ ਦਿੱਤੀ ਸੀ।ਇਸੇ ਚਿੜ ਅਤੇ ਬੇਇਜਤੀ ਕਰਕੇ ਗੁੰਡਾ ਟੋਲੇ ਨੇ ਸਾਥੀ ਅਵਤਾਰ ਢੁੱਡੀਕੇ ਨੂੰ ਦਿਨ ਦਿਹਾੜੇ ਸ਼ਹੀਦ ਕੀਤਾ। ਜਦੋਂ ਉਹ ਸ਼ਹੀਦ ਹੋਏ ਉਨ੍ਹਾਂ ਦੀ ਜੀਵਨ ਸਾਥਣ ਭੈਣ ਸੁਰਿੰਦਰ ਕੌਰ ਅਜੇ ਭਰ ਜਵਾਨ ਉਮਰ ਵਿਚ ਸਨ ਉਹਨਾਂ ਦਾ ਇਕਲੌਤਾ ਬੱਚਾ ਸ਼ਰਨਜੀਤ ਉਰਫ਼ ਸਰਨੀ ਅਜੇ ਨਿਆਣਾ ਹੀ ਸੀ।ਹੁਣ ਸਰਨਜੀਤ ਦੇ ਬੱਚੇ ਵਿਆਹੇ ਗਏ ਹਨ।

ਭੈਣ ਸਰਿੰਦਰ ਕੌਰ ਢੁਡੀਕੇ ਹੁਣ ਦੋਤਿਆ-ਪੋਤਿਆਂ ਵਾਲੀ ਹੈ।

ਉਹ ਹੁਣ ਸਾਡੀ ਉਮਰ ਦੇ ਥੋੜਿਆਂ ਦੀ ਭੈਣ ਹੈ ਅਤੇ ਨਵੀਂ ਪੀੜ੍ਹੀ ਦੇ ਬਹੁਤਿਆਂ ਦੀ ਭੂਆ ਹੈ।

ਮੈਂ ਇਸ ਪਰਿਵਾਰ ਦੀਆਂ ਤਿੰਨ ਪੀੜੀਆਂ ਨੂੰ ਇਨਕਲਾਬੀ ਜਮਹੂਰੀ ਲਹਿਰ ਖਾਤਰ ਕੁਝ ਨਾ ਕੁੱਝ ਕੰਮ ਕਰਦਿਆਂ ਤੱਕਿਆ ਹੈ। ਸੁਣਿਆ ਨਹੀਂ ਖੁਦ ਵੇਖਿਆ ਹੈ। ਜਿਸ ਉਮਰ ਵਿਚ ਭੈਣ ਸੁਰਿੰਦਰ ਕੌਰ ਢੁਡੀਕੇ ਵਿਧਵਾ ਹੋਈ ਉਸ ਉਮਰ ਵਿੱਚ ਕਾਮਰੇਡ ਅਵਤਾਰ ਢੁਡੀਕੇ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਲਹਿਰ ਨਾਲ ਚੱਲਣ ਦਾ ਐਲਾਨ ਕਰਨਾ ਅਤੇ ਸਾਰੀ ਉਮਰ ਇਸ ਕਾਜ਼ ਦੇ ਲੇਖੇ ਲਾ ਦੇਣੀ ਕੋਈ ਛੋਟੀ ਗੱਲ ਨਹੀਂ ਹੈ। ਮੈਂ ਉਮਰ ਦੇ ਸੱਤਵੇਂ ਦਹਾਕੇ ਦਾ ਅੱਧ ਪਾਰ ਕਰ ਲਿਆ ਹੈ। ਬੜੇ ਐਲਾਨ ਸੁਣੇ ਹਨ। ਬੜੇ ਐਲਾਨਾਂ ਤੋਂ ਪਿੱਛੇ ਮੁੜ ਦੇ ਵੇਖੇ ਹਨ। ਬੜਿਆ ਦੇ ਐਲਾਨ ਕੜ੍ਹੀ ਦੇ ਉਬਾਲ ਸਾਬਤ ਹੋਏ ਹਨ। ਭੈਣ ਸੁਰਿੰਦਰ ਕੌਰ ਨੇ ਜੋ ਐਲਾਨ ਕੀਤਾ ਉਸ ਤੇ ਖਰੀ ਉਤਰੀ ਹੈ। ਸਾਨੂੰ ਸ਼ਹੀਦ ਸਾਥੀ ਅਵਤਾਰ ਢੁਡੀਕੇ ਦੀ ਜੀਵਨ ਸਾਥਣ ਤੇ ਇਸ ਗੱਲੋਂ ਵੀ ਮਾਣ ਹੈ ਕਿ ਉਹਨੇ ਆਪਣੇ ਦਾਮਨ ਨੂੰ ਦੁੱਧ-ਚਿੱਟਾ ਰੱਖਿਆ ਹੈ।





ਆਵਦੀਆਂ ਅਗਲੀਆਂ ਪੀੜ੍ਹੀਆਂ ਨੂੰ ਲਹਿਰ ਦੇ ਗਹਿ-ਗੱਡਵੇ ਹਮਾਇਤੀ ਬਣਾਇਆ ਹੈ। ਉਨ੍ਹਾਂ ਦਾ ਘਰ ਇਨਕਲਾਬੀ ਜਮਹੂਰੀ ਲਹਿਰ ਦੇ ਸਭ ਸਾਥੀਆਂ ਲਈ ਖੁਲਾ ਹੈ। ਇਕ ਤਰ੍ਹਾਂ ਇਨਕਲਾਬੀ ਲਹਿਰ ਦਾ ਡੇਰਾ ਹੀ ਹੈ।

ਜਿਸ ਗੁੰਡਾਗਰਦੀ ਵਿਰੁੱਧ ਲੜਦਿਆਂ ਸਾਥੀ ਅਵਤਾਰ ਨੇ ਸਹਾਦਤ ਦਿੱਤੀ ਉਹ ਅੱਜ ਵੀ ਉਂਵੇ ਹੀ ਹੈ। ਸਗੋ ਸਿਖਰਾਂ ਤੇ ਪਹੁੰਚ ਗਈ ਹੈ। ਉਦੋਂ ਰਾਜਨੀਤਕ ਪਾਰਟੀਆਂ ਗੁੰਡੇ ਪਾਲਦੀਆਂ ਸਨ ਹੁਣ ਰਾਜਨੀਤੀ ਹੀ ਗੁੰਡਿਆਂ ਦੀ ਬਣ ਗਈ ਹੈ। ਗੁੰਡੇ ਧੀਆਂ ਭੈਣਾਂ ਨੂੰ ਸ਼ਰੇ-ਬਾਜ਼ਰ ਹੱਥ ਪਾਉਦੇ ਹਨ। ਰਾਜਨੀਤਕ ਲੀਡਰ ਉਹਨਾਂ ਨਾਲ ਫੋਟੋ ਖਿਚਵਾਉਂਦੇ ਅਤੇ ਚੌੜੇ ਹੋ ਹੋ ਕੇ ਕੁਰਸੀਆਂ ਤੇ ਬੈਠਦੇ ਹਨ। ਪੁਲਿਸ ਅਤੇ ਮੀਡੀਆ ਕਰਮੀਆਂ ਦੀਆਂ ਮਾਵਾਂ, ਭੈਣਾਂ, ਧੀਆਂ ਅਤੇ ਰਿਸ਼ਤੇਦਾਰ ਵੀ ਮਹਿਫੂਜ਼ ਨਹੀਂ ਹਨ। ਤਸਵੀਰ ਦਾ ਦੂਜਾ ਪਾਸਾ ਇਹ ਵੀ ਹੈ ਕਿ ਲੋਕਾਂ ਦੇ ਹੜ੍ਹ ਹੁਣ ਸੜਕਾਂ ਤੇ ਨਿਕਲਣ ਲੱਗੇ ਹਨ। ਵੱਡੇ, ਗੁੰਡੇ ਸਰਕਾਰੀ ਸਰਪ੍ਰਸਤੀ ਦੇ ਬਾਵਜੂਦ ਮਜਬੂਰੀ ਵੱਸ ਹੁਕਮਰਾਨਾ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰਨੇ ਪਏ ਹਨ।ਅਦਾਲਤਾਂ ਨੂੰ ਵੀ ਮਜਬੂਰੀ ਵੱਸ ਵੱਡੇ-ਵੱਡੇ ਫੈਸਲੇ ਸੁਣਾਉਣੇ ਪਏ ਹਨ। ਅਜੇ ਵੀ ਗਰੀਬਾਂ ਦੀਆਂ ਧੀਆਂ ਭੈਣਾਂ ਦੀਆਂ ਇੱਜਤਾਂ ਮਹਿਫੂਜ਼ ਨਹੀਂ। ਰਾਜਨੀਤਕ ਗੁੰਡਾਗਰਦੀ ਦਾ ਮੂੰਹ ਮੋੜਨ ਲਈ ਸ਼ਹੀਦ ਅਵਤਾਰ ਵਰਗੇ ਬੇਖੌਫ ਯੋਧਿਆਂ ਦੀ ਅੱਜ ਵੀ ਲੋੜ ਹੈ। ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਇਨਕਲਾਬੀ ਜਮਹੂਰੀ ਲਹਿਰ ਨੂੰ ਤਕੜਿਆਂ ਕਰਨ ਦੀ ਲੋੜ ਹੈ।

ਸਾਥੀ ਅਵਤਾਰ ਦੀ ਸ਼ਹਾਦਤ ਤੋਂ ਬਾਅਦ ਜਿਵੇਂ ਇਨਕਲਾਬੀ ਜਮਹੂਰੀ ਲਹਿਰ ਨੇ ਲਗਾਤਾਰਤਾ ਰੱਖੀ ਉਹ ਦੇ ਕਾਤਲਾਂ ਨੂੰ ਸਜਾਵਾਂ ਦਿਵਾਈਆਂ, ਉਹਦਾ ਇੱਕ ਕਾਤਲ ਅੱਜ ਦੁਨੀਆਂ ਤੇ ਨਹੀਂ ਹੈ ਸ਼ਰੇ- ਬਜ਼ਾਰ ਉਹਨੂੰ ਗੋਲੀਆਂ ਵੱਜੀਆਂ ਅਤੇ ਇਕ ਹੋਰ ਨੇ ਜੇਲ ਵੀ ਕੱਟੀ ਅਤੇ ਗੋਲੀਆਂ ਵੀ ਖਾਧੀਆਂ, ਕੁਦਰਤੀ ਬਚਣ ਤੋਂ ਬਾਅਦ ਕਾਤਲ ਨੇ ਲੋਕਾਂ ਦੀ ਕਚਿਹਰੀ ਵਿੱਚ ਲਹਿਰ ਨਾਲ ਦੁਸ਼ਮਣੀ ਪਾਲਣ ਦੀ ਮਾਫੀ ਵੀ ਮੰਗੀ। ਲਹਿਰ ਦੇ ਸਾਥੀ ਜਿਹਨਾਂ ਤੇ ਕੇਸ ਪਏ ਉਹ ਲੰਮੀ ਕਨੂੰਨੀ ਲੜਾਈ ਰਾਹੀਂ ਬਰੀ ਵੀ ਹੋਏ। ਸਾਰੇ ਘਟਨਾਕ੍ਰਮ ਨੇ ਸਾਬਤ ਕੀਤਾ ਹੈ ਕਿ ਲੋਕ ਲਹਿਰ ਨਾਲ ਦੁਸ਼ਮਣੀ ਮਹਿੰਗੀ ਪੈਂਦੀ ਹੈ, ਬਿਲਕੁੱਲ ਪੁੱਗਦੀ ਨਹੀਂ। ਜੇਲ੍ਹਾਂ ਕੱਟਣੀਆਂ ਅਤੇ ਮਾਫ਼ੀਆਂ ਮੰਗਣੀਆਂ ਪੈਂਦੀਆਂ ਹਨ। ਇਸ ਘਟਨਾ ਕ੍ਰਮ ਨੇ ਲੋਕਾਂ ਅਤੇ ਲੋਕ-ਦੁਸ਼ਮਣ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ। ਸਾਥੀ ਅਵਤਾਰ ਦੇ ਸ਼ਹੀਦੀ ਦਿਹਾੜੇ ਦੀ ਇਸ ਪੱਖੋਂ ਹੋਰ ਵੀ ਵੱਡੀ ਅਹਿਮੀਅਤ ਹੈ। ਮੇਰੀਆਂ ਯਾਦਾਂ ਦੀ ਪਟਾਰੀ ਵਿੱਚ ਅਜੇ ਹੋਰ ਵੀ ਬੜਾ ਕੁਝ ਹੈ ਜੋ ਕਿਤੇ ਫਿਰ ਸਹੀ।

**ਬਲਵੰਤ ਸਿੰਘ ਮੱਖੂ**
**ਫੋਨ 9878418910**

# ਸ਼ਹੀਦ ਚੰਦਰ ਸ਼ੇਖਰ ਆਜ਼ਾਦ




ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦਾ ਜਨਮ 23 ਜੁਲਾਈ, 1906 ਨੂੰ ਮੱਧ ਪ੍ਰਦੇਸ਼ ਦੇ ਅਲੀਰਾਜਪੁਰ ਰਿਆਸਤ ਦੇ ਪਿੰਡ ਭਾਵਰਾ ਵਿਚ ਸ੍ਰੀਮਤੀ ਜਗਰਾਣੀ ਦੇਵੀ ਦੀ ਕੁੱਖੋਂ ਹੋਇਆ। ਉਹ ਪੰਡਤ ਸੀਤਾ ਰਾਮ ਦੇ ਪੰਜਾਂ ਪੁੱਤਰਾਂ 'ਚੋਂ ਛੋਟੀ ਸੰਤਾਨ ਸਨ। ਬਚਪਨ ਤੋਂ ਹੀ ਉਨ੍ਹਾਂ ਦੀ ਦਿਲਚਸਪੀ ਪੜ੍ਹਨ-ਲਿਖਣ ਵਿਚ ਘੱਟ ਅਤੇ ਤੀਰ-ਕਮਾਨ ਜਾਂ ਬੰਦੂਕ ਚਲਾਉਣ ਵਿਚ ਵਧੇਰੇ ਸੀ। ਘਰਦਿਆਂ ਨੇ ਉਨ੍ਹਾਂ ਨੂੰ ਸਕੂਲੇ ਪੜ੍ਹਨੇ ਪਾਇਆ ਪਰ ਉਨ੍ਹਾਂ ਦੀਆਂ ਰੁਚੀਆਂ ਤੇ ਆਦਤਾਂ ਨੂੰ ਦੇਖਦੇ ਹੋਏ ਉਨ੍ਹਾਂ ਦੇ ਮਾਂ-ਪਿਓ ਨੇ ਆਜ਼ਾਦ ਨੂੰ ਕਿਸੇ ਕੰਮ-ਕਾਰ ਲਾਉਣ ਦੀ ਸੋਚੀ ਅਤੇ ਸਕੂਲੋਂ ਉਨ੍ਹਾਂ ਦਾ ਨਾਂ ਕਟਵਾ ਦਿੱਤਾ। ਸ਼ੁਰੂ ਵਿਚ ਉਨ੍ਹਾਂ ਨੂੰ ਤਹਿਸੀਲ ਵਿਚ ਨੌਕਰੀ ਮਿਲ ਗਈ। ਪਰ ਆਜ਼ਾਦ ਬਿਰਤੀ ਵਾਲਾ ਚੰਦਰ ਸ਼ੇਖਰ ਇਨ੍ਹਾਂ ਬੰਦਸ਼ਾਂ ਵਿਚ ਰਹਿਣ ਵਾਲਾ ਨਹੀਂ ਸੀ। ਉਹ ਨੌਕਰੀ ਛੱਡ ਬੰਬਈ ਚਲਾ ਗਿਆ। ਉਥੇ ਉਨ੍ਹਾਂ ਨੂੰ ਜਹਾਜ਼ਾਂ ਨੂੰ ਰੰਗਣ ਵਾਲੇ ਰੰਗਸਾਜਾਂ ਦੇ ਸਹਾਇਕ ਵਜੋਂ ਕੰਮ ਮਿਲ ਗਿਆ। ਪਰ ਬੰਬਈ ਦੀ ਮਸ਼ੀਨੀ ਜ਼ਿੰਦਗੀ ਉਨ੍ਹਾਂ ਨੂੰ ਰਾਸ ਨਾ ਆਈ। ਬੇਚੈਨੀ ਦੀ ਇਸ ਅਵਸਥਾ 'ਚ ਉਨ੍ਹਾਂ ਬੰਬਈ ਛੱਡ ਦਿੱਤੀ। ਉਹ ਬਨਾਰਸ ਚਲੇ ਗਏ। ਉਥੇ ਇਕ ਮਦਦਗਾਰ ਦੀ ਮਦਦ ਨਾਲ ਸੰਸਕ੍ਰਿਤ ਸਕੂਲ 'ਚ ਮੁੜ ਪੜ੍ਹਨੇ ਪੈ ਗਏ। ਉਨੀਂ ਦਿਨੀਂ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਨਾ-ਮਿਲਵਰਤਨ ਅੰਦੋਲਨ ਸ਼ੁਰੂ ਹੋ ਗਿਆ ਸੀ। ਚੰਦਰ ਸ਼ੇਖਰ ਦੇ ਕੋਮਲ ਤੇ ਕੋਰੇ ਮਨ 'ਤੇ ਵੀ ਇਸ ਅੰਦੋਲਨ ਦਾ ਅਸਰ ਪਿਆ। ਉਹ ਇਸ ਵਿਚ ਸ਼ਾਮਲ ਹੋ ਗਏ। ਸੰਸਕ੍ਰਿਤ ਕਾਲਜ ਬਨਾਰਸ ਧਰਨੇ ਮੌਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਇਹ ਘਟਨਾ 1921 ਦੀ ਹੈ। ਉਨ੍ਹਾਂ ਉਪਰ ਮੁਕੱਦਮਾ ਦਰਜ ਕੀਤਾ ਗਿਆ। ਅਦਾਲਤ ਵਿਚ ਪੇਸ਼ੀ ਮੌਕੇ ਜੋ ਸਵਾਲ ਮੈਜਿਸਟਰੇਟ ਨੇ ਉਨ੍ਹਾਂ ਨੂੰ ਪੁੱਛੇ ਉਹ ਖਾਸ ਜ਼ਿਕਰਯੋਗ ਹਨ: ਤੇਰਾ ਨਾਂ ਕੀ ਹੈ? ਆਜ਼ਾਦ। ਪਿਉ ਦਾ ਨਾਂ? ਆਜ਼ਾਦੀ। ਘਰ? ਜੇਲ੍ਹ। ਇਨ੍ਹਾਂ ਜਵਾਬਾਂ ਤੋਂ ਚਿੜ੍ਹ ਕੇ ਮੈਜਿਸਟਰੇਟ ਨੇ ਉਨ੍ਹਾਂ ਨੂੰ 15 ਬੈਂਤਾਂ ਦੀ ਸਜ਼ਾ ਦਿੱਤੀ। ਤੰਦਰੁਸਤ ਹੋ ਜਾਣ ਉਪਰੰਤ ਉਹ ਕਾਂਸ਼ੀ ਵਿਦਿਆਪੀਠ ਵਿਚ ਦਾਖਲ ਹੋ ਗਏ। ਇੱਥੇ ਉਨ੍ਹਾਂ ਦਾ ਮੇਲ ਇਨਕਲਾਬੀ ਦਲ ਦੇ ਦੋ ਮੈਂਬਰਾਂ ਮਨਮਥਾ ਨਾਥ ਗੁਪਤ ਅਤੇ ਪ੍ਰਣਵੇਸ਼ ਚੈਟਰਜੀ ਨਾਲ ਹੋਇਆ। ਇਨ੍ਹਾਂ ਦੋਹਾਂ ਇਨਕਲਾਬੀਆਂ ਦਾ ਪ੍ਰਭਾਵ ਕਬੂਲਣ ਬਾਅਦ ਸੰਨ 1922 ਵਿਚ ਚੰਦਰ ਸ਼ੇਖਰ ਵੀ ਇਨਕਲਾਬੀ ਦਲ ਦੇ ਮੈਂਬਰ ਬਣ ਗਏ। ਉਸ ਘੜੀ ਤੋਂ ਜ਼ਿੰਦਗੀ ਦੇ ਅੰਤਲੇ ਪਲਾਂ ਤਕ ਹਥਿਆਰਬੰਦ ਇਨਕਲਾਬ ਦੇ ਰਾਹ 'ਤੇ ਉਹ ਲਗਾਤਾਰ ਅੱਗੇ ਵਧਦੇ ਰਹੇ । ਕਾਕੋਰੀ ਘਟਨਾ (9 ਅਗਸਤ, 1924) ਮਗਰੋਂ ਉਹ ਗੁਪਤਵਾਸ ਹੋ ਗਏ। ਫਰਾਰ ਜੀਵਨ ਮੌਕੇ ਗੁਪਤ ਰਹਿਣ ਦੀ ਉਨ੍ਹਾਂ ਵਿਚ ਇਕ ਖਾਸ ਮੁਹਾਰਤ ਤੇ ਸੋਝੀ ਸੀ। 17 ਦਸੰਬਰ, 1928 ਜਦੋਂ ਅੰਗਰੇਜ਼ ਪੁਲੀਸ ਅਫਸਰ ਸਾਂਡਰਸ ਗੋਲੀਆਂ ਨਾਲ ਫੁੰਡ ਸੁੱਟਿਆ, ਉਸ ਮੌਕੇ ਲਾਹੌਰ ਵਿਚ ਚਿੜੀ ਵੀ ਬਾਹਰ ਨਹੀਂ ਸੀ ਨਿਕਲ ਸਕਦੀ, ਉਦੋਂ ਚੰਦਰ ਸ਼ੇਖਰ ਆਜ਼ਾਦ ਹੀ ਸਨ ਜਿਹੜੇ ਸਭ ਤੋਂ ਸੌਖੇ ਤਰੀਕੇ ਨਾਲ ਲਾਹੌਰੋਂ ਨਿਕਲ ਗਏ ਸਨ। ਪੜ੍ਹਨ-ਲਿਖਣ ਦੇ ਮਾਮਲੇ ਵਿਚ ਭਾਵੇਂ ਉਨ੍ਹਾਂ ਦਾ ਹੱਥ ਜਰਾ ਤੰਗ ਸੀ, ਪਰ ਉਹ ਦੂਸਰੇ ਸਾਥੀਆਂ ਨੂੰ ਪੜ੍ਹਨ ਲਈ ਪ੍ਰੇਰਨਾ ਅਕਸਰ ਦਿੰਦੇ ਰਹਿੰਦੇ। ਉਨ੍ਹਾਂ ਸਮਿਆਂ 'ਚ ਸਮਾਜਵਾਦ ਨਾਲ ਸਬੰਧਤ ਕਿਤਾਬਾਂ ਉਹ ਵੀ ਅੰਗਰੇਜ਼ੀ ਵਿਚ ਘੱਟ ਉਪਲਬਧ ਹੁੰਦੀਆਂ ਸਨ। ਉਹ ਸਿਧਾਂਤਕ ਕਿਤਾਬਾਂ ਦੂਸਰੇ ਸਾਥੀਆਂ ਤੋਂ ਪੜ੍ਹਾਉਂਦੇ ਤੇ ਹਿੰਦੀ ਵਿਚ ਅਰਥ ਕਰਵਾ ਕੇ ਸਮਝਣ ਦੀ ਕੋਸ਼ਿਸ਼ ਕਰਦੇ। ਆਜ਼ਾਦ ਦਾ ਸਮਾਜਵਾਦੀ ਵਿਚਾਰਾਂ ਵੱਲ ਖਿੱਚੇ ਜਾਣ ਦਾ ਵੱਡਾ ਕਾਰਨ ਸੀ ਉਨ੍ਹਾਂ ਦਾ ਗਰੀਬ ਘਰ ਵਿਚ ਪੈਦਾ ਹੋਣ ਕਰਕੇ ਗਰੀਬੀ ਦਾ ਡੂੰਘਾ ਅਹਿਸਾਸ ਅਤੇ ਬੰਬਈ ਜਾ ਕੇ ਮਜ਼ਦੂਰਾਂ ਦੀ ਨਰਕ ਭਰੀ ਜ਼ਿੰਦਗੀ ਜਿਸ ਨੂੰ ਉਹ ਖੁਦ ਹੱਡੀਂ ਹੰਡਾ ਚੁੱਕੇ ਸਨ। 8-9 ਸਤੰਬਰ, 1928 ਨੂੰ ਦਿੱਲੀ ਵਿਖੇ ਫਿਰੋਜ਼ਸ਼ਾਹ ਕੋਟਲਾ ਦੇ ਖੰਡਰਾਂ ਦੀ ਮੀਟਿੰਗ ਵਿਚ ਹਿੰਦੋਸਤਾਨ ਰਿਪਬਲੀਕਨ ਆਰਮੀ ਦਾ ਨਾਂ ਬਦਲ ਕੇ ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਰੱਖਿਆ ਗਿਆ। ਆਜ਼ਾਦ ਇਸ ਦੇ ਸੈਨਾਪਤੀ ਸਨ। ਉਹ ਹਰ ਸਾਥੀ ਦੀਆਂ ਜ਼ਰੂਰਤਾਂ ਦਾ ਪੂਰਾ-ਪੂਰਾ ਖਿਆਲ ਰੱਖਦੇ। 27 ਫਰਵਰੀ, 1931 ਇਲਾਹਾਬਾਦ ਦੇ ਏਲਫਰਡ ਪਾਰਕ ਨੂੰ ਅੰਗਰੇਜ਼ ਪੁਲੀਸ ਨੇ ਚਾਰ-ਚੁਫੇਰਿਓਂ ਘੇਰ ਲਿਆ। ਚੰਦਰ ਸ਼ੇਖਰ ਆਜ਼ਾਦ ਹੁਰਾਂ ਵੱਡੇ ਦਰੱਖਤ ਦੀ ਓਟ ਲਈ। ਮਾਊਜ਼ਰ ਨੂੰ ਪਲੋਸਿਆ ਤੇ ਮੁਕਾਬਲਾ ਸ਼ੁਰੂ ਕਰ ਦਿੱਤਾ। ਇਸ ਬੇਜੋੜ ਮੁਕਾਬਲੇ ਵਿਚ ਚੰਦਰ ਸ਼ੇਖਰ ਆਜ਼ਾਦ ਸ਼ਹੀਦ ਹੋ ਗਏ। ਆਖਿਰ, ਆਪਣੇ ਬੋਲਾਂ ਨੂੰ ਅਮਰ ਕਰ ਗਏ।


ਪਰਮਿੰਦਰ ਕੌਰ ਸਵੈਚ
604 760 4794

# ਕਰੋਨੇ ਦੀ ਮਾਰ, ਮਾਫੀਏ ਦਾ ਹਥਿਆਰ ਤੇ ਲੋਕਾਂ ਦਾ ਘਾਣ



ਦੁਨੀਆਂ ਵਿੱਚ 2020 ਦਾ ਸਾਲ ਬਹੁਤ ਹੀ ਸੰਕਟ ਭਰਿਆ ਚੱਲ ਰਿਹਾ ਹੈ। ਜਿਸ ਵਿੱਚ ਜਿੱਥੇ ਲੋਕ ਕੋਵਿਡ-19 ਮਹਾਂਮਾਰੀ ਨਾਲ ਜੂਝ ਰਹੇ ਹਨ। ਉੱਥੇ ਉਹਨਾਂ ਦੀਆਂ ਆਰਥਿਕਤਾ ਨਾਲ ਜੁੜੀਆਂ ਮੁਸ਼ਕਲਾਂ ਵਿੱਚ ਬਹੁਤ ਵਾਧਾ ਹੋਇਆ ਹੈ। ਮਨੁੱਖ ਦੇ ਆਰਥਿਕ ਪੱਖੋਂ ਟੁੱਟਣ ਦੇ ਨਾਲ ਉਹ ਮਾਨਸਿਕ ਪੱਖੋਂ ਵੀ ਟੁੱਟ ਜਾਂਦਾ ਹੈ। ਫਿਰ ਹੋਰ ਬਿਮਾਰੀਆਂ ਜਾਂ ਮਾਨਸਿਕ ਤਣਾਓ ਪੈਦਾ ਹੋਣ ਨਾਲ ਘਰੇਲੂ ਮੁਸ਼ਕਲਾਂ ਵੀ ਵਧ ਜਾਂਦੀਆਂ ਹਨ। ਜਿੱਥੇ ਸਾਰਾ ਸੰਸਾਰ ਇਸ ਸੰਕਟ ਦੀ ਘੜੀ ਵਿੱਚੋਂ ਗੁਜ਼ਰ ਰਿਹਾ ਹੈ, ਉੱਥੇ ਕੈਨੇਡਾ ਵਿੱਚ ਬੀ. ਸੀ. ਦੇ ਸੂਬੇ ਤੋਂ ਇਸਦੀ ਸ਼ੁਰੂਆਤ ਹੋਈ ਸੀ ਪਰ ਸਰਕਾਰ ਦੀ ਸਿਆਣਪ ਨਾਲ ਇਸਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਸਫਲ ਰਹੀਆਂ ਸਨ ਪਰ ਹੁਣ ਫਿਰ ਕੋਵਿਡ ਦੇ ਕੇਸ ਵਧਣ ਨਾਲ ਬੀ.ਸੀ. ਤੱਤੇ ਪਾਣੀਆਂ ਵੱਲ ਜਾ ਰਿਹਾ ਹੈ। ਇਹ ਅਜਿਹੀ ਮਹਾਂਮਾਰੀ ਹੈ ਜਿਸਦਾ ਇਲਾਜ ਅਜੇ ਨਹੀਂ ਹੈ ਪਰ ਕੋਸ਼ਿਸ਼ਾਂ ਜਾਰੀ ਹਨ ਤੇ ਨਾਲੋ ਨਾਲ ਇਸਤੋਂ ਬਚਣ ਲਈ ਪ੍ਰਚਾਰ ਵੀ ਬਹੁਤ ਹੋ ਰਿਹਾ ਹੈ, ਚੰਗੀ ਗੱਲ ਹੈ। ਪਰ ਬੀ.ਸੀ. ਨੂੰ ਕਈ ਸਾਲਾਂ ਤੋਂ ਇੱਕ ਹੋਰ ਬਿਮਾਰੀ ਚੁੰਬੜੀ ਹੈ ਜੋ ਅੱਜ ਕੱਲ ਆਪਣੇ ਸਿਖਰ ਵੱਲ ਜਾ ਰਹੀ ਹੈ ਉਹ ਹੈ ਓਪੀਅਡ ਕਰਾਈਸਿਜ਼ ਅਰਥਾਤ ਡਰੱਗ ਓਵਰਡੋਜ਼। ਮੈਂ ਡਰੱਗ ਨਾਲ ਸਬੰਧਤ ਦੋ ਆਰਟੀਕਲ ਪਹਿਲਾਂ ਵੀ ਲਿਖ ਚੁੱਕੀ ਹਾਂ। ਪਹਿਲਾਂ ਜਦੋਂ ਬੀ.ਸੀ. ਵਿੱਚ ਗੈਂਗਵਾਰ ਦੀ ਸਮੱਸਿਆ ਨਾਲ ਬਹੁਤ ਸਾਰੇ ਨੌਜਵਾਨ ਗੋਲ਼ੀਆਂ ਦੀ ਭੇਂਟ ਚੜ੍ਹ ਰਹੇ ਸਨ ਤੇ ਪੁਲੀਸ ਮਾਪਿਆਂ ਨੂੰ ਕਸੂਰਵਾਰ ਠਹਿਰਾ ਕੇ ਆਪਣੀਆਂ ਜ਼ੁੰਮੇਵਾਰੀਆਂ ਨੂੰ ਅੱਖੋਂ ਪਰੋਖੇ ਕਰਕੇ ਚੋਰ ਮੋਰੀਆਂ ਰਾਹੀਂ ਬਾਹਰ ਨਿਕਲ ਜਾਂਦੀ ਸੀ। ਉਦੋਂ ਲਿਖਣਾ ਪਿਆ ਸੀ ਕਿ ਜੇ ਅਸੀਂ ਆਪ ਇਨ੍ਹਾਂ ਗੱਲਾਂ ਬਾਰੇ ਵਿਚਾਰ ਵਟਾਂਦਰਾਂ ਨਹੀਂ ਕਰਦੇ ਤਾਂ ਪੁਲੀਸ ਜਾਂ ਸਰਕਾਰਾਂ ਨੂੰ ਲੋਕਾਂ ਦੇ ਪੱਖ ਦਾ ਪਤਾ ਹੀ ਨਹੀਂ ਚੱਲਦਾ। ਇਸੇ ਤਰ੍ਹਾਂ ਜਦੋਂ ਲੋਕ ਓਵਰਡੋਜ਼ ਨਾਲ ਧੜਾਧੜ ਮਰ ਰਹੇ ਸਨ ਉਦੋਂ ਵੀ ਮੈਂ ਲਿਖ ਕੇ ਅਵਾਜ਼ ਉਠਾਈ ਸੀ, ਜਦੋਂ ਮੀਡੀਆ ਵੀ ਚੁੱਪ ਧਾਰੀ ਬੈਠਾ ਸੀ।ਓਵਰਡੋਜ਼ ਨਾਲ ਮਰਨ ਵਾਲੇ ਲੋਕ ਇਸ ਕਰਕੇ ਅਣਗੌਲ਼ੇ ਰਹਿ ਜਾਂਦੇ ਹਨ ਕਿ ਉਹ ਡਰੱਗ ਆਪਣੀ ਮਰਜ਼ੀ ਨਾਲ ਖਾਂਦੇ ਹਨ।ਜਦੋਂ ਸਾਡੇ ਆਲੇ ਦੁਆਲੇ ਇਹ ਵਰਤਾਰਾ ਦਿਨੋਂ ਦਿਨ ਵਧ ਰਿਹਾ ਹੈ ਤਾਂ ਸਾਡੇ ਸਾਹਮਣੇ ਬਹੁਤ ਸਾਰੇ ਸਵਾਲ ਮੂੰਹ ਅੱਡੀ ਖੜ੍ਹੇ ਹਨ ਪਰ ਆਪਾਂ ਕੁੱਝ ਕੁ ਬਾਰੇ ਇੱਥੇ ਗੱਲ ਕਰਦੇ ਹਾਂ ਜਿਵੇਂ ਕਿ ਇਹਨਾਂ ਲੋਕਾਂ ਨੂੰ ਮਰਨ ਦੇ ਦਿੱਤਾ ਜਾਵੇ ? ਕੀ ਇਹਦੀ ਰੋਕਥਾਮ ਲਈ ਪੂਰੇ ਪ੍ਰਬੰਧ ਸਰਕਾਰਾਂ ਵਲੋਂ ਕੀਤੇ ਜਾ ਰਹੇ ਹਨ ? ਕੀ ਇਹ ਪ੍ਰਬੰਧ ਉਹਨਾਂ ਲੋਕਾਂ ਦੀ ਪਹੁੰਚ ਵਿੱਚ ਹਨ ? ਮੰਡੀ ਵਿੱਚ ਵਿਕਣ ਵਾਲੀ ਡਰੱਗ ਸੁਰਖ਼ਿੱਅਤ ਵੀ ਹੈ ?

ਜਦੋਂ ਅਸੀਂ ਪਹਿਲੇ ਸਵਾਲ ਬਾਰੇ ਵਿਚਾਰ ਕਰਦੇ ਹਾਂ ਕਿ ਉਹ ਮਰਜ਼ੀ ਨਾਲ ਖਾਂਦਾ ਹੈ, ਖਾ ਕੇ ਮਰਦਾ ਹੈ ਤਾਂ ਮਰ ਜਾਵੇ, ਇਹ ਇੱਕ ਸਾਦਾ ਤੇ ਸਧਾਰਣ ਜਿਹਾ ਜਵਾਬ ਹੈ ਪਰ ਜੇ ਇਸਦੀ ਡੂੰਘਾਈ ਵਿੱਚ ਜਾਈਏ ਕਿ ਉਹ ਖਾਂਦਾ ਕਿਉਂ ਹੈ ? ਉਹ ਇਸ ਸਮੇਂ ਮੁਸੀਬਤ ਵਿੱਚ ਹੋ ਸਕਦੈ, ਉਸਦਾ ਕੰਮ ਬੰਦ ਹੋ ਗਿਆ ਹੋ ਸਕਦੈ, ਉਹ ਮਾਨਸਿਕ ਤੌਰ ਤੇ ਬਿਮਾਰ ਹੋ ਗਿਆ ਹੋ ਸਕਦੈ, ਜਾਂ ਪਹਿਲਾਂ ਹੀ ਉਹ ਕਿਸੇ ਬਿਮਾਰੀ ਨਾਲ ਜੂਝ ਰਿਹਾ ਹੋ ਸਕਦੈ, ਕੋਵਿਡ ਦੇ ਦਿਨਾਂ ਵਿੱਚ ਇਕੱਲਤਾ ਦਾ ਸ਼ਿਕਾਰ ਹੋ ਸਕਦੈ, ਉਸਦਾ ਬਿਜ਼ਨਿਸ ਬੰਦ ਹੋ ਗਿਆ ਹੋ ਸਕਦਾ ਹੈ, ਜ਼ਿੰਦਗੀ ਦੀ ਲਗਾਤਾਰਤਾ ਟੁੱਟਣ ਨਾਲ ਉਹ ਪ੍ਰੇਸ਼ਾਨ ਹੋ ਸਕਦਾ ਹੈ, ਸਾਰੇ ਲੋਕ ਹੀ ਇਸ ਸੰਕਟ ਦੇ ਸਮੇਂ ਵਿੱਚ ਦੁੱਖ, ਦਰਦ ਤੇ ਚਿੰਤਾ ਵਿੱਚ ਘਿਰੇ ਹੋਏ ਹਨ ਪਰ ਜੋ ਦਿਮਾਗੀ ਤੌਰ ਤੇ ਤਾਕਤਵਰ ਹਨ ਉਹ ਅਜਿਹੀਆਂ ਮੁਸੀਬਤਾਂ ਨਾਲ ਸਹਿਜੇ ਨਜਿੱਠ ਲੈਂਦੇ ਹਨ ਤੇ ਜੋ ਕਮਜ਼ੋਰ ਹੁੰਦੇ ਹਨ ਉਹ ਇਹਨਾਂ ਦਾ ਮੁਕਾਬਲਾ ਕਰਨ ਦੀ ਵਜਾਇ ਡਰੱਗ ਦਾ ਸੇਵਨ ਕਰਕੇ ਰਾਹਤ ਮਹਿਸੂਸ ਕਰਦੇ ਹਨ। ਇਸ ਕਰਕੇ ਉਨ੍ਹਾਂ ਨੂੰ ਮੱਦਦ ਦੀ ਲੋੜ ਹੈ। ਜਿਸ ਸਮਾਜ ਵਿੱਚ ਅਸੀਂ ਰਹਿੰਦੇ ਹਾਂ ਉਸ ਵਿੱਚ ਹੋਣ ਵਾਲਾ ਕੋਈ ਵੀ ਘਟੀਆ ਵਰਤਾਰਾ ਸਾਡੇ ਸਾਰਿਆਂ ਤੇ ਅਸਰ ਕਰਦਾ ਹੈ।ਸਾਨੂੰ ਉਸ ਬਾਰੇ ਸੋਚਣ ਵਿਚਾਰਨ ਤੇ ਗੱਲ ਕਰਨ ਤੇ ਇਲਾਜ ਮਹੱਈਆ ਕਰਵਾਉਣ ਲਈ ਹੀਲੇ ਵਸੀਲੇ ਕਰਨੇ ਚਾਹੀਦੇ ਹਨ, ਹਰ ਇੱਕ ਜ਼ਿੰਦਗੀ ਕੀਮਤੀ ਹੁੰਦੀ ਹੈ। ਬੇਸ਼ੱਕ ਬੀ.ਸੀ. ਵਿੱਚ ਇਹ ਮਿਲਾਵਟੀ ਗੈਰਕਾਨੂੰਨੀ ਡਰੱਗ ਖਾ ਕੇ 2014 ਵਿੱਚ 369 ਲੋਕ ਮਰੇ ਸਨ, ਫਿਰ 2015 ਵਿੱਚ ਇਹ ਗਿਣਤੀ 518 ਹੋ ਗਈ, 2016 ਵਿੱਚ 993 ਤੇ 2017 ਵਿੱਚ 43% ਦੇ ਵਾਧੇ ਨਾਲ ਇਹ 1422 ਤੱਕ ਪਹੁੰਚ ਗਈ ਸੀ, 2018 ਵਿੱਚ ਗਲੋਬਲ ਨਿਊਜ਼ ਵਾਲਿਆ ਨੇ ਖਬਰ ਦਿੱਤੀ ਸੀ ਕਿ ਫਰੇਜ਼ਰ ਹੈਲਥ ਵਲੋਂ ਨੌਰਥ ਸਰ੍ਹੀ ਵਿੱਚ ਚਿਤਾਵਨੀ ਦਿੱਤੀ ਗਈ ਸੀ ਕਿ ਚਾਰ ਘੰਟਿਆਂ ਵਿੱਚ 12 ਬੰਦਿਆਂ ਦੀ ਓਵਰਡੋਜ਼ ਰਿਪੋਰਟ ਹੋਈ ਸੀ।ਇਸੇ ਤਰ੍ਹਾਂ 2019 ਵਿੱਚ ਵੀ ਇਵੇਂ ਰਹੀ ਪਰ ਆਹ ਹੁਣ ਆ ਕੇ ਤਾਂ ਮਈ ਵਿੱਚ ਇਸਦੇ ਮਰੀਜ਼ ਕੋਵਿਡ ਦੇ ਹੁਣ ਤੱਕ ਮਰਨ ਵਾਲੇ ਲੋਕਾਂ ਦੀ ਮਿਕਦਾਰ ਤੋਂ ਇੱਕ ਮਹੀਨੇ ਵਿੱਚ ਹੀ ਅੰਕੜਾ ਟੱਪ ਗਈ ਹੈ ਜਦਕਿ ਬੀ.ਸੀ. ਵਿੱਚ ਮਈ ਤੱਕ 167 ਮੌਤਾਂ ਕੋਵਿਡ ਨਾਲ ਹੋਈਆਂ ਸਨ ਤੇ ਓਵਰਡੋਜ਼ ਨਾਲ ਇਕੱਲੇ ਮਈ ਮਹੀਨੇ ਵਿੱਚ 171 ਹੋ ਗਈਆਂ ਤੇ ਜੂਨ ਵਿੱਚ ਆਕੇ ਇਹ ਅੰਕੜਾ 175 ਤੇ ਪਹੁੰਚ ਗਿਆ ਜੋ ਕਿ ਬਹੁਤ ਹੀ ਚਿੰਤਾ ਵਾਲੀ ਗੱਲ ਹੈ। ਅੰਕੜੇ ਇਹ ਵੀ ਦੱਸਦੇ ਹਨ ਕਿ ਇਹਨਾਂ ਦਿਨਾਂ ਵਿੱਚ ਸ਼ਰਾਬ ਦੀ ਵਿਕਰੀ ਵੀ ਕਾਫ਼ੀ ਵਧੀ ਹੈ। ਜਿੱਥੇ ਇਸ ਸਮੇਂ ਬੋਰਡਰ ਬੰਦ ਹੋਣ ਨਾਲ ਜੋ ਡਰੱਗ ਬਾਹਰੋਂ ਆਉਂਦੀ ਸੀ ਉਹਦੀ ਚੇਨ ਟੁੱਟੀ ਹੈ ਇਸ ਦਾ ਫਾਇਦਾ ਉਠਾ ਕੇ ਡਰੱਗ ਦੇ ਤਸਕਰ ਇਹਨਾਂ ਵਿੱਚ ਹੋਰ ਖ਼ਤਰਨਾਕ ਦਵਾਈਆਂ ਦੀ ਮਿਲਾਵਟ ਕਰਕੇ ਸਟਰੀਟ ਤੇ ਵੇਚ ਰਹੇ ਹਨ ਜਿਸਦਾ ਲੋਕਾਂ ਨੂੰ ਪਤਾ ਹੀ ਨਹੀਂ ਕਿ ਉਹ ਕੀ ਖਾ ਰਹੇ ਹਨ। ਦਿਨੋਂ ਦਿਨ ਮੌਤਾਂ ਵਿੱਚ ਵਾਧਾ ਹੋ ਰਿਹਾ ਹੈ।ਕੋਵਿਡ ਦੇ ਸਮੇਂ ਦੇ ਚੱਲਦਿਆਂ ਫਸਟ ਨੇਸ਼ਨਜ਼ ਪੀਪਲਜ਼ ਅਥੌਰਟੀ ਦੇ ਮੁਤਾਬਕ ਇੱਥੋਂ ਦੇ ਮੂਲ ਨਿਵਾਸੀਆਂ ਵਿੱਚ ਜਨਵਰੀ ਤੋਂ ਮਈ ਤੱਕ ਦੀ ਮੌਤ ਦਰ ਪਿਛਲੇ ਸਾਲ ਇਸੇ ਸਮੇਂ ਦੇ ਮੁਕਾਬਲੇ 9.9% ਵਧੀ ਹੈ ਜਦਕਿ ਕੁੱਲ ਬੀ ਸੀ ਦੀ ਜਨਸੰਖਿਆ ਵਿਚੋਂ 3.3% ਫਸਟ ਨੇਸ਼ਨਜ਼ ਪੀਪਲਜ਼ ਦੀ ਪ੍ਰਤੀਨਿੱਧਤਾ ਕਰਦੇ ਹਨ। ਇਸ ਸਮੇਂ ਫਸਟ ਨੇਸ਼ਨਜ਼ ਦੀ ਮੌਤ ਦਰ ਦੂਸਰੇ ਸਨੀਕਾਂ ਦੇ ਮੁਕਾਬਲੇ 5.6 ਗੁਣਾ ਵਧੀ ਹੈ।

ਦੂਸਰਾ ਸਵਾਲ ਸੀ ਕੀ ਸਰਕਾਰਾਂ ਇਸ ਲਈ ਪ੍ਰਬੰਧ ਕਰ ਰਹੀਆਂ ਹਨ। ਅਸੀਂ ਕਹਿ ਸਕਦੇ ਹਾਂ ਕਿ ਕੁੱਝ ਨਾ ਕੁੱਝ ਪ੍ਰਬੰਧ ਤਾਂ ਹੋਏ ਹਨ ਪਰ ਉਹਨਾਂ ਵਲੋਂ ਕਿੱਟਾਂ ਮੁਹੱਈਆ ਕਰਵਾਉਣਾ ਜਾਂ ਇਸ ਪ੍ਰਚਾਰ ਦੇ ਨਾਲ ਬਹੁਤਾ ਫਰਕ ਨਹੀਂ ਦਿਸਦਾ ਕਿਉਂਕਿ ਮਰਨ ਵਾਲਿਆਂ ਦੀ ਗਿਣਤੀ ਵਿੱਚ ਕੋਈ ਜ਼ਿਆਦਾ ਫਰਕ ਦੇਖਣ ਨੂੰ ਨਹੀਂ ਮਿਲਦੇ। ਹੁਣ ਕੋਵਿਡ ਦੇ ਦਿਨਾਂ ਵਿੱਚ ਤਾਂ ਇਹ ਡਰਾਉਣਾ ਰੂਪ ਇਖਤਿਆਰ ਕਰ ਰਹੀ ਹੈ। ਜੋ ਸਰਕਾਰ ਵਲੋਂ ਸੁਵਿਧਾ ਸੈਂਟਰ ਤੇ ਰਹਿਣ ਲਈ ਥਾਂ ਖੋਲ੍ਹੇ ਗਏ ਸਨ ਜਿੱਥੇ ਇਹ ਲੋਕ ਕਿਸੇ ਦੀ ਨਿਗਰਾਨੀ ਹੇਠ ਡਰੱਗ ਦਾ ਸੇਵਨ ਕਰ ਸਕਦੇ ਸਨ ਉਹ ਹੁਣ ਬੰਦ ਹੋ ਗਏ ਹਨ, ਲੋਕ ਇੱਕ ਦੂਜੇ ਦੇ ਨੇੜੇ ਨਹੀਂ ਜਾਂਦੇ ਕੋਰੋਨਾ ਕਰਕੇ। ਇਸਦਾ ਹੀ ਕਾਰਣ ਹੈ ਕਿ ਬੀ. ਸੀ ਸੂਬੇ ਦੀ ਸਿਹਤ ਅਫ਼ਸਰ ਡਾ. ਬੋਨੀ ਹੈਨਰੀ ਨੇ ਚਿੰਤਾ ਵਿੱਚ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਮਝਣ ਕਿ ਡਰੱਗ ਆਪਣੇ ਆਪ ਵਿੱਚ ਕੋਈ ਸਮੱਸਿਆ ਨਹੀਂ ਹੈ ਸਗੋਂ ਦੁੱਖ ਸਮੱਸਿਆ ਹਨ ਜਿਹੜੇ ਚਾਹੇ ਉਹ ਸਰੀਰਕ ਹਨ ਚਾਹੇ ਮਾਨਸਿਕ, ਸਮਾਜਿਕ ਜਾਂ ਪਰਿਵਾਰਕ ਡਰਾਮਾ ਜਾਂ ਸਦਮਾ ਹੈ, ਜੋ ਲੋਕ ਇਹਨਾਂ ਵਿੱਚੋਂ ਲੰਘ ਰਹੇ ਹਨ ਤੇ ਡਰੱਗ ਵਰਤਦੇ ਹਨ, ਉਹ ਇਹ ਕਦੇ ਨਹੀਂ ਚਾਹੁੰਦੇ ਕਿ ਉਹ ਵੱਡੇ ਹੋ ਕੇ ਡਰੱਗ ਖਾ ਕੇ ਨੱਸ਼ਈ ਬਣਨਗੇ, ਇਹਨਾਂ ਨੂੰ ਖਾ ਕੇ ਕੋਈ ਬਿਮਾਰੀ ਲਾਉਣਗੇ ਜਾਂ ਉਹਨਾਂ ਦੀ ਜ਼ਿੰਦਗੀ ਤੇ ਡਰੱਗ ਕੰਟਰੋਲ ਕਰੇਗੀ। ਇਸ ਕਰਕੇ ਸਭ ਨੂੰ ਇਸ ਕਿਸਮ ਦੇ ਬਿਮਾਰ ਲੋਕਾਂ ਨਾਲ ਨਫ਼ਰਤ ਨਾਲ ਨਹੀਂ ਦੇਖਣਾ ਚਾਹੀਦਾ ਸਗੋਂ ਉਹਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਦੀ ਲੋੜ ਹੈ। ਬੀ ਸੀ. ਦੇ ਚੀਫ਼ ਕੋਰੋਨਰ ਲੀਜ਼ਾ ਲੋਪੋਂਟੇ ਨੇ ਕਿਹਾ ਹੈ ਕਿ ਡਰੱਗ ਵਰਤਣ ਵਾਲਿਆਂ ਨੂੰ ਸ਼ੱਕੀ ਜਾਂ ਅਪਰਾਧੀ ਨਹੀਂ ਸਮਝਣਾ ਚਾਹੀਦਾ, ਇਸ ਤਰ੍ਹਾਂ ਹੁੰਦਾ ਹੋਣ ਕਰਕੇ ਹੀ ਉਹ ਲੋਕਾਂ ਤੋਂ ਮੱਦਦ ਲੈਣ ਤੋਂ ਡਰਦੇ ਹਨ ਤੇ ਆਪਣੇ ਹੀ ਨਾਕਾਰਆਤਮਕ ਡਰ ਵਿੱਚ ਜੀਅ ਰਹੇ ਹਨ ਕਿਉਂਕਿ ਉਹਨਾਂ ਨੇ ਆਪਣੇ ਕੰਮ ਗੁਆ ਲਏ ਹਨ। ਮੌਤਾਂ ਦੀ ਗਿਣਤੀ ਜਾਂ ਇਹ ਸਮੱਸਿਆ ਦਾ ਸਿਖਰ ਵੱਲ ਵਧਣ ਦੀ ਪੁਸ਼ਟੀ ਤਾਂ ਬੀ. ਸੀ. ਦੇ ਪ੍ਰੀਮੀਅਰ ਮਿਸਟਰ ਜੋਹਨ ਹੌਰਗਨ ਦਾ ਟਰੂਡੋ ਸਰਕਾਰ ਨੂੰ ਅਪੀਲ ਕਰਨਾ ਕਿ ਜੋ ਲੋਕ ਘੱਟ ਮਾਤਰਾ ਵਿੱਚ ਡਰੱਗ ਦਾ ਸੇਵਨ ਕਰਦੇ ਹਨ ਉਹਨਾਂ ਲਈ ਕਾਨੂੰਨ ਨੂੰ ਡੀ-ਕ੍ਰਿਮੀਲਾਈਜ਼ ਕਰਨ ਦੀ ਲੋੜ ਹੈ। ਅਰਥਾਤ ਉਹਨਾਂ ਨੂੰ ਅਪਰਾਧੀ ਸਮਝ ਕੇ ਜੇਲ੍ਹਾਂ ਵਿੱਚ ਨਹੀਂ ਸੁੱਟਣਾ ਚਾਹੀਦਾ।

ਅਗਲਾ ਸਵਾਲ ਲੋਕਾਂ ਦੇ ਹੱਥਾਂ ਵਿੱਚ ਪਹੁੰਚਣ ਵਾਲੀ ਡਰੱਗ ਸੁਰਖਿੱਅਤ ਹੈ।ਬਿਲਕੁੱਲ ਵੀ ਨਹੀਂ ਕਿਉਂਕਿ ਇਹ ਡਰੱਗ ਨਾਂ ਦਾ ਨਸ਼ਾ ਕਿੱਥੋਂ ਆਉਂਦਾ ਹੈ, ਕਿੱਥੇ ਜਾਂਦਾ ਹੈ, ਕਦੋਂ ਆਉਂਦਾ, ਕੌਣ ਖਾਂਦਾ, ਕੌਣ ਵੇਚਦਾ, ਕਿਸੇ ਨੂੰ ਪਤਾ ਨਹੀਂ ਲੱਗਦਾ, ਸਿਰਫ਼ ਮੌਤਾਂ ਦੀ ਹੀ ਗਿਣਤੀ ਹੁੰਦੀ ਹੈ।ਸਾਡੀਆਂ ਸਰਕਾਰਾਂ ਲੱਖਾਂ ਲੋਕਾਂ ਤੇ ਰਾਜ ਕਰਦੀਆਂ ਹਨ, ਉਹਨਾਂ ਦੇ ਪਲ ਪਲ ਦਾ ਹਿਸਾਬ ਰੱਖਦੀਆਂ ਹਨ ਪਰ ਇਸ ਬਾਰੇ ਅਣਜਾਣ ਹਨ। ਇੱਥੋਂ ਦੀਆਂ ਗਲ਼ੀਆਂ ਵਿੱਚ ਵਿਕਣ ਵਾਲੀ ਡਰੱਗ ਦੇ ਮਾਲਕ ਸ਼ੀਸ਼ਿਆਂ ਦੇ ਘਰਾਂ ਵਿੱਚ ਬੈਠੇ ਕੁੱਝ ਘਰਾਣੇ ਕਾਰਪੋਰੇਸ਼ਨਾਂ ਦੇ ਮਾਲਕ, ਗੈਂਗ ਮਾਫੀਏ ਜੋ ਇਹ ਮਿਲਾਵਟੀ ਡਰੱਗ ਲੋਕਾਂ ਵਿੱਚ ਪਰੋਸ ਰਹੇ ਹਨ ਜਿਨ੍ਹਾਂ ਸਾਹਮਣੇ ਸਰਕਾਰਾਂ ਕੁੱਝ ਵੀ ਨਹੀਂ ਬੋਲਦੀਆਂ ਤੇ ਜਾਂ ਉਹਨਾਂ ਬਾਰੇ ਨਾ ਜਾਨਣ ਦਾ ਢਕਵੰਜ ਕਰਦੀਆਂ ਹਨ।ਕਨਟੇਂਨਰਾਂ ਦੇ ਕਨਟੇਂਨਰ ਡਰੱਗ ਦੇ ਭਰੇ ਹੋਏ ਜਦੋਂ ਕੈਨੇਡਾ ਦੀਆਂ ਬੰਦਰਗਾਹਾਂ ਤੇ ਉੱਤਰਦੇ ਹਨ ਤਾਂ ਉਦੋਂ ਕਿਉਂ ਨਹੀਂ ਚੈੱਕ ਹੁੰਦਾ ? ਆਮ ਆਦਮੀ ਇੱਕ ਸੂਈ ਲੈ ਕੇ ਆਉਂਦਾ ਹੈ ਉਹਨੂੰ ਵੀ ਚੈੱਕ ਕੀਤਾ ਜਾਂਦਾ ਹੈ।

ਉੱਪਰਲੀਆਂ ਗੱਲਾਂ ਨੂੰ ਦੇਖਦਿਆਂ ਸਪੱਸ਼ਟ ਹੋ ਚੁੱਕਾ ਹੈ ਕਿ ਡਰੱਗ ਦੀ ਮੁਸ਼ਕਲ ਨੂੰ ਸਿਹਤ ਦੀ ਮੁਸ਼ਕਲ ਵਜੋਂ ਸਮਝਣ ਦੀ ਲੋੜ ਹੈ ਨਾ ਕਿ ਜੁਰਮ ਦੀ ਕੜੀ ਵਜੋਂ ਸਮਝਿਆ ਜਾਵੇ। ਖਾਣ ਵਾਲੇ ਦੋਸ਼ੀ ਨਹੀਂ ਸਗੋਂ ਲੋਕਾਂ ਵਿੱਚ ਮਿਲਾਵਟੀ ਡਰੱਗਾਂ ਸੁੱਟਣ ਵਾਲੇ ਦੋਸ਼ੀ ਹਨ ਜੋ ਬੰਦ ਕਮਰਿਆਂ ਵਿੱਚ ਆਪਣੇ ਆਪ ਨੂੰ ਵਧੀਆ ਸ਼ਹਿਰੀ ਘੋਸ਼ਤ ਕਰਕੇ ਆਪਣੇ ਨਿੱਜ ਬਾਰੇ ਸੋਚਦੇ ਹੋਏ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ ਜਾਂ ਉਹ ਜੋ ਉਹਨਾਂ ਤੇ ਉਂਗਲ ਕਰਨ ਤੋਂ ਕੰਨੀਂ ਕਤਰਾਉਂਦੇ ਹਨ। ਲੱਖਾਂ ਹੀ ਦਵਾਈਆਂ ਫਰਮਾਸੂਟੀਕਲ ਕੰਪਨੀਆਂ ਵਲੋਂ ਬਣਾਈਆਂ ਜਾ ਰਹੀਆਂ ਹਨ ਜੋ ਕਿ ਬਹੁਤ ਅਸਰਦਾਰ ਵੀ ਹੁੰਦੀਆਂ ਹਨ, ਡਾਕਟਰ ਉਹ ਲਿਖ ਕੇ ਵੀ ਦਿੰਦੇ ਹਨ ਤੇ ਵਰਤੀਆਂ ਵੀ ਜਾ ਰਹੀਆਂ ਹਨ। ਅਸਲ ਵਿੱਚ ਅਸਲੀ ਪੌਦਿਆਂ ਤੋਂ ਪੈਦਾ ਹੋਣ ਵਾਲੀਆਂ ਡਰੱਗਾਂ ਲੋਕ ਯੁੱਗੜਿਆਂ ਤੋਂ ਖਾਂਦੇ ਹਨ, ਉਹ ਨੁਕਸਾਨ ਵੀ ਨਹੀਂ ਕਰਦੀਆਂ ਪਰ ਸਟਰੀਟਾਂ ਤੇ ਮਿਲਣ ਵਾਲੀ ਚੋਰੀ ਡਰੱਗ ਕਰਕੇ ਹੀ ਇਹ ਸਮੱਸਿਆ ਆ ਰਹੀ ਹੈ। ਅਗਰ ਇਹ ਡਰੱਗ ਕਾਨੂੰਨੀ ਤੌਰ ਤੇ ਸ਼ਰਾਬ ਵਾਂਗ ਮਿਲਣ ਲੱਗ ਜਾਵੇ ਤਾਂ ਉਸਤੇ ਲਿਖਿਆ ਹੋਵੇਗਾ ਕਿ ਕਿਹੜੀ ਚੀਜ਼ ਕਿੰਨੀ ਮਾਤਰਾ ਵਿੱਚ ਹੈ ਤੇ ਇਸਦਾ ਕਿੰਨਾ ਅਸਰ ਹੈ। ਡਾਕਟਰ ਵੀ ਮਰੀਜ਼ ਦੀ ਸਮਰੱਥਾ ਮੁਤਾਬਕ ਉਸ ਲਈ ਦਵਾਈ ਲਿਖੇਗਾ।ਇਸਦਾ ਹੋਰ ਵੀ ਫਾਇਦਾ ਸਰਕਾਰਾਂ ਨੂੰ ਹੋਵੇਗਾ ਜਦੋਂ ਉਹ ਸ਼ਰਾਬ ਵਾਂਗ ਇਸਤੇ ਟੈਕਸ ਲਾ ਕੇ ਵੇਚਣਗੀਆਂ ਤਾਂ ਉਹ ਇਸਦੀ ਰੋਕਥਾਮ ਲਈ ਵੀ ਖਰਚਾ ਕਰ ਸਕਣਗੀਆਂ। ਜਿਵੇਂ ਪ੍ਰੀਮੀਅਰ ਮਿਸਟਰ ਹੌਰਗਨ ਨੇ ਕਿਹਾ ਹੈ ਕਿ ਡੀਕ੍ਰਿਮੀਲਾਈਜ਼ ਕੀਤਾ ਜਾਵੇ ਉਸ ਨਾਲ ਖਾਣ ਵਾਲੇ ਤਾਂ ਜੇਲ੍ਹਾਂ ਵਿੱਚ ਨਹੀਂ ਜਾਣਗੇ ਪਰ ਵੇਚਣ ਵਾਲਿਆਂ ਨੂੰ ਨੱਥ ਪਾਉਣ ਲਈ ਜ਼ਰੂਰੀ ਹੈ ਕਿ ਇਸਨੂੰ ਕਾਨੂੰਨੀ ਦਾਇਰੇ ਵਿੱਚ ਰਹਿ ਕੇ ਵੇਚਿਆ ਜਾਵੇ ਜੋ ਜ਼ਹਿਰ ਅੱਜ ਸਟਰੀਟਾਂ ਤੇ ਚੋਰੀ ਵਿਕ ਰਹੀ ਹੈ, ਤਾਂ ਹੀ ਬੰਦ ਹੋ ਸਕਦੀ ਹੈ। ਲੋਕਾਂ ਨੂੰ ਇਕੱਠੇ ਹੋ ਕੇ ਇਸ ਮੌਤ ਦੇ ਤਾਂਡਵ ਨਾਚ ਦੇ ਖਿਲਾਫ਼ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਕਿ ਸਰਕਾਰਾਂ ਦੇ ਕੰਨਾਂ ਤੇ ਜੂੰ ਸਰਕੇ। ਜੇ ਕੋਵਿਡ ਬਾਰੇ ਐਨੀਆਂ ਕੋਸ਼ਿਸ਼ਾਂ ਹੋ ਸਕਦੀਆਂ ਹਨ ਤਾਂ ਇਸ ਸਮੱਸਿਆ ਲਈ ਕਿਉਂ ਨਹੀਂ ?

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca

Unit 202, 4656 Westwinds Dr. NE Calgary, AB. T3J 3Z5 (Near Sikh Virsa Office)



Al Karim TRAVEL & TOURS

ALKARIM TRAVEL & TOURS

Less Fares Guaranteed

ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ਼ 'ਤੇ ਪਹੁੰਚੋ ਜਾਂ ਫੋਨ ਕਰੋ।

Best Fares to and from :
India, Pakistan, Afghanistan, Bangladesh, Sri Lanka, Africa, Fiji & Beyond

Arrange Nanakana Sahib Yatra Group & Vacation packages

PASSPORT SERVICE, VISA SERVICE
SUPER VISA & SUPER VISA INSURANCE

Money Transfer via TRANS-FAST,
"Indian Visa application fee $10 only"

403-454-8011

VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com

CARE Inc. Home Health Solutions

403-605-6300
ਗਰਚਾ ਮੀਟ ਸ਼ਾਪ ਦੇ ਨੇੜੇ
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"



ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।

ਨਜ਼ਰ ਚੈਕ ਕਰਵਾਉਣ ਅਤੇ ਐਨਕਾਂ ਦਾ ਵਿਸ਼ੇਸ਼ ਪ੍ਰਬੰਧ

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca





Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca

BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

PROFESSIONAL CONSTRUCTION LTD.

Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.

Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000

Bay 11 2316 27 Ave. NE, Calgary Ph.: 403-719-4947

Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

| IMMIGRATION | REAL ESTATE | SMALL BUSINESS |
|---|---|---|
| Applications for Family Class and APPEALS, Skilled Workers, Investors, Refugee Claims | Buying and Selling Commercial and Residential Land Development Condominium Projects WILLS & ESTATE CRIMINAL LAW | Buying and Selling Franchises, Shareholder Agreements and Incorporations FORMATION OF PUBLIC COMPANIES |

Tel. : 403-285-7070


PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# HALL FOR RENT IN NE

For Kids Birthday Parties, Family Dinners, Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com




# SAVANNA
Market Dental

Dr. Amerjot Kler | Dr. Kam Sahota | Dr. Aman Cheema

202/204 9036 St NE
Calgary, Alberta T3J 2E3
403-590-4888
www.savannamarketdental.com



# PUNJABI SWEETS
House & Restaurant

All Kinds of Sweets
Non-Veg & Vegi Food


Take out
We do catering also

Fast & Best Friendly Service

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।

Open 7 Days a Week
403-293-5252

Bay 113 216 Saddle Towne Cir, N.E. T3J 0C9



## Amandeep Gill
Financial Security Advisor offering Life, Health, Group Insurance and Investments

Desjardins Financial Security® Independent Network

FINANCIAL SERVICES

- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans

209-5401 Temple Drive N.E.
Calgary, AB T1Y 3R7

Office : 403-455-1720
Cell : 403-919-6962
amandeep.gill@dfsin.ca

For Honest and Best Results
Please Call :

Cell. (403)-680-1895
Fax. (403)-457-1216
Email : taranmand@shaw.ca

MLS MULTIPLE LISTING SERVICE® REALTOR® REAL ESTATE BOARD



Taranjit "T. J." Mand
Real Estate Associate

# Max Value Realty Ltd.

# McKnight
Dental Clinic

- Serving NE Community for over 30 years
- We follow Alberta Dental Fee Guide
- Open some evenings and Saturdays



Tel. 403-280-0880
Fax : 403-293-8852
www.mcknightdental.ca

McKnight Village,
5432 Falsbridge Dr NE,
Calgary, Alberta, T3J 3E9

(All services provided by General Dentists)




Mega Sanjha Punjab
GROCERY STORE

ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ

ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ

117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com

331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

# Harpreet Parmar CPA, CGA

Chartered Professional Accountant
• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca

Trust Your Memories to the Professionals

**Dream Productions inc.**

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



*We can Also Arrange Decoration Party Rentals*

Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)

*Special Packages Available For All Occasions*

ESTATEVIEW® (Real Estater & Property Management)

**Baljinder Bath**
Real Estate Associate


Baljinder Bath

Our Brokerage provides Following Services :
All Kind of Real Estate Services

**REAL ESTATE**
- Help Buyer / Seller
- Free Home Evaluations
- Commercial Buy / Sell / Lease
- Builders / Developers / Investors

**PROPERTY MANAGEMENT**
- Find Tenants, Collect Rents
- Take Care of Service Calls
- Manage Condo Corporation / Boards
- Non Resident Canadians' NR4 Tax Handling

403-402-6700
E: baljinderbath@yahoo.com

Brokerage Office : 403-400-0000
# 601 - 4656 Westwinds Dr NE
Calgary, AB T3J 3Z5

All our Realtors / Property Managers are Professionally Trained & Licensed
Not All Associates Provide all services. Please contact Associate to find out more.

# SUPER VISA INSURANCE
# ਸੁਪਰ ਵੀਜ਼ਾ ਇੰਸ਼ੋਰੈਂਸ

**With all the BENEFITS & REQUIREMENTS**

**Super Visa Insurance Rates**

Age 40-54 ($1038) Age 55-59 ($1116) Age 60-64 ($1317)
Age 65-69 ($1606) Age 70-74 ($2210) Age 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

Full Refund if Visa Denied, Partial Refund if Return early (with no claim) Ask for more details.

ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।

For More Information Call
**HARCHARAN SINGH PARHAR**
**403-681-8689**

Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.

208, 4656-WESTWINDS DR. N.E. CALGARY AB T3J 3Z5

# Redstone Plaza ਰੈਡ ਸਟੋਨ ਪਲਾਜਾ

**Redstone Physiotherapy**

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਵੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

**REDSTONE FAMILY MEDICAL CLINIC**

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

**Universal Health PHARMACY**
It's all about "U"
Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

અમે ગુજરાતી બોલીએ છીએ
हम हिंदी बोलते हैं
ਅਸੀਂ ਪੰਜਾਬੀ ਬੋਲਦੇ ਹਾਂ

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com


MYBROKERS.CA
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
For quotation please Call: 403-681-8689
#208, 4656 Westwinds Dr. NE Calgary AB (UPSTAIRS)


Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2020 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla BSc.Pharm
Satvachan Lal B.Sc.Pharm
#1150, 4818 Westwindus Drive NE. Calgary
403-293-9360


'The name people trust and recommend' Over 30 years of experience in Immigration Matters
HAYER LAW OFFICE
Immigration Law
- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases
DALWINDER HAYER
M.A. (Eco.) LL.B., LL.M
Barrister, Solicitor and Notary Public
SITAL (TINA)
B.A., LL.B. (Hons.) L.L.M.
Tel : 78377-00046 | Chandigarh (India)
AMANDEEP HAYER
B.A., J.D. (Canada) J.D. (U.S.)
Barrister, Solicitor, Notary Public
BALJINDER HAYER
Immigration Consultant & Public Notary
T0 SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca


Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LETER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ਼)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
Call us now @ 403-668-4800
www.Tripsbooker.ca
3650 Westwinds Drive NE, Suite #105, Calgary AB T3J 0W9
Email:reservation@Tripsbooker.ca

# ਸਿੱਖ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਜਾਂ ਬੇਈਮਾਨ?



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਪਿਛਲੇ ਕੁਝ ਹਫਤਿਆਂ ਤੋਂ ਵੱਖ-ਵੱਖ ਅਖਬਾਰਾਂ ਅਤੇ ਸੋਸ਼ਲ ਮੀਡੀਆ ਤੇ ਜੂਨ 84 ਦੀਆਂ ਘਟਨਾਵਾਂ ਨਾਲ ਸਬੰਧਤ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਛਪ ਰਹੇ ਹਨ, ਇਸਦੇ ਨਾਲ ਹੀ ਪ੍ਰਭਸ਼ਰਨਦੀਪ ਸਿੰਘ ਦੇ ਖਾਲਿਸਤਾਨ ਦੇ ਵਿਸ਼ੇ ਤੇ ਲੇਖ ਵੀ ਛਪੇ ਹਨ। ਪ੍ਰਭਸ਼ਰਨ ਭਰਾਵਾਂ ਨੇ ਨਾਲੋ-ਨਾਲ ਸਾਬਕਾ ਨਕਸਲਾਈਟ ਤੋਂ ਸਿੱਖ ਚਿੰਤਕ ਬਣੇ ਅਜਮੇਰ ਸਿੰਘ ਖਿਲਾਫ ਖਾਲਿਸਤਾਨ ਦੇ ਮੁੱਦੇ ਤੇ ਮੋਰਚਾ ਵੀ ਖੋਲਿਆ ਹੋਇਆ ਹੈ। ਪਿਛਲੇ 25 ਕੁ ਸਾਲਾਂ ਤੋਂ ਕੈਲਗਰੀ ਤੋਂ ਮਾਸਿਕ ਮੈਗਜ਼ੀਨ 'ਸਿੱਖ ਵਿਰਸਾ' ਨੂੰ ਸੰਪਾਦਤ ਕਰਦਿਆਂ ਸਿੱਖਾਂ ਦੇ ਹਰ ਤਰ੍ਹਾਂ ਦੇ ਵਿਦਵਾਨਾਂ, ਲੀਡਰਾਂ, ਪ੍ਰਚਾਰਕਾਂ ਆਦਿ ਨਾਲ ਮੇਰਾ ਵਾਹ ਪੈਂਦਾ ਰਿਹਾ ਹੈ। ਮੇਰਾ ਮੰਨਣਾ ਹੈ ਕਿ ਸਿੱਖਾਂ ਦੇ ਲੀਡਰਾਂ ਵਾਂਗ ਹੀ ਵਿਦਵਾਨ ਵੀ ਜ਼ਜਬਾਤੀ ਤੇ ਉਲਾਰ ਬਿਰਤੀ ਵਾਲੇ ਹਨ ਤੇ ਸਿੱਖਾਂ ਵਿੱਚ ਉਹੀ ਲੀਡਰ ਜਾਂ ਵਿਦਵਾਨ ਕਾਮਯਾਬ ਹੁੰਦਾ ਹੈ, ਜੋ ਵੱਧ ਤੋਂ ਵੱਧ ਜ਼ਜਬਾਤੀ ਤੇ ਗਰਮ-ਗਰਮ ਗੱਲਾਂ ਕਰੇ ਜਾਂ ਉਨ੍ਹਾਂ ਦੀ ਖੁਸ਼ਾਮਦ ਕਰੇ, ਜੋ ਅਜਿਹੀਆਂ ਗੱਲਾਂ ਜਾਂ ਕੰਮ ਕਰਦੇ ਹਨ।

ਸਿੱਖ ਰਾਜਨੀਤੀ ਦਾ ਇਹ ਇੱਕ ਮੰਨਿਆ ਪ੍ਰਮੰਨਿਆ ਸੱਚ ਹੈ ਕਿ ਸਿੱਖ ਲੀਡਰਾਂ ਨੇ ਕਦੇ ਕਿਸੇ ਵਿਦਵਾਨ ਜਾਂ ਸੂਝਵਾਨ ਲੀਡਰ ਨੂੰ ਸਿੱਖਾਂ ਦੀ ਮੁੱਖਧਾਰਾ ਵਿੱਚ ਉਠਣ ਨਹੀਂ ਦਿੱਤਾ, ਬੁਰਛਾਗਰਦ ਸੋਚ ਹੀ ਸਿੱਖਾਂ ਵਿੱਚ ਹਮੇਸ਼ਾਂ ਭਾਰੂ ਰਹੀ ਹੈ। ਇਸੇ ਕਰਕੇ 1984 ਤੋਂ ਪਹਿਲਾਂ ਦੇ ਤਕਰੀਬਨ ਸਾਰੇ ਸਿੱਖ ਵਿਦਵਾਨ ਧਾਰਮਿਕ ਆਰਟੀਕਲ ਲਿਖਣ ਵਾਲੇ ਹੀ ਹੁੰਦੇ ਸਨ, ਸੰਸਾਰ ਪੱਧਰ ਦੀ ਰਾਜਨੀਤਕ ਸੂਝ-ਬੂਝ ਵਾਲਾ ਵਿਦਵਾਨ ਤੁਹਾਨੂੰ ਸ਼ਾਇਦ ਹੀ ਕੋਈ ਦਿਸੇਗਾ।

ਇਤਿਹਾਸ ਬਾਰੇ ਵੀ ਸਿੱਖ ਵਿਦਵਾਨਾਂ ਦੀ ਕਾਰਗੁਜ਼ਾਰੀ ਖੋਜ ਵਾਲੀ ਨਹੀਂ, ਸਗੋਂ ਪੁਰਾਣੇ ਗ੍ਰੰਥਾਂ ਜਾਂ ਕਿਤਾਬਾਂ ਦੀ ਸੌਖੀ ਪੰਜਾਬੀ ਵਿੱਚ ਨਕਲ ਹੀ ਮਿਲਦੀ ਹੈ। ਅਕਸਰ ਬਹੁਤੇ ਸਿੱਖ ਵਿਦਵਾਨ, ਰਾਜਨੀਤਕ ਲੋਕਾਂ ਤੋਂ ਲਾਭ ਲੈਣ ਲਈ ਧਰਮ ਤੱਕ ਹੀ ਸੀਮਤ ਰਹਿੰਦੇ ਹਨ ਤਾਂ ਕਿ ਰਾਜਸੀ ਲੋਕ ਨਰਾਜ਼ ਨਾ ਹੋ ਜਾਣ। ਦੂਜੇ ਪਾਸੇ ਧਰਮ ਦੇ ਖੇਤਰ ਵਿੱਚ ਟਕਸਾਲੀਆਂ ਤੇ ਅਖੰਡ ਕੀਰਤਨੀਆਂ ਦਾ ਬੋਲ-ਬਾਲਾ ਹੋਣ ਕਾਰਨ ਉਧਰ ਵੀ ਵਿਦਵਾਨਾਂ ਨੂੰ ਦੱਬਵੀਂ ਆਵਾਜ਼ ਵਿੱਚ ਹੀ ਗੱਲ ਕਰਨੀ ਪੈਂਦੀ ਹੈ।



ਸਿੱਖਾਂ ਵਿੱਚ ਸੂਝਵਾਨ ਜਾਂ ਖੋਜੀ ਵਿਦਵਾਨਾਂ ਤੇ ਲੀਡਰਾਂ ਦੀ ਘਾਟ ਦਾ ਲਾਭ ਉਠਾ ਕੇ ਸਿੱਖਾਂ ਵਿੱਚ ਅਕਸਰ ਸਾਬਕਾ ਫੌਜੀ, ਸਾਬਕਾ ਸਿਵਲ ਸਰਵਿਸਜ਼ ਅਫਸਰ, ਸਾਬਕਾ ਪ੍ਰੋਫੈਸਰ, ਸਾਬਕਾ ਕਾਮਰੇਡ, ਸਾਬਕਾ ਨਕਸਲਵਾਦੀ ਜਾਂ ਜ਼ਰਾਇਮ ਪੇਸ਼ਾ ਲੋਕ ਆਦਿ ਅਕਸਰ ਆਸਾਨੀ ਨਾਲ ਵਿਦਵਾਨ ਜਾਂ ਲੀਡਰ ਬਣ ਜਾਂਦੇ ਰਹੇ ਹਨ। ਜਿਨ੍ਹਾਂ ਵਿਚੋਂ ਪ੍ਰਮੁੱਖ ਤੌਰ 'ਤੇ ਸਿਰਦਾਰ ਕਪੂਰ ਸਿੰਘ, ਜਨਰਲ ਸੁਬੇਗ ਸਿੰਘ, ਜਨਰਲ ਜਸਵੰਤ ਸਿੰਘ ਭੁੱਲਰ, ਸਰਦਾਰ ਗੁਰਤੇਜ ਸਿੰਘ, ਡਾ. ਸੋਹਨ ਸਿੰਘ, ਸਿਮਰਨਜੀਤ ਸਿੰਘ ਮਾਨ, ਦਲਬੀਰ ਸਿੰਘ ਪੱਤਰਕਾਰ, ਅਜਮੇਰ ਸਿੰਘ ਸਿੱਖ ਚਿੰਤਕ, ਗੱਜਾ ਸਿੰਘ, ਜਸਵੰਤ ਸਿੰਘ ਖਾਲੜਾ, ਕਰਮਜੀਤ ਸਿੰਘ, ਜਸਪਾਲ ਸਿੰਘ ਸਿੱਧੂ, ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਆਦਿ ਪ੍ਰਮੁੱਖ ਹਨ। ਜੇ ਤੁਸੀਂ ਬਹੁਤੇ ਖਾੜਕੂਆਂ ਦਾ ਪਿਛੋਕੜ ਵੀ ਦੇਖੋਗੇ ਤਾਂ ਮੂਵਮੈਂਟ ਵਿੱਚ ਆਉਣ ਤੋਂ ਪਹਿਲਾਂ ਕਿਸੇ ਨਾ ਕਿਸੇ ਜ਼ੁਰਮ ਨਾਲ ਜੁੜਿਆ ਮਿਲੇਗਾ ਤੇ ਤੁਹਾਨੂੰ ਬਹੁਤ ਘੱਟ ਖਾੜਕੂ ਮਿਲਣਗੇ, ਜੋ ਸਿੱਖੀ ਸਿਧਾਂਤਾਂ ਨੂੰ ਸਮਰਪਿਤ ਹੋ ਕੇ ਜਾਂ ਖਾਲਸਾ ਰਾਜ ਪ੍ਰਤੀ ਪੂਰੀ ਜਾਣਕਾਰੀ ਲੈਣ ਤੋਂ ਬਾਅਦ ਸਮਰਪਿਨ ਭਾਵਨਾ ਨਾਲ ਮੂਵਮੈਂਟ ਵਿੱਚ ਆਏ ਹੋਣੇ।

ਮੇਰੀ ਸਮਝ ਅਨੁਸਾਰ ਅਜਿਹੇ ਲੀਡਰਾਂ ਜਾਂ ਵਿਦਵਾਨਾਂ ਨੇ ਸਿੱਖਾਂ ਤੇ ਸਿੱਖੀ ਦਾ ਭਾਰੀ ਨੁਕਸਾਨ ਕੀਤਾ ਹੈ। ਅਜਿਹੇ ਸਭ ਲੀਡਰਾਂ ਤੇ ਵਿਦਵਾਨਾਂ ਦਾ ਰੋਲ ਹਮੇਸ਼ਾਂ ਸ਼ੱਕੀ ਰਿਹਾ ਹੈ। ਜੇ ਕਦੇ ਨਿਰਪੱਖ ਜਾਂਚ ਹੋਵੇ ਤਾਂ ਬਹੁਤ ਸਾਰੇ ਰਾਜ ਸਾਹਮਣੇ ਆ ਸਕਦੇ ਹਨ ਕਿ ਕੀ ਇਹ ਲੋਕ ਸਚੁਮੱਚ ਸਿੱਖਾਂ ਤੇ ਸਿੱਖੀ ਦੇ ਭਲੇ ਲਈ ਆਏ ਸਨ ਜਾਂ ਇਸ ਪਿਛੇ ਕੁਝ ਹੋਰ ਮਕਸਦ ਸੀ ? ਇਨ੍ਹਾਂ ਵਿੱਚੋਂ ਕਈ ਸੂਝਵਾਨ, ਪੜ੍ਹੇ-ਲਿਖੇ ਤੇ ਤਜ਼ੁਰਬੇਕਾਰ ਲੋਕ ਸਨ, ਜਿਹੜੇ ਸਿੱਖੀ ਤੇ ਕਾਬਿਜ ਧਾਰਮਿਕ ਅਤੇ ਰਾਜਨੀਤਕ ਸਿੱਖ ਲੀਡਰਸ਼ਿਪ ਨੂੰ ਸੇਧ ਦੇ ਸਕਦੇ ਸਨ ਤੇ ਸਿੱਖਾਂ ਦਾ ਭਲਾ ਕਰ ਸਕਦੇ ਸਨ, ਪਰ ਇਨ੍ਹਾਂ ਨੇ ਅਜਿਹਾ ਨਾ ਕਰਕੇ ਟਕਸਾਲ, ਖਾੜਕੂਆਂ, ਖਾਲਿਸਤਾਨੀਆਂ ਦੀ ਅੰਨੇਵਾਹ ਚਾਪਲੂਸੀ ਸ਼ੁਰੂ ਕਰ ਦਿੱਤੀ ਤਾਂ ਕਿ ਉਹ ਸਿੱਖਾਂ ਵਿੱਚ ਵੱਡੇ ਵਿਦਵਾਨ ਕਹਾ ਸਕਣ, ਗੁਰਦੁਆਰਿਆਂ ਵਿੱਚ ਉਨ੍ਹਾਂ ਨੂੰ ਸਿਰੋਪੇ ਮਿਲਣ। ਇਨ੍ਹਾਂ ਨੂੰ ਪਤਾ ਹੈ ਕਿ ਗੁਰਦੁਆਰਿਆਂ (ਖਾਸਕਰ ਵਿਦੇਸ਼ਾਂ) ਵਿੱਚ ਟਕਸਾਲੀਆਂ ਅਤੇ ਖਾਲਿਸਤਾਨੀਆਂ ਦੇ ਕਬਜ਼ੇ ਹਨ, ਉਥੋਂ ਹੀ ਮਾਇਆ ਦੇ ਖੁੱਲੇ ਗੱਫੇ ਮਿਲ ਸਕਦੇ ਹਨ। ਇਨ੍ਹਾਂ ਦੀਆਂ ਕਿਤਾਬਾਂ ਛਪ ਤੇ ਵਿਕ ਸਕਦੀਆਂ ਹਨ। ਹੁਣ ਜੂਨ 1984 ਤੇ ਫਿਰ ਨਵੰਬਰ 84 ਦੀਆਂ ਘਟਨਾਵਾਂ ਤੋਂ ਬਾਅਦ ਕੁਝ ਨਵੇਂ ਵਿਦਵਾਨ ਪੈਦਾ ਹੋਏ ਹਨ, ਜਿਨ੍ਹਾਂ ਵਿੱਚੋਂ ਪ੍ਰਭਸ਼ਰਨ ਭਰਾ ਅੱਜ ਕੱਲ ਵਿਦਵਾਨ ਸਥਾਪਿਤ ਹੋਣ ਦੀ ਦੌੜ ਵਿੱਚ ਹਨ। ਅਜਿਹੇ ਵਿਦਵਾਨ ਆਪਣੀ ਗੱਲ 84 ਤੋਂ ਸ਼ੁਰੂ ਕਰਦੇ ਹਨ ਤੇ 94 ਤੇ ਖਤਮ ਕਰ ਦਿੰਦੇ ਹਨ, ਇਸ ਵਿੱਚ ਉਨ੍ਹਾਂ ਦਾ ਮੁੱਖ ਨਿਸ਼ਾਨਾ ਭਾਰਤ ਦੀ ਕਾਂਗਰਸ ਸਰਕਾਰ ਤੇ ਕਾਮਰੇਡ ਹੁੰਦੇ ਹਨ, ਇਸ ਨਾਲ ਉਹ ਜਿਥੇ ਧਾਰਮਿਕ ਤੌਰ ਤੇ ਟਕਸਾਲ ਦੇ ਨਿਸ਼ਾਨੇ ਤੋਂ ਬਚ ਜਾਂਦੇ ਹਨ, ਉਥੇ ਕਾਂਗਰਸ ਤੇ ਕਾਮਰੇਡਾਂ ਨੂੰ ਗਾਲ੍ਹਾਂ ਕੱਢਣਾ ਬਾਦਲਕਿਆਂ ਨੂੰ ਵੀ ਰਾਸ ਆਉਂਦਾ ਹੈ।

ਮੇਰਾ ਆਪਣਾ ਨਿੱਜੀ ਤਜਰਬਾ ਵੀ ਇਹੀ ਹੈ ਕਿ ਜੇ ਤੁਸੀਂ ਲਿਖਣ-ਬੋਲਣ ਵਿੱਚ ਆਪਣੀ ਸੁਰ ਸਰਕਾਰ ਵਿਰੁੱਧ ਤਿੱਖੀ ਰੱਖੋ ਤਾਂ ਤੁਹਾਡਾ ਸਿੱਖ ਸੰਸਥਾਵਾਂ, ਗੁਰਦੁਆਰਿਆਂ ਆਦਿ ਵਿੱਚ ਵੱਧ ਮਾਨ-ਸਨਮਾਨ ਹੁੰਦਾ ਹੈ, ਪਰ ਜੇ ਤੁਸੀਂ ਕੋਈ ਸੰਜਮ ਜਾਂ ਸਲੀਕੇ ਨਾਲ



Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILTY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN

Calgary Best Buy
Furniture & Mattress

Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com

Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com


Dr. Baltej Parhar, Chiropractor
Tired of living in pain? Relying on pain medications to get you through the day ? Always getting the same answers or treatments with no results?
Dr. Parhar Strives to ensure his patients are pain-free and able to move again so they can get back to work and doing the things they love. Call and book your consultation today!
* Insurance Billing * Multidisciplinary care * Cold Laser Therapy
* 1 on 1 appointments * Rehab facility on-site * Educational Classes
ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ . ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।
FLEXOLOGY WELLNESS CLINIC
#3 2015 32nd Ave NE Calgary, AB T2E 6Z3
Ph. 403-764-3539 (FLEX)
Email: baltej.parhar@flexology.ca
FLEXOLOGY WELLNESS

ਗੱਲ ਕਰੋ ਜਾਂ ਕੋਈ ਸਵਾਲ ਖੜਾ ਕਰੋ ਤਾਂ ਤੁਸੀਂ ਪੰਥ ਵਿਰੋਧੀ, ਗੁਰੂ ਦੋਖੀ, ਨਾਸਤਿਕ, ਕਾਮਰੇਡ, ਆਰ ਐਸ ਐਸ ਦੇ ਏਜੰਟ, ਏਜੰਸੀਆਂ ਦੇ ਬੰਦੇ ਬਣ ਜਾਂਦੇ ਹੋ, ਇਸ ਲਈ ਕੋਈ ਵਿਰਲਾ ਹੀ ਸੱਚ ਬੋਲਣ ਜਾਂ ਕਾਬਿਜ਼ ਧਿਰਾਂ ਨੂੰ ਸਵਾਲ ਕਰਨ ਜਾਂ ਉਨ੍ਹਾਂ ਦੀਆਂ ਸਿੱਖ ਮਾਰੂ ਨੀਤੀਆਂ ਦੇ ਵਿਰੋਧ ਵਿੱਚ ਨਿੱਤਰਦਾ ਹੈ। ਸਿੱਖਾਂ ਵਿੱਚ 1984 ਤੋਂ ਬਾਅਦ ਸਥਾਪਿਤ ਹੋ ਰਹੇ ਖਾਲਿਸਤਾਨੀ ਵਿਦਵਾਨ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਭ ਤੋਂ ਵੱਡਾ ਧਾਰਮਿਕ ਤੇ ਰਾਜਨੀਤਕ ਲੀਡਰ, ਸਿਰਦਾਰ ਕਪੂਰ ਸਿੰਘ, ਪ੍ਰੋ: ਹਰਿੰਦਰ ਸਿੰਘ ਮਹਿਬੂਬ, ਡਾ. ਗੁਰਭਗਤ ਸਿੰਘ ਨੂੰ ਸਭ ਤੋਂ ਵੱਡੇ ਕੌਮੀ ਵਿਦਵਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖਾਲਿਸਤਾਨ ਦਾ ਆਦਰਸ਼ ਸਾਬਿਤ ਕਰਨਾ ਚਾਹੁੰਦੇ ਹਨ। ਇਸ ਦੌੜ ਵਿੱਚ ਤਕਰੀਬਨ ਸਾਰੇ ਖਾਲਿਸਤਾਨੀ ਵਿਦਵਾਨ ਲੱਗੇ ਹੋਏ ਹਨ, ਜਿਨ੍ਹਾਂ ਵਿੱਚ ਪ੍ਰਭਸ਼ਰਨ ਭਰਾ (ਉਨ੍ਹਾਂ ਨਾਲ ਸਬੰਧਤ ਧੜੇ), ਅਜਮੇਰ ਸਿੰਘ (ਡਾ. ਸੋਹਣ ਸਿੰਘ ਪੰਥਕ ਕਮੇਟੀ, ਦਲਜੀਤ ਸਿੰਘ ਬਿੱਟੂ ਗਰੁੱਪ), ਟਕਸਾਲ ਦੇ ਵੱਖ-ਵੱਖ ਗਰੁੱਪ, ਅਖੰਡ ਕੀਰਤਨੀ ਜਥੇ ਦੇ ਵੱਖ-ਵੱਖ ਗਰੁੱਪ, ਦਲ ਖਾਲਸਾ (ਗਜਿੰਦਰ ਸਿੰਘ) ਅਤੇ ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਆਦਿ ਸ਼ਾਮਲ ਹਨ। ਪਰ ਖੁਦਗਰਜੀ ਤੇ ਨਿੱਜਵਾਦ ਦੀ ਇਸ ਦੌੜ ਵਿੱਚ ਦੇਸ਼-ਵਿਦੇਸ਼ ਵਿੱਚ ਇਹ ਸਭ ਸਿੱਖਾਂ ਤੇ ਸਿੱਖੀ ਦਾ ਭਾਰੀ ਨੁਕਸਾਨ ਕਰਦੇ ਜਾ ਰਹੇ ਹਨ। ਪਰ ਆਮ ਲੋਕਾਂ ਵਿੱਚ ਇਨ੍ਹਾਂ ਕਾਬਜ਼ ਧਿਰਾਂ ਦੀ ਇਤਨੀ ਦਹਿਸ਼ਤ ਹੈ ਕਿ ਕੋਈ ਬੋਲਣ ਲਈ ਤਿਆਰ ਨਹੀਂ। ਇਨ੍ਹਾਂ ਦੇ ਮੁਕਾਬਲੇ ਦੀ ਬਾਦਲਕਿਆਂ ਤੇ ਸ਼੍ਰੋਮਣੀ ਕਮੇਟੀ ਹੀ ਵੱਡੀ ਧਿਰ ਹੈ, ਜੋ ਇਨ੍ਹਾਂ ਦਾ ਮੁਕਾਬਲਾ ਕਰ ਸਕਦੀ ਹੈ, ਪਰ ਉਹ ਵੀ ਆਪਣੇ ਜਾਤੀ ਤੇ ਜਮਾਤੀ, ਸਿਆਸੀ ਹਿੱਤਾਂ ਲਈ ਸਾਜ਼ਿਸ਼ੀ ਚੁੱਪ ਧਾਰੀ ਰੱਖਦੇ ਹਨ। ਉਹ ਉਦੋਂ ਤੱਕ ਕੁਝ ਨਹੀਂ ਕਰਦੇ, ਜਦੋਂ ਤੱਕ ਉਨ੍ਹਾਂ ਦੀ ਸਥਾਪਤੀ ਨੂੰ ਇਹ ਧੜੇ ਚੈਲਿੰਜ ਨਹੀਂ ਬਣਦੇ।

ਪ੍ਰਭਸ਼ਰਨ ਭਰਾਵਾਂ ਵਲੋਂ ਜੋ ਪ੍ਰਮੁੱਖ ਮੁੱਦਾ ਉਭਾਰਿਆ ਜਾ ਰਿਹਾ ਹੈ, ਉਹ ਇਹ ਹੈ ਕਿ ਸੰਤ ਭਿੰਡਰਾਂਵਾਲਿਆਂ ਦੇ ਇਲਾਹੀ ਬਚਨਾਂ 'ਜਿਸ ਦਿਨ ਦਰਬਾਰ ਸਾਹਿਬ-ਅਕਾਲ ਤਖਤ ਤੇ ਭਾਰਤੀ ਫੌਜ ਨੇ ਹਮਲਾ ਕੀਤਾ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ', ਅਨੁਸਾਰ ਟਕਸਾਲ ਤੇ ਉਸ ਨਾਲ ਸਬੰਧਤ ਸਾਰੀਆਂ ਖਾੜਕੂ ਧਿਰਾਂ ਜੂਨ 84 ਤੋਂ ਹੀ ਖਾਲਿਸਤਾਨ ਨੂੰ ਨਿਸ਼ਾਨਾ ਮਿਥ ਕੇ ਸੰਘਰਸ਼ ਕਰ ਰਹੀਆਂ ਸਨ ਤੇ 26 ਜਨਵਰੀ, 1986 ਨੂੰ ਟਕਸਾਲ ਵਲੋਂ ਬੁਲਾਏ ਸਰਬੱਤ ਖਾਲਸਾ ਵਿੱਚ ਸਿੱਖ ਕੌਮ ਵਲੋਂ 'ਖਾਲਿਸਤਾਨ' ਦਾ ਰਸਮੀ ਐਲਾਨ ਤਹਿ ਸੀ, ਪਰ ਕਾਮਰੇਡੀ ਤੋਂ ਭਿੰਡਰਾਂਵਾਲੇ ਦੇ ਖਾਸਮ-ਖਾਸ ਖਾਲਸੇ ਬਣੇ ਦਲਬੀਰ ਸਿੰਘ ਪੱਤਰਕਾਰ ਨੇ ਇਹ ਐਲਾਨ ਨਹੀਂ ਹੋਣ ਦਿੱਤਾ ਸੀ, ਜਿਸ ਵਿੱਚ ਅਜਮੇਰ ਸਿੰਘ ਦਾ ਵੀ ਪੂਰਾ ਹੱਥ ਸੀ (ਜਦਕਿ ਅਸਲੀਅਤ ਇਹ ਹੈ ਕਿ ਅਜਮੇਰ ਸਿੰਘ, 86 ਵਾਲੇ ਸਰਬੱਤ ਖਾਲਸਾ ਵੇਲੇ ਅਜੇ ਸਿੱਧੇ ਰੂਪ ਵਿੱਚ ਖਾਲਿਸਤਾਨੀ ਲਹਿਰ ਨਾਲ ਨਹੀਂ ਜੁੜਿਆ ਸੀ)। ਇਨ੍ਹਾਂ ਅਨੁਸਾਰ ਡਾ. ਸੋਹਣ ਸਿੰਘ ਉਸ ਵਕਤ ਖਾਲਿਸਤਾਨ ਦਾ ਐਲਾਨ ਕਰਾਉਣ ਲਈ ਬਜਿਦ ਸੀ, ਪਰ ਦਲਬੀਰ ਸਿੰਘ ਨੇ ਉਸਦੀ ਚੱਲਣ ਨਾ ਦਿੱਤੀ ਤਾਂ ਬਾਅਦ ਵਿੱਚ ਉਸੇ ਸਰਬੱਤ ਖਾਲਸਾ ਵਿੱਚ ਟਕਸਾਲ ਵਲੋਂ ਬਣਾਈ ਆਪਣੀ ਪੰਥਕ ਕਮੇਟੀ (ਮਾਨੋਚਾਹਲ-ਜੱਫਰਵਾਲ ਵਾਲੀ) ਤੋਂ ਡਾ. ਸੋਹਣ ਸਿੰਘ ਨੇ 29 ਅਪੈਲ, 1986 ਨੂੰ 'ਖਾਲਿਸਤਾਨ' ਦਾ ਰਸਮੀ ਐਲਾਨ ਕਰਾ ਦਿੱਤਾ ਸੀ। ਹੁਣ ਸਵਾਲ ਇਹ ਹੈ ਕਿ ਅੱਜ 34 ਸਾਲ ਬਾਅਦ ਇਸ ਸਵਾਲ ਦਾ ਕੀ ਮਤਲਬ ਹੈ ਕਿ ਐਲਾਨ ਅਪਰੈਲ ਦੀ ਥਾਂ ਜਨਵਰੀ ਵਿੱਚ ਕਿਉਂ ਨਹੀਂ ਹੋਇਆ ਸੀ? ਜਿਹੜੇ ਸਵਾਲ ਉਠਾਏ ਜਾਣੇ ਚਾਹੀਦੇ ਹਨ, ਉਹ ਸਾਰੀਆਂ ਧਿਰਾਂ ਉਠਾ ਨਹੀਂ ਰਹੀਆਂ ਜਾਂ ਜੇ ਕੋਈ ਉਠਾਉਂਦਾ ਹੈ ਤਾਂ ਉਸਦਾ ਜਵਾਬ ਨਹੀਂ ਦਿੰਦੀਆਂ? ਜੇ ਖਾਲਿਸਤਾਨ ਦੀ ਮੰਗ ਦੀ ਗੱਲ ਕਰੀਏ ਤਾਂ ਜਗਜੀਤ ਸਿੰਘ ਚੌਹਾਨ, ਬਲਵੀਰ ਸਿੰਘ ਸੰਧੂ, ਗੰਗਾ ਸਿੰਘ ਢਿੱਲੋਂ ਵਰਗੇ 70ਵਿਆਂ ਤੋਂ ਉਠਾ ਰਹੇ ਸਨ? ਉਨ੍ਹਾਂ ਨੇ ਤਾਂ 1980 ਵਿੱਚ ਖਾਲਿਸਤਾਨ ਦੀ ਸਰਕਾਰ, ਨਕਸ਼ੇ, ਪਾਸਪੋਰਟ, ਕਰੰਸੀ ਆਦਿ ਵੀ ਜਾਰੀ ਕਰ ਦਿੱਤੀ ਸੀ? ਇਥੋਂ ਤੱਕ ਕਿ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਨੂੰ ਲੈ ਕੇ ਜਹਾਜ਼ ਅਗਵਾ ਕਰਨ ਵਾਲੇ ਦਲ ਖਾਲਸਾ ਵਾਲੇ ਗਜਿੰਦਰ ਸਿੰਘ ਹੋਰੀਂ ਵੀ 1980 ਤੋਂ ਪਹਿਲਾਂ ਹੀ ਖਾਲਿਸਤਾਨ ਦੀ ਮੰਗ ਕਰਦੇ ਰਹੇ ਸਨ? ਫਿਰ ਭਿੰਡਰਾਂਵਾਲਿਆਂ ਨੇ ਉਨ੍ਹਾਂ ਦੀ ਮੰਗ ਦੀ ਹਮਾਇਤ ਕਿਉਂ ਨਹੀਂ ਕੀਤੀ? ਉਹ ਵਾਰ-ਵਾਰ ਇਹ ਕਿਉਂ ਕਹਿ ਰਿਹਾ ਸੀ ਕਿ ਜੇ ਦਰਬਾਰ ਸਾਹਿਬ ਤੇ ਹਮਲਾ ਹੋਇਆ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਜਾਂ ਅਸੀਂ ਖਾਲਿਸਤਾਨ ਮੰਗਦੇ ਨਹੀਂ ਜੇ ਸਰਕਾਰ ਦੇਵੇਗੀ ਤਾਂ ਨਾਂਹ ਨਹੀਂ ਕਰਾਂਗੇ? ਕੀ ਕਿਸੇ ਇੱਕ ਵਿਅਕਤੀ ਦੀ ਕਿਸੇ ਸਟੇਟਮੈਂਟ ਨਾਲ ਸਾਰੀ ਕੌਮ ਦੀ ਹੋਣੀ ਤਹਿ ਕੀਤੀ ਜਾ ਸਕਦੀ ਹੈ? ਕੀ ਸਿੱਖਾਂ ਦੀਆਂ ਹਜ਼ਾਰਾਂ ਜਥੇਬੰਦੀਆਂ, ਸੰਸਥਾਵਾਂ ਵਿੱਚੋਂ ਇੱਕ ਦਮਦਮੀ ਟਕਸਾਲ ਵਲੋਂ ਸੱਦੀ ਮੀਟਿੰਗ ਨੂੰ ਸਰਬੱਤ ਖਾਲਸਾ ਕਹਿ ਕੇ ਉਸਦੇ ਫੈਸਲਿਆਂ ਨੂੰ ਸਾਰੀ ਕੌਮ ਤੇ ਠੋਸਿਆ ਜਾ ਸਕਦਾ ਹੈ?

ਕਈ ਕਹਿੰਦੇ ਹਨ ਕਿ ਬੇਸ਼ਕ ਸਰਬੱਤ ਖਾਲਸਾ ਸੱਦਿਆ ਤਾਂ ਟਕਸਾਲ ਨੇ ਸੀ, ਪਰ ਉਸ ਵਿੱਚ ਸਾਰੀਆਂ ਧਿਰਾਂ ਸ਼ਾਮਲ ਹੋਈਆਂ ਸਨ, ਪਰ ਜਿਹੜੇ ਉਸ ਵੇਲੇ ਉਥੇ ਸ਼ਾਮਲ ਸਨ, ਉਨ੍ਹਾਂ ਨੂੰ ਪਤਾ ਹੈ ਕਿ 26 ਜਨਵਰੀ, 1986 ਨੂੰ ਸਰਬੱਤ ਖਾਲਸਾ ਵਿੱਚ ਬਣਾਈ ਗਈ ਪੰਜ ਮੈਂਬਰੀ ਪੰਥਕ ਕਮੇਟੀ ਜਾਂ ਪੰਜ ਤਖਤਾਂ ਦੇ ਜਥੇਦਾਰਾਂ ਨੂੰ ਹਟਾ ਕੇ ਲਾਏ ਗਏ ਜਥੇਦਾਰਾਂ ਵਿੱਚੋਂ ਇੱਕ ਵੀ ਕਿਸੇ ਹੋਰ ਸੰਸਥਾ ਦਾ ਬੰਦਾ ਨਹੀਂ ਲਿਆ ਗਿਆ ਸੀ, ਬਹੁਤ ਸਾਰੇ ਲੋਕਾਂ ਨੇ ਕੋਸ਼ਿਸ਼ ਵੀ ਕੀਤੀ ਸੀ ਕਿ ਘੱਟੋ-ਘੱਟ ਟਕਸਾਲ ਦੇ ਬਰਾਬਰ ਦੀਆਂ ਧਿਰਾਂ ਬੱਬਰ ਖਾਲਸਾ ਤੇ ਦੱਲ ਖਾਲਸਾ ਦਾ ਤਾਂ ਇੱਕ-ਇੱਕ ਬੰਦਾ ਲੈਣਾ ਚਾਹੀਦਾ ਹੈ ਤਾਂ ਕਿਸੇ ਦੀ ਸੁਣੀ ਨਹੀਂ ਗਈ ਸੀ ਕਿਉਂਕਿ ਉਹ ਕਹਿੰਦੇ ਸਨ ਕਿ ਇਹ ਸਾਡਾ ਸਰਬੱਤ ਖਾਲਸਾ ਹੈ, ਜੇ ਤੁਹਾਡੇ ਵਿੱਚ ਦਮ ਹੈ ਤਾਂ ਤੁਸੀਂ ਸੱਦ ਲਉ? ਇਸੇ ਕਰਕੇ ਬਹੁਤ ਜਲਦੀ ਹੀ ਡਾਕਟਰ ਸੋਹਣ ਸਿੰਘ ਨੇ ਬੱਬਰਾਂ ਤੇ ਟਕਸਾਲ ਵਿਰੋਧੀ ਗਰੁੱਪਾਂ ਨਾਲ ਆਪਣੀ ਵੱਖਰੀ ਦੂਜੀ ਪੰਥਕ ਕਮੇਟੀ ਤੇ ਫਿਰ ਮਾਨੋਚਾਹਲ ਦੇ ਗਰੁੱਪ ਨੇ ਇੱਕ ਤੀਜੀ ਪੰਥਕ ਕਮੇਟੀ ਬਣਾ ਸੀ ਅਤੇ ਅਨੇਕਾਂ ਵੱਖਰੀਆਂ-ਵੱਖਰੀਆਂ ਖਾੜਕੂ ਜਥੇਬੰਦੀਆਂ ਬਣ ਗਈਆਂ ਸਨ, ਜਿਹੜੀਆਂ ਟਕਸਾਲ ਨਾਲ ਸਹਿਮਤ ਨਹੀਂ ਸਨ? ਸਾਨੂੰ ਜਵਾਬ ਤਾਂ ਇਸ ਗੱਲ ਦਾ ਲੱਭਣ ਦੀ ਲੋੜ ਸੀ ਕਿ ਕੀ ਦਰਬਾਰ ਸਾਹਿਬ ਤੇ ਹਮਲੇ ਦਾ ਕਾਰਨ ਭਿੰਡਰਾਂਵਾਲਾ ਤੇ ਸੁਬੇਗ ਸਿੰਘ ਵਲੋਂ ਦਰਬਾਰ ਸਾਹਿਬ ਵਿੱਚ ਕੀਤੀ ਮੋਰਚਾਬੰਦੀ ਤੇ ਕਤਲਾਂ ਨੂੰ ਉਤਸ਼ਾਹਿਤ ਕਰਨਾ ਸੀ? ਜਾਂ ਪੰਜਾਬ ਵਿੱਚ ਹੋ ਰਹੇ ਕਤਲਾਂ ਲਈ ਜ਼ਿੰਮੇਵਾਰ ਖਾੜਕੂ ਦਰਬਾਰ ਸਾਹਿਬ ਵਿੱਚ ਲੁਕ ਜਾਂਦੇ ਸਨ? ਇੱਕ ਮੁੱਦਾ ਇਹ ਵੀ ਵਿਚਾਰਨ ਵਾਲਾ ਹੈ ਭਿੰਡਰਾਂਵਾਲੇ ਤੇ ਸਾਥੀਆਂ ਨੇ ਅਕਾਲੀਆਂ ਤੋਂ ਧੱਕੇ ਨਾਲ ਭਾਰਤ ਸਰਕਾਰ ਖਿਲਾਫ 3 ਜੂਨ ਨੂੰ 'ਸਿਵਲ ਨਾ ਫੁਰਮਾਨੀ ਲਹਿਰ' ਸ਼ੁਰੂ ਕਰਨੀ ਸੀ, ਜਿਸ ਵਿੱਚ ਸਰਕਾਰ ਨੂੰ ਕੋਈ ਟੈਕਸ ਨਹੀਂ ਦੇਣੇ ਸਨ, ਬਿਜਲੀ-ਪਾਣੀ ਦੇ ਬਿੱਲ ਨਹੀਂ ਦੇਣੇ ਸਨ, ਬੱਸਾਂ-ਟਰੇਨਾਂ ਦੇ ਕਿਰਾਏ ਨਹੀਂ ਦੇਣੇ ਸਨ, ਕਣਕ-ਝੋਨਾ ਆਦਿ ਮੰਡੀਆਂ ਵਿੱਚ ਵਿਕਣ ਨਹੀਂ ਦੇਣਾ ਸੀ ਆਦਿ? ਜਿਸ ਨਾਲ ਪੰਜਾਬ ਵਿੱਚ ਅਰਾਜਿਕਤਾ ਫੈਲ ਸਕਦੀ ਸੀ, ਇਸ ਲਈ ਸਰਕਾਰ ਨੇ ਜੂਨ 3 ਤੋਂ ਪਹਿਲਾਂ ਕਾਰਵਾਈ ਸ਼ੁਰੂ ਕੀਤੀ ਸੀ ਨਾ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਆਮ ਸਿੱਖਾਂ ਨੂੰ ਮਾਰਨ ਲਈ? ਇਹ ਇੱਕ ਵੱਖਰਾ ਮੁੱਦਾ ਹੈ ਕਿ ਸਰਕਾਰ ਨੂੰ ਇਤਨੀ ਵੱਡੀ ਕਾਰਵਾਈ ਕਰਨ ਤੋਂ ਪਹਿਲਾਂ ਹੋਰ ਯਤਨ ਕਰਨੇ ਚਾਹੀਦੇ ਸਨ, ਜਿਸ ਨਾਲ ਨੁਕਸਾਨ ਨਾ ਹੁੰਦਾ?

ਜਦਕਿ ਅਸਲੀਅਤ ਇਹ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰਲੀ ਸਥਿਤੀ ਤਾਂ ਸੰਤ ਲੌਂਗੋਵਾਲ, ਬਾਦਲ, ਜਥੇਦਾਰ ਟੌਹੜਾ ਜਾਂ ਰਵਾਇਤੀ ਲੀਡਰਸ਼ਿਪ ਕੋਲੋਂ ਸੰਭਲ ਨਹੀਂ ਰਹੀ ਸੀ, ਅਕਾਲੀਆਂ ਦਾ 'ਅਨੰਦਪੁਰ ਦੇ ਮਤੇ' ਵਾਲਾ ਮੋਰਚਾ ਬੰਦੂਕਾਂ ਚੁੱਕੀ ਲੋਕਾਂ ਵਲੋਂ ਅਗਵਾ ਕਰ ਲਿਆ ਗਿਆ ਸੀ। ਇਸ ਦੇ ਬਾਵਜੂਦ ਵੀ ਬਿਨਾਂ ਸਿੱਟਿਆਂ ਨੂੰ ਵਿਚਾਰਿਆਂ ਅਕਾਲੀਆਂ ਨੇ ਪੂਰੇ ਪੰਜਾਬ ਵਿਚ ਅਰਾਜਕਤਾ ਫੈਲਾਉਣ ਵਾਲਾ 'ਸਿਵਲ ਨਾ-ਫੁਰਮਾਨੀ' ਸੱਦਾ ਦੇ ਮਾਰਿਆ ਸੀ। ਇਸ ਸਭ ਕੁੱਝ ਦੇ ਬਾਵਜੂਦ ਸਰਕਾਰ ਨੂੰ ਸਿੱਖਾਂ ਦੇ ਜਜ਼ਬਾਤ ਦਾ ਪਤਾ ਹੋਣਾ ਚਾਹੀਦਾ ਸੀ ਅਤੇ ਫਿਰ ਵੀ ਫੌਜ ਨਹੀਂ ਭੇਜਣੀ ਚਾਹੀਦੀ ਸੀ। ਪਰ ਕੀ ਅਜਿਹੇ ਅਨੇਕਾਂ ਕਾਰਨਾਂ ਕਰਕੇ ਸਰਕਾਰ ਨੇ ਫੌਜ ਦਰਬਾਰ ਸਾਹਿਬ ਭੇਜੀ ਸੀ? ਜਾਂ ਸਿੱਖਾਂ ਨੂੰ ਸਬਕ ਸਿਖਾਉਣ ਲਈ ਸੀ, ਜਿਸ ਤਰ੍ਹਾਂ ਅਜਮੇਰ ਸਿੰਘ, ਪ੍ਰਭਸ਼ਰਨ ਭਰਾ ਜਾਂ ਹੋਰ ਸਿੱਖ ਲੀਡਰ ਜਾਂ ਵਿਦਵਾਨ ਪੇਸ਼ ਕਰਦੇ ਹਨ? ਅਜਮੇਰ ਸਿੰਘ ਅਤੇ ਕਰਮਜੀਤ ਸਿੰਘ ਨੇ ਪਿਛਲੇ 20 ਸਾਲਾਂ ਤੋਂ ਜ਼ਕਰੀਆ ਖਾਨ ਅਤੇ ਅਹਿਮਦ ਸ਼ਾਹ ਅਬਦਾਲੀ ਨਾਲ ਇੰਦਰਾ ਗਾਂਧੀ ਨੂੰ ਤੁਲਨਾਉਣ ਦੀ ਰਟ ਤਾਂ ਲਗਾਈ ਹੋਈ ਹੈ, ਪਰ ਜੇਕਰ ਇਨ੍ਹਾਂ ਅੰਦਰ ਜ਼ਰਾ ਜਿੰਨੀ ਇਮਾਨਦਾਰੀ ਵੀ ਹੈ ਤਾਂ ਸਿੱਖਾਂ ਦੀ ਨਵੀਂ ਪੀੜ੍ਹੀ ਨੂੰ ਨਿਰਪੱਖਤਾ ਨਾਲ ਇਹ ਵੀ ਦੱਸਣ ਕਿ ਕੀ ਕਦੀ ਅਬਦਾਲੀ ਜਾਂ ਜ਼ਕਰੀਏ ਨੇ ਸਿੱਖਾਂ ਨੂੰ ਉਥੋਂ ਕੱਢ ਕੇ ਮਹੀਨੇ ਦੇ ਅੰਦਰ ਅੰਦਰ ਦੁਬਾਰਾ ਦਰਬਾਰ ਸਾਹਿਬ ਬਣਵਾ ਕੇ ਦਿੱਤਾ ਸੀ? ਜਾਂ ਮੱਸੇ ਰੰਗੜ ਵਰਗੇ ਨੂੰ ਉਥੇ ਬਿਠਾਇਆ ਸੀ? ਕੀ ਉਹ ਸੱਚੇ ਦਿਲੋਂ ਮੰਨਦੇ ਹਨ ਕਿ ਇੰਦਰਾ ਗਾਂਧੀ ਜਾਂ ਭਾਰਤ ਸਰਕਾਰ ਨੇ ਫੌਜ ਪਵਿੱਤਰ ਧਰਮ ਸਥਾਨ ਨੂੰ ਢਾਹੁਣ ਲਈ ਹੀ ਚੜ੍ਹਾਈ ਸੀ? ਜੇ ਸਰਕਾਰ ਦੀ ਹਮਲਾ ਕਰਨ ਦੀ ਮਨਸ਼ਾ ਸੀ ਤਾਂ ਕੀ ਫਿਰ ਭਿੰਡਰਾਂਵਾਲਿਆਂ ਤੇ ਬਾਕੀ ਲੀਡਰਾਂ ਨੇ ਸਰਕਾਰ ਨੂੰ ਅਜਿਹਾ ਕਰਨ ਲਈ ਆਪ ਮੌਕਾ ਨਹੀਂ ਦਿੱਤਾ? ਕੀ ਇਹ ਵਿਦਵਾਨ ਦੱਸ ਸਕਦੇ ਹਨ ਕਿ ਉਸ ਵਕਤ ਦੇ ਵਿਦਵਾਨਾਂ ਜਾਂ ਲੀਡਰਾਂ ਨੇ ਹਮਲਾ ਰੁਕਵਾਉਣ ਲਈ ਕੀ ਯਤਨ ਕੀਤੇ? ਨਵੇਂ ਬਣੇ ਖਾਲਿਸਤਾਨੀ ਵਿਦਵਾਨ ਦੁਨੀਆਂ ਨੂੰ ਇਹ ਗੱਲ ਕਿਉਂ ਨਹੀਂ ਦੱਸਦੇ ਕਿ 1978 ਤੋਂ 1984 ਤੱਕ ਅਜਿਹੇ ਕਿਹੜੇ ਹਾਲਾਤ ਸਨ ਕਿ ਸਰਕਾਰ ਨੂੰ ਫੌਜ ਸੱਦਣੀ ਪਈ? 1978 ਤੋਂ ਜੂਨ 1984 ਤੱਕ ਜੋ ਕਤਲੋਗਾਰਤ ਹੋ ਰਹੀ ਸੀ, ਉਸ ਲਈ ਕੌਣ ਜ਼ਿੰਮੇਵਾਰ ਸੀ?

ਦਰਬਾਰ ਸਾਹਿਬ ਅੰਦਰ ਵੱਡੇ-ਵੱਡੇ ਹਥਿਆਰ ਕਿਸ ਦੇ ਹੁਕਮਾਂ ਤੇ ਆਏ ਸਨ? ਕਿਸਦੇ ਹੁਕਮਾਂ ਤੇ ਮੋਰਚਾਬੰਦੀ ਕੀਤੀ ਗਈ ਸੀ? ਜੇ ਸਰਕਾਰ ਨੇ ਇੱਕ ਸਾਲ ਪਹਿਲਾਂ ਹਮਲੇ ਦੀ ਤਿਆਰੀ ਕਰ ਲਈ ਸੀ ਤਾਂ ਉਸ ਵਕਤ ਤਾਂ ਦਰਬਾਰ ਸਾਹਿਬ ਵਿੱਚ ਕੋਈ ਹਥਿਆਰ ਨਹੀਂ ਸਨ ਤੇ ਨਾ ਹੀ ਕੋਈ ਮੋਰਚਾ ਸੀ, ਫਿਰ ਸਰਕਾਰ ਨੇ ਕਿਸ ਬਹਾਨੇ ਹਮਲਾ ਕਰਨਾ ਸੀ? ਫਿਰ ਕਿਸਦੇ ਇਸ਼ਾਰੇ ਤੇ ਭਿੰਡਰਾਂਵਾਲਿਆਂ ਨੂੰ ਅਕਾਲ ਤਖਤ ਭੇਜਿਆ ਗਿਆ ਜਾਂ ਅੰਦਰ ਜਾਣ ਲਈ ਮਜਬੂਰ ਕੀਤਾ ਗਿਆ ਜਾਂ ਉਹ ਖੁਦ ਗਿਆ? ਕੀ ਉਸ ਵਕਤ ਦੇ ਸਾਰੇ ਸਿੱਖ ਲੀਡਰ ਤੇ ਖਾੜਕੂ ਸਰਕਾਰ ਵਲੋਂ ਹਮਲਾ ਕਰਨ ਲਈ ਵਰਤੇ ਗਏ ਸਨ? ਕੀ ਇਸਦਾ ਮਤਲਬ ਇਹ ਨਹੀਂ ਬਣਦਾ ਕਿ ਅਕਾਲੀ ਤੇ ਭਿੰਡਰਾਂਵਾਲੇ ਦੇ ਸਾਥੀ ਸਰਕਾਰ ਨੂੰ ਹਮਲਾ ਕਰਨ ਲਈ ਮੌਕਾ ਦੇ ਰਹੇ ਸਨ ਜਾਂ ਉਕਸਾ ਰਹੇ ਸਨ? ਜੇ ਇਸਲਾਮਿਕ ਦੇਸ਼ਾਂ ਦੀ ਗੱਲ ਲਈਏ ਤਾਂ ਕੀ ਪਾਕਿਸਤਾਨ ਨੇ 2007 ਵਿੱਚ ਲਾਲ ਮਸਜਿਦ ਵਿੱਚ ਲੁਕੇ ਤਾਲੀਬਾਨਾਂ ਨੂੰ ਕੱਢਣ ਲਈ ਫੌਜ ਦੀ ਵਰਤੋਂ ਨਹੀਂ ਕੀਤੀ ਜਾਂ 1979 ਵਿੱਚ ਮੱਕੇ ਦੀ ਮਸਜਿਦ ਅੰਦਰ ਲੁਕੇ ਹੋਏ ਹਥਿਆਰਬੰਦ ਇਸਲਾਮਿਕ ਦਹਿਸ਼ਤਗਰਦਾਂ ਦਾ ਸਉਦੀ ਅਰਬ ਸਰਕਾਰ ਨੇ ਫਰਾਂਸ ਤੋਂ ਵਿਸ਼ੇਸ਼ ਕਮਾਂਡੋ ਦਸਤੇ ਮੰਗਵਾ ਕੇ ਸਫਾਇਆ ਨਹੀਂ ਕਰਵਾਇਆ ਸੀ? ਸਾਨੂੰ ਇਹ ਗੱਲ ਕਿਉਂ ਸਮਝ ਨਹੀਂ ਆਉਂਦੀ ਕਿ ਦੁਨੀਆਂ ਦੀ ਕੋਈ ਵੀ ਸਰਕਾਰ ਇਸ ਤਰ੍ਹਾਂ ਕਿਸੇ ਵੀ ਹਥਿਆਬੰਦ ਗਰੁੱਪ ਨੂੰ ਇਜ਼ਾਜਤ ਨਹੀਂ ਦਿੰਦੀ ਕਿ ਉਹ ਕਿਸੇ ਧਾਰਮਿਕ ਜਾਂ ਕਿਸੇ ਵੀ ਸਥਾਨ ਤੇ ਕਬਜ਼ਾ ਕਰਕੇ ਆਪਣੀਆਂ ਖਾੜਕੂ ਕਾਰਵਾਈਆਂ ਚਲਾਉਣ ਜਾਂ ਆਮ ਲੋਕਾਂ ਦੀ ਕਤਲੋਗਾਰਤ ਕਰਨ? ਚਾਹੀਦਾ ਤਾਂ ਇਹ ਸੀ ਕਿ 1984 ਦੇ ਹਮਲੇ ਤੋਂ ਸਿੱਖ ਲੀਡਰਸ਼ਿਪ ਤੇ ਵਿਦਵਾਨ ਸਬਕ ਸਿੱਖ ਕੇ ਕੌਮ ਨੂੰ ਕੋਈ ਨਵੀਂ ਸੇਧ ਦਿੰਦੇ, ਸਗੋਂ ਇਨ੍ਹਾਂ ਨੇ ਦਰਬਾਰ ਸਾਹਿਬ ਦੇ ਹਮਲੇ ਕਾਰਨ ਭੜਕੇ ਹੋਏ ਧਾਰਮਿਕ ਜਜ਼ਬਾਤਾਂ ਕਾਰਨ ਹਥਿਆਰ ਚੁੱਕ ਰਹੇ ਨੌਜਵਾਨਾਂ ਨੂੰ ਖਾਲਿਸਤਾਨ ਦਾ ਨਾਹਰਾ ਫੜਾ ਕੇ ਮਰਨ ਦੇ ਰਾਹੇ ਤੋਰਿਆ, ਜਿਸਦਾ ਨਤੀਜਾ 1984-1995 ਤੱਕ ਦੇ ਕਤਲੇਆਮ ਵਿੱਚ ਨਿਕਲਿਆ, ਜਿਸ ਵਿੱਚ ਸਰਕਾਰ ਤੇ ਖਾੜਕੂਆਂ ਨੇ ਅੰਨੇਵਾਹ ਹਿੰਸਾ ਦਾ ਸਹਾਰਾ ਲਿਆ ਤੇ ਤਬਾਹੀ ਸਾਰੇ ਪੰਜਾਬ ਦੀ ਹੋਈ। ਅਜਿਹੇ ਵਿਦਵਾਨ ਅਜੇ ਵੀ ਕੋਈ ਸਬਕ ਨਹੀਂ ਸਿੱਖ ਰਹੇ, ਸਗੋਂ ਨੌਜਵਾਨੀ ਨੂੰ ਆਪਣੇ ਸੌੜੇ ਹਿੱਤਾਂ ਲਈ ਭੜਕਾ ਰਹੇ ਹਨ? ਜੇ ਪ੍ਰਭਸ਼ਰਨ ਭਰਾ, ਅਜਮੇਰ ਸਿੰਘ, ਦਲਜੀਤ ਸਿੰਘ ਬਿਟੂ ਜਾਂ ਹੋਰ ਖਾਲਿਸਤਾਨੀ ਵਿਦਵਾਨ ਤੇ ਲੀਡਰ ਇਹੀ ਸਮਝਦੇ ਹਨ ਕਿ ਹਥਿਆਰਾਂ ਤੋਂ ਬਿਨਾਂ ਲੜਾਈ ਨਹੀਂ ਲੜੀ ਜਾ ਸਕਦੀ ਤਾਂ ਫਿਰ ਉਹ ਆਪ ਮੂਹਰੇ ਹੋ ਕੇ ਹਥਿਆਰਾਂ ਦੀ ਲੜਾਈ ਕਿਉਂ ਨਹੀਂ ਲੜ ਰਹੇ? ਜਵਾਬ ਤਾਂ ਇਸ ਗੱਲ ਵੀ ਦਿੱਤਾ ਜਾਣਾ ਚਾਹੀਦਾ ਸੀ ਕਿ ਜੇ 29 ਅਪਰੈਲ, 1986 ਨੂੰ ਸਾਰੀਆਂ ਖਾੜਕੂ ਧਿਰਾਂ ਨੇ ਇੰਡੀਆ ਦਾ ਸੰਵਿਧਾਨ ਰੱਦ ਕਰਕੇ ਵੱਖਰੇ ਦੇਸ਼ ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ ਸੀ ਤਾਂ ਸਿਮਰਨਜੀਤ ਸਿੰਘ ਮਾਨ, ਅਤਿੰਦਰਪਾਲ ਸਿੰਘ ਖਾਲਿਸਤਾਨੀ, ਬੇਅੰਤ ਸਿੰਘ ਦੀ ਪਤਨੀ ਬਿਮਲ ਕੌਰ ਖਾਲਸਾ, ਧਿਆਨ ਸਿੰਘ ਮੰਡ ਆਦਿ ਨੇ ਕਿਸ ਦੇ ਕਹੇ ਤੇ ਭਾਰਤੀ ਸੰਵਿਧਾਨ ਅਧੀਨ ਇਲੈਕਸ਼ਨ ਲੜੀ ਸੀ?

ਜੇ ਲੋਕਾਂ ਨੇ ਉਨ੍ਹਾਂ ਨੂੰ ਭਾਰੀ ਸਮਰਥਨ ਨਾਲ ਜਿਤਾਇਆ ਸੀ ਤਾਂ ਫਿਰ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਜਾ ਕੇ ਖਾਲਿਸਤਾਨ ਦੀ ਮੰਗ ਕਿਉਂ ਨਹੀਂ ਉਠਾਈ? ਜਵਾਬ ਤਾਂ ਇਸ ਗੱਲ ਦਾ ਵੀ ਦੇਣਾ ਬਣਦਾ ਹੈ ਕਿ 1991 ਦੀਆਂ ਪੰਜਾਬ ਅਸੰਬਲੀ ਚੋਣਾਂ ਵਿੱਚ ਜਦੋਂ ਕਾਂਗਰਸ ਵਲੋਂ ਬਾਈਕਾਟ ਸੀ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਖਾੜਕੂਆਂ ਦੇ ਸਮਰਥਕ ਵੋਟਾਂ ਵਿੱਚ ਖੜ੍ਹੇ ਸਨ ਤਾਂ ਫੈਡਰੇਸ਼ਨ ਦੇ 20 ਤੋਂ ਜ਼ਿਆਦਾ ਉਮੀਦਵਾਰਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਖਾੜਕੂ ਕੌਣ ਸਨ ਤਾਂ ਕਿ ਵੋਟਾਂ ਨਾ ਹੋਣ? ਫਿਰ ਇਸੇ ਬਹਾਨੇ ਵੋਟਾਂ ਰੱਦ ਵੀ ਕੀਤੀਆਂ ਗਈਆਂ? ਕੀ ਉਹ ਖਾੜਕੂ ਸਰਕਾਰੀ ਸਨ, ਜੋ ਹਰ ਹਾਲਤ ਵਿੱਚ ਵੋਟਾਂ ਰੱਦ ਕਰਵਾਉਣਾ ਚਾਹੁੰਦੇ ਸਨ? ਜੇ ਸਰਕਾਰੀ ਸਨ ਤਾਂ ਉਨ੍ਹਾਂ ਨੂੰ ਨਸ਼ਰ ਕਿਉਂ ਨਹੀਂ ਕੀਤਾ ਗਿਆ ਕਿ ਖਾੜਕੂਆਂ ਦੇ ਕਿਹੜੇ ਧੜੇ ਸਰਕਾਰੀ ਸਨ? ਜੇ ਉਸ ਵਕਤ ਵੋਟਾਂ ਹੁੰਦੀਆਂ ਤਾਂ ਗਰੰਟੀ ਨਾਲ ਫੈਡਰੇਸ਼ਨ ਤੇ ਖਾੜਕੂਆਂ ਦੀ ਸਮਰਥਕ ਖਾਲਿਸਤਾਨੀ ਸਰਕਾਰ ਬਣਦੀ? ਜਵਾਬ ਤਾਂ ਇਹ ਵੀ ਦਿੱਤਾ ਜਾਣਾ ਚਾਹੀਦਾ ਹੈ ਕਿ ਫਰਵਰੀ 92 ਦੀਆਂ ਚੋਣਾਂ ਦਾ ਬਾਈਕਾਟ ਕਿਉਂ ਕੀਤਾ ਗਿਆ ਜਾਂ ਕਰਾਇਆ ਗਿਆ? ਜੇ ਸਿੱਖਾਂ ਦੀਆਂ ਰਵਾਇਤੀ ਤੇ ਖਾੜਕੂ ਧਿਰਾਂ ਨੇ ਖਾੜਕੂਆਂ ਅਤੇ ਖਾਸਕਰ ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਦੇ ਡਰ ਅਧੀਨ ਬਾਈਕਾਟ ਕਰ ਦਿੱਤਾ ਸੀ ਤੇ ਸਿਰਫ ਕਾਂਗਰਸ ਹੀ ਮੈਦਾਨ ਵਿੱਚ ਸੀ ਤਾਂ ਫਿਰ ਵੋਟਾਂ ਰੋਕਣ ਲਈ 1991 ਵਾਂਗ ਕਾਂਗਰਸ ਦਾ ਇੱਕ ਵੀ ਉਮੀਦਵਾਰ ਡਾਕਟਰ ਸੋਹਣ ਸਿੰਘ ਦੀ ਪੰਥਕ ਕਮੇਟੀ ਵਲੋਂ ਕਤਲ ਕਿਉਂ ਨਹੀਂ ਕੀਤਾ ਗਿਆ? ਕਤਲ ਤਾਂ ਦੂਰ ਕਿਤੇ ਕੋਈ ਹਮਲਾ ਤੱਕ ਨਹੀਂ ਹੋਇਆ? ਜਵਾਬ ਤਾਂ ਇਹ ਵੀ ਦਿੱਤਾ ਜਾਣਾ ਚਾਹੀਦਾ ਹੈ ਕਿ ਜਿਹੜੇ ਖਾੜਕੂ ਗਰੁੱਪ ਹਥਿਆਰਬੰਦ ਸੰਘਰਸ਼ ਦੇ ਨਾਲ-ਨਾਲ ਭਾਰਤੀ ਸੰਵਿਧਾਨ ਅਧੀਨ ਵੋਟਾਂ ਰਾਹੀਂ ਵੀ ਆਪਣਾ ਸੰਘਰਸ਼ ਜਾਰੀ ਰੱਖਣਾ ਚਾਹੁੰਦੇ ਸਨ, ਉਹ ਤਾਂ ਸਾਰੇ ਗਰੁੱਪ ਪੁਲਿਸ ਨੇ 1992 ਦੀ ਸਰਕਾਰ ਬਣਨ ਦੇ ਇੱਕ ਸਾਲ ਦੇ ਵਿੱਚ-ਵਿੱਚ ਹੀ ਖਤਮ ਕਰ ਦਿੱਤੇ ਸਨ? ਪਰ ਜਿਹੜੇ 1991 ਵਿੱਚ ਵੋਟਾਂ ਪਾਉਣ ਵਾਲਿਆਂ ਨੂੰ ਗੋਲੀਆਂ ਮਾਰਦੇ ਸਨ, 1992 ਦੀਆਂ ਵੋਟਾਂ ਦਾ ਗੋਲੀ ਦੀ ਨੋਕ ਤੇ ਬਾਈਕਾਟ ਕਰਾਉਂਦੇ ਸਨ, ਉਨ੍ਹਾਂ ਵਿੱਚੋਂ ਬਹੁਤ ਅਜੇ ਵੀ ਜਿੰਦਾ ਘੁੰਮ ਰਹੇ ਹਨ?

ਜੇ ਪੁਲਿਸ ਛੋਟੇ-ਛੋਟੇ ਖਾੜਕੂਆਂ ਨੂੰ ਫੜ ਕੇ ਝੂਠੇ ਮੁਕਾਬਲਿਆਂ ਵਿੱਚ ਕਤਲ ਕਰ ਸਕਦੀ ਸੀ ਤਾਂ ਪੰਥਕ ਕਮੇਟੀ ਦੇ ਮੁਖੀ ਡਾ. ਸੋਹਣ ਸਿੰਘ ਤੇ ਉਸੇ ਕਮੇਟੀ ਦੇ ਮੁੱਖ ਮੈਂਬਰ ਦਲਜੀਤ ਸਿੰਘ ਬਿਟੂ ਨੂੰ ਕਿਉਂ ਬਚਾਇਆ ਗਿਆ ਸੀ? ਜਾਂ ਪਹਿਲੀ ਪੰਥਕ ਕਮੇਟੀ ਦਾ ਮੁੱਖੀ ਵੱਸਣ ਸਿੰਘ ਜੱਫਰਵਾਲ ਅਜੇ ਵੀ ਕਿਵੇਂ ਬਾਹਰ ਹੈ, ਜਦਕਿ ਛੋਟੇ-ਛੋਟੇ ਕਈ ਖਾੜਕੂ ਅਜੇ ਵੀ ਜ਼ੇਲ੍ਹਾਂ ਵਿੱਚ ਹਨ? ਇਸੇ ਤਰ੍ਹਾਂ ਹੋਰ ਵੀ ਬਹੁਤ ਅਜਿਹੇ ਸਾਬਕਾ ਖਾੜਕੂ ਤੇ ਉਨ੍ਹਾਂ ਦੇ ਸਮਰਥਕ ਵਿਦਵਾਨ ਸ਼ਰੇਆਮ ਦੇਸ਼-ਵਿਦੇਸ਼ ਵਿੱਚ ਘੁੰਮ ਰਹੇ ਹਨ? ਪੁਲਿਸ ਜਾਂ ਸਰਕਾਰ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਆਉਣ ਲਈ ਪਾਸਪੋਰਟ ਕਿਵੇਂ ਦੇ ਦਿੰਦੀ ਹੈ?

1995 ਤੋਂ ਲੈ ਕੇ ਪਿਛਲੇ 25 ਸਾਲਾਂ ਤੋਂ ਖਾਲਿਸਤਾਨ ਲਈ ਚੱਲਦੀ ਹਥਿਆਰਬੰਦ ਖਾੜਕੂ ਲਹਿਰ ਬੰਦ ਹੈ। ਕੀ ਖਾਲਿਸਤਾਨੀ ਲੀਡਰ ਜਾਂ ਵਿਦਵਾਨ ਦੱਸ ਸਕਦੇ ਹਨ ਕਿ ਪਿਛਲੇ 25 ਸਾਲਾਂ ਵਿੱਚ ਉਨ੍ਹਾਂ ਨੇ ਖਾਲਿਸਤਾਨ ਬਾਰੇ ਕੋਈ ਠੋਸ ਪਲੈਨ ਪੇਸ਼ ਕੀਤੀ ਹੈ ਕਿ ਖਾਲਿਸਤਾਨ ਕਿਹੋ ਜਿਹਾ ਹੋਵੇਗਾ? ਰਿਫਰੈਂਡਮ ਵਾਲੇ ਸੱਜਣਾਂ ਨੂੰ ਇੱਕ ਬੜੇ ਹੀ ਸੋਝੀਵਾਨ ਸੱਜਣ ਸਰਦਾਰ ਪ੍ਰੀਤਮ ਸਿੰਘ ਕੁੰਮੇਦਾਨ ਨੇ ਸੋਸ਼ਲ ਮੀਡੀਏ ਰਾਹੀਂ ਕੁੱਝ ਬੜੇ ਸਿੱਧੇ ਸਵਾਲ ਪਾਏ ਹੋਏ ਹਨ। ਖਾਲਿਸਤਾਨ ਦੀਆਂ ਹੱਦਾਂ ਕੀ ਹੋਣਗੀਆਂ? ਉਥੇ ਕਿਹੋ ਜਿਹਾ ਸਿਸਟਮ (ਲੋਕਤੰਤਰੀ, ਫੌਜੀ ਰੂਲ, ਤਾਨਾਸ਼ਾਹੀ ਰੂਲ, ਸਮਾਜਵਾਦੀ, ਸਰਮਾਏਦਾਰੀ, ਧਾਰਮਿਕ ਕੱਟੜਵਾਦ ਆਦਿ) ਲਾਗੂ ਹੋਵੇਗਾ? ਸਿੱਖਾਂ ਤੋਂ ਇਲਾਵਾ ਬਾਕੀ ਕੌਮਾਂ ਦਾ ਉਥੇ ਕੀ ਸਟੈਟਸ ਹੋਵੇਗਾ? ਹੋਰ ਕੌਮਾਂ ਨੂੰ ਤਾਂ ਛੱਡੋ, ਸਿੱਖਾਂ ਵਿਚਲੇ ਛੋਟੇ ਫਿਰਕਿਆਂ ਰਾਧਾ ਸਵਾਮੀ, ਨਾਨਕਸਰੀਏ, ਨਾਮਧਾਰੀਏ, ਨਿਰੰਕਾਰੀ, ਅਸ਼ੂਤੋਸ਼ੀਏ, ਸਰਸੇ ਵਾਲੇ, ਮਿਸ਼ਨਰੀਆਂ, ਢੱਡਰੀਵਾਲਾ ਆਦਿ ਨੂੰ ਕੀ ਹੱਕ ਹੋਣਗੇ? ਕੀ ਉਨ੍ਹਾਂ ਦਾ ਹਾਲ ਪਾਕਿਸਤਾਨ ਵਿਚਲੇ ਅਹਿਮਦੀਆਂ ਜਾਂ ਸੁੰਨੀ ਦੇਸ਼ਾਂ ਵਿਚਲੇ ਸ਼ੀਆ ਮੁਸਲਮਾਨਾਂ ਵਰਗਾ ਹੋਵੇਗਾ? ਸਿੱਖਾਂ (ਪਤਾ ਨਹੀਂ ਖਾਲਿਸਤਾਨੀ ਧਿਰਾਂ ਸਿੱਖ ਕਿਸਨੂੰ ਮੰਨਣਗੀਆਂ?) ਤੋਂ ਬਿਨਾਂ ਹਿੰਦੂਆਂ, ਮੁਸਲਮਾਨਾਂ, ਇਸਾਈਆਂ, ਦਲਿਤਾਂ, ਕਾਮਰੇਡਾਂ, ਨਾਸਤਿਕਾਂ ਆਦਿ ਨਾਲ ਕੀ ਹੋਵੇਗਾ ਜਾਂ ਪੰਜਾਬ ਤੋਂ ਬਾਹਰ ਭਾਰਤ ਵਿੱਚ ਵੱਸਦੇ ਸਿੱਖਾਂ ਨਾਲ ਕੀ ਹੋਵੇਗਾ? ਕੀ ਖਾਲਿਸਤਾਨੀ ਲੀਡਰਸ਼ਿਪ 1947 ਵਰਗੇ ਕਤਲੇਆਮ ਲਈ ਤਿਆਰ ਹੈ? ਅਸਲ ਵਿੱਚ ਸਵਾਲ ਇਹ ਹੈ ਕਿ ਜਿਸ ਪੰਜਾਬ ਨੂੰ ਖਾਲਿਸਤਾਨ ਬਣਾਉਣ ਲਈ ਖਾਲਿਸਤਾਨੀ ਧਿਰਾਂ ਯਤਨਸ਼ੀਲ ਹਨ, ਉਸਦੇ ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ, ਉਨ੍ਹਾਂ ਨੂੰ ਬਚਾਉਣ ਲਈ ਸਰਕਾਰਾਂ ਨੂੰ ਭੰਡਣ ਤੋਂ ਇਲਾਵਾ ਪਿਛਲੇ 25 ਸਾਲਾਂ ਤੋਂ ਕੋਈ ਕਾਰਵਾਈ ਕੀਤੀ ਹੋਵੇ ਤਾਂ ਦੱਸਣ? ਪੰਜਾਬ ਦੀ ਨੌਜਵਾਨੀ ਨਸ਼ਿਆਂ ਵਿੱਚ ਗਰਕ ਰਹੀ ਹੈ? ਪੰਜਾਬ ਦਾ ਪਾਣੀ ਗੰਦਾ ਹੋ ਰਿਹਾ ਹੈ? ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਖਤਮ ਹੋ ਰਿਹਾ ਹੈ? ਮਾਹਰਾਂ ਅਨੁਸਾਰ ਅਗਲੇ 25 ਸਾਲਾਂ ਨੂੰ ਪੰਜਾਬ ਦੀ ਧਰਤੀ ਬੰਜਰ ਬਣ ਸਕਦੀ ਹੈ? ਪੰਜਾਬ ਦੀ ਨੌਜਵਾਨੀ ਬੇਰੁਜ਼ਗਾਰ ਘੁੰਮ ਰਹੀ ਹੈ? ਪੰਜਾਬ ਦੇ ਮਜ਼ਦੂਰ ਤੇ ਕਿਸਾਨ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ ਤਾਂ ਕਦੇ ਕਿਸੇ ਖਾਲਿਸਤਾਨੀ ਧਿਰ ਨੇ ਸਮਰਥਨ ਕੀਤਾ ਹੋਵੇ? ਕੋਈ ਵੀ ਪੰਜਾਬੀ ਨੌਜਵਾਨ ਪੰਜਾਬ ਵਿੱਚ ਰਹਿਣਾ ਨਹੀਂ ਚਾਹੁੰਦਾ, ਇਥੋਂ ਤੱਕ ਕਿ ਵੱਡੇ ਵੱਡੇ ਖਾਲਿਸਤਾਨੀ ਲੀਡਰਾਂ ਤੇ ਵਿਦਵਾਨਾਂ ਦੇ ਆਪਣੇ ਬੱਚੇ ਵਿਦੇਸ਼ਾਂ ਵਿੱਚ ਸੈਟ ਹੋ ਗਏ ਹਨ ਜਾਂ ਹੋ ਰਹੇ ਹਨ? ਖਾੜਕੂਆਂ ਦੇ ਪਰਿਵਾਰ ਤੇ ਬੱਚੇ ਵਿਦੇਸ਼ਾਂ ਵਿੱਚ ਸੈਟ ਹੋ ਰਹੇ ਹਨ? ਕੀ ਖਾਲਿਸਤਾਨੀ ਲੀਡਰਸ਼ਿਪ ਜਾਂ ਵਿਦਵਾਨਾਂ ਕੋਲ ਅਜਿਹੇ ਕਿਸੇ ਮਸਲੇ ਦੇ ਹੱਲ ਲਈ ਕੋਈ ਪਲੈਨ ਹੈ? ਕੀ ਕਦੇ ਇਨ੍ਹਾਂ ਨੇ ਆਪਣੇ ਕਿਸੇ ਪਲੈਟਫਾਰਮ ਤੇ ਅਜਿਹੇ ਮਸਲਿਆਂ ਬਾਰੇ ਕੋਈ ਸੰਜੀਦਾ ਡਿਸਕਸ਼ਨ ਕੀਤੀ ਹੈ? ਕੀ ਕਦੇ ਖਾਲਿਸਤਾਨ ਦੀਆਂ ਵਿਰੋਧੀ ਧਿਰਾਂ ਨਾਲ ਖਾਲਿਸਤਾਨ ਦੇ ਮਸਲੇ ਤੇ ਕਦੇ ਕੋਈ ਡਿਬੇਟ ਕੀਤੀ ਹੈ? ਸਗੋਂ ਜੇ ਕੋਈ ਸਵਾਲ ਉਠਾਉਂਦਾ ਹੈ ਤਾਂ ਉਸ ਤੇ ਕੌਮ ਵਿਰੋਧੀ ਹੋਣ ਦਾ ਦੋਸ਼ ਲਗਾ ਕੇ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ? ਪਿਛਲੇ ਕੁਝ ਮਹੀਨਿਆਂ ਤੋਂ ਸਾਰੀ ਦੁਨੀਆਂ ਕਰੋਨਾ ਦੀ ਮਹਾਂਮਾਰੀ ਨਾਲ ਜੂਝ ਰਹੀ ਹੈ ਤਾਂ ਪ੍ਰਭਸ਼ਰਨ ਭਰਾਵਾਂ ਲਈ ਇਹ ਮਸਲਾ ਵੱਡਾ ਬਣਿਆ ਹੋਇਆ ਹੈ ਕਿ ਖਾਲਿਸਤਾਨ ਦਾ ਐਲਾਨ ਅਪਰੈਲ 86 ਦੀ ਥਾਂ ਜਨਵਰੀ 86 ਵਿੱਚ ਕਿਉਂ ਨਹੀਂ ਹੋਇਆ? ਇਸ ਮਸਲੇ ਤੇ ਕੋਈ ਚਰਚਾ ਨਹੀਂ ਕਰ ਰਿਹਾ ਕਿ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂੰ ਵਲੋਂ ਜੋ 2020 ਰੈਫਰੈਂਡਮ ਕਰਾਇਆ ਜਾ ਰਿਹਾ ਹੈ, ਉਸਦਾ ਕੀ ਮਤਲਬ ਹੈ? ਜਦੋਂ ਸਾਰੀਆਂ ਖਾਲਿਸਤਾਨੀ ਧਿਰਾਂ ਇੱਕਮਤ ਹਨ ਕਿ ਸੰਤਾਂ ਦੇ ਇਲਾਹੀ ਬਚਨਾਂ ਅਨੁਸਾਰ ਜੂਨ 84 ਵਿੱਚ ਹਮਲਾ ਹੋਣ ਨਾਲ ਖਾਲਿਸਤਾਨ ਦੀ ਨੀਂਹ ਰੱਖੀ ਗਈ ਸੀ ਤੇ ਉਸਦਾ ਰਸਮੀ ਐਲਾਨ ਪੰਥਕ ਕਮੇਟੀ ਨੇ 29 ਅਪਰੈਲ, 1986 ਨੂੰ ਕਰਕੇ ਖਾੜਕੂਆਂ ਨੇ ਹਥਿਆਰਬੰਦ ਸੰਘਰਸ਼ ਦਾ ਬਿਗਲ ਵਜਾ ਦਿੱਤਾ ਸੀ ਤਾਂ ਫਿਰ ਰੈਫਰੈਂਡਮ ਦਾ ਕੀ ਮਤਲਬ ਹੈ, ਜਿਸਨੂੰ ਸਾਰੀਆਂ ਖਾਲਿਸਤਾਨੀ ਧਿਰਾਂ ਸਮਰਥਨ ਦੇ ਰਹੀਆਂ ਹਨ? ਕੀ ਜੇ ਪੰਜਾਬ ਜਾਂ ਵਿਦੇਸ਼ਾਂ ਵਿਚਲੇ ਸਿੱਖ ਰੈਫਰੈਂਡਮ ਵਿੱਚ ਖਾਲਿਸਤਾਨ ਦੇ ਵਿਰੋਧ ਵਿੱਚ ਵੋਟ ਪਾ ਦਿੰਦੇ ਹਨ ਤਾਂ ਕੀ ਫਿਰ ਸਾਰੀਆਂ ਧਿਰਾਂ ਖਾਲਿਸਤਾਨ ਦੀ ਮੰਗ ਛੱਡ ਦੇਣਗੀਆਂ? ਜੇ ਰੈਫਰੈਂਡਮ ਵਿੱਚ ਨਾਂਹ ਹੋਣ ਤੇ ਵੀ ਮੰਗ ਨਹੀਂ ਛੱਡਣੀ ਤਾਂ ਰੈਫਰੈਂਡਮ 2020 ਦਾ ਡਰਾਮੇ ਦਾ ਕੀ ਮਲਲਬ ਹੈ? ਕੀ ਰੈਫਰੈਂਡਮ ਵਿੱਚ ਸਿੱਖਾਂ ਤੋਂ ਇਲਾਵਾ ਪੰਜਾਬ ਵਿੱਚ ਵਸਦੇ ਬਾਕੀ ਲੋਕਾਂ ਨੂੰ ਵੀ ਵੋਟ ਪਾਉਣ ਦਾ ਹੱਕ ਹੈ? ਆਦਿ ਅਨੇਕਾਂ ਸਵਾਲ ਹਨ, ਜਿਨ੍ਹਾਂ ਦੇ ਜਵਾਬਾਂ ਦੀ ਉਡੀਕ ਰਹੇਗੀ?

# ਫੁਕਰਪੁਣਾ ਜਿਨ੍ਹਾਂ ਦੇ ਹੱਡੀਂ ਰਚਿਆ



ਹਰੀਪਾਲ
403-714-4816



ਮੰਨੋ ਜਾਂ ਨਾ ਮੰਨੋ ਫੁਕਰਾਪੰਥੀ ਸਾਡੇ ਹੱਡਾਂ ਵਿੱਚ ਰਚ ਗਈ ਹੈ। ਸਾਡੀ ਗੱਲਬਾਤ ਕਰਨ ਦਾ ਤਰੀਕਾ ਦੇਖੋ 'ਮੇਰਾ ਮੁੰਡਾ ਡਾਕਟਰ ਹੈ' ਮੇਰੀ ਕੁੜੀ ਇੰਜਨੀਅਰ ਹੈ 'ਮੇਰਾ ਜਵਾਈ ਜੱਜ ਹੈ'। ਕੋਈ ਇਹ ਕਿਉਂ ਨਹੀ ਕਹਿ ਸਕਦਾ ਕਿ 'ਮੇਰਾ ਜਵਾਈ ਟੈਕਸੀ ਡਰਾਈਵਰ ਹੈ' ਮੇਰਾ ਮੁੰਡਾ ਟਰੱਕ ਡਰਾਈਵਰ ਹੈ 'ਮੇਰੀ ਕੁੜੀ ਟਿੱਮ ਹੌਰਟਨ ਤੇ ਕੰਮ ਕਰਦੀ ਹੈ'। ਕੰਮ ਦੀ ਸ਼ਰਮ ਕਿਉਂ ਹੈ। ਵੱਡੇ ਵੱਡੇ ਅਗਾਂਵਧੂ ਲੋਕ ਵੀ ਜਦ ਸਟੇਟਸ ਦੀ ਗੱਲ ਕਰਦੇ ਹਨ ਤਾਂ ਇੱਕ ਕਿਸਮ ਦੀ ਫੁਕਰਾਬਾਜੀ ਵਿੱਚ ਉਲਝ ਕੇ ਰਹਿ ਜਾਂਦੇ ਹਨ। ਜਾਂ ਹੋਰ ਉਦਾਹਰਣ ਲਵੋ, ਮੇਰੇ ਮੁੰਡੇ ਦੇ ਸਹੁਰੇ ਬਹੁਤ ਵੱਡੇ ਲਾਟੀ ਹਨ, ਉਹਨਾਂ ਦੀ ਆਪਦੀ ਟਰਾਂਸਪੋਰਟ ਹੈ। ਮੇਰੀ ਕੁੜੀ ਦੇ ਸਹੁਰੇ ਬਹੁਤ ਵੱਡੇ ਬਿਜਨਿਸਮੈਨ ਹਨ, ਸੈਂਕੜੇ ਬੰਦੇ ਉਹਨਾਂ ਦੀ ਫੇਕਟਰੀ ਵਿੱਚ ਕੰਮ ਕਰਦੇ ਹਨ। ਫਿਰ ਤਾਂ ਉਹੀ ਗੱਲ ਹੋਈ ਕਿ ਤੁਹਾਡੇ ਲਈ ਆਦਰਸ਼ ਤਾਂ ਅੰਬਾਨੀ, ਅਡਾਨੀ ਹਨ ਫਿਰ ਸਮਾਜ ਤੁਹਾਥੋਂ ਕਿਵੇਂ ਕਿਸੇ ਲੋਕ ਭਲਾਈ ਦੇ ਕੰਮਾਂ ਦੀ ਆਸ ਕਰ ਸਕਦਾ ਹੈ। ਇਹ ਜਗੀਰਦਾਰੀ ਦੀ ਘਸੀ ਪਿਟੀ ਸੋਚ ਸਾਡੇ ਵਿੱਚੋਂ ਬਾਹਰ ਆ ਕੇ ਵੀ ਨਹੀਂ ਨਿਕਲਦੀ। ਸਾਡੇ ਲੋਕ ਬਾਹਰ ਆ ਕੇ ਵੀ ਟੀਚਰ ਪਰੋਫੈਸਰ ਬਣਨ ਨਾਲ਼ੋਂ, ਬਿਜਨਿਸਮੈਨ ਬਣਨ ਨੂੰ ਜਿਆਦਾ ਤਰਜੀਹ ਦਿੰਦੇ ਹਨ। ਕੋਈ ਵੱਡਾ ਡਿਵੈਲਪਰ ਬਣਨਾਂ ਚਾਹੁੰਦਾ ਹੈ, ਕੋਈ ਬਹੁਤ ਵੱਡੀ ਟਰੱਕ ਕੰਪਨੀ ਦਾ ਮਾਲਕ ਬਣਨਾ ਚਾਹੁੰਦਾ ਹੈ। ਇਸਦੇ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਅਮੀਰ ਬਣਦੇ ਵੀ ਹਨ, ਪਰ ਬਹੁਤੇ ਆਪਣਿਆਂ ਦੀ ਲੁੱਟ ਕਰਕੇ ਹੀ ਬਣਦੇ ਹਨ। ਇਸੇ ਕਰਕੇ ਸਾਡੇ ਮਿਹਾਨਤਕਸ਼ ਲੋਕ ਦੇਸੀ ਕੰਪਨੀਆਂ ਨਾਲ਼ੋਂ, ਗੋਰਿਆਂ ਦੀਆਂ ਕੰਪਨੀਆਂ ਵਿੱਚ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ। ਸਾਡੇ ਦੇਸੀ ਕੰਮ ਵੀ ਵੱਧ ਲੈਂਦੇ ਹਨ ਤੇ ਬਹੁਤ ਵਾਰੀਂ ਵਰਕਰਾਂ ਦੇ ਪੈਸੇ ਵੀ ਮਾਰ ਜਾਂਦੇ ਹਨ, ਤਾਂ ਕਿ ਉਹ ਹੋਰ ਅਮੀਰ, ਹੋਰ ਅਮੀਰ ਹੋ ਜਾਣ। ਹਾਲਾਂ ਕਿ ਮੈਂ ਇੱਕ ਚੀਜ਼ ਦੇਖੀ ਹੈ, ਇਹ ਅਮੀਰੀ ਦੂਜੀ ਤੀਜੀ ਪੀੜ੍ਹੀ ਤੇ ਆ ਕੇ ਬਿੱਲਕੁਲ ਖਤਮ ਹੋ ਜਾਂਦੀ ਹੈ, ਕਿਉਂਕਿ ਅਣਕਮਾਈ ਦੌਲਤ ਔਲਾਦ ਦੀਆਂ ਆਦਤਾਂ ਵਿਗਾੜ ਦਿੰਦੀ ਹੈ। ਇਹ ਇੱਕ ਤੱਥ ਹੈ ਕਿ ਬਹੁਤ ਵੱਡੀਆਂ ਲਾਟਰੀਆਂ ਜਿੱਤਣ ਵਾਲ਼ਿਆਂ ਨੇ ਸਭ ਕੁੱਝ ਤਬਾਹ ਕਰ ਲਿਆ ਹੈ। ਬਾਹਰ ਆਕੇ, ਸੱਤੇ ਦਿਨ ਕੰਮ ਕਰਕੇ ਜਾਂ ਕਿਸੇ ਵੀ ਤਰੀਕੇ ਨਾਲ਼ ਦੌਲਤ ਕੱਠੀ ਕਰਕੇ, ਪਿੰਡ ਵੱਡੀ ਸਾਰੀ ਕੋਠੀ ਪਾਕੇ ਲੋਕਾਂ ਤੇ ਰੋਹਬ ਵੀ ਪਾਉਣਾ ਹੈ, ਪਿੰਡ ਜਾਕੇ ਵੱਡਾ ਸਾਰਾ ਟਰੱਕ ਨੂੰ ਐਸ.ਯੂ.ਵੀਜ਼ ਲੈਕੇ, ਗਲ਼ ਵਿੱਚ ਸੋਨੇ ਦਾ ਸੰਗਲ਼ ਪਾਕੇ, ਲੋਕਾਂ ਨੂੰ ਦਿਖਾਉਣਾ ਹੈ। ਬਹੁਤ ਵਾਰੀ ਇਹ ਕੋਠੀਆਂ ਟਰੱਕ ਪਰਵਾਸੀਆਂ ਦੀ ਮੌਤ ਦਾ ਕਾਰਨ ਵੀ ਬਣਦੀਆਂ ਹਨ। ਫਿਰ ਜਦੋਂ ਕੈਨੇਡੀਅਨ ਸਾਹਿਬਜ਼ਾਦੇ ਦਾ ਵਿਆਹ ਕਰਨਾ ਹੈ ਤਾਂ ਕਿਸੇ ਪੜ੍ਹੀ ਲਿਖੀ ਕੁੜੀ ਦੀ ਜ਼ਿੰਦਗੀ ਵੀ ਖਰਾਬ ਕਰਨੀ ਹੈ, ਚਾਲ਼ੀ ਪੰਜਾਹ ਲੱਖ ਦਾਜ ਲੈ ਲਿਆ ਉਹ ਵੱਖ ਗੱਲ ਹੈ ਪਰ ਇੱਕ ਗੱਲ ਯਾਦ ਰੱਖਣ ਵਾਲ਼ੀ ਹੈ ਕਿ ਜਿਸ ਕੁੜੀ ਦੇ ਬਾਪ ਦੀ ਤੁਸੀਂ ਵਿਆਹ ਵੇਲ਼ੇ ਹੀ ਜ਼ਮੀਨ ਵਿਕਾਅ ਦਿੱਤੀ ਉਹ ਤੁਹਾਡੇ ਬੁਢਾਪੇ ਵਿੱਚ ਤੁਹਾਨੂੰ ਡਾਕਟਰ ਦੇ ਨਹੀਂ ਲੈ ਕੇ ਜਾਵੇਗੀ। ਇਹ ਸਾਹਿਬਜ਼ਾਦਾ ਜਿਸਦੀ ਖਾਤਰ ਤੁਸੀਂ ਅਸੂਲਾਂ ਦੀ ਬਲੀ ਦੇ ਦਿੱਤੀ, ਤੁਹਾਨੂੰ ਸੀਨੀਅਰ ਹੋਮ ਦਾ ਰਸਤਾ ਦਿਖਾਵੇਗਾ।

ਪੰਜਾਬੀਆਂ ਵਿੱਚ ਇੱਕ ਹੋਰ ਗੱਲ ਜਿਹੜੀ ਬਹੁਤੀ ਦੇਖਣ ਨੂੰ ਮਿਲ਼ਦੀ ਹੈ, ਉਹ ਆਪਦੇ ਆਪ ਨੂੰ ਧਰਮਿੰਦਰ ਜਾਂ ਜਤਿੰਦਰ ਦੇ ਰੂਪ ਵਿੱਚ ਜ਼ਿਆਦਾ ਦੇਖਣਾ ਪਸੰਦ ਕਰਦੇ ਹਨ, ਸੰਤ ਰਾਮ ਉਦਾਸੀ ਜਾਂ ਪਾਸ਼ ਨਾਲ਼ੋਂ। ਇਸ ਕਰਕੇ ਸਭ ਤੋਂ ਵੱਧ ਕਲਫ਼ ਲਾਉਣ ਦਾ ਰੁਝਾਨ ਪੰਜਾਬੀਆਂ ਵਿੱਚ ਦੇਖਿਆ ਜਾ ਸਕਦਾ ਹੈ। ਚਲ ਕਿਸੇ ਨੌਜੁਆਨ ਦੇ ਕਿਸੇ ਵਜਾਹ ਕਰਕੇ ਧੌਲ਼ੇ ਆ ਗਏ ਉਸ ਨੇ ਕਲਫ ਲਾ ਲਈ ਕੋਈ ਗੱਲ ਨਹੀਂ, ਪਰ ਬਹੁਤੇ ਤਾਂ ਉਮਰ ਲਕੋਣ ਲਈ ਲਾਉਂਦੇ ਹਨ, ਭਾਵੇਂ ਉਹ ਤੁਰਦੇ ਇਸ ਤਰ੍ਹਾਂ ਹਨ ਜਿਵੇਂ ਅਲਾਈਨਮੈਂਟ ਹਿੱਲੀ ਹੁੰਦੀ ਹੈ। ਮੂੰਹ ਸਿਰ ਕਾਲ਼ਾ ਕਰਕੇ ਜੁਆਨੀ ਦੀ ਫੀਲਿੰਗ ਲੈਂਦੇ ਹਨ, ਸਟੋਰਾਂ ਜਾਂ ਮਾਲਾਂ ਵਿੱਚ ਲੋਕਾਂ ਦੀਆਂ ਜਨਾਨੀਆਂ ਵੱਲ ਝਾਕਣਾ ਸ਼ੁਰੂ ਕਰ ਦਿੰਦੇ ਹਨ, ਇਹਨਾਂ ਦੀ ਆਪਦੀ ਜਨਾਨੀ ਜਿੱਥੇ ਮਰਜ਼ੀ ਤੁਰੀ ਫਿਰੇ। ਇੱਕ ਹੋਰ ਸਾਡੇ ਲੋਕਾਂ ਦੀ ਸ਼ਿਕਾਇਤ ਹੈ ਕਿ ਪੰਜਾਬੀ ਔਰਤਾਂ ਜਦ ਸਟੋਰਾਂ 'ਤੇ ਕੰਮ ਕਰਦੀਆਂ ਹਨ ਤਾਂ ਗੋਰਿਆਂ ਕਾਲ਼ਿਆਂ ਨਾਲ਼ ਤਾਂ ਹੱਸ ਹੱਸ ਗੱਲਾਂ ਕਰਦੀਆਂ ਹਨ ਪਰ ਦੇਸੀ ਬੰਦੇ ਦੇਖ ਕੇ ਮੂੰਹ ਭੈੜਾ ਜਿਹਾ ਕਰ ਲੈਂਦੀਆ ਹਨ, ਹੁਣ ਕਰਨ ਵੀ ਕਿਉਂ ਨਾ ਕਿਉਂਕਿ ਜੇਕਰ ਉਹ ਤੁਹਾਡੇ ਵੱਲ ਮੁਸਕਰਾ ਕੇ ਦੇਖ ਲੈਣ ਤਾਂ ਤੁਸੀਂ ਤਾਂ ਉਸਦੀ ਜਨਮ-ਪੱਤਰੀ ਲੱਭਣ ਤੁਰ ਪੈਂਦੇ ਹੋ। ਫਿਰ ਪੰਗੇ ਪੈਣੇ ਸ਼ੁਰੂ ਹੋ ਜਾਂਦੇ ਹਨ। ਇਹ ਚਿੱਟੇ ਵਾਲ਼ ਤੁਸੀਂ ਕਮਾਏ ਹਨ, ਇਹ ਤੁਹਾਡੀ ਸਿਆਣਪ ਦੀ ਨਿਸ਼ਾਨੀ ਹਨ। ਇਹਨਾਂ ਚਿੱਟੇ ਵਾਲ਼ਾਂ ਦਾ ਨੌਜੁਆਨ ਸਤਿਕਾਰ ਕਰਦੇ ਹਨ ਪਰ ਨਹੀਂ ਤੁਸੀਂ ਤਾਂ ਉਮਰ ਦੇ ਹਾਣ ਦੇ ਹੋਣ ਲਈ ਤਿਆਰ ਨਹੀਂ ਹੋ ।

ਕੈਨੇਡਾ ਦੇ ਵਿੱਚ ਸਾਡੀ ਨੌਜੁਆਨ ਪੀੜ੍ਹੀ ਦਾ ਹਾਲ ਦੇਖੀਏ ਤਾਂ ਸਭ ਤੋਂ ਵੱਧ ਲੜਾਈਆਂ ਸਾਡੇ ਨੌਜੁਆਨ ਕਰ ਰਹੇ ਹਨ। ਇੰਟਰਨੈਸ਼ਨਲ ਸਟੂਡੈਂਟਸ, ਜਿਹੜੇ ਕਿ ਆਏ ਸਨ ਆਪਦੇ ਘਰਾਂ ਦੀਆਂ ਹਾਲਤਾਂ ਸੁਧਾਰਨ ਲਈ ਵੈਨਕੂਵਰ, ਬਰੈਂਪਟਨ ਜਾਂ ਕੈਲਗਰੀ ਵਿੱਚ ਸਭ ਤੋਂ ਵੱਧ ਸੁਰਖੀਆਂ ਵਿੱਚ ਰਹੇ ਹਨ। ਡਰੱਗ ਅਤੇ ਗੈਂਗਵਾਰ ਦੇ ਕੇਸਾਂ ਵਿੱਚ ਸਾਡੇ ਮੁੰਡਿਆਂ ਦਾ ਬਹੁਤ ਖ਼ੂਨ ਵਹਿ ਚੁੱਕਿਆ ਹੈ। ਕਾਰਨ ਕੀ ਹੈ? ਕਿਉਂ ਪੰਜਾਬ ਦੇ ਜੱਟਾਂ ਦੇ ਮੁੰਡੇ ਹੀ ਸਭ ਤੋਂ ਵੱਧ ਇਨਵੌਲਵ ਹਨ। ਮੈਂ ਸਮਝਦਾ ਹਾਂ, ਇਹਨਾਂ ਨੂੰ ਵਿਗਾੜਨ ਵਿੱਚ ਸਾਡਾ ਕਸੂਰ ਬਹੁਤਾ ਹੈ। ਸਾਡੇ ਵਿੱਚ ਜੱਟਵਾਦ, ਜਿਹੜਾ ਜਗੀਰੂ ਸਮਾਜ ਦੀ ਰਹਿੰਦ ਖੂੰਹਦ ਹੈ, ਸਭ ਤੋਂ ਵੱਧ ਭਾਰੂ ਹੈ। ਅਸੀਂ ਆਪ ਦੇ ਆਪ ਨੂੰ ਸਾਰੀਆਂ ਦੂਜੀਆਂ ਜਾਤਾਂ ਨਾਲ਼ੋਂ ਉਪਰ ਸਮਝਦੇ ਹਾਂ, ਜੇ ਸਾਡੇ ਬੱਚੇ ਕਿਸੇ ਦੂਜੀ ਜਾਤ ਵਿੱਚ ਵਿਆਹ ਕਰਾ ਲੈਣ ਤਾਂ ਅਸੀਂ ਬੱਚਿਆਂ ਦੇ ਕਤਲ ਕਰਨ ਤੱਕ ਚਲੇ ਜਾਂਦੇ ਹਾਂ। ਜੇਕਰ ਕਿਸੇ ਨੇ ਆਪਦੇ ਬੱਚਿਆਂ ਨੂੰ, ਇਹ ਖੁੱਲ ਦਿੱਤੀ ਹੈ ਤਾਂ ਉਸ ਬੰਦੇ ਵੱਲ ਸਾਡਾ ਨਜ਼ਰੀਆ ਹੀ ਬਦਲ ਜਾਂਦਾ ਹੈ। ਸਾਡੇ ਵਿੱਚ ਹਮੇਸ਼ਾਂ ਹੀ ਆਪਦੇ ਆਪ ਨੂੰ ਦੂਜੇ ਨਾਲ਼ੋਂ ਉਚਾ ਸਮਝਣਾ, ਦੂਜੇ ਤੋਂ ਵੱਡੀ ਕਾਰ ਲੈਣੀ, ਦੂਜੇ ਤੋਂ ਵੱਡਾ ਘਰ ਲੈਣਾ, ਆਮ ਵਿਆਹ ਸ਼ਾਦੀਆਂ ਤੇ ਇੱਕ ਦੂਜੇ ਤੋਂ ਵੱਧ ਵਿਖਾਵਾ ਕਰਨਾ ਆਮ ਹੈ। ਹੁਣ ਇਸਦੇ ਲਈ ਪੈਸਾ ਚਾਹੀਦਾ ਹੈ ਤੇ ਪੈਸਾ ਕਮਾਉਣ ਦਾ ਸ਼ੌਰਟ ਕੱਟ ਰਸਤਾ ਇਹੀ ਹੈ, ਜਿਸਦਾ ਰਸਤਾ ਸਿੱਧਾ ਮੌਤ ਵੱਲ ਜਾਂਦਾ ਹੈ। ਸਾਡੀ ਸੋਚ ਦੇਖੋ ਅਸੀਂ ਆਪਦੇ ਫਾਇਦੇ ਨਾਲ਼ੋਂ ਦੂਜੇ ਦਾ ਨੁਕਸਾਨ ਹੁੰਦਾ ਦੇਖ ਕੇ ਜ਼ਿਆਦਾ ਖ਼ੁਸ਼ ਹੁੰਦੇ ਹਾਂ। ਜਦੋਂ ਅਸੀਂ ਸਾਡੇ ਪੁਰਾਣੇ ਦੇਸ ਰਹਿੰਦੇ ਸੀ, ਉਦੋਂ ਵੀ ਸਾਡੀ ਇਹੀ ਸੋਚ ਸੀ, ਦੂਜੇ ਦੀ ਮਾੜੀ ਫਸਲ ਦੇਖ ਕੇ ਸਾਨੂੰ ਜ਼ਿਆਦਾ ਖੁਸ਼ੀ ਹੁੰਦੀ ਨਾਂ ਕਿ ਆਪਦੀ ਵਧੀਆ ਫਸਲ ਦੇਖ ਕੇ। ਉਥੇ ਵੀ ਆਮ ਸ਼ਰੀਕੇ ਬਾਜੀ ਵਿੱਚ, ਸ਼ਰੀਕਾਂ ਦੇ ਮੁੰਡੇ ਨੂੰ ਨਸ਼ੇ ਤੇ ਲਾਉਣਾ, ਉਹਨਾਂ ਦੇ ਰੰਗ ਵਿੱਚ ਭੰਗ ਪਾਉਣਾ, ਸਾਡੀਆਂ ਆਮ ਆਦਤਾਂ ਸੀ ਜਿਹਨਾਂ ਤੋਂ ਮੁਕਰਿਆ ਨਹੀਂ ਜਾ ਸਕਦਾ। ਸਾਡੇ ਮੁੰਡਿਆਂ ਦੀਆਂ ਕਾਰਾਂ ਮਗਰ ਲੱਗੀਆਂ ਪਲੇਟਾਂ ਸਾਡੀ ਫੁਕਰਾਪੰਥੀ ਨੂੰ ਬੁਰੀ ਤਰ੍ਹਾਂ ਉਜਗਰ ਕਰਦੀਆਂ ਹਨ, ਜਰਾ ਪਲੇਟਾਂ ਦੇਖੋ ਨੂੰ ਤੇਰਾ ਜੀਜਾ, ਜੱਟ ਗਰਾੜੀ, ਦੁੱਲਾ ਜੱਟ, ਹਥਿਆਰਬੰਦ, ਤੈਨੂੰ ਦੇਖਣਾ। ਇਸ ਤੋਂ ਅਗਾਂਹ ਕੁੱਝ ਹੋਰ ਹਨ ਜਿਹੜੇ ਕਾਰਾਂ ਜਾਂ ਵੈਨਾਂ ਮਗਰ ਲਿਖਾ ਲੈਂਦੇ ਹਨ, ਪੁੱਤ ਜੱਟਾਂ ਦੇ, ਖਿੱਚੀ ਆ ਪੁੱਤ, ਸੋਹਣੀਆਂ ਕੁੜੀਆਂ ਨੂੰ ਰਾਈਡਾਂ ਫਰੀ ਇਹ ਸਭ ਕੁੱਝ ਇਹ ਮੁਡੀਹਰ ਕਿੱਥੋਂ ਸਿੱਖਦੀ ਹੈ, ਬੇਸ਼ੱਕ ਇਸ ਵਿੱਚ ਸਾਡੇ ਲੱਚਰ ਗਾਇਕਾਂ ਦਾ ਜਾਂ ਗੰਨ ਕਲਚਰ ਨੂੰ ਪਰਮੋਟ ਕਰਨ ਵਾਲ਼ਿਆਂ ਦਾ ਬਹੁਤ ਵੱਡਾ ਹੱਥ ਹੈ। ਪਰ ਅਜੇ ਵੀ ਇਹ ਗਾਇਕ, ਮੈਰਿਜ ਪਲੇਸਾਂ ਦੀ ਰੌਣਕ ਬਣੇ ਹੋਏ ਹਨ। ਹੋਰ ਤਾਂ ਹੋਰ ਅਸੀਂ ਤਾਂ ਨਗਰ ਕੀਰਤਨਾਂ ਨੂੰ ਵੀ ਮੇਲਾ ਬਣਾ ਦਿੱਤਾ ਹੈ ਜਿਵੇਂ ਨਗਰ ਕੀਰਤਨ ਤੋਂ ਪਹਿਲਾ ਸਾਰੇ ਬਿਊਟੀ ਪਾਰਲਰਾਂ ਦਾ ਬੁੱਕ ਹੋਣਾ ਜਾਂ ਕੱਪੜਿਆਂ ਦੇ ਸਟੋਰਾਂ ਦਾ ਬਿਜ਼ੀ ਹੋਣਾ ਇਸਦਾ ਸਬੂਤ ਹੈ ।

ਨਵੇਂ ਤੋਂ ਨਵੇਂ ਆਏ ਬਜ਼ੁਰਗ ਵੀ ਇਸ ਤਰ੍ਹਾਂ ਗੱਲ ਕਰਦੇ ਹਨ ਜਿਵੇਂ ਕੈਪਟਨ ਜਾਂ ਬਾਦਲ ਦੇ ਨੇੜਲੇ ਰਿਸ਼ਤੇਦਾਰ ਹਨ। ਕੋਈ ਕਹੇਗਾ ਸਾਡਾ ਤਾਂ ਪਿੰਡ ਬਹੁਤ ਵੱਡਾ ਕਾਰੋਬਾਰ ਸੀ, ਚਾਲ਼ੀ ਕਿਲੇ ਜ਼ਮੀਨ ਸੀ ਅਸੀਂ ਤਾਂ ਬੱਸ ਜੁਆਕਾਂ ਨੂੰ ਸੈਟ ਕਰਨ ਦੇ ਮਾਰਿਆਂ ਨੇ ਇਹ ਫਾਹਾ ਲਿਆ ਹੈ, ਚਾਹੇ ਕੈਨੇਡਾ ਦੇ ਵੀਜ਼ੇ ਦੀ ਖਾਤਰ ਪਤਾ ਨਹੀਂ ਕਿੰਨੇ ਪਾਠ ਕੀਤੇ ਹੋਣਗੇ। ਵੱਡੇ ਵੱਡੇ ਅਫਸਰਾਂ ਨਾਲ਼ ਜਾਣ ਪਛਾਣ ਦੱਸਦੇ ਹਨ, ਨਾਲ਼ ਬੈਠੇ ਸਿੱਧੇ ਸਾਦੇ ਹਮਉਮਰ ਬਜ਼ੁਰਗਾਂ ਤੇ ਗੱਲਾਂ ਬਾਤਾਂ ਦਾ ਰੋਅਬ ਪਾਉਂਦੇ ਰਹਿੰਦੇ ਹਨ। ਜੇਕਰ ਤੁਸੀਂ ਚੋਰੀਓਂ ਇਹਨਾਂ ਨੂੰ ਦੇਖੋ ਵੱਡੇ ਵੱਡੇ ਹੋਟਲਾਂ 'ਚ ਸਫਾਈ ਵਗੈਰਾ ਕਰਦੇ ਦੇਖੇ ਜਾ ਸਕਦੇ ਹਨ। ਕੰਮ ਕਰਨਾ ਕੋਈ ਮੇਹਣਾ ਨਹੀਂ ਪਰ ਜੇਕਰ ਤੁਸੀਂ ਬਾਦਲ ਜਾਂ ਕੈਪਟਨ ਦੇ ਰਿਸ਼ਤੇਦਾਰ ਹੋ, ਚਾਲ਼ੀ ਪੰਜਾਹ ਕਿੱਲਿਆਂ ਦੇ ਵੱਡੇ ਵੱਡੇ ਅਫਸਰਾਂ ਦੇ ਰਿਸ਼ਤੇਦਾਰ ਹੋ, ਫਿਰ ਹੋਟਲਾਂ 'ਚ ਭਾਂਡੇ ਕਿਉਂ ਮਾਜਦੇ ਹੋ ਜਾਂ ਖੇਤਾਂ ਵਿੱਚ ਫਾਰਮਰਾਂ ਦੀਆਂ ਗਾਲ਼ਾਂ ਕਿਉਂ ਖਾਂਦੇ ਹੋ। ਆਏ ਤਾਂ ਸਾਰੇ ਰੋਟੀ ਦੇ ਮਾਰੇ ਹਨ ਪਰ ਇਸ ਗੱਲ ਨੂੰ ਮੰਨਣ ਵਿੱਚ ਸ਼ਰਮ ਕਾਹਤੋ ਹੈ?

ਕੈਨੇਡਾ ਵਿੱਚ ਵਿਆਹ ਇੱਕ ਬਹੁਤ ਵੱਡਾ ਵਿਖਾਵਾ ਬਣ ਗਏ ਹਨ, ਛਾਪਾਂ ਛੱਲੇ, ਸੂਟ, ਹਾਰ, ਕਾਰ, ਕੁੜੀ ਦੇ ਵਿਆਹ ਵਿੱਚ ਦੇ ਕੇ ਅਸੀਂ ਆਪ ਦੀ ਸ਼ਾਨ ਦੀਆਂ ਫੁਕਰੀਆਂ ਮਾਰਦੇ ਹਾਂ। ਉਹੀ ਦੇਸ ਵਾਲ਼ਾ ਰਿਵਾਜ, ਹੁਣ ਬਹੁਤ ਸੂਟ ਤਾਂ ਉਹ ਹੁੰਦੇ ਹਨ ਜੋ ਤੁਰੇ ਫਿਰਦੇ ਹੀ ਬੁਢਾਪੇ ਦਾ ਸ਼ਿਕਾਰ ਹੋ ਜਾਂਦੇ ਹਨ। ਚਾਹੀਦਾ ਤਾਂ ਇਹ ਸੀ ਕਿ ਅਸੀਂ ਇਹਨਾਂ ਮਾਮਲਿਆਂ 'ਚ ਗੋਰਿਆਂ ਤੋਂ ਕੁੱਝ ਸਿੱਖਦੇ ਪਰ ਨਹੀਂ ਸਾਡੀ ਫੁਕਰਾਪੰਥੀ ਸਾਨੂੰ ਅਰਾਮ ਨਾਲ਼ ਜਿਉਣ ਨਹੀਂ ਦੇਵੇਗੀ। ਜੇਕਰ ਬੱਚਿਆਂ ਨੂੰ ਕੁੱਝ ਦੇਣਾ ਹੈ ਤਾਂ ਟਾਈਮ ਦੇਈਏ ਨਾ ਕਿ ਦੌਲਤ ਦੇ ਅੰਬਾਰ। ਸਾਡੇ ਬਜ਼ੁਰਗਾਂ ਲਈ ਹਰ ਸ਼ਹਿਰ ਵਿੱਚ ਸੈਂਟਰ ਬਣੇ ਹੋਏ ਹਨ, ਚਾਹੀਦਾ ਤਾਂ ਇਹ ਹੈ ਕਿ ਹਰ ਸੈਂਟਰ ਵਿੱਚ ਪੰਜ ਸੱਤ ਸੌ ਕਿਤਾਬ ਪਈ ਹੋਵੇ ਤਾਂ ਕਿ ਬਜ਼ੁਰਗ ਇਸ ਵਿਹਲੇ ਟਾਈਮ ਦਾ ਕੋਈ ਸਾਰਥਿਕ ਫਾਇਦਾ ਉਠਾ ਸਕਣ ਪਰ ਇਸਦੀ ਜਗਾਹ ਤੇ ਉਥੇ ਦਸ ਪੰਦਰਾਂ ਤਾਸ਼ਾਂ ਪਈਆਂ ਹੁੰਦੀਆਂ ਹਨ। ਪੰਜ ਸੱਤ ਟੋਲੀਆਂ ਤਾਸ਼ ਖੇਡਣ ਵਿੱਚ ਜੁਟੀਆਂ ਹੁੰਦੀਆਂ ਹਨ। ਜੇਕਰ ਇਹੀ ਬਜ਼ੁਰਗ ਆਪਦੇ ਬੱਚਿਆਂ 'ਤੇ ਜ਼ੋਰ ਪਾਉਣ ਕਿ ਉਹਨਾਂ ਲਈ ਇੱਕ ਨੌਨ-ਪਰਾਫਿਟ ਸੀਨੀਅਰ ਨੂੰ ਜਿੱਥੇ ਆਪਣਾ ਖਾਣਾ ਵਗੈਰਾ ਹੋਵੇ ਅਤੇ ਪੰਜਾਬੀ ਬੋਲਦਾ ਸਟਾਫ ਹੋਵੇ ਜਾਂ ਹੋਮ ਬਣਾਇਆ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ ਇਹ ਬਣ ਸਕਦਾ ਹੈ। ਪਰ ਤਾਸ਼ ਖੇਡਣ ਵਾਲ਼ੇ ਕਦੇ ਵੀ ਇਹ ਗੱਲਾਂ ਸੋਚ ਨਹੀਂ ਸਕਦੇ। ਜੇਕਰ ਬਜ਼ੁਰਗ ਘਰ ਪਰਿਵਾਰ ਤੋਂ ਦੂਰ ਹੋ ਰਹੇ ਹਨ ਤਾਂ ਇਸ ਵਿੱਚ ਕਸੂਰ ਸਾਡੇ ਬਜ਼ੁਰਗਾਂ ਦਾ ਵੀ ਹੈ। ਬਜ਼ੁਰਗਾਂ ਨੂੰ ਚਾਹੀਦਾ ਹੈ ਕਿ ਆਪਦੇ ਮਗਰਲੇ ਟਾਈਮ ਨੂੰ ਸੁਖਾਲ਼ਾ ਬਣਾਉਣ ਬਾਰੇ ਵੀ ਕੋਈ ਪਲੈਨਿੰਗ ਕਰਨ। ਇਕੱਠੇ ਹੋ ਕੇ ਧੀ ਪੁੱਤਾਂ ਦੀਆਂ ਵਡਿਆਈਆਂ ਮਾਰਨੀਆਂ ਜਾਂ ਨਿੰਦਾ ਚੁਗਲੀ ਕਰੀ ਜਾਣੀ ਕੋਈ ਸਿਹਤਮੰਦ ਰੁਝਾਨ ਨਹੀਂ ਹੈ।

ਲੈਨਿਨ ਨੇ ਇੱਕ ਵਾਰ ਕਿਹਾ ਸੀ ਕਿ "ਮੈਨੂੰ ਤੁਸੀਂ ਇਹ ਦੱਸੋ ਕਿ ਤੁਹਾਡੀ ਜੁਆਨੀ ਦੇ ਬੁੱਲਾਂ ਤੇ ਕਿਸ ਤਰ੍ਹਾਂ ਦੇ ਗੀਤ ਹਨ ਤਾਂ ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ"। ਹੁਣ ਇਸਦਾ ਜੁਆਬ ਅਸੀਂ ਕੀ ਦੇ ਸਕਦੇ ਹਾਂ। ਅੱਜ ਜਿਹੜੇ ਗੀਤ ਸਾਡੇ ਬੱਚਿਆਂ ਦੀ ਜ਼ੁਬਾਨ ਤੇ ਹਨ, ਇਹਨਾਂ ਗੀਤਾਂ ਨਾਲ਼ ਤਾਂ ਭਵਿੱਖ ਦੇਸ਼ ਤਾਂ ਕੀ ਕਿਸੇ ਦਾ ਵੀ ਨਹੀਂ ਰਹਿਣਾ। ਲਾਲਚੀ ਪਰਮੋਟਰ ਇਹੋ ਜਿਹੇ ਸਿੰਗਰਾਂ ਨੂੰ ਲਿਆਕੇ ਸਾਰੀ ਕੌਮ ਨਾਲ਼ ਹੀ ਧਰੋਹ ਕਮਾ ਰਹੇ ਹਨ। ਇਹ ਸਿੰਗਰ ਸਾਡੇ ਜੁਆਕਾਂ ਨੂੰ ਫੁਕਰੇ, ਕਰੀਮੀਨਲ ਜਾਂ ਗੈਂਗਸਟਰ ਬਣਾ ਸਕਦੇ ਹਨ, ਇਹ ਇਹਨਾਂ ਨੂੰ ਗੁਰਦਿਆਲ ਸਿੰਘ, ਨਾਨਕ ਸਿੰਘ ਜਾਂ ਗੋਰਕੀ ਨਹੀਂ ਬਣਾ ਸਕਦੇ। ਅਸੀਂ ਇਸ ਮੁਲਕ ਵਿੱਚ ਆਏ ਹਾਂ, ਅਬਾਦੀ ਦੇ ਅਨੁਪਾਤ ਦੇ ਹਿਸਾਬ ਗੋਰਿਆਂ ਦੇ ਬੱਚੇ ਇਹਨਾਂ ਫੁਕਰੀਆਂ ਐਕਟੀਵਿਟੀਆਂ ਵਿੱਚ ਬਹੁਤ ਘੱਟ ਹਨ, ਕੀ ਅਸੀਂ ਇਸਦਾ ਕਾਰਨ ਜਾਨਣ ਦੀ ਕੋਸ਼ਿਸ਼ ਕਰਾਂਗੇ। ਇਹ ਲੋਕ ਆਪਦੇ ਬੱਚਿਆਂ ਨੂੰ ਆਪ ਦੇ ਪੈਰਾਂ ਤੇ ਖੜ੍ਹਾ ਹੋਣਾਂ ਸਿਖਾਂਉਦੇ ਹਨ, ਉਹਨਾਂ ਦੀਆਂ ਫੌੜੀਆਂ ਨਹੀਂ ਬਣਦੇ। ਅਠਾਰਾਂ ਸਾਲ ਦੇ ਬੱਚੇ ਤੋਂ, ਰੂਮ ਐਂਡ ਬੋਰਡ ਦੇ ਪੈਸੇ ਲੈਣ ਲੱਗ ਜਾਂਦੇ ਹਨ, ਸਾਡੇ ਤਾਂ ਤੀਹ ਸਾਲ ਦਾ ਨੌਜੁਆਨ ਵੀ ਘਰ ਵਿੱਚ ਫਰੀ ਰਹਿੰਦਾ ਹੈ। ਜੇਕਰ ਸਾਡੇ ਜੁਆਕਾਂ ਨੂੰ ਵੀ ਇਹ ਮਹਿਸੂਸ ਕਰਾਇਆ ਜਾਵੇ ਕਿ ਅਠਾਰਾਂ ਸਾਲ ਦੀ ਉਮਰ ਤੋਂ ਬਾਦ ਤੁਸੀਂ ਆਪਦੇ ਪੈਰਾਂ ਤੇ ਖੜਨਾਂ ਹੈ ਤਾਂ ਹੋ ਸਕਦਾ ਹੈ, ਸਾਡੇ ਬੱਚੇ ਵੀ ਇਹਨਾਂ ਬੁਰੀਆਂ ਅਲਾਮਤਾਂ ਤੋਂ ਬਚ ਜਾਣ ਅਤੇ ਕਮਿਊਨਿਟੀ ਵਾਰ ਵਾਰ ਹੁੰਦੀ ਬਦਨਾਮੀ ਤੋਂ ਬਚ ਜਾਵੇ।



Best Mobile Signs
All kinds of mobile sign board
Kamal Sidhu
best mobile sign
call for yours
403-966-7167
bestmobilesigns@gmail.com

JTS
Logistics Ltd Calgary Alberta
Warehousing / Distribution
Farhad Zain
Mohammed
General Manager
5601 46St SE
Calgary, AB T2C 4Y5
farhad_its@hotmail.com
Office : 403-723-2379
Fax : 1888-732-1303
Cell : 403-519-9373

# 'ਇਹ ਅਨਿਆਂ ਸਦਾ ਨਹੀਂ ਰਹਿਣਾ' - ਅਰੁੰਧਤੀ ਰਾਏ ਦੀ ਪ੍ਰੋਫੈਸਰ ਸਾਈਬਾਬਾ ਦੇ ਨਾਂ ਚਿੱਠੀ

ਅਨੁਵਾਦ: ਬੂਟਾ ਸਿੰਘ

*[ਉੱਘੀ ਲੇਖਿਕਾ ਅਰੁੰਧਤੀ ਰਾਏ ਨੇ ਨਾਗਪੁਰ ਕੇਂਦਰੀ ਜੇਲ੍ਹ ਵਿਚ ਬੰਦ ਪ੍ਰੋਫੈਸਰ ਜੀਐੱਨ ਸਾਈਬਾਬਾ ਨੂੰ ਚਿੱਠੀ ਲਿਖੀ ਹੈ। ਜਿਸ ਵਿਚ ਲੇਖਿਕਾ ਨੇ ਪ੍ਰੋਫੈਸਰ ਸਾਈਬਾਬਾ ਨਾਲ ਆਪਣੀਆਂ ਮੁਲਾਕਾਤਾਂ ਦੇ ਭਾਵੁਕ ਪਲਾਂ ਦਾ ਜ਼ਿਕਰ ਕੀਤਾ ਹੈ। ਨਾਲ ਹੀ ਇਸ ਦੌਰ ਵਿਚ ਮੁਲਕ ਦੀ ਸੱਤਾ ਅਤੇ ਰਾਜ ਪ੍ਰਬੰਧ ਦੀ ਕਰੂਰਤਾ ਦਾ ਵਿਸਤਾਰ 'ਚ ਵੇਰਵਾ ਦਿੱਤਾ ਹੈ। ਇਸ ਵਿਚ ਜੇਲ੍ਹ 'ਚ ਬੰਦ ਉਹਨਾਂ ਦੇ ਹੋਰ ਸਾਥੀਆਂ ਨਾਲ ਅਦਾਲਤਾਂ ਦੇ ਵਿਹਾਰ ਤੋਂ ਲੈ ਕੇ ਕੋਵਿਡ-19 ਅਤੇ ਤਾਲਾਬੰਦੀ ਨਾਲ ਪੈਦਾ ਹੋਏ ਹਾਲਾਤ ਦੀਆਂ ਗੱਲਾਂ ਸ਼ਾਮਲ ਹਨ।]*





17 ਜੁਲਾਈ 2020
ਵੱਲ,
ਪ੍ਰੋਫੈਸਰ ਜੀਐੱਨ ਸਾਈਬਾਬਾ
ਅੰਡਾ ਸੈੱਲ, ਨਾਗਪੁਰ ਸੈਂਟਰਲ ਜੇਲ੍ਹ, ਨਾਗਪੁਰ, ਮਹਾਰਾਸ਼ਟਰ;

ਪਿਆਰੇ ਸਾਈ,

ਤੁਹਾਨੂੰ ਦੁਖੀ ਕੀਤਾ, ਇਸ ਦਾ ਮੈਨੂੰ ਅਫ਼ਸੋਸ ਹੈ। ਲੇਕਿਨ ਇੱਥੇ ਮੈਂ, ਅਰੁੰਧਤੀ ਰਾਏ ਲਿਖ ਰਹੀ ਹਾਂ। ਅੰਜੁਮ ਨਹੀਂ। ਉਸ ਨੂੰ ਤਾਂ ਤੁਸੀਂ ਤਿੰਨ ਸਾਲ ਪਹਿਲਾਂ ਲਿਖਿਆ ਸੀ। ਉਸ ਨੇ ਨਿਸ਼ਚੇ ਹੀ ਤੁਹਾਨੂੰ ਜਵਾਬ ਲਿਖਣਾ ਚਾਹਿਆ ਸੀ। ਲੇਕਿਨ ਮੈਂ ਕੀ ਕਹਾਂ - ਉਸ ਦੀ ਵਕਤ ਦੀ ਸਮਝ ਤੁਹਾਡੇ ਅਤੇ ਸਾਡੇ ਪੈਮਾਨੇ ਤੋਂ ਪੂਰੀ ਤਰ੍ਹਾਂ ਵੱਖਰੀ ਹੈ। ਵੱਟਸਐਪ ਅਤੇ ਟਵਿੱਟਰ ਦੀ ਤੇਜ਼ ਰਫ਼ਤਾਰ ਦੁਨੀਆ ਨੂੰ ਤਾਂ ਬੱਸ ਰਹਿਣ ਹੀ ਦਿਓ। ਇਕ ਚਿੱਠੀ ਦਾ ਜਵਾਬ ਲਿਖਣ (ਜਾਂ ਨਾ ਲਿਖਣ) ਲਈ ਤਿੰਨ ਸਾਲਾਂ ਦੌਰਾਨ ਉਸ ਨੇ ਕੁਛ ਵੀ ਨਹੀਂ ਸੋਚਿਆ। ਹੁਣ ਤਾਂ ਉਸ ਨੇ ਖ਼ੁਦ ਨੂੰ ਜੰਨਤ ਗੈਸਟ ਹਾਊਸ ਵਿਚਲੇ ਆਪਣੇ ਕਮਰੇ ਵਿਚ ਬੰਦ ਕਰ ਰੱਖਿਆ ਹੈ। ਅਤੇ ਉਸ ਦਾ ਸਾਰਾ ਵਕਤ ਗੀਤ ਗਾਉਣ 'ਚ ਬੀਤਦਾ ਹੈ।

ਇਹ ਸਾਲ ਗੁਜ਼ਰਨ ਦੌਰਾਨ ਕਮਾਲ ਦੀ ਗੱਲ ਇਹ ਹੋਈ ਹੈ ਕਿ ਉਸ ਨੇ ਇਕ ਵਾਰ ਫਿਰ ਗੀਤ ਗਾਉਣਾ ਸ਼ੁਰੂ ਕਰ ਦਿੱਤਾ ਹੈ। ਉਸ ਦੇ ਦਰਵਾਜ਼ੇ ਕੋਲੋਂ ਲੰਘਦੇ ਹੋਏ ਉਸ ਨੂੰ ਗਾਉਂਦੇ ਸੁਣਨਾ ਚੰਗਾ ਲੱਗਦਾ ਹੈ ਕਿ ਉਹ ਜਿਉਂਦੀ ਹੈ। 'ਤੁਮ ਬਿਨ ਕੌਨ ਖਬਰਿਆ ਮੋਰੀ ਲਾਏ' ਹਰ ਦਮ ਉਹ ਇਹੀ ਗਾਉਂਦੀ ਰਹਿੰਦੀ ਹੈ। ਮੇਰੇ ਲਈ ਇਹ ਦਿਲ ਤੋੜਨ ਵਾਲਾ ਹੁੰਦਾ ਹੈ। ਇਹ ਤੁਹਾਡੀ ਯਾਦ ਦਿਵਾਉਂਦਾ ਹੈ। ਜਦ ਉਹ ਗਾ ਰਹੀ ਹੁੰਦੀ ਹੈ ਤਾਂ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਉਹ ਤੁਹਾਡੇ ਬਾਰੇ ਸੋਚ ਰਹੀ ਹੁੰਦੀ ਹੈ। ਇਸ ਲਈ, ਚਾਹੇ ਉਸ ਨੇ ਤੁਹਾਨੂੰ ਜਵਾਬੀ ਚਿੱਠੀ ਨਹੀਂ ਲਿਖੀ ਲੇਕਿਨ ਫਿਰ ਵੀ ਤੁਸੀਂ ਸਮਝ ਹੀ ਸਕਦੇ ਹੋ ਕਿ ਉਹ ਅਕਸਰ ਤੁਹਾਡੇ ਲਈ ਗਾਉਂਦੀ ਹੈ। ਜੇ ਤੁਸੀਂ ਕੰਨਾਂ ਉੱਪਰ ਜ਼ੋਰ ਪਾ ਕੇ ਸੁਣਨ ਦੀ ਕੋਸ਼ਿਸ਼ ਕਰੋ ਤਾਂ ਤੁਸੀਂ ਉਸ ਨੂੰ ਸੁਣ ਸਕਦੇ ਹੋ।

ਜਦ ਮੈਂ ਸਾਡੀ ਵਕਤ ਦੀ ਸਮਝ ਦੀ ਗੱਲ ਕਹੀ ਤਾਂ ਮੈਂ ਸਹਿਜੇ ਹੀ ਕਹਿ ਦਿੱਤਾ, "ਤੁਹਾਡਾ ਅਤੇ ਮੇਰਾ", ਇਹ ਲਿਖਣਾ ਗ਼ਲਤ ਸੀ। ਕਿਉਂਕਿ, ਇਕ ਖ਼ੂੰਖ਼ਾਰ ਕਿਸਮ ਦੇ ਅੰਡਾ ਸੈੱਲ ਵਿਚ ਉਮਰ ਕੈਦ ਕੱਟਣਾ ਤੁਹਾਨੂੰ ਅੰਜੁਮ ਦਾ ਕਰੀਬੀ ਬਣਾਉਂਦਾ ਹੈ ਨਾ ਕਿ ਮੇਰਾ। ਜਾਂ, ਹੋ ਸਕਦਾ ਹੈ ਇਹ ਉਸ ਤੋਂ ਵੀ ਵੱਖਰੀ ਤਰ੍ਹਾਂ ਦਾ ਹੋਵੇ। ਮੈਂ ਹਮੇਸ਼ਾ ਅੰਗਰੇਜ਼ੀ ਜ਼ੁਬਾਨ ਦੇ ਵਾਕਅੰਸ਼ 'ਡੂਇੰਗ ਟਾਈਮਜ਼' - ਕੈਦ ਕੱਟਣੀ - ਬਾਰੇ ਸੋਚਦੀ ਰਹੀ ਹਾਂ। ਜਿਵੇਂ ਇਹ ਵਰਤਿਆ ਜਾਂਦਾ ਹੈ, ਉਸ ਤੋਂ ਕਿਤੇ ਵਧੇਰੇ ਡੂੰਘਾ ਭਾਵ ਇਸ ਦੇ ਵਜੂਦ ਸਮੋਇਆ ਹੋਇਆ ਹੈ। ਖ਼ੈਰ, ਇਸ ਵਿਚਾਰਹੀਣ ਟਿੱਪਣੀ ਦਾ ਮੈਨੂੰ ਅਫ਼ਸੋਸ ਹੈ। ਅੰਜੁਮ ਆਪਣੇ ਹੀ ਤਰੀਕੇ ਨਾਲ ਉਮਰ ਕੈਦ ਹੈ। ਉਹ ਆਪਣੇ ਕਬਰਿਸਤਾਨ ਵਿਚ ਹੈ - ਉਸ ਦਾ "ਬੁਚਰਜ਼ ਲਕ" ਵਾਲਾ ਜੀਵਨ। ਲੇਕਿਨ ਨਿਸ਼ਚੇ ਹੀ ਉਹ ਜੇਲ੍ਹ ਦੀਆਂ ਸੀਖਾਂ ਪਿੱਛੇ ਨਹੀਂ ਹੈ ਜਾਂ ਉਸ ਦੇ ਨਾਲ ਜੇਲ੍ਹਰ ਨਹੀਂ ਹੈ। ਉਸ ਦੇ ਜੇਲ੍ਹਰ ਉਹ ਪ੍ਰੇਤ ਹਨ ਅਤੇ ਜ਼ਾਕਿਰ ਮੀਆਂ ਦੀਆਂ ਯਾਦਾਂ ਹਨ।

ਖ਼ਾਕੀ ਕਥਾ

ਮੈਂ ਤੁਹਾਨੂੰ ਨਹੀਂ ਪੁੱਛ ਰਹੀ ਕਿ ਤੁਹਾਡਾ ਕੀ ਹਾਲ ਹੈ, ਕਿਉਂਕਿ ਮੈਨੂੰ ਇਹ ਵਸੰਤਾ ਤੋਂ ਪਤਾ ਲੱਗਦਾ ਰਹਿੰਦਾ ਹੈ। ਮੈਂ ਤੁਹਾਡੀ ਮੈਡੀਕਲ ਰਿਪੋਰਟ ਗ਼ੌਰ ਨਾਲ ਦੇਖੀ ਹੈ। ਇਹ ਮੇਰੀ ਕਲਪਨਾ ਤੋਂ ਵੀ ਬਾਹਰ ਹੈ ਕਿ ਉਹ ਤੁਹਾਨੂੰ ਜ਼ਮਾਨਤ ਉੱਪਰ ਰਿਹਾਅ ਨਹੀਂ ਕਰ ਰਹੇ ਜਾਂ ਪੈਰੋਲ ਉੱਪਰ ਕਿਉਂ ਨਹੀਂ ਛੱਡ ਰਹੇ। ਸੱਚ ਇਹੀ ਹੈ ਕਿ ਐਸਾ ਕੋਈ ਦਿਨ ਨਹੀਂ ਹੁੰਦਾ ਜਦ ਮੈਂ ਤੁਹਾਡੇ ਬਾਰੇ ਨਹੀਂ ਸੋਚਦੀ। ਕੀ ਉਹਨਾਂ ਨੇ ਹੁਣ ਵੀ ਤੁਹਾਨੂੰ ਅਖ਼ਬਾਰਾਂ ਦੇਣ ਉੱਪਰ ਪਾਬੰਦੀ ਲਾਈ ਹੋਈ ਹੈ ਅਤੇ ਹੁਣ ਵੀ ਕਿਤਾਬਾਂ ਰੋਕ ਲੈਂਦੇ ਹਨ? ਕੀ ਤੁਹਾਡੇ ਨਾਲ ਜੇਲ੍ਹ ਦੇ ਉਹ ਸਾਥੀ ਜੋ ਨਿੱਤ ਦੇ ਕਿਰਿਆਕ੍ਰਮ 'ਚ ਤੁਹਾਡੀ ਮਦਦ ਕਰਦੇ ਸਨ, ਕੀ ਹੁਣ ਵੀ ਤੁਹਾਡੇ ਨਾਲ ਹਨ, ਕੀ ਉਹ ਸ਼ਿਫਟ ਵਿਚ ਆਉਂਦੇ ਹਨ? ਕੀ ਉਹਨਾਂ ਦਾ ਵਿਹਾਰ ਦੋਸਤਾਨਾ ਹੈ? ਹੁਣ ਤੁਹਾਡੀ ਵ੍ਹੀਲ ਚੇਅਰ ਦੀ ਹਾਲਤ ਕੀ ਹੈ?

ਮੈਨੂੰ ਪਤਾ ਹੈ ਕਿ ਜਦ ਉਹਨਾਂ ਨੇ ਤੁਹਾਨੂੰ ਗ੍ਰਿਫ਼ਤਾਰ ਕੀਤਾ ਸੀ - ਦਰਅਸਲ ਤੁਹਾਨੂੰ ਘਰ ਪਰਤਦੇ ਵਕਤ ਅਗਵਾ ਕਰ ਲਿਆ ਗਿਆ ਸੀ ਜਿਵੇਂ ਕਿ ਤੁਸੀਂ ਖ਼ਤਰਨਾਕ ਮੁਜਰਿਮ ਹੋਵੋ - ਉਦੋਂ ਤੁਹਾਡੀ ਵ੍ਹੀਲ ਚੇਅਰ ਟੁੱਟ ਗਈ ਸੀ। (ਅਸੀਂ ਉਹਨਾਂ ਦੇ ਸ਼ੁਕਰਗੁਜ਼ਾਰ ਹਾਂ ਕਿ ਉਹਨਾਂ ਨੇ ਆਪਣੀ 'ਸਵੈਰੱਖਿਆ' ਲਈ ਤੁਹਾਨੂੰ ਵਿਕਾਸ ਦੂੱਬੇ ਨਹੀਂ ਬਣਾਇਆ, ਅਤੇ ਇਹ ਨਹੀਂ ਕਿਹਾ ਕਿ ਤੁਸੀਂ ਉਹਨਾਂ ਦੀ ਬੰਦੂਕ ਖੋਹ ਲਈ ਅਤੇ ਕੱਛ ਵਿਚ ਵ੍ਹੀਲ ਚੇਅਰ ਲੈ ਕੇ ਭੱਜ ਗਏ। ਸਾਨੂੰ ਸਾਹਿਤ ਦੀ ਇਕ ਨਵੀਂ ਸ਼ੈਲੀ ਈਜਾਦ ਕਰਨੀ ਚਾਹੀਦੀ ਹੈ, ਉਹ ਹੈ ਖ਼ਾਕੀ ਕਥਾ। ਸਾਲਾਨਾ ਲਿਟਰੇਰੀ ਫੈਸਟੀਵਲ ਲਈ ਸਾਡੇ ਕੋਲ ਕਾਫ਼ੀ ਕੁਛ ਹੋਵੇਗਾ। ਇਨਾਮ ਦੀ ਰਕਮ ਵੀ ਚੋਖੀ ਰਹੇਗੀ ਅਤੇ ਇਸ ਵਿਚ ਸਾਡੀਆਂ ਨਿਰਪੱਖ ਅਦਾਲਤਾਂ ਦੇ ਨਿਰਪੱਖ ਜੱਜ ਵੀ ਸ਼ਾਨਦਾਰ ਕਿਰਦਾਰ ਨਿਭਾਉਣਗੇ।)

ਮੈਨੂੰ ਉਹ ਦਿਨ ਚੇਤੇ ਹੈ ਜਦ ਤੁਸੀਂ ਮੈਨੂੰ ਮਿਲਣ ਆਉਂਦੇ ਸੀ। ਕੈਬ ਡਰਾਈਵਰ ਮੇਰੇ ਘਰ ਤੋਂ ਸੜਕ ਦੇ ਦੂਜੇ ਪਾਸਿਓਂ ਤੁਹਾਨੂੰ ਵ੍ਹੀਲ ਚੇਅਰ ਉੱਪਰ ਬਿਠਾ ਕੇ ਮੇਰੇ ਘਰ ਦੀਆਂ ਪੌੜੀਆਂ ਤੱਕ ਲੈ ਕੇ ਆਉਂਦਾ। ਮੇਰਾ ਘਰ ਇਸ ਵ੍ਹੀਲ ਚੇਅਰ ਦੇ ਅਨੁਕੂਲ ਨਹੀਂ ਸੀ। ਇਹਨੀਂ ਦਿਨੀਂ ਪੌੜੀਆਂ ਦੇ ਹਰ ਪੌਡੇ ਉੱਪਰ ਅਵਾਰਾ ਕੁੱਤੇ ਬੈਠੇ ਹੁੰਦੇ ਹਨ। ਚੱਢਾ ਸਾਹਿਬ (ਪਿਤਾ), ਬੰਜਾਰਨ (ਜਿਪਸੀ ਦੀ ਮਾਂ) ਅਤੇ ਉਹਨਾਂ ਦੇ ਬੱਚੇ ਲੀਲਾ ਅਤੇ ਸੀਲਾ ਬੈਠੇ ਹੁੰਦੇ ਹਨ। ਉਹ ਕੋਵਿਡ ਦੀ ਤਾਲਾਬੰਦੀ ਦੌਰਾਨ ਪੈਦਾ ਹੋਏ। ਇੰਞ ਲੱਗਦਾ ਹੈ ਜਿਵੇਂ ਉਹਨਾਂ ਨੇ ਮੈਨੂੰ ਅਪਣਾ ਲੈਣ ਦਾ ਨਿਰਣਾ ਲੈ ਲਿਆ ਹੋਵੇ। ਕੋਵਿਡ ਤਾਲਾਬੰਦੀ ਤੋਂ ਬਾਦ ਸਾਡੇ ਕਾਰ ਡਰਾਈਵਰ ਮਿੱਤਰ ਚਲੇ ਗਏ ਹਨ। ਉਹਨਾਂ ਦੇ ਲਈ ਕੋਈ ਕੰਮ ਨਹੀਂ ਬਚਿਆ। ਅਣਧੋਈਆਂ ਗੱਡੀਆਂ ਧੂੜ ਨਾਲ ਲੱਥਪੱਥ ਖੜ੍ਹੀਆਂ ਹਨ। ਹੌਲੀ-ਹੌਲੀ ਪੌਦੇ ਉੱਗ ਰਹੇ ਹਨ, ਲਗਰਾਂ ਅਤੇ ਕਰੂੰਬਲਾਂ ਵਧ ਰਹੀਆਂ ਹਨ। ਬੜੇ ਸ਼ਹਿਰਾਂ ਤੋਂ ਛੋਟੇ ਲੋਕ ਲਾਪਤਾ ਹੋ ਗਏ ਹਨ। ਸਾਰੇ ਤਾਂ ਨਹੀਂ ਲੇਕਿਨ ਬਹੁਤ ਸਾਰੇ। ਦਹਿ-ਲੱਖਾਂ।

ਮੈਂ ਅਜੇ ਵੀ ਅਚਾਰ ਦੇ ਉਹ ਛੋਟੇ ਛੋਟੇ ਡੱਬੇ ਸਾਂਭ ਕੇ ਰੱਖੇ ਹੋਏ ਹਨ ਜੋ ਤੁਸੀਂ ਮੇਰੇ ਲਈ ਬਣਾਇਆ ਸੀ। ਮੈਂ ਤੁਹਾਡੇ ਜੇਲ੍ਹੋਂ ਬਾਹਰ ਆਉਣ ਦਾ ਇੰਤਜ਼ਾਰ ਕਰਾਂਗੀ। ਮੈਂ ਇਹਨਾਂ ਨੂੰ ਖੋਲ੍ਹਣ ਦੀ ਇੰਤਜ਼ਾਰ ਕਰ ਰਹੀ ਹਾਂ ਜਦ ਅਸੀਂ ਇਕੱਠੇ ਬੈਠ ਕੇ ਖਾਣਾ ਖਾਵਾਂਗੇ। ਉਦੋਂ ਤੱਕ ਅਚਾਰ ਚੰਗੀ ਤਰ੍ਹਾਂ ਪੱਕ ਜਾਵੇਗਾ।

ਤੁਹਾਡੀ ਪਤਨੀ ਵਸੰਤਾ ਅਤੇ ਬੇਟੀ ਮੰਜੀਰਾ ਨਾਲ ਮੇਰੀ ਮੁਲਾਕਾਤ ਕਦੇ-ਕਦੇ ਹੀ ਹੁੰਦੀ ਹੈ। ਕਿਉਂਕਿ ਸਾਡੇ ਸਾਂਝੇ ਦੁੱਖ ਦਾ ਬੋਝ ਉਹਨਾਂ ਮੁਲਾਕਾਤਾਂ ਨੂੰ ਹੋਰ ਵੀ ਬੋਝਲ ਬਣਾ ਦਿੰਦਾ ਹੈ। ਇਹ ਸਿਰਫ਼ ਉਦਾਸੀ ਭਰਿਆ ਹੀ ਨਹੀਂ ਹੈ। ਇਸ ਵਿਚ ਗੁੱਸਾ, ਬੇਵਸੀ ਅਤੇ ਮੇਰੇ ਹਿੱਸੇ ਦੀ ਸ਼ਰਮਿੰਦਗੀ ਵੀ ਜੁੜ ਜਾਂਦੀ ਹੈ। ਸ਼ਰਮਿੰਦਗੀ ਇਸ ਗੱਲ ਦੀ ਕਿ ਮੈਂ ਜ਼ਿਆਦਾਤਰ ਲੋਕਾਂ ਦਾ ਧਿਆਨ ਤੁਹਾਡੇ ਨਾਲ ਹੋ ਰਹੇ ਅਨਿਆਂ ਵੱਲ ਨਹੀਂ ਖਿੱਚ ਸਕੀ। ਇਹ ਕਿੰਨੀ ਕਰੂਰਤਾ ਹੈ ਕਿ ਇਕ ਵਿਅਕਤੀ ਪ੍ਰਵਾਨਿਤ ਤੌਰ 'ਤੇ 90ਫ਼ੀ ਸਦੀ ਅਪਾਹਜ ਹੈ ਅਤੇ ਉਸ ਨੂੰ ਬੇਤੁਕੇ ਜੁਰਮ ਦੀ ਸਜ਼ਾ ਦੇ ਕੇ ਐਸੀ ਹਾਲਤ ਵਿਚ ਪਹੁੰਚਾ ਦਿੱਤਾ ਗਿਆ। ਸ਼ਰਮਿੰਦਗੀ ਇਸ ਗੱਲ ਦੀ ਕਿ ਅਸੀਂ ਵਾਹੋਦਾਹੀ ਨਿਆਂ ਪ੍ਰਣਾਲੀ ਦੀਆਂ ਭੁੱਲ-ਭੁਲੱਈਆਂ ਵਿੱਚੋਂ ਗੁਜ਼ਰਦੇ ਹੋਏ ਤੁਹਾਡੀ ਅਪੀਲ ਦਾ ਕੁਛ ਵੀ ਨਹੀਂ ਕਰ ਸਕੇ। ਨਿਆਂ ਪ੍ਰਣਾਲੀ ਦੀਆਂ ਇਹਨਾਂ ਭੁੱਲ-ਭੁਲੱਈਆਂ ਵਿੱਚੋਂ ਗੁਜ਼ਰਨ ਦਾ ਅਮਲ ਹੀ ਸਜ਼ਾ ਹੈ। ਮੈਨੂੰ ਭਰੋਸਾ ਹੈ ਕਿ ਸੁਪਰੀਮ ਕੋਰਟ ਆਖ਼ਿਰਕਾਰ ਤੁਹਾਨੂੰ ਬਰੀ ਕਰ ਦੇਵੇਗੀ। ਲੇਕਿਨ ਜਦ ਇਹ ਹੋ ਰਿਹਾ ਹੋਵੇਗਾ ਉਦੋਂ ਤੱਕ ਤੁਸੀਂ ਅਤੇ ਤੁਹਾਡੇ ਹੋਰ ਲੋਕ ਕਿੰਨਾ ਕੁਛ ਭੁਗਤ ਚੁੱਕੇ ਹੋਣਗੇ।

ਭਾਰਤ ਵਿਚ ਕੋਵਿਡ-19 ਇਕ ਤੋਂ ਬਾਦ ਦੂਜੀ ਜੇਲ੍ਹ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਇਸ ਵਿਚ ਤੁਹਾਡੀ ਜੇਲ੍ਹ ਵੀ ਸ਼ਾਮਲ ਹੈ। ਉਹ ਤੁਹਾਡੇ ਹਾਲਾਤ ਨੂੰ ਜਾਣਦੇ ਹਨ ਕਿ ਇਕ ਉਮਰ ਕੈਦ ਕਿੰਨੀ ਸੌਖ ਨਾਲ ਮੌਤ ਦੀ ਸਜ਼ਾ ਵਿਚ ਬਦਲ ਸਕਦੀ ਹੈ।

ਬਹੁਤ ਸਾਰੇ ਦੋਸਤ ਜੋ ਸਾਡੇ ਅਤੇ ਤੁਹਾਡੇ ਦੋਸਤ ਵੀ ਹਨ - ਵਿਦਿਆਰਥੀ, ਵਕੀਲ, ਪੱਤਰਕਾਰ, ਕਾਰਕੁੰਨ; ਜਿਹਨਾਂ ਨਾਲ ਮਿਲ ਕੇ ਅਸੀਂ ਖਾਣਾ ਖਾਧਾ, ਠਹਾਕੇ ਲਗਾਏ ਅਤੇ ਗਰਮਾ-ਗਰਮ ਬਹਿਸਾਂ ਕੀਤੀਆਂ, ਉਹ ਵੀ ਹੁਣ ਜੇਲ੍ਹ ਵਿਚ ਹਨ। ਮੈਨੂੰ ਨਹੀਂ ਪਤਾ ਕਿ ਤੁਹਾਨੂੰ ਵੀ.ਵੀ. (ਮੈਂ ਵਰਾਵਰਾ ਰਾਓ ਬਾਰੇ ਗੱਲ ਕਰ ਰਹੀ ਹਾਂ, ਕਿਤੇ ਜੇਲ੍ਹ ਸੈਂਸਰ ਇਸ ਨੂੰ ਕੋਈ ਕੋਡ ਹੀ ਨਾ ਸਮਝ ਲਵੇ) ਬਾਰੇ ਜਾਣਕਾਰੀ ਹੈ ਜਾਂ ਨਹੀਂ। 81 ਸਾਲ ਦੇ ਇਸ ਮਹਾਨ ਬਜ਼ੁਰਗ ਕਵੀ ਨੂੰ ਜੇਲ੍ਹ ਵਿਚ ਰੱਖ ਕੇ ਮਾਨੋ ਜੇਲ੍ਹ ਵਿਚ ਇਕ ਆਧੁਨਿਕ ਸਮਾਰਕ ਬਣਾ ਦਿੱਤਾ ਗਿਆ ਹੈ। ਉਹਨਾਂ ਦੀ ਸਿਹਤ ਦੀ ਖ਼ਬਰ ਬਹੁਤ ਫ਼ਿਕਰਮੰਦੀ ਵਾਲੀ ਹੈ। ਲੰਮੇ ਸਮੇਂ ਤੋਂ ਚੱਲ ਰਹੀ ਖ਼ਰਾਬ ਸਿਹਤ ਜੋ ਜੇਲ੍ਹ ਪ੍ਰਸ਼ਾਸਨ ਦੀ ਬੇਹੱਦ ਬੇਪ੍ਰਵਾਹੀ ਦਾ ਨਤੀਜਾ ਹੈ, ਤੋਂ ਬਾਦ ਹੁਣ ਉਹਨਾਂ ਨੂੰ ਕੋਰੋਨਾ ਦੀ ਲਾਗ ਵੀ ਲੱਗ ਚੁੱਕੀ ਹੈ।

ਉਹਨਾਂ ਨੂੰ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ ਹੈ। ਉਹਨਾਂ ਦਾ ਪਰਿਵਾਰ ਜੋ ਉਹਨਾਂ ਨੂੰ ਮਿਲਣ 'ਚ ਕਾਮਯਾਬ ਹੋ ਗਿਆ, ਨੇ ਦੱਸਿਆ ਕਿ ਉਹ ਬੈੱਡ ਉੱਪਰ ਇਕੱਲੇ ਹੀ ਪਏ ਸਨ, ਕੋਲ ਕੋਈ ਦੇਖਭਾਲ ਕਰਨ ਵਾਲਾ ਨਹੀਂ ਸੀ, ਚਾਦਰਾਂ ਪੇਸ਼ਾਬ ਨਾਲ ਲਿੱਬੜੀਆਂ ਹੋਈਆਂ ਸਨ। ਉਹ ਉੱਘੜ-ਦੁਗੜ ਤਰੀਕੇ ਨਾਲ ਬੋਲ ਰਹੇ ਸਨ ਅਤੇ ਤੁਰਨ ਦੀ ਹਾਲਤ ਵਿਚ ਨਹੀਂ ਸਨ। ਵੀ.ਵੀ.! ਉੱਘੜ-ਦੁਗੜੀਆਂ ਗੱਲਾਂ! ਉਹ ਬੰਦਾ ਜੋ ਹਜ਼ਾਰਾਂ ਲੱਖਾਂ ਲੋਕਾਂ ਨੂੰ ਸੰਬੋਧਨ ਕਰਨ ਲਈ ਇਕ ਪਲ ਵੀ ਨਹੀਂ ਲਾਉਂਦਾ ਸੀ, ਜਿਸ ਦੀਆਂ ਕਵਿਤਾਵਾਂ ਨੇ ਆਂਧਰਾ, ਤੇਲੰਗਾਨਾ ਅਤੇ ਪੂਰੇ ਭਾਰਤ ਦੇ ਲੱਖਾਂ ਕਰੋੜਾਂ ਲੋਕਾਂ ਦੀ ਸੋਚ-ਉਡਾਰੀ ਨੂੰ ਖੰਭ ਲਾਏ। ਮੈਨੂੰ ਵੀ.ਵੀ. ਦੀ ਜ਼ਿੰਦਗੀ ਦਾ ਫ਼ਿਕਰ ਵੱਢ-ਵੱਢ ਖਾ ਰਿਹਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਤੁਹਾਡੀ ਜ਼ਿੰਦਗੀ ਦਾ ਫ਼ਿਕਰ ਰਹਿੰਦਾ ਹੈ।

ਭੀਮਾ-ਕੋਰੇਗਾਓਂ ਕੇਸ ਦੇ ਬਾਕੀ ਹੋਰ ਮੁਲਜ਼ਿਮ - 'ਭੀਮਾ-ਕੋਰੇਗਾਓਂ-11' - ਵੀ ਤੰਦਰੁਸਤ ਨਹੀਂ ਹਨ। ਪੂਰਾ ਸ਼ੱਕ ਹੈ ਕਿ ਉਹਨਾਂ ਨੂੰ ਵੀ ਕੋਵਿਡ-19 ਦੀ ਲਾਗ ਲੱਗ ਚੁੱਕੀ ਹੈ। ਵਰਨੋਨ ਗੋਂਜ਼ਾਲਵੇਜ਼ ਜੋ ਜੇਲ੍ਹ ਵਿਚ ਵੀਵੀ ਦੀ ਦੇਖਭਾਲ ਕਰ ਰਹੇ ਹਨ, ਬਾਰੇ ਵੀ ਗੰਭੀਰ ਸ਼ੱਕ ਕੀਤਾ ਜਾ ਰਿਹਾ ਹੈ ਉਹ ਵੀ ਕੋਰੋਨਾ ਲਾਗ ਦੀ ਲਪੇਟ ਵਿਚ ਆ ਚੁੱਕੇ ਹਨ। ਗੌਤਮ ਨਵਲਖਾ ਅਤੇ ਆਨੰਦ ਤੇਲਤੁੰਬੜੇ ਵੀ ਉਸੇ ਜੇਲ੍ਹ ਵਿਚ ਹਨ। ਲੇਕਿਨ ਹਰ ਵਾਰ ਅਦਾਲਤ ਉਹਨਾਂ ਦੀ ਜ਼ਮਾਨਤ ਉੱਪਰ ਰਿਹਾਈ ਦੀ ਅਰਜ਼ੀ ਨੂੰ ਰੱਦ ਕਰ ਰਹੀ ਹੈ। ਅਤੇ, ਹੁਣ ਅਖਿਲ ਗੋਗੋਈ ਜੋ ਗੁਹਾਟੀ ਦੀ ਜੇਲ੍ਹ ਵਿਚ ਬੰਦ ਹਨ, ਉਹ ਵੀ ਕੋਰੋਨਾ ਦੀ ਲਪੇਟ ਵਿਚ ਆ ਗਏ ਹਨ।

ਸਾਡੇ ਉੱਪਰ ਕਿਸ ਤਰ੍ਹਾਂ ਦੇ ਤੰਗਦਿਲ, ਕਰੂਰ ਅਤੇ ਕਮਜ਼ੋਰ ਦਿਮਾਗਾਂ ਵਾਲੇ (ਜਾਂ ਸਿੱਧਾ ਕਹਿ ਦੇਈਏ ਮਹਾਂ ਮੂਰਖ਼) ਰਾਜ ਕਰ ਰਹੇ ਹਨ। ਸਾਡੇ ਵਰਗੇ ਇਕ ਵਿਸ਼ਾਲ ਮੁਲਕ ਦੀ ਸਰਕਾਰ ਦੀ ਹਾਲਤ ਕਿੰਨੀ ਤਰਸਯੋਗ ਹੈ ਜੋ ਆਪਣੇ ਹੀ ਲੇਖਕਾਂ ਅਤੇ ਵਿਦਵਾਨਾਂ ਤੋਂ ਭੈਭੀਤ ਹੈ।

ਸੰਗੀਤ, ਕਵਿਤਾ ਅਤੇ ਪ੍ਰੇਮ

ਕੁਛ ਮਹੀਨੇ ਪਹਿਲਾਂ ਇਸ ਤਰ੍ਹਾਂ ਲੱਗਦਾ ਸੀ ਕਿ ਹਾਲਾਤ ਬਦਲ ਰਹੇ ਹਨ। ਲੱਖਾਂ ਲੋਕ ਸੀਏਏ ਅਤੇ ਐੱਨਆਰਸੀ ਦੇ ਖ਼ਿਲਾਫ਼ ਸੜਕਾਂ ਉੱਪਰ ਨਿੱਕਲ ਆਏ ਸਨ, ਖ਼ਾਸ ਕਰਕੇ ਵਿਦਿਆਰਥੀ। ਇਹ ਰੋਮਾਂਚਕ ਸੀ। ਇਸ ਵਿਚ ਕਵਿਤਾਵਾਂ ਸਨ, ਸੰਗੀਤ ਅਤੇ ਮੁਹੱਬਤ ਸੀ। ਘੱਟੋਘੱਟ ਇਹ ਵਿਦਰੋਹ ਤਾਂ ਹੈ ਹੀ ਸੀ, ਜੇ ਇਹ ਇਨਕਲਾਬ ਨਹੀਂ ਸੀ ਫਿਰ ਵੀ ਇਹ ਤੁਹਾਨੂੰ ਚੰਗਾ ਲੱਗਣਾ ਸੀ।

ਲੇਕਿਨ ਇਸ ਦਾ ਅੰਤ ਬਹੁਤ ਮਾੜਾ ਹੋਇਆ। ਉੱਤਰ-ਪੂਰਬੀ ਦਿੱਲੀ ਵਿਚ ਫਰਵਰੀ ਮਹੀਨੇ ਵਿਚ 53 ਲੋਕ ਮਾਰੇ ਗਏ ਅਤੇ ਇਸ ਦਾ ਸਾਰਾ ਇਲਜ਼ਾਮ ਪੂਰੀ ਤਰ੍ਹਾਂ ਸ਼ਾਂਤਮਈ ਸੀਏਏ ਵਿਰੋਧੀ ਅੰਦੋਲਨਕਾਰੀਆਂ ਉੱਪਰ ਲਗਾ ਦਿੱਤਾ ਗਿਆ। ਜਿਹਨਾਂ ਹਥਿਆਰਬੰਦ ਚੌਕਸੀ ਗਿਰੋਹਾਂ ਨੇ ਆਲੇ-ਦੁਆਲੇ ਦੇ ਕਿਰਤੀ ਇਲਾਕਿਆਂ ਵਿਚ ਦੰਗਾ, ਲੁੱਟਮਾਰ ਅਤੇ ਕਤਲ ਕੀਤੇ ਅਤੇ ਪੁਲਿਸ ਉਹਨਾਂ ਨਾਲ ਮਿਲੀ ਹੋਈ ਸੀ, ਉਹਨਾਂ ਦੇ ਵਾਇਰਲ ਹੋਏ ਵੀਡੀਓ ਕਲਿੱਪਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਇਹ ਹਮਲਾ ਪੂਰੀ ਤਰ੍ਹਾਂ ਯੋਜਨਾਬੱਧ ਸੀ। ਤਣਾਓ ਬਹੁਤ ਦਿਨਾਂ ਤੋਂ ਬਣ ਚੁੱਕਾ ਸੀ। ਸਥਾਨਕ ਲੋਕ ਵੀ ਬਿਨਾਂ ਤਿਆਰੀ ਤੋਂ ਨਹੀਂ ਸਨ। ਉਹ ਲੋਕ ਵੀ ਲੜੇ। ਲੇਕਿਨ ਜਿਵੇਂ ਕਿ ਹਮੇਸ਼ਾ ਵਾਪਰਦਾ ਹੈ, ਮਜ਼ਲੂਮ ਲੋਕਾਂ ਨੂੰ ਹੀ ਜ਼ੁਲਮ ਕਰਨ ਵਾਲੇ ਬਣਾ ਦਿੱਤਾ ਗਿਆ। ਕੋਵਿਡ ਤਾਲਾਬੰਦੀ ਦੇ ਓਹਲੇ ਸੈਂਕੜੇ ਨੌਜਵਾਨਾਂ, ਜੋ ਜ਼ਿਆਦਾਤਰ ਮੁਸਲਮਾਨ ਹਨ ਅਤੇ ਜਿਹਨਾਂ ਵਿਚ ਬਹੁਤ ਸਾਰੇ ਵਿਦਿਆਰਥੀ ਹਨ, ਨੂੰ ਦਿੱਲੀ ਅਤੇ ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਅਫ਼ਵਾਹ ਵੀ ਫੈਲ ਰਹੀ ਹੈ ਕਿ ਕੁਛ ਫੜੇ ਗਏ ਨੌਜਵਾਨਾਂ ਉੱਪਰ ਦਬਾਓ ਪਾ ਕੇ ਹੋਰ ਸੀਨੀਅਰ ਕਾਰਕੁੰਨਾਂ ਨੂੰ ਇਸੇ ਕੇਸ ਵਿਚ ਫਸਾਇਆ ਜਾ ਰਿਹਾ ਹੈ। ਹਾਲਾਂਕਿ ਉਹਨਾਂ ਵਿਰੁੱਧ ਪੁਲਿਸ ਕੋਲ ਕੋਈ ਸੱਚਾ ਸਬੂਤ ਨਹੀਂ ਹੈ।

ਕਹਾਣੀ ਘਾੜੇ ਇਕ ਨਵੀਂ ਕਹਾਣੀ ਨੂੰ ਵਿਸਤਾਰ ਦੇਣ 'ਚ ਰੁੱਝੇ ਹੋਏ ਹਨ। ਕਹਾਣੀ ਇਹ ਬਣਾਈ ਗਈ ਹੈ ਕਿ ਜਦ ਰਾਸ਼ਟਰਪਤੀ ਟਰੰਪ ਦਿੱਲੀ ਵਿਚ ਸੀ ਉਸ ਵਕਤ ਦਿੱਲੀ ਵਿਚ ਕਤਲੇਆਮ ਕਰਕੇ ਸਰਕਾਰ ਨੂੰ ਬਦਨਾਮ ਕਰਨ ਦੀ ਇਕ ਡੂੰਘੀ ਸਾਜ਼ਿਸ਼ ਰਚੀ ਗਈ ਸੀ। ਜਦ ਪੁਲਿਸ ਨੇ ਇਸ ਕਥਿਤ ਸਾਜ਼ਿਸ਼ ਦੀਆਂ ਤਾਰੀਕਾਂ ਦੱਸੀਆਂ ਤਾਂ ਪਤਾ ਲੱਗਾ ਕਿ ਸਾਜ਼ਿਸ਼ ਤਾਂ ਟਰੰਪ ਦੀ ਫੇਰੀ ਦਾ ਫ਼ੈਸਲਾ ਲਏ ਜਾਣ ਤੋਂ ਵੀ ਪਹਿਲਾਂ ਘੜ ਲਈ ਗਈ ਸੀ! ਸੀਏਏ ਵਿਰੋਧੀ ਕਾਰਕੁੰਨ ਵ੍ਹਾਈਟ ਹਾਊਸ ਵਿਚ ਜਾ ਘੁਸੇ ਸਨ! ਅਤੇ ਇਹ ਕਿਸ ਤਰ੍ਹਾਂ ਦੀ



ਸਾਜ਼ਿਸ਼ ਸੀ? ਪ੍ਰਦਰਸ਼ਨਕਾਰੀਆਂ ਨੇ ਆਪਣੀਆਂ ਆਪ ਹੀ ਹੱਤਿਆਵਾਂ ਕਰ ਲਈਆਂ ਤਾਂ ਜੁ ਸਰਕਾਰ ਦੀ ਬਦਨਾਮੀ ਹੋਵੇ?

ਸਭ ਕੁਛ ਸਿਰ ਭਾਰ ਖੜ੍ਹਾ ਹੈ। ਮਾਰ ਦਿੱਤਾ ਜਾਣਾ ਹੀ ਜੁਰਮ ਬਣਾ ਦਿੱਤਾ ਗਿਆ ਹੈ। ਉਹ ਤੁਹਾਡੀ ਲਾਸ਼ ਦੇ ਖ਼ਿਲਾਫ਼ ਕੇਸ ਦਰਜ ਕਰਨਗੇ ਅਤੇ ਤੁਹਾਡੀ ਆਤਮਾ ਨੂੰ ਥਾਣੇ ਵਿਚ ਹਾਜ਼ਰ ਹੋਣ ਦੇ ਸੰਮਨ ਭੇਜਣਗੇ। ਜਦ ਮੈਂ ਇਹ ਲਿਖ ਰਹੀ ਹਾਂ ਤਾਂ ਅਰਰਿਆ, ਬਿਹਾਰ ਤੋਂ ਇਕ ਔਰਤ ਦੀ ਖ਼ਬਰ ਆ ਰਹੀ ਹੈ ਜਿਸ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਾਈ ਸੀ ਕਿ ਉਸ ਨਾਲ ਸਮੂਹਿਕ ਬਲਾਤਕਾਰ ਹੋਇਆ ਹੈ। ਉਸ ਔਰਤ ਅਤੇ ਉਸ ਦੇ ਨਾਲ ਆਈ ਔਰਤ ਕਾਰਕੁੰਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਕੁਛ ਐਸੀਆਂ ਬੇਚੈਨ ਕਰਨ ਵਾਲੀਆਂ ਘਟਨਾਵਾਂ ਵਾਪਰਦੀਆਂ ਹਨ ਜਿਹਨਾਂ ਵਿਚ ਜ਼ਰੂਰੀ ਨਹੀਂ ਕਿ ਲਹੂ ਡੁੱਲ੍ਹੇ, ਜਨੂੰਨੀ ਕਤਲ ਹੋਵੇ, ਹਜੂਮੀ ਕਤਲ ਹੋਵੇ ਜਾਂ ਬੜੇ ਪੈਮਾਨੇ 'ਤੇ ਲੋਕਾਂ ਨੂੰ ਜੇਲ੍ਹ ਵਿਚ ਸੁੱਟਿਆ ਜਾਵੇ। ਥੋੜ੍ਹੇ ਦਿਨ ਪਹਿਲਾਂ ਕੁਛ ਲੋਕਾਂ ਜਾਂ ਕਹੋ ਠੱਗਾਂ ਨੇ ਇਲਾਹਾਬਾਦ ਵਿਚ ਜ਼ਬਰਦਸਤੀ ਇਕ ਗਲੀ ਦੇ ਨਿੱਜੀ ਘਰਾਂ ਨੂੰ ਭਗਵਾਂ ਰੰਗ ਕਰ ਦਿੱਤਾ ਅਤੇ ਉਹਨਾਂ ਉੱਪਰ ਹਿੰਦੂ ਦੇਵਤਿਆਂ ਦੀਆਂ ਤਸਵੀਰਾਂ ਬਣਾ ਦਿੱਤੀਆਂ। ਕਿਸੇ ਕਾਰਨ ਮੈਂ ਕੰਬ ਗਈ ਹਾਂ।

ਸੱਚੀ ਗੱਲ ਏ, ਮੈਨੂੰ ਨਹੀਂ ਪਤਾ ਕਿ ਭਾਰਤ ਇਸ ਰਾਹ 'ਤੇ ਹੋਰ ਕਿੰਨੇ ਦਿਨ ਚੱਲ ਸਕੇਗਾ।

ਜਦ ਤੁਸੀਂ ਜੇਲ੍ਹ ਤੋਂ ਬਾਹਰ ਆਓਗੇ ਤਾਂ ਤੁਸੀਂ ਦੇਖੋਗੇ ਇਹ ਦੁਨੀਆ ਕਿੰਨੀ ਬਦਲ ਚੁੱਕੀ ਹੈ। ਕੋਵਿਡ-19 ਅਤੇ ਬਿਨਾਂ ਸੋਚੇ-ਵਿਚਾਰੇ ਥੋਪੀ ਤਾਲਾਬੰਦੀ ਨੇ ਤਬਾਹੀ ਮਚਾ ਦਿੱਤੀ ਹੈ। ਇਸ ਦੇ ਸ਼ਿਕਾਰ ਸਿਰਫ਼ ਗ਼ਰੀਬ ਹੀ ਨਹੀਂ ਹਨ ਸਗੋਂ ਮੱਧਵਰਗੀ ਵੀ ਹਨ। ਹਿੰਦੁਤਵ ਬ੍ਰਿਗੇਡ ਦੇ ਲੋਕ ਵੀ ਇਸ ਦੀ ਜ਼ੱਦ ਵਿਚ ਆਉਣਗੇ। ਕੀ ਤੁਸੀਂ ਇਸ ਦੀ ਕਲਪਨਾ ਕਰ ਸਕਦੇ ਹੋ ਕਿ ਮਹੀਨਿਆਂ ਤੱਕ ਚੱਲਣ ਵਾਲੀ ਮੁਲਕ-ਵਿਆਪੀ ਕਰਫ਼ਿਊਨੁਮਾ ਤਾਲਾਬੰਦੀ ਕਰਨ ਲਈ 1 ਅਰਬ 38 ਲੱਖ ਲੋਕਾਂ ਨੂੰ ਸਿਰਫ਼ ਚਾਰ ਘੰਟੇ (ਰਾਤ ਦੇ 8 ਵਜੇ ਤੋਂ ਅੱਧੀ ਰਾਤ ਤੱਕ) ਦੀ ਮੋਹਲਤ ਦਿੱਤੀ ਗਈ?

ਤੁਰੇ ਜਾ ਰਹੇ ਲੋਕ, ਸਮਾਨ, ਮਸ਼ੀਨਾਂ, ਬਾਜ਼ਾਰ, ਫੈਕਟਰੀਆਂ, ਸਕੂਲ, ਯੂਨੀਵਰਸਿਟੀਆਂ ਸਭ ਕੁਛ ਸੱਚੀਓਂ ਹੀ ਜਿੱਥੇ ਸੀ ਉੱਥੇ ਹੀ ਰੁਕ ਗਿਆ। ਚਿਮਨੀਆਂ 'ਚੋਂ ਨਿਕਲਦਾ ਧੂੰਆਂ, ਸੜਕਾਂ ਉੱਪਰ ਚੱਲਦੇ ਟਰੱਕ, ਵਿਆਹਾਂ ਵਿਚ ਆਏ ਪ੍ਰਾਹੁਣੇ, ਹਸਪਤਾਲਾਂ ਵਿਚ ਦਵਾ-ਦਾਰੂ ਲੈਂਦੇ ਮਰੀਜ਼ ਥਾਏਂ ਰੁਕ ਗਏ। ਕੋਈ ਨੋਟਿਸ ਤੱਕ ਨਹੀਂ ਦਿੱਤਾ ਗਿਆ। ਇਹ ਵਿਸ਼ਾਲ ਮੁਲਕ ਅਚਾਨਕ ਉਸੇ ਤਰ੍ਹਾਂ ਠੱਪ ਹੋ ਗਿਆ ਜਿਵੇਂ ਅਮੀਰ ਵਿਗੜੈਲ ਬੱਚਾ ਖਿਡਾਉਣਾ ਘੜੀ ਦੀ ਸੂਈ ਨੂੰ ਇਕਦਮ ਧੂਹ ਕੇ ਬਾਹਰ ਕਰ ਦੇਵੇ? ਕਿਉਂ? ਕਿਉਂ ਕਿ ਉਹ ਐਸਾ ਕਰ ਸਕਦਾ ਹੈ।

ਕੋਵਿਡ-19 ਇਕ ਐਸੇ ਐਕਸਰੇ ਵਿਚ ਬਦਲ ਚੁੱਕਾ ਹੈ ਜਿਸ ਨਾਲ ਜਿਸ ਜਾਤੀ, ਜਮਾਤੀ, ਧਰਮ ਅਤੇ ਲਿੰਗਕ ਅਨਿਆਂ ਨਾਲ ਸਾਡਾ ਸਮਾਜ ਗ੍ਰਸਿਆ ਹੋਇਆ ਹੈ, ਉਹ ਸਾਫ਼-ਸਾਫ਼ ਨਜ਼ਰ ਆਉਣਾ ਸ਼ੁਰੂ ਹੋ ਗਿਆ ਹੈ। ਤਬਾਹੀ ਮਚਾਉਣ ਵਾਲੀ ਤਾਲਾਬੰਦੀ ਯੋਜਨਾ ਦੀ ਮਿਹਰਬਾਨੀ ਨਾਲ ਆਰਥਿਕਤਾ ਤਕਰੀਬਨ ਢਹਿਢੇਰੀ ਹੋਣ ਵਾਲੀ ਹੈ। ਜਦਕਿ ਵਾਇਰਸ ਆਪਣੇ ਰਾਹ 'ਤੇ ਬਜ਼ਿੱਦ ਹੈ ਅਤੇ ਅੱਗੇ ਵਧਦਾ ਜਾ ਰਿਹਾ ਹੈ। ਇਵੇਂ ਲੱਗ ਰਿਹਾ ਹੈ ਜਿਵੇਂ ਅਸੀਂ ਰੁਕ ਚੁੱਕੇ ਵਿਸਫੋਟ ਵਿੱਚੋਂ ਲੰਘ ਰਹੇ ਹੋਈਏ। ਇਹ ਦੁਨੀਆ ਕੈਸੀ ਹੈ ਇਹ ਤਾਂ ਅਸੀਂ ਜਾਣਦੇ ਹੀ ਹਾਂ, ਇਸ ਦੇ ਟੁੱਟੇ-ਖਿੰਡੇ ਹੋਏ ਟੁਕੜੇ, ਸਭ ਕੁਛ ਹਵਾ ਵਿਚ ਲਟਕਿਆ ਹੋਇਆ ਹੈ... ਸਾਨੂੰ ਅਜੇ ਵੀ ਪਤਾ ਨਹੀਂ ਲੱਗ ਰਿਹਾ ਇਹ ਟੁੱਟੀ-ਬਿੱਖਰੀ ਦੁਨੀਆ ਆਖ਼ਿਰ ਕਿੱਥੇ ਜਾ ਕੇ ਡਿੱਗੇਗੀ ਅਤੇ ਨੁਕਸਾਨ ਕਿੰਨਾ ਕੁ ਹੋਵੇਗਾ।

ਲੱਖਾਂ ਮਜ਼ਦੂਰ ਸ਼ਹਿਰਾਂ ਵਿਚ ਰੁਕ ਗਏ। ਉਹਨਾਂ ਦੇ ਲਈ ਨਾ ਰੈਣ ਬਸੇਰਾ, ਨਾ ਭੋਜਨ, ਨਾ ਪੈਸਾ-ਧੇਲਾ ਅਤੇ ਨਾ ਹੀ ਆਵਾਜਾਈ ਦਾ ਕੋਈ ਇੰਤਜ਼ਾਮ ਸੀ। ਉਹਨਾਂ ਨੇ ਆਪਣੇ ਪਿੰਡਾਂ ਵੱਲ ਸੈਂਕੜੇ ਅਤੇ ਹਜ਼ਾਰਾਂ ਕਿਲੋਮੀਟਰ ਪੈਦਲ ਹੀ ਚਾਲੇ ਪਾ ਦਿੱਤੇ। ਜਦ ਉਹ ਜਾ ਰਹੇ ਸਨ ਤਾਂ ਉਹਨਾਂ ਨੂੰ ਪੁਲਿਸ ਦੀ ਕੁੱਟਮਾਰ ਅਤੇ ਅਪਮਾਨ ਸਹਿਣਾ ਪਿਆ। ਇਸ ਹਿਜ਼ਰਤ ਵਿਚ ਐਸਾ ਕੁਛ ਸੀ ਜਿਸ ਨੇ ਜੌਹਨ ਸਟੇਨਬੇਕ ਦੀ ਕਿਤਾਬ 'ਦ ਗ੍ਰੇਪਸ ਆਫ਼ ਰੋਥ' ਚੇਤੇ ਕਰਾ ਦਿੱਤੀ। ਇਸ ਨੂੰ ਮੈਂ ਪਿੱਛੇ ਜਹੇ ਹੀ ਪੜ੍ਹਿਆ ਹੈ। ਕਿਆ ਸ਼ਾਨਦਾਰ ਕਿਤਾਬ ਹੈ। ਨਾਵਲ ਵਿਚ ਜੋ ਵਾਪਰਦਾ ਹੈ (ਅਮਰੀਕਾ ਵਿਚ ਮੰਦਵਾੜੇ ਦੌਰਾਨ ਹੋਏ ਵਿਆਪਕ ਪ੍ਰਵਾਸ ਦਾ ਵਰਨਣ ਹੈ) ਉਸ ਦਾ ਅਤੇ ਸਾਡੇ ਇੱਥੇ ਦਾ ਜੋ ਫ਼ਰਕ ਹੈ ਉਹ ਇਹੀ ਦਿਖਾਉਂਦਾ ਹੈ ਕਿ ਇੱਥੇ ਭਾਰਤ ਦੇ ਅਵਾਮ ਵਿਚ ਰੋਹ ਦੀ ਉੱਕਾ ਹੀ ਅਣਹੋਂਦ ਸੀ। ਹਾਂ, ਕਦੇ-ਕਦੇ ਗੁੱਸਾ ਵਿਸਫੋਟ ਵਿਚ ਬਦਲਿਆ ਜ਼ਰੂਰ ਲੇਕਿਨ ਇਹ ਇਸ ਤਰ੍ਹਾਂ ਦਾ ਨਹੀਂ ਸੀ ਜਿਸ ਨੂੰ ਕਾਬੂ ਨਾ ਕੀਤਾ ਜਾ ਸਕਦਾ ਹੋਵੇ। ਇਹ ਦੇਖ ਕੇ ਕੰਬਣੀ ਛਿੜਦੀ ਹੈ ਕਿ ਲੋਕਾਂ ਨੇ ਤਬਾਹੀ ਨੂੰ ਸਵੀਕਾਰ ਕਰ ਲਿਆ। ਅਵਾਮ ਕਿੰਨਾ ਆਗਿਆਕਾਰੀ ਹੈ! ਹੁਕਮਰਾਨ ਜਮਾਤ (ਅਤੇ ਨਾਲ ਹੀ ਜਾਤ ਲਈ) ਕਿੰਨੀ ਸੌਖ ਹੈ। ਇਸ ਤੋਂ ਪਤਾ ਲੱਗਦਾ ਹੈ ਕਿ 'ਅਵਾਮ' ਵਿਚ ਭੁਗਤਣ ਅਤੇ ਬਰਦਾਸ਼ਤ ਕਰਨ ਦਾ ਕਿੰਨਾ ਮਾਦਾ ਹੈ। ਲੇਕਿਨ ਇਹ ਜੋ ਅਸੀਸ ਜਾਂ ਸਰਾਪ ਨੂੰ ਝੱਲਣ ਦਾ ਮਾਦਾ ਹੈ ਇਹ ਕੈਸਾ ਗੁਣ ਹੈ? ਮੈਂ ਇਸ ਉੱਪਰ ਬਹੁਤ ਸੋਚਦੀ ਹਾਂ।

ਜਦ ਲੱਖਾਂ ਕਿਰਤੀ ਲੋਕ ਆਪਣੇ ਮਹਾਨ ਕੂਚ ਉੱਪਰ ਨਿਕਲ ਤੁਰੇ ਤਾਂ ਟੀਵੀ ਚੈਨਲਾਂ ਅਤੇ ਮੁੱਖਧਾਰਾ ਦੇ ਮੀਡੀਆ ਨੇ ਅਚਾਨਕ ਹੀ 'ਪ੍ਰਵਾਸੀ ਮਜ਼ਦੂਰ' ਦੀ ਧਾਰਨਾ ਖੋਜ ਲਈ। ਇਹਨਾਂ ਪ੍ਰਵਾਸੀ ਮਜ਼ਦੂਰਾਂ ਦੇ ਸ਼ੋਸ਼ਣ ਲਈ ਬਹੁਤ ਸਾਰੇ ਕਾਰਪੋਰੇਟ ਪੁਸ਼ਤਪਨਾਹੀ ਵਾਲੇ ਮਗਰਮੱਛੀ ਹੰਝੂ ਕੇਰੇ ਜਾਣ ਲੱਗੇ। ਰਿਪੋਰਟਰਾਂ ਨੇ ਆਪਣੇ ਮਾਈਕ੍ਰੋਫ਼ੋਨ ਤੁਰੇ ਜਾ ਰਹੇ ਲੋਕਾਂ ਦੇ ਮੂੰਹਾਂ ਵਿਚ ਘੁਸੇੜ ਦਿੱਤੇ, "ਤੁਸੀਂ ਕਿੱਥੇ ਜਾ ਰਹੇ ਹੋ? ਤੁਹਾਡਾ ਕੋਲ ਕਿੰਨਾ ਪੈਸਾ-ਧੇਲਾ ਬਚਿਆ ਹੈ? ਤੁਸੀਂ ਕਿੰਨੇ ਦਿਨ ਤੁਰਦੇ ਰਹੋਗੇ?"

ਲੇਕਿਨ ਤੁਸੀਂ ਅਤੇ ਤੁਹਾਡੇ ਵਰਗੇ ਲੋਕ ਜੋ ਜੇਲ੍ਹਾਂ ਵਿਚ ਬੰਦ ਹਨ ਉਹ ਇਸ ਉਜਾੜੇ ਅਤੇ ਗ਼ਰੀਬੀ ਦੀ ਜਨਣੀ ਇਸੇ ਮਸ਼ੀਨ ਦੇ ਖ਼ਿਲਾਫ਼ ਸੰਘਰਸ਼ ਕਰਦੇ ਰਹੇ ਹਨ। ਮਸ਼ੀਨ ਜੋ ਵਾਤਾਵਰਣ ਨੂੰ ਤਬਾਹ ਕਰਦੀ ਹੈ ਅਤੇ ਲੋਕਾਂ ਨੂੰ ਧੱਕੇ ਨਾਲ ਪਿੰਡਾਂ ਤੋਂ ਉਜਾੜਦੀ ਹੈ। ਤੁਹਾਡੇ ਵਰਗੇ ਲੋਕ ਨਿਆਂ ਲਈ ਲੜਦੇ ਹਨ। ਅਤੇ, ਇਹੀ ਟੀਵੀ ਚੈਨਲ ਅਤੇ ਕੁਛ ਮਾਮਲਿਆਂ ਵਿਚ ਤਾਂ ਉਹੀ ਪੱਤਰਕਾਰ ਅਤੇ ਤਬਸਰਾਕਾਰ ਇਸੇ ਮਸ਼ੀਨ ਦੇ ਕਸੀਦੇ ਪੜ੍ਹਦੇ ਦੇਖੇ ਜਾ ਸਕਦੇ ਹਨ। ਉਹੀ ਤੁਹਾਡੇ ਉੱਪਰ ਇਲਜ਼ਾਮ ਲਾਉਂਦੇ ਰਹੇ, ਤੁਹਾਡੇ ਨਾਮ ਨੂੰ ਕਲੰਕਿਤ ਅਤੇ ਬਦਨਾਮ ਕਰਦੇ ਰਹੇ। ਜ਼ਰਾ ਦੇਖੋ, ਉਹੀ ਹੁਣ ਮਗਰਮੱਛੀ ਹੰਝੂ ਕੇਰ ਰਹੇ ਹਨ। ਉਹ ਭਾਰਤ ਦੀ ਅਨੁਮਾਨਿਤ ਕੁਲ ਘਰੇਲੂ ਉਪਜ ਦੇ ਰਿਣਾਤਮਕ 9.5ਫ਼ੀ ਸਦੀ ਵਿਕਾਸ ਤੋਂ ਭੈਭੀਤ ਹਨ - ਜਦ ਕਿ ਤੁਸੀਂ ਸਾਰੇ ਜੇਲ੍ਹ ਵਿਚ ਹੋ।

ਇਹਨਾਂ ਹੰਝੂਆਂ ਦੌਰਾਨ ਵੀ ਮੀਡੀਆ ਸਰਕਾਰ ਦੀ ਹਰ ਪੇਸ਼ਕਦਮੀ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਣ ਵਿਚ ਜੁਟਿਆ ਹੋਇਆ ਹੈ। ਕਈ ਵਾਰ ਤਾਂ ਪੁਰਜੋਸ਼ ਸਵਾਗਤ ਦਾ ਹੜ੍ਹ ਜਿਹਾ ਆ ਜਾਂਦਾ ਹੈ। ਇਸ ਤਾਲਾਬੰਦੀ ਦੌਰਾਨ ਮੈਂ ਪਹਿਲਾ ਨਾਵਲ ਵੈਸਿਲੀ ਗ੍ਰੋਸਮਾਨ ਦਾ ਸਟਾਲਿਨਗਰਾਦ ਪੜ੍ਹਿਆ। (ਗ੍ਰੋਸਮਾਨ ਲਾਲ ਫ਼ੌਜ ਦੀ ਮੋਹਰਲੀ ਕਤਾਰ ਵਿਚ ਸੀ। ਉਸ ਦਾ ਦੂਜਾ ਨਾਵਲ ਜ਼ਿੰਦਗੀ ਅਤੇ ਹੋਣੀ ਸੀ ਜਿਸ ਨੇ ਸੋਵੀਅਤ ਸਰਕਾਰ ਦੀ ਨਾਰਾਜ਼ਗੀ ਸਹੇੜ ਲਈ ਅਤੇ ਖਰੜੇ ਨੂੰ 'ਗ੍ਰਿਫ਼ਤਾਰ' ਕਰ ਲਿਆ ਗਿਆ - ਜਿਵੇਂ ਉਹ ਮਨੁੱਖੀ ਵਜੂਦ ਹੋਵੇ।) ਇਹ ਇਕ ਗੁਸਤਾਖ਼ ਅਤਿ-ਅਭਿਲਾਸ਼ੀ ਕਿਤਾਬ ਹੈ। ਐਸੀ ਗੁਸਤਾਖ਼ੀ ਸਿਰਜਣਾਤਮਕ ਲੇਖਣੀ ਦੀਆਂ ਜਮਾਤਾਂ ਵਿਚ ਪੜ੍ਹਾਈ ਨਹੀਂ ਜਾ ਸਕਦੀ। ਖ਼ੈਰ, ਜਿਹਨਾਂ ਕਾਰਨਾਂ ਕਰਕੇ ਮੈਨੂੰ ਇਸ ਕਿਤਾਬ ਦਾ ਖ਼ਿਆਲ ਆਇਆ ਉਹ ਅਦਭੁੱਤ ਤਰੀਕੇ ਨਾਲ ਕੀਤਾ ਉਹ ਵਰਨਣ ਹੈ ਜਿਸ ਨੂੰ ਨਾਜ਼ੀ ਜਰਮਨ ਅਫ਼ਸਰ ਨੇ ਰੂਸ ਵਿਚ ਮੋਹਰੀ ਮੁਹਾਜ਼ ਦੀ ਲੜਾਈ ਛੱਡ ਕੇ ਭੱਜ ਜਾਣ ਤੋਂ ਬਾਦ ਬਰਲਿਨ ਪਹੁੰਚ ਕੇ ਬਿਆਨ ਕੀਤਾ ਹੈ। ਯੁੱਧ ਪਹਿਲਾਂ ਹੀ ਜਰਮਨੀ ਨੂੰ ਗ਼ਲਤ ਪਾਸੇ ਲੈ ਤੁਰਿਆ ਸੀ। ਅਤੇ ਉਹ ਅਫ਼ਸਰ ਹਿਟਲਰ ਨੂੰ ਇਸ ਗੱਲ ਦੀ ਜ਼ਮੀਨੀ ਹਕੀਕਤ ਦੱਸਣਾ ਚਾਹ ਰਿਹਾ ਹੈ। ਲੇਕਿਨ ਜਦ ਉਹ ਹਿਟਲਰ ਦੇ ਸਾਹਮਣੇ ਆਉਂਦਾ ਹੈ ਤਾਂ ਉਹ ਆਪਣੇ ਆਕਾ ਤੋਂ ਇਸ ਕਦਰ ਡਰ ਜਾਂਦਾ ਹੈ ਅਤੇ ਇੰਨਾ ਰੋਮਾਂਚਤ ਹੋ ਜਾਂਦਾ ਹੈ ਕਿ ਉਸ ਦਾ ਦਿਮਾਗ ਕੰਮ ਕਰਨਾ ਬੰਦ ਕਰ ਦਿੰਦਾ ਹੈ। ਇਹ ਫ਼ਿਊਰਰ ਦੇ ਆਲੇ-ਦੁਆਲੇ ਜੁੜਿਆ ਖ਼ੁਸ਼ਾਮਦੀ ਸ਼ਬਦਾਂ ਦਾ ਐਸਾ ਝੁਰਮਟ ਹੈ ਜੋ ਉਸ ਨੂੰ ਉਹੀ ਦੱਸਦਾ ਹੈ ਜੋ ਉਹ ਸੁਣਨਾ ਪਸੰਦ ਕਰਦਾ ਹੈ।

ਇਹੀ ਹੈ ਜੋ ਸਾਡੇ ਮੁਲਕ ਵਿਚ ਵਾਪਰ ਰਿਹਾ ਹੈ। ਪੂਰੀ ਤਰ੍ਹਾਂ ਸਮਰੱਥ ਲੋਕਾਂ ਦਾ ਦਿਮਾਗ ਡਰ ਅਤੇ ਖ਼ੁਸ਼ਾਮਦ ਦੀ ਖ਼ਵਾਇਸ਼ ਨਾਲ ਸੁੰਨ ਹੋ ਗਿਆ ਹੈ। ਅਸਲੀ ਖ਼ਬਰ ਨੂੰ ਕੋਈ ਮੌਕਾ ਹੀ ਨਹੀਂ ਮਿਲ ਰਿਹਾ।

ਖ਼ੈਰ, ਮਹਾਮਾਰੀ ਤੇਜ਼ੀ ਨਾਲ ਫੈਲ ਰਹੀ ਹੈ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਦੁਨੀਆ ਵਿਚ ਇਸ ਮਹਾਮਾਰੀ ਦੀ ਸਭ ਤੋਂ ਜ਼ਿਆਦਾ ਲਪੇਟ ਵਿਚ ਆਏ ਮੁਲਕਾਂ ਦੀ ਘੋੜ-ਦੌੜ ਦੇ ਜੇਤੂ ਮੁਲਕਾਂ ਦੀ ਅਗਵਾਈ ਇੱਕੀਵੀਂ ਸਦੀ ਦੇ ਤਿੰਨ ਪ੍ਰਤਿਭਾਵਾਨ ਆਗੂ ਮੋਦੀ, ਟਰੰਪ ਅਤੇ ਬੋਲਸੋਨਾਰੋ ਹਨ। ਦਿੱਲੀ ਦੇ ਮੌਜੂਦਾ ਮੁੱਖ ਮੰਤਰੀ (ਜੋ ਭਾਜਪਾ ਦੇ ਆਲੇ-ਦੁਆਲੇ ਇਵ ਮੰਡਰਾ ਰਿਹਾ ਹੈ ਜਿਵੇਂ ਪਰਾਗਣ ਲਈ ਸ਼ਹਿਦ ਦੀਆਂ ਮੱਖੀਆਂ) ਦੇ ਅਮਰ ਸ਼ਬਦਾਂ ਵਿਚ ਉਹਨਾਂ ਦਾ ਸਿਧਾਂਤ ਇਸ ਤਰ੍ਹਾਂ ਹੈ: ਹਮ ਅਬ ਦੋਸਤ ਹੈ ਨਾ?

ਜ਼ਿਆਦਾ ਉਮੀਦ ਇਹੀ ਹੈ ਕਿ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਟਰੰਪ ਦਾ ਪੱਤਾ ਸਾਫ਼ ਹੋ ਜਾਵੇਗਾ। ਲੇਕਿਨ ਭਾਰਤ ਵਿਚ ਐਸੀ ਕੋਈ ਹਵਾ ਨਜ਼ਰ ਨਹੀਂ ਆ ਰਹੀ। ਵਿਰੋਧੀ-ਧਿਰ ਭੁਰ-ਭੁਰ ਕੇ ਖ਼ਤਮ ਹੋ ਰਹੀ ਹੈ। ਆਗੂ ਖ਼ਾਮੋਸ਼ ਹਨ, ਉਹ ਗੋਡੇ ਟੇਕ ਚੁੱਕੇ ਹਨ। ਚੁਣੀਆਂ ਹੋਈਆਂ ਸਰਕਾਰਾਂ ਇਸ ਤਰ੍ਹਾਂ ਉਡਾਈਆਂ ਜਾ ਰਹੀਆਂ ਹਨ ਜਿਵੇਂ ਕਾਫ਼ੀ ਦੇ ਕੱਪ ਦੀ ਝੱਗ ਨੂੰ ਫੂਕ ਮਾਰ ਕੇ ਉਡਾ ਦਿੱਤਾ ਜਾਂਦਾ ਹੈ। ਗ਼ੱਦਾਰੀ ਅਤੇ ਦਲਬਦਲੀ ਨੂੰ ਰੋਜ਼ਾਨਾ ਖ਼ਬਰਾਂ ਵਿਚ ਖ਼ੁਸ਼ਗਵਾਰ ਵਿਸ਼ੇ ਦੀ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਵਿਧਾਇਕਾਂ ਦੀ ਖ਼ਰੀਦ ਜਾਰੀ ਹੈ। ਉਹਨਾਂ ਨੂੰ ਛੁੱਟੀਆਂ ਕੱਟਣ ਵਾਲੇ ਟਿਕਾਣਿਆਂ ਵਿਚ ਲਿਜਾ ਕੇ ਤਾੜ ਦਿੱਤਾ ਜਾਂਦਾ ਹੈ ਤਾਂ ਜੁ ਉਹਨਾਂ ਨੂੰ ਰਿਸ਼ਵਤ ਲੈਣ ਅਤੇ ਖ਼ਰੀਦੇ ਜਾਣ ਤੋਂ ਬਚਾਇਆ ਜਾ ਸਕੇ। ਮੇਰਾ ਮੰਨਣਾ ਹੈ ਕਿ ਜੋ ਵਿਕਣ ਲਈ ਤਿਆਰ ਹਨ ਉਹਨਾਂ ਦੀ ਬੋਲੀ ਜਨਤਕ ਤੌਰ 'ਤੇ ਲੱਗਣੀ ਚਾਹੀਦੀ ਹੈ ਜਿਸ ਨਾਲ ਉਹਨਾਂ ਦਾ ਵੱਧ ਤੋਂ ਵੱਧ ਮੁੱਲ ਪੈ ਸਕੇ। ਤੁਹਾਡਾ ਕੀ ਖ਼ਿਆਲ ਹੈ? ਕੀ ਉਹਨਾਂ ਦਾ ਕਿਸੇ ਨੂੰ ਕੋਈ ਫ਼ਾਇਦਾ ਹੈ? ਉਹਨਾਂ ਦੀ ਗੱਲ ਛੱਡੋ। ਆਓ, ਅਸਲ ਚੀਜ਼ਾਂ ਦੇ ਰੂ-ਬ-ਰੂ ਹੋਈਏ: ਅਸਲੀਅਤ ਇਹ ਹੈ ਕਿ ਸਾਡੇ ਉੱਪਰ ਇਕ-ਪਾਰਟੀ ਲੋਕਤੰਤਰ ਦੇ ਦੋ ਆਗੂ ਰਾਜ ਕਰ ਰਹੇ ਹਨ। ਮੈਂ ਨਹੀਂ ਜਾਣਦੀ ਕਿ ਕਿੰਨੇ ਲੋਕ ਇਹ ਗੱਲ ਜਾਣਦੇ ਹੈ ਕਿ ਇਹ ਵਿਰੋਧਾਭਾਸੀ ਏਕਤਾ ਹੈ।

ਤਾਲਾਬੰਦੀ ਦੌਰਾਨ ਬਹੁਤ ਸਾਰੇ ਮੱਧਵਰਗੀ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਕਿ ਉਹ ਜੇਲ੍ਹ ਵਰਗਾ ਮਹਿਸੂਸ ਕਰ ਰਹੇ ਹਨ। ਲੇਕਿਨ ਤੁਸੀਂ ਜਾਣਦੇ ਹੋ ਕਿ ਇਹ ਗੱਲ ਸਚਾਈ ਤੋਂ ਕਿੰਨੀ ਦੂਰ ਹੈ। ਇਹ ਲੋਕ ਆਪਣੇ ਘਰਾਂ ਵਿਚ ਆਪਣੇ ਪਰਿਵਾਰਾਂ ਵਿਚ ਸਨ (ਹਾਲਾਂਕਿ ਬਹੁਤ ਸਾਰੇ ਲੋਕਾਂ, ਖ਼ਾਸ ਕਰਕੇ ਔਰਤਾਂ ਨੂੰ ਹਰ ਤਰ੍ਹਾਂ ਦੀ ਹਿੰਸਾ ਝੱਲਣੀ ਪਈ)। ਇਹ ਲੋਕ ਆਪਣੇ ਚਹੇਤੇ ਲੋਕਾਂ ਦੇ ਨਾਲ ਸੰਪਰਕ ਕਰ ਸਕਦੇ ਸਨ। ਉਹ ਆਪਣਾ ਕੰਮ ਵੀ ਜਾਰੀ ਰੱਖ ਸਕਦੇ ਸਨ। ਉਹਨਾਂ ਦੇ ਕੋਲ ਫ਼ੋਨ ਸਨ। ਉਹਨਾਂ ਦੇ ਕੋਲ ਇੰਟਰਨੈੱਟ ਸੀ। ਉਹ ਤੁਹਾਡੇ ਵਰਗੇ ਹਾਲਾਤ ਵਿਚ ਨਹੀਂ ਸਨ। ਅਤੇ, ਨਾ ਹੀ ਉਹਨਾਂ ਦੇ ਹਾਲਾਤ ਕਸ਼ਮੀਰ ਦੇ ਅਵਾਮ ਵਰਗੇ ਸਨ ਜੋ ਪਿਛਲੇ 5 ਅਗਸਤ ਤੋਂ ਇਕ ਖ਼ਾਸ ਤਰ੍ਹਾਂ ਦੀ ਲਗਾਤਾਰ ਤਾਲਾਬੰਦੀ ਅਤੇ ਇੰਟਰਨੈੱਟ ਬੰਦੀ ਵਿਚ ਜੀ ਰਹੇ ਹਨ ਜਦ ਧਾਰਾ 370 ਖ਼ਤਮ ਕਰ ਦਿੱਤੀ ਗਈ ਅਤੇ ਜੰਮੂ-ਕਸ਼ਮੀਰ ਤੋਂ ਉਹਨਾਂ ਦੇ ਵਿਸ਼ੇਸ਼ ਦਰਜੇ ਦਾ ਭੋਗ ਪਾ ਕੇ ਉਹਨਾਂ ਦੀ ਰਿਆਸਤ ਦੀ ਹਸਤੀ ਹੀ ਮਿਟਾ ਦਿੱਤੀ ਗਈ।

ਜੇ ਦੋ ਮਹੀਨੇ ਦੀ ਤਾਲਾਬੰਦੀ ਨੇ ਭਾਰਤ ਦੀ ਆਰਥਿਕਤਾ ਉੱਪਰ ਇਸ ਕਦਰ ਅਸਰ ਪਾਇਆ ਹੈ ਤਾਂ ਤੁਸੀਂ ਕਸ਼ਮੀਰ ਬਾਰੇ ਸੋਚ ਸਕਦੇ ਹੋ ਜਿੱਥੇ ਕਾਫ਼ੀ ਬੜੇ ਹਿੱਸੇ ਵਿਚ ਇੰਟਰਨੈੱਟ ਬੰਦੀ ਦੇ ਨਾਲ-ਨਾਲ ਫ਼ੌਜੀ ਤਾਲਾਬੰਦੀ ਵੀ ਇਕ ਸਾਲ ਤੋਂ ਜਾਰੀ ਹੈ। ਵਪਾਰ ਦਮ ਤੋੜ ਰਹੇ ਹਨ, ਡਾਕਟਰਾਂ ਉੱਪਰ ਮਰੀਜ਼ਾਂ ਨੂੰ ਦੇਖਣ ਦਾ ਭਾਰੀ ਦਬਾਓ ਹੈ, ਵਿਦਿਆਰਥੀ ਆਨ-ਲਾਈਨ ਜਮਾਤਾਂ ਲਗਾਉਣ ਤੋਂ ਅਸਮਰੱਥ ਹਨ। ਇਸ ਦੇ ਨਾਲ ਹੀ, 5 ਅਗਸਤ ਤੋਂ ਪਹਿਲਾਂ ਹੀ ਹਜ਼ਾਰਾਂ ਕਸ਼ਮੀਰੀ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਇਹ ਅਗੇਤੀ ਤਿਆਰੀ ਨਾਲ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਸਨ। ਹੁਣ ਜੇਲ੍ਹਾਂ ਐਸੇ ਲੋਕਾਂ ਨਾਲ ਭਰ ਗਈਆਂ ਹਨ ਜਿਹਨਾਂ ਨੇ ਕੋਈ ਜੁਰਮ ਕੀਤਾ ਹੀ ਨਹੀਂ ਹੈ, ਹੁਣ ਇਹ ਕੋਵਿਡ ਦੇ ਫੈਲਣ ਦੀ ਜਗ੍ਹਾ ਬਣ ਗਈਆਂ ਹਨ। ਇਸ ਸਭ ਬਾਰੇ ਕੀ ਖ਼ਿਆਲ ਹੈ?

ਧਾਰਾ 370 ਨੂੰ ਖ਼ਤਮ ਕਰਨਾ ਹੰਕਾਰ ਦਾ ਨਤੀਜਾ ਸੀ। ਮਾਮਲੇ ਨੂੰ 'ਇੱਕ ਵਾਰ ਹੀ ਹਮੇਸ਼ਾ ਲਈ'', ਜਿਵੇਂ ਕਿ ਦਮਗੱਜੇ ਮਾਰੇ ਜਾ ਰਹੇ ਹਨ, ਹੱਲ ਕਰਨ ਦੀ ਬਜਾਏ ਇਸ ਤਰ੍ਹਾਂ ਦਾ ਬਣਾ ਦਿੱਤਾ ਗਿਆ ਹੈ ਜਿਸ ਨਾਲ ਪੂਰੇ ਖੇਤਰ ਵਿਚ ਗੜਗੱਜ ਪਾਉਂਦਾ ਭੂਚਾਲ ਆ ਗਿਆ ਹੈ। ਧਰਤੀਆਂ ਦੀਆਂ ਤੈਹਾਂ ਡੋਲ ਰਹੀਆਂ ਹਨ ਅਤੇ ਮੁੜ ਥਾਂ-ਸਿਰ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਹਾਲਤ ਦੀ ਸਮਝ ਰੱਖਣ ਵਾਲੇ ਲੋਕਾਂ ਅਨੁਸਾਰ ਚੀਨ ਦੀ ਫ਼ੌਜ ਸਰਹੱਦ ਟੱਪ ਕੇ ਇੱਧਰ ਆ ਘੁਸੀ ਹੈ, ਅਸਲੀ ਕੰਟਰੋਲ ਰੇਖਾ ਅਤੇ ਲੱਦਾਖ ਦੇ ਬਹੁਤ ਸਾਰੇ ਬਿੰਦੂ ਵੀ ਲੰਘ ਆਈ ਹੈ ਅਤੇ ਉਸ ਨੇ ਰਣਨੀਤਕ ਪੁਜੀਸ਼ਨ ਉੱਪਰ ਕਬਜ਼ਾ ਕਰ ਲਿਆ ਹੈ। ਚੀਨ ਨਾਲ ਯੁੱਧ ਦੇ ਹਾਲਾਤ ਪਾਕਿਸਤਾਨ ਨਾਲ ਯੁੱਧ ਤੋਂ ਅਸਲੋਂ ਹੀ ਵੱਖਰੇ ਹਨ। ਇਸ ਲਈ, ਆਮ ਹੀ ਹਿੱਕ ਥਾਪੜ ਕੇ ਕੀਤੀ ਜਾਂਦੀ ਬਿਆਨਬਾਜ਼ੀ ਦੀ ਉਨੀ ਮਹੱਤਤਾ ਨਹੀਂ ਹੈ - ਇਹ ਠੋਕਣ ਦੀ ਬਜਾਏ ਪਿਆਰ ਨਾਲ ਪਲੋਸਣਾ ਜ਼ਿਆਦਾ ਹੈ। ਗੱਲਬਾਤ ਜਾਰੀ ਹੈ। ਕੁਛ ਵੀ ਹੋਵੇ, ਭਾਰਤ ਦੇ ਟੀਵੀ ਉੱਪਰ ਭਾਰਤ ਜਿੱਤ ਰਿਹਾ ਹੈ। ਲੇਕਿਨ ਟੀਵੀ ਤੋਂ ਬਾਹਰ ਇਕ ਵੱਖਰੀ ਤਰ੍ਹਾਂ ਦੀ ਦੁਨੀਆ ਬਣਦੀ ਨਜ਼ਰ ਆ ਰਹੀ ਹੈ।

ਮੈਂ ਜਿੰਨਾ ਸੋਚਿਆ ਸੀ ਚਿੱਠੀ ਉਸ ਤੋਂ ਕਿਤੇ ਜ਼ਿਆਦਾ ਲੰਮੀ ਹੋ ਗਈ ਹੈ। ਹੁਣ ਮੈਂ ਵਿਦਾ ਹੁੰਦੀ ਹਾਂ। ਪਿਆਰੇ ਦੋਸਤ ਹੌਸਲਾ ਰੱਖਣਾ। ਅਤੇ ਤਹੰਮਲ ਵੀ। ਇਹ ਅਨਿਆਂ ਸਦਾ ਨਹੀਂ ਰਹਿਣਾ। ਜੇਲ੍ਹ ਦੇ ਫਾਟਕ ਖੁੱਲ੍ਹਣਗੇ ਅਤੇ ਤੁਸੀਂ ਸਾਡੇ ਦਰਮਿਆਨ ਵਾਪਸ ਆਓਗੇ। ਜਿਵੇਂ ਚੱਲ ਰਿਹਾ ਹੈ ਉਹ ਇਸੇ ਤਰ੍ਹਾਂ ਨਹੀਂ ਚੱਲ ਸਕਦਾ। ਜੇ ਇਹ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਜਿਸ ਰਫ਼ਤਾਰ ਨਾਲ ਅਸੀਂ ਚੱਲ ਰਹੇ ਹਾਂ, ਇਸ ਨੂੰ ਖ਼ਤਮ ਕਰਨ ਦਾ ਅਮਲ ਵੀ ਆਪੇ ਹੀ ਵੇਗ ਫੜ ਲਵੇਗਾ। ਸਾਨੂੰ ਕੁਛ ਕਰਨ ਦੀ ਜ਼ਰੂਰਤ ਹੀ ਨਹੀਂ ਪਵੇਗੀ। ਜੇ ਐਸਾ ਹੁੰਦਾ ਹੈ ਤਾਂ ਇਹ ਇਕ ਮਹਾਨ ਤ੍ਰਾਸਦੀ ਹੋਵੇਗੀ ਅਤੇ ਜਿਸ ਦਾ ਨਤੀਜਾ ਕਲਪਨਾ ਤੋਂ ਬਾਹਰ ਹੋਵੇਗਾ। ਲੇਕਿਨ ਉਮੀਦ ਹੈ, ਵਿਨਾਸ਼ ਦੇ ਇਸ ਮੰਜ਼ਰ ਵਿਚ ਕੁਛ ਚੰਗਾ ਹੀ ਹੋਵੇਗਾ ਅਤੇ ਇਸ ਵਿੱਚੋਂ ਵਧੇਰੇ ਸਿਆਣਪ ਹੀ ਜਨਮ ਲਵੇਗੀ।

ਪਿਆਰ ਨਾਲ: ਅਰੁੰਧਤੀ

# ਪੁਸਤਕ 'ਕਿੱਥੇ ਹੈ ਰਾਤ ਦਾ ਚੰਨ' ਲੋਕ ਅਰਪਣ

## ਕਵੀਆਂ ਨੂੰ ਹੱਕ, ਸੱਚ ਤੇ ਇਨਸਾਫ਼ ਦੀ ਆਵਾਜ਼ ਬਣਨ ਦਾ ਸੱਦਾ




ਜਲੰਧਰ : ਕਾਮਰੇਡ ਅਮੋਲਕ ਸਿੰਘ ਦੁਆਰਾ ਸੰਪਾਦਤ ਮਹਾਂ ਕਾਵਿ ਸੰਗ੍ਰਹਿ 'ਕਿੱਥੇ ਹੈ ਰਾਤ ਦਾ ਚੰਨ' ਅੱਜ ਦੇਸ਼ ਭਗਤ ਯਾਦਗਾਰ ਹਾਲ ਵਿੱਚ ਲੋਕ ਅਰਪਣ ਕੀਤੀ ਗਈ। ਇਸ ਮਹਾਂ ਕਾਵਿ-ਸੰਗ੍ਰਹਿ ਵਿਚ ਪੰਜਾਬੀ, ਹਿੰਦੀ, ਉਰਦੂ ਸਮੇਤ ਲਹਿੰਦੇ ਪੰਜਾਬ ਦੀ ਸਿਹਤਮੰਦ, ਅਗਾਂਹਵਧੂ, ਲੋਕ-ਸਰੋਕਾਰਾਂ ਨਾਲ ਜੁੜੀ ਕਵਿਤਾ ਸਮੋਈ ਹੈ। ਇਸ ਵਿੱਚ ਨਾਗਰਿਕਤਾ ਹੱਕਾਂ ਦੀ ਰਾਖੀ ਲਈ ਸੀਏਏ, ਐੱਨਪੀਆਰ ਅਤੇ ਐੱਨਆਰਸੀ ਲਾਗੂ ਕਰਨ ਖ਼ਿਲਾਫ਼ ਕੀਤੇ ਸੰਘਰਸ਼ਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਪੁਸਤਕ ਦੇ ਸੰਪਾਦਕ ਅਮੋਲਕ ਸਿੰਘ ਨੇ ਦੱਸਿਆ ਕਿ ਕਰੋਨਾ ਮਹਾਮਾਰੀ ਦੀ ਆੜ ਹੇਠ ਲੋਕਾਂ ਵਿਰੁੱਧ ਵਿੱਢੇ ਗਏ ਚੌਤਰਫ਼ੇ ਹੱਲੇ, ਖ਼ਾਸ ਕਰਕੇ ਕਲਮ, ਕਲਾ, ਸਾਹਿਤ, ਸੱਭਿਆਚਾਰ, ਤਰਕਸ਼ੀਲ ਅਤੇ ਜਮਹੂਰੀ ਖੇਤਰ ਦੇ ਬੁੱਧੀਜੀਵੀਆਂ, ਕਵੀਆਂ, ਲੇਖਕਾਂ, ਜਮਹੂਰੀ ਕਾਮਿਆਂ ਉੱਪਰ ਝੂਠੇ ਕੇਸ ਮੜ੍ਹ ਕੇ ਜੇਲ੍ਹੀਂ ਤਾੜ ਕੇ ਮੌਤ ਦੇ ਮੂੰਹ ਧੱਕੇ ਜਾਣ ਖ਼ਿਲਾਫ਼ ਸਿਰਜੀ ਗਈ ਵਿਗਿਆਨਕ ਅਤੇ ਲੋਕ-ਪੱਖੀ ਕਵਿਤਾ, 'ਕਿੱਥੇ ਹੈ ਰਾਤ ਦਾ ਚੰਨ' ਪੁਸਤਕ ਵਿਚ ਸ਼ਾਮਲ ਕੀਤੀ ਗਈ ਹੈ।

ਇਸ ਸੰਖੇਪ ਸਮਾਗਮ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਅਜਮੇਰ ਸਿੰਘ, ਕਵੀ ਸੁਰਜੀਤ ਜੱਜ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਮੀਤ ਪ੍ਰਧਾਨ ਹੰਸਾ ਸਿੰਘ ਅਤੇ ਪਲਸ ਮੰਚ ਦੇ ਪ੍ਰਧਾਨ, ਪੁਸਤਕ ਦੇ ਸੰਪਾਦਕ ਅਮੋਲਕ ਸਿੰਘ ਪ੍ਰਧਾਨਗੀ ਮੰਡਲ 'ਚ ਸੁਸ਼ੋਭਿਤ ਸਨ। ਪ੍ਰਧਾਨਗੀ ਮੰਡਲ ਅਤੇ ਪਲਸ ਮੰਚ ਦੇ ਖਜ਼ਾਨਚੀ ਕਸਤੂਰੀ ਲਾਲ, ਸੂਬਾ ਕਮੇਟੀ ਦੇ ਮੈਂਬਰ ਜਸਵਿੰਦਰ ਪੱਪੀ ਨਗਰ ਵੱਲੋਂ ਪੁਸਤਕ ਲੋਕ ਅਰਪਣ ਕੀਤੀ ਗਈ। ਸਮਾਗਮ ਦਾ ਆਗਾਜ਼ ਮਾਨਵਤਾ ਕਲਾ ਮੰਚ ਨਗਰ (ਪਲਸ ਮੰਚ) ਦੀ ਕਲਾਕਾਰ ਨਰਗਿਸ ਦੁਆਰਾ ਫ਼ੈਜ਼ ਅਹਿਮਦ ਫ਼ੈਜ਼ ਦੀ ਕਵਿਤਾ 'ਹਮ ਦੇਖੇਂਗੇ' ਨਾਲ ਹੋਇਆ। ਸੰਪਾਦਕ ਨੇ ਬਾਬਾ ਬੂਝਾ ਸਿੰਘ, ਸ਼ਹੀਦ ਊਧਮ ਸਿੰਘ, ਸੁਰੇਂਦਰ ਹੇਮ ਜਯੋਤੀ, ਨੌਨਿਹਾਲ ਸਿੰਘ, ਸੰਤੋਖ ਸਿੰਘ ਤੱਗੜ ਅਤੇ ਹਰਮਿੰਦਰ ਪੁਰੇਵਾਲ ਨੂੰ ਯਾਦ ਕਰਦਿਆਂ ਆਪਣੀ ਗੱਲ ਸ਼ੁਰੂ ਕੀਤੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਪੁਸਤਕ ਲੋਕ ਅਰਪਣ ਕਰ ਰਹੇ ਹਾਂ ਤੇ ਦੂਜੇ ਪਾਸੇ ਪੰਜਾਬ ਭਰ 'ਚ ਨਵੇਂ ਖੇਤੀ ਆਰਡੀਨੈਂਸਾਂ ਖ਼ਿਲਾਫ਼ ਕਿਸਾਨ ਮਾਰਚ ਹੋ ਰਹੇ ਹਨ। ਦੇਸ ਰਾਜ ਕਾਲੀ ਨੇ ਪੁਸਤਕ ਦੇ ਅਨੇਕਾਂ ਪਹਿਲੂਆਂ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਇਹ ਨਾਗਰਿਕਤਾ ਹੱਕਾਂ ਦੀ ਰਾਖੀ ਲਈ ਉੱਠੀ ਆਵਾਜ਼ ਦਾ ਅਤੇ ਕਰੋਨਾ ਦੇ ਆੜ 'ਚ ਵਾਪਰ ਰਹੇ ਵਰਤਾਰਿਆਂ ਦਾ ਅਦਿੱਖ ਅਤੇ ਹਕੀਕੀ ਪੱਖ ਕਾਵਿ-ਕਲਾ ਰਾਹੀਂ ਰੂਪਮਾਨ ਕਰਨ ਵਾਲਾ ਕਾਵਿਕ ਦਸਤਾਵੇਜ਼ ਹੈ। ਸਮਾਗਮ 'ਚ ਹਾਜ਼ਰ ਕਵੀ ਮੱਖਣ ਮਾਨ, ਜਗੀਰ ਜੋਸਣ, ਦੀਪ ਦਿਲਬਰ, ਸ਼ਾਹਿਦ ਹਸਨ ਅਤੇ ਸ਼ਾਇਰ ਸੁਰਜੀਤ ਜੱਜ ਨੇ ਆਪਣੀਆਂ ਕਵਿਤਾਵਾਂ ਨਾਲ ਹਾਜ਼ਰੀਨ ਨੂੰ ਭਵਿੱਖ ਦੀ ਬੁੱਕਲ 'ਚ ਸਮੋਏ ਗੰਭੀਰ ਖ਼ਤਰਿਆਂ ਬਾਰੇ ਚੌਕੰਨੇ ਕਰਦਿਆਂ ਹੱਕ, ਸੱਚ ਤੇ ਇਨਸਾਫ਼ ਦੀ ਆਵਾਜ਼ ਬਣਨ ਦਾ ਪੈਗ਼ਾਮ ਦਿੱਤਾ।

# ਇਨਕਲਾਬ ਦੀ ਜਗਦੀ ਲੋਅ



ਪਰਮਿੰਦਰ ਕੌਰ ਸਵੈਚ
604 760 4794

**ਸੀਨ ਪਹਿਲਾ**

(ਪਰਦਾ ਖੁੱਲ੍ਹਣ ਸਮੇਂ ਬਾਬਾ ਬੂਝਾ ਸਿੰਘ ਦੇ ਘਰ ਦਾ ਸੀਨ ਹੈ ਤੇ ਪਰਦੇ ਦੇ ਪਿਛਿਓਂ ਅਵਾਜ਼ ਆਉਂਦੀ ਹੈ।)

**ਅਵਾਜ਼** :- ਸੰਨ 1888 ਈਸਵੀ ਵਿੱਚ, ਪਿੰਡ ਚੱਕ ਮਾਈ ਦਾਸ, ਥਾਣਾ ਬੰਗਾ, ਤਹਿਸੀਲ ਨਵਾਂ ਸ਼ਹਿਰ ਤੇ ਜਿਲ੍ਹਾ ਜਲੰਧਰ ਦੇ ਇੱਕ ਬਹੁਤ ਹੀ ਗਰੀਬ ਪਰਿਵਾਰ ਪਿਤਾ ਧਰਮ ਸਿੰਘ ਤੇ ਮਾਤਾ ਜੈ ਕੌਰ ਦੇ ਘਰ ਬੂਝਾ ਸਿੰਘ ਦਾ ਜਨਮ ਸਭ ਤੋਂ ਪਲੇਠੇ ਪੁੱਤਰ ਦੇ ਰੂਪ ਵਿੱਚ ਹੋਇਆ। ਜਲਦੀ ਹੀ ਛੋਟੀ ਉਮਰ ਵਿੱਚ ਹੀ ਇਹਨਾਂ ਦਾ ਵਿਆਹ ਧੰਨ ਕੌਰ ਉਰਫ ਧੰਤੀ ਨਾਲ ਕਰ ਦਿੱਤਾ ਗਿਆ। ਜ਼ਿੰਦਗੀ ਦੇ ਕਾਫੀ ਸਾਲ ਇਹਨਾਂ ਨੇ ਸਾਧਾਂ ਸੰਤਾਂ ਦੇ ਡੇਰਿਆਂ ਵਿੱਚ ਗਾਲ਼ ਦਿੱਤੇ। 1929 ਵਿੱਚ ਘਰਦਿਆਂ ਨੂੰ ਦੱਸੇ ਬਿਨ੍ਹਾਂ ਈ ਚੀਨ ਨੂੰ ਚਲੇ ਗਏ। ਉਸਤੋਂ ਬਾਅਦ 1930 ਵਿੱਚ ਅਰਜਨਟਾਈਨਾ ਗਏ ਤਾਂ ਉਥੇ ਗ਼ਦਰ ਪਾਰਟੀ ਦੇ ਕੌਮਾਂਤਰੀ ਆਗੂਆਂ ਭਾਈ ਰਤਨ ਸਿੰਘ ਰਾਏਪੁਰ ਡੱਬਾ, ਤੇਜਾ ਸਿੰਘ ਸੁਤੰਤਰ, ਚਾਚਾ ਅਜੀਤ ਸਿੰਘ ਨੂੰ ਮਿਲੇ ਤੇ ਗ਼ਦਰ ਪਾਰਟੀ ਵਿੱਚ ਸਰਗਰਮੀ ਨਾਲ ਕੰਮ ਕਰਨ ਲੱਗੇ। ਉਸਤੋਂ ਬਾਅਦ ਮਾਸਕੋ ਗਏ ਤੇ ਮਾਸਕੋ ਦੀ ਈਸਟਰਨ ਯੂਨੀਵਰਸਿਟੀ ਵਿੱਚ ਮਾਰਕਸਵਾਦ ਦੀ ਪੜ੍ਹਾਈ ਕੀਤੀ। 1934 ਵਿੱਚ ਚੀਨ ਦੇ ਰਸਤੇ ਰਾਹੀਂ ਵਾਪਸ ਭਾਰਤ ਪੁੱਜ ਗਏ। ਇੱਥੇ ਆ ਕੇ ਕਿਰਤੀ ਪਾਰਟੀ ਵਿੱਚ ਕੰਮ ਕਰਨ ਲੱਗੇ ਅਤੇ ਬਾਅਦ ਵਿੱਚ ਲਾਲ ਪਾਰਟੀ ਵਿੱਚ ਵੀ ਕਾਫੀ ਸਮਾਂ ਕੰਮ ਕੀਤਾ। ਬਾਅਦ 1967 ਵਿੱਚ ਜਦੋਂ ਨਕਸਲਬਾੜੀ ਲਹਿਰ ਉਭਰਕੇ ਸਾਹਮਣੇ ਆਈ ਤਾਂ ਇਹ ਡੱਟ ਕੇ ਉਹਦੇ ਵਿੱਚ ਕੰਮ ਕਰਨ ਲੱਗੇ। ਪਾਰਟੀ ਦੇ ਕੰਮਾਂ ਤੋਂ ਜਦੋਂ ਕਦੇ ਵਿਹਲ ਮਿਲਦੀ ਤਾਂ ਕਦੇ ਕਦੇ ਘਰ ਵੀ ਜਾਂਦੇ।

(ਬਾਬਾ ਜੀ ਦੇ ਹੱਥ ਵਿੱਚ ਝੋਲ਼ਾ ਹੈ ਤੇ ਬਾਹਰੋਂ ਆਏ ਹਨ ਤੇ ਧੰਤੀ ਘਰ ਵਿੱਚ ਕੰਮ ਕਰਦੀ ਫਿਰ ਰਹੀ ਹੈ। ਮੰਜੇ ਤੇ ਬੈਠ ਜਾਂਦੇ ਹਨ।)

**ਬੂਝਾ ਸਿੰਘ** :- ਧੰਤੀਏ ਆ ਜਾ ਬਹਿ ਜਾ ਦੋ ਘੜੀ, ਤੇਰੇ ਭਾਂਡੇ ਅਜੇ ਮਾਂਜ ਨੀ ਹੋਏ।

**ਧੰਤੀ**:- ਬੱਸ ਦੋ ਕੁ ਰਹਿੰਦੇ ਨੇ, ਆਉਂਨੀ ਆਂ।

**ਬੂਝਾ ਸਿੰਘ**:- ਅੱਛਿਆ।

(ਭਾਂਡੇ ਟੋਕਰੀ ਪਾ ਕੇ ਅੰਦਰ ਰੱਖ ਆਉਂਦੀ ਹੈ ਤੇ ਹੱਥ ਵਿੱਚ ਪਾਣੀ ਦਾ ਗਿਲਾਸ ਹੈ।)

ਧੰਤੀ :– ਲੈ ਪਾਣੀ ਪੀ ਲੈ, ਕੀ ਗੱਲ ਹੋਗੀ ? ਸਭ ਸੁੱਖ ਸਾਂਦ ਐ।

**ਬੂਝਾ ਸਿੰਘ** :- ਹੋਇਆ ਤਾਂ ਕੁੱਝ ਨਹੀਂ, ਬੱਸ ਤੇਰੇ ਨਾਲ ਕੁੱਝ ਗੱਲਾਂ ਕਰਨ ਨੂੰ ਜੀਅ ਕਰਦੈ ਕਿ ਪਤਾ ਨਹੀਂ ਜ਼ਿੰਦਗੀ ਕਿੰਨੀ ਕੁ ਹੋਵੇ।

**ਧੰਤੀ** :- ਐਨੇ ਦਲੇਰ ਇਨਸਾਨ ਦੇ ਮੂੰਹੋਂ ਇਹੋ ਜਿਹੀਆਂ ਦਿਲ ਢਾਹੂ ਗੱਲਾਂ ਚੰਗੀਆਂ ਨੀ ਲੱਗਦੀਆਂ ਹੁੰਦੀਆਂ।

**ਬੂਝਾ ਸਿੰਘ** :- ਧੰਤੀਏ ਮੈਂ ਤੈਨੂੰ ਇਹ ਕਹਿਣਾ ਚਾਹੁੰਨੈ ਕਿ ਮੈਂ ਤੇਰਾ ਕਸੂਰਵਾਰ ਆਂ। ਮੈਂ ਜ਼ਿੰਦਗੀ ਵਿੱਚ ਤੈਨੂੰ ਤੇ ਬੱਚਿਆਂ ਨੂੰ ਟਾਈਮ ਨਹੀਂ ਦੇ ਸਕਿਆ।

**ਧੰਤੀ** :- ਅੱਜ ਤਾਂ ਮੈਨੂੰ ਕੋਈ ਗਿਲ੍ਹਾ ਵੀ ਨਹੀਂ। ਗਿਲ੍ਹਾ ਤਾਂ ਉਦੋਂ ਸੀ ਜਦੋਂ ਨਿੱਕੀਆਂ ਨਿੱਕੀਆਂ ਧੀਆਂ ਪਾਲ਼ਦੀ ਰਹੀ ਤੇ ਬਾਪੂ ਜੀ ਨਾਲ ਸਿਰ ਡਾਹ ਕੇ ਖੇਤਾਂ ਵਿੱਚ ਕੰਮ ਕਰਦੀ ਰਹੀ ਤੇ ਘਰ ਆ ਕੇ ਚੱਕੀਆਂ ਪੀਂਹਦੀ ਰਹੀ। ਨਣਦਾਂ ਦਿਉਰਾਂ ਦੇ ਵਿਆਹ ਕੀਤੇ ਤੇ ਤੈਨੂੰ ਕੋਈ ਪ੍ਰਵਾਹ ਈ ਨਹੀਂ ਸੀ ਹੁੰਦੀ। ਸਾਧਾਂ ਸੰਤਾਂ ਦੇ ਢਹੇ ਹੀ ਚੜ੍ਹਿਆ ਹੋਇਆ ਸੀ।

**ਬੂਝਾ ਸਿੰਘ** :- ਉਦੋਂ ਪਤਾ ਹੀ ਨਹੀਂ ਸੀ, ਦਿਮਾਗ ਹੀ ਪੁੱਠੇ ਪਾਸੇ ਲੱਗ ਤੁਰਿਆ।

**ਧੰਤੀ** :- ਬਾਪੂ ਜੀ ਤਾਂ ਸਾਰੀ ਦਿਹਾੜੀ ਇਹੀ ਤੜਫੀ ਜਾਂਦੇ ਹੁੰਦੇ ਸੀ ਕਿ ਤੂੰ ਕੰਮ ਕਰਨ ਦੇ ਦਿਨਾਂ ਵਿੱਚ ਤੂੰ ਸਾਰੀ ਦਿਹਾੜੀ ਪੂਜਾ ਪਾਠ ਕਰੀ ਜਾਣਾ, ਹੱਥ ਧੋਈ ਜਾਣੇ, ਨਹਾਈ ਜਾਣਾ, ਕੱਪੜੇ ਧੋਈ ਜਾਣੇ। ਉਹ ਕਹਿੰਦੇ ਹੁੰਦੇ ਸੀ ਕਿ ਹੋਇਆ ਬੰਦਾ ਵਿਹਲੇ ਵੇਲੇ ਰੱਬ ਦਾ ਨਾਂ ਲੈ ਲਵੇ ਪਰ ਇਹ ਕੀ ਚੱਤੋ ਪਹਿਰ---

**ਬੂਝਾ ਸਿੰਘ** :- ਧੰਤੀਏ ਬੰਦਾ ਤਜਰਬਿਆਂ ਤੋਂ ਈ ਸਿੱਖਦੈ, ਕਿ ਮੈਂ ਰੱਬ ਰੱਬ ਕਰਕੇ ਕੀ ਖੱਟਿਐ। ਉਹਨਾਂ ਸਾਲਾਂ ਦਾ ਤਾਂ ਮੈਨੂੰ ਵੀ ਬਹੁਤ ਅਫਸੋਸ ਐ ਕਿ ਜਵਾਨੀ ਵਿੱਚ ਜ਼ਿੰਦਗੀ ਦੇ ਕੀਮਤੀ ਸਾਲ ਮੈਂ ਭੰਗ ਦੇ ਭਾਣੇ ਗੁਆ ਦਿੱਤੇ।

**ਧੰਤੀਏ** :- ਉਹਨਾਂ ਦਿਨਾਂ ਵਿੱਚ ਘਰ ਦੀ ਗਰੀਬੀ ਤੇ ਬਾਪੂ ਜੀ ਦੀਆਂ ਹਾਲਤਾਂ ਯਾਦ ਕਰਕੇ ਤਾਂ ਅੱਜ ਵੀ ਰੋ ਲੈਂਦੀ ਆਂ 'ਕੱਲੀ ਬੈਠੀ। ਜਦੋਂ ਬਾਹਰਲੇ ਦੇਸ਼ ਨੂੰ ਚਲੇ ਗਏ ਸੀ ਤਾਂ ਆਸ ਬੱਝੀ ਸੀ ਕਿ ਹੁਣ ਸਾਡੇ ਘਰ ਤੇ ਕੁਸ਼ ਰੈਣੀ ਆ ਜੂਗੀ, ਪਰ ਜਦੋਂ ਆਏ ਫਿਰ ਖਾਲ਼ੀ। (ਹੱਸ ਕੇ) ਸੱਚੀਂ ਦੱਸਾਂ ਮੁੜ ਕੇ ਆਇਆਂ ਨੂੰ ਦੇਖ ਕੇ ਇੱਕ ਵਾਰ ਤਾਂ ਮਨ ਬਹੁਤਾ ਈ ਖੁਸ਼ ਤੇ ਹੈਰਾਨ ਹੋਇਆ ਸੀ ਕਿ ਤੁਸੀਂ ਸਾਧਾਂ ਵਾਲਾ ਬਾਣਾ ਛੱਡ ਕੇ ਘੋਨ ਮੋਨ ਜਿਹੇ ਬਣ ਕੇ ਆ ਗਏ ਸੀ। ਅੰਦਰੋ ਅੰਦਰੀ ਖੁਸ਼ ਵੀ ਹੋਈ ਸੀ ਕਿ ਹੁਣ ਥੋਨੂੰ ਕਬੀਲਦਾਰੀ ਸਮਝ ਵੀ ਆ ਗੀ ਹੋਊ। ਅਜੇ ਤਾਂ ਚਾਅ ਵੀ ਨਹੀਂ ਸੀ ਮੁੱਕਿਆ ਕਿ ਤੀਜੇ ਦਿਨ ਹੀ ਘਰੋਂ ਫਿਰ ਤੁਰ ਪਏ ਸੀ । ਮੇਰਾ ਦਿਲ ਪੁੱਛਿਆ ਜਾਣੀਏ, ਮੈਂ ਘਰ ਵਿੱਚ ਜਵਾਨ ਧੀਆਂ ਦੇਖ ਕੇ ਕਿਵੇਂ ਫੁੱਟ ਫੁੱਟ ਕੇ ਰੋਈ ਸੀ।

**ਬੂਝਾ ਸਿੰਗ** :- ਮੈਂ ਵੀ ਇਹੀ ਸੁਣਨਾ ਚਾਹੁੰਨੈਂ ਜਿਹੜਾ ਤੇਰੇ ਦਿਲ ਵਿੱਚ ਗੁਭ-ਗੁਭਾਟ ਐ ਉਹ ਕੱਢ ਲੈ ਅੱਜ।

**ਧੰਤੀ** :- ਗੁਭ-ਗੁਭਾਟ ਤਾਂ ਹੁਣ ਕਾਹਦਾ ਕੱਢਣੈ, ਮੈਨੂੰ ਤਾਂ ਚੈਨ ਉਦੋਂ ਆਈ, ਜਦੋਂ ਤੁਸੀਂ ਤੇ ਥੋਡੇ ਪਾਰਟੀ ਵਾਲੇ ਸਾਥੀਆਂ ਨੇ ਰਲ਼ ਕੇ ਕੁੜੀਆਂ ਦੇ ਕਾਰਜ਼ ਸਿਰੇ ਚੜ੍ਹਾ ਦਿੱਤੇ ਤੇ ਸੁੱਖੀਂ ਸਾਂਦੀ ਉਹ ਆਪਣੇ ਆਪਣੇ ਘਰੇ ਚਲੀਆਂ ਗਈਆਂ। ਫੇ-ਅ-ਰ ਤਾਂ ਇੱਕ ਵਾਰੀ ਸਾਰਾ ਬੋਝ ਲਹਿ ਗਿਆ ਸੀ ਮੇਰੇ ਸਿਰ ਤੋਂ। ਸੁੱਖ ਨਾਲ ਹਰਦਾਸ ਸਿਉਂ ਤਾਂ ਜੰਮਿਆ ਈ ਕੁੜੀਆਂ ਦੇ ਵਿਆਹਾਂ ਤੋਂ ਬਾਅਦ ਐ।

**ਬੂਝਾ ਸਿੰਗ** :- ਧੰਤੀਏ ਮੈਂ ਤੇਰਾ ਦੇਣਦਾਰ ਆਂ। ਮੈਂ ਤੇਰੀ ਬਹੁਤ ਇੱਜ਼ਤ ਕਰਦਾਂ।

**ਧੰਤੀ** :- (ਹਿਰਖ ਨਾਲ) ਆਹੋ ਜਾਣਦੀ ਆਂ ਮੈਂ, ਤੈਨੂੰ ਬਹੁਤੀ ਇੱਜ਼ਤ ਕਰਦੇ ਨੂੰ, ਤਾਂ ਹੀ ਤਾਂ ਛੱਡ ਕੇ ਭੱਜ ਜਾਨੈ।

**ਬੂਝਾ ਸਿੰਘ** :- ਧੰਤੀਏ ਮੈਨੂੰ ਪਤੈ, ਘਰ ਦੀ ਔਰਤ ਬੰਦੇ ਨੂੰ ਡੋਬ ਵੀ ਸਕਦੀ ਐ ਤੇ ਤਾਰ ਵੀ ਸਕਦੀ ਐ। ਇਹ ਉਹਦੇ ਹੱਥ ਵਸ ਹੁੰਦੈ। ਹਰ ਵੱਡੇ ਆਦਮੀ ਦੇ ਪਿੱਛੇ ਔਰਤ ਹੁੰਦੀ ਹੈ।ਮੈਂ ਤਾਂ ਮੰਨਦਾਂ ਕਿ ਕੋਈ ਵੀ ਕੰਮ ਔਰਤਾਂ ਦੀ ਹਾਜ਼ਰੀ ਤੋਂ ਬਿਨ੍ਹਾ ਸਿਰੇ ਨਹੀਂ ਚੜ੍ਹ ਸਕਦਾ।

**ਧੰਤੀ** :- ਮੈਂ ਤਾਂ ਸਾਰੀ ਜ਼ਿੰਦਗੀ ਚੁੱਪ ਕਰਕੇ ਹੀ ਕੱਢ ਦਿੱਤੀ, ਸਭ ਕੁੱਝ ਅੰਦਰ ਹੀ ਦਬਾ ਲਿਆ। ਚੱਲ, ਉਹ ਜਾਣੇ ਕਹਿ ਕੇ।

**ਬੂਝਾ ਸਿੰਘ** :- ਉਹ ਤਾਂ ਮੈਨੂੰ ਵੀ ਪਤੈ, ਜੇ ਤੂੰ ਮੇਰੇ ਨਾਲ ਨੀ ਤੁਰੀ ਤਾਂ ਕਦੇ ਮੇਰੇ ਰਾਹ ਵਿੱਚ ਰੋੜਾ ਬਣ ਕੇ ਵੀ ਨਹੀਂ ਖੜ੍ਹੀ। ਘਰ ਆਏ ਮੇਰੇ ਸਾਥੀ ਕਾਮਰੇਡਾਂ ਨੂੰ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਘਰੇਲੂ ਕਬੀਲਦਾਰ ਦੀ ਜ਼ਿੰਮੇਵਾਰੀ ਆਪਦੇ ਸਿਰ ਤੇ ਚੱਕੀ। ਬੱਚਿਆਂ ਤੋਂ ਕੀ ਕੁੱਝ ਨੀ ਸੁਣਿਆ ਹੋਵੇਗਾ। ਘਰ ਵਿੱਚ ਜਿੰਨੀ ਮਰਜ਼ੀ ਤੰਗੀ ਕੱਟੀ ਪਰ ਦੂਜਿਆਂ ਨੂੰ ਕਦੇ ਪਤਾ ਨਾ ਲੱਗਣ ਦਿੱਤਾ।

**ਧੰਤੀ** :- ਇਹ ਮੈਨੂੰ ਵੀ ਪਤਾ ਸੀ ਕਿ ਤੈਨੂੰ ਸਾਡੀ ਪ੍ਰਵਾਹ ਤਾਂ ਹੈ। ਜੀਹਨੂੰ ਲੋਕਾਂ ਦੇ ਦੁੱਖਾਂ ਦਾ ਐਨਾ ਦਰਦ ਹੈ ਉਹਨੂੰ ਆਪਣਿਆਂ ਦਾ ਕਿਉਂ ਨਹੀਂ ਹੋਵੇਗਾ। ਪਰ ਹਰਦਾਸੇ ਦੇ ਬਾਪੂ ਕਿਤੇ ਜ਼ੁਲਮ ਸਹਿਣ ਦੀ ਵੀ ਹੱਦ ਹੁੰਦੀ ਐ ਹੁਣ ਤਾਂ ਆਪਣੀ ਉਮਰ ਵੱਲ ਦੇਖ---

**ਬੂਝਾ ਸਿੰਘ** :- ਧੰਤੀਏ ਜਿਹੜਾ ਰਾਹ ਮੈਂ ਚੁਣਿਐ, ਉਹਦੇ ਵਿੱਚ ਉਮਰ ਨਹੀਂ, ਬੰਦੇ ਦਾ ਸਾਹਸ ਹੁੰਦੈ, ਮੇਰਾ ਸਾਹਸ ਅਜੇ ਮਰਿਆ ਨਹੀਂ। ਪਰ ਅੱਜ ਤਾਂ ਮੈਂ ਤੇਰੀ ਜ਼ਿੰਦਾਦਿਲੀ, ਜਿਗਰੇ ਤੇ ਠਰੰਮੇ ਨੂੰ ਸਲਾਮ ਦੇਣੀ ਚਾਹੁੰਨੈਂ। ਤੂੰ ਤਾਂ ਮੇਰੇ ਕਰਕੇ ਪੁਲਸ ਦੀਆਂ ਕੁੱਟਾਂ ਮਾਰਾਂ ਵੀ ਵਥੇਰੀਆਂ ਖਾਧੀਆਂ ਤੇ ਜ਼ਿੰਦਗੀ ਦਾ ਇੱਕਲਾਪਾ ਵੀ 'ਕੱਲੀ ਨੇ ਕੱਟਿਐ।

**ਧੰਤੀ** :- ਮੇਰੇ ਸਿਰ ਦੇ ਸਾਈਆਂ, ਐਨੀ ਕੁ ਸਮਝ ਤਾਂ ਮੈਨੂੰ ਵੀ ਆ ਜਿਹੜੀ ਲੜਾਈ ਤੂੰ ਲੜਨ ਤੁਰਿਆਂ, ਉਹ ਇਕੱਲੀ ਬੰਦਿਆਂ ਦੀ ਨਹੀਂ ਔਰਤਾਂ ਦੀ ਵੀ ਤਾਂ ਹੈ, ਤਾਂਹੀ ਤੇਰੇ ਘਰੋਂ ਜਾਣ ਤੇ ਚੁੱਪ ਕਰ ਜਾਨੀਆਂ। ਹੱਕਾਂ ਦੀ ਲੜਾਈ ਤਾਂ ਆਪਾਂ ਸਾਰਿਆਂ ਨੂੰ ਇਕੱਠਿਆਂ ਹੋ ਕੇ ਹੀ ਲੜਨੀ ਪੈਣੀ ਐ।

**ਬੂਝਾ ਸਿੰਘ** :- ਧੰਤੀਏ ਅੱਜ ਤਾਂ ਤੂੰ ਇਹ



ਕਹਿ ਕੇ ਮੈਨੂੰ ਖੁਸ਼ ਕਰ ਦਿੱਤਾ। ਜੇ ਕਿਤੇ ਹੁਣ ਪੁਲਸ ਨਾਲ ਟੱਕਰ ਹੋ ਵੀ ਜਾਵੇ ਤਾਂ ਹੁਣ ਬੂਝਾ ਸਿੰਘ ਪੁਲਸ ਦੇ ਜ਼ੁਲਮਾਂ ਅੱਗੇ ਟੁੱਟ ਨਹੀਂ ਸਕੂਗਾ। ਮੇਰਾ ਮਰਨਾ ਤਾਂ ਹੁਣ ਸਫਲ ਹੋ ਗਿਆ। ਹਾਂ ਸੱਚ ਆਪਣੇ ਆਹ ਨਾਲ ਦੇ ਪਿੰਡ ਮੇਰੀ ਅੱਠ ਕੁ ਵਜੇ ਮੇਰੀ ਮੀਟਿੰਗ ਐ, ਮੈਨੂੰ ਹੁਣ ਜਾਣਾ ਚਾਹੀਦੈ।

**ਧੰਤੀ** :- ਅੱਜ ਦੀ ਰਾਤ ਤਾਂ ਰਹਿ ਜਾਂਦੈ।

ਬੂਝਾ ਸਿੰਘ :– ਨਹੀਂ ਅੱਜ ਨਹੀਂ, ਫਿਰ ਟਾਈਮ ਕੱਢ ਕੇ ਜ਼ਰੂਰ ਰਾਤ ਰਹਿ ਕੇ ਜਾਵਾਂਗਾ। ਅੱਜ ਨੌਜਵਾਨ ਉੱਥੇ ਉਡੀਕਦੇ ਹੋਣੇ ਨੇ, ਮੈਂ ਚੱਲਦਾ ਆਂ।

**ਸੀਨ ਦੂਜਾ**

(ਬੰਗਿਆਂ ਦੇ ਠਾਣੇ ਦਾ ਸੀਨ ਹੈ।)

**ਅਵਾਜ਼**:- ਅੱਜ ਦੇਸ਼ ਅਜ਼ਾਦ ਹੋਇਆਂ 23 ਸਾਲ ਹੋ ਗਏ ਹਨ, ਦੇਸ਼ ਭਗਤਾਂ ਦੇ ਸੁਪਨੇ ਦੀ ਅਜ਼ਾਦੀ ਪਰ ਲਾ ਕੇ ਉੱਡ ਗਈ, ਉਹਨਾਂ ਦੇ ਪੱਲੇ ਕੁੱਝ ਨਾ ਪਿਆ ਕਿਉਂਕਿ ਗਾਂਧੀ ਨੇ ਸ਼ਾਂਤਮਈ ਤਰੀਕੇ ਨਾਲ ਅੰਗਰੇਜ਼ਾਂ ਨਾਲ ਅਜ਼ਾਦੀ ਲਿਆ ਕੇ ਉਹਦਾ ਲੜ ਟਾਟਿਆਂ, ਬਿਰਲਿਆਂ, ਅਮੀਰ ਗੁਜਰਾਤੀ ਸੇਠਾਂ ਦੇ ਹੱਥ ਫੜਾ ਦਿੱਤਾ, ਮਜ਼ਦੂਰ, ਕਿਸਾਨ ਉਵੇਂ ਹੱਥ ਮਲ਼ਦਾ ਰਹਿ ਗਿਆ। ਜਿਹੜੇ ਦੇਸ਼ ਭਗਤਾਂ ਨੇ ਅੰਗਰੇਜ਼ ਦੇ ਅਤਿਅੰਤ ਦੁੱਖ ਸਹੇ ਸਨ, ਉਹ ਇਹੋ ਜਿਹੀ ਕਾਲ਼ੀ ਅਜ਼ਾਦੀ ਨੂੰ ਦੇਖ ਕੇ ਕਿਵੇਂ ਚੁੱਪ ਰਹਿ ਸਕਦੇ ਸਨ।ਉਹਨਾਂ ਨੇ ਫਿਰ ਮਜ਼ਦੂਰਾਂ ਕਿਸਾਨਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹੁਣ ਭੂਰੀ ਸਰਕਾਰ ਨੂੰ ਇਹ ਸਹਿਨ ਕਰਨਾ ਔਖਾ ਹੋ ਗਿਆ। ਉਹਨਾਂ ਨੇ ਮੁਖਬਰ ਪਾਲ਼ ਕੇ ਦੇਸ਼ ਭਗਤਾਂ ਨੂੰ ਫੜ੍ਹ ਕੇ ਪੁਲਸ ਮੁਕਾਬਲੇ ਬਣਾ ਕੇ ਗ਼ਦਰ ਦੀ ਪੈਦਾਵਾਰ ਨੂੰ ਖ਼ਤਮ ਕਰਨ ਦੇ ਹੀਲੇ ਵਸੀਲੇ ਵਰਤਣੇ ਸ਼ੁਰੂ ਕਰ ਦਿੱਤੇ। ਅੱਜ 27 ਜੁਲਾਈ 1970 ਨੂੰ ਬਾਬਾ ਬੂਝਾ ਸਿੰਘ ਨੂੰ 82 ਸਾਲ ਦੀ ਉਮਰ ਵਿੱਚ ਫਿਲੌਰ ਦੇ ਨੇੜੇ ਪਿੰਡ ਨਗਰ ਤੋਂ ਗ੍ਰਿਫਤਾਰ ਕੀਤਾ ਹੈ। ਫਿਲੌਰ ਦੇ ਕਿਲ੍ਹੇ ਤੋਂ ਬਾਅਦ ਬੰਗਿਆਂ ਦੇ ਥਾਣੇ ਵਿੱਚ ਲਿਆਂਦਾ ਗਿਆ ਹੈ।

(ਦੋ ਸਿਪਾਹੀ ਇੱਕ ਬਜ਼ੁਰਗ ਨੂੰ ਹੱਥਕੜੀਆਂ ਲਾ ਕੇ ਲਿਆਉਂਦੇ ਹਨ ਅਤੇ ਉੱਥੇ ਪਹਿਲਾਂ ਇੱਕ ਕੈਦੀ ਮੌਜੂਦ ਹੈ।)

**ਸਿਪਾਹੀ** :- ਉਹ ਤੁਰ ਤਾਂ ਪੈ। ਹੁਣ ਤੈਥੋਂ ਸਿੱਧਾ ਤੁਰ ਨੀ ਹੁੰਦਾ, ਸਾਨੂੰ ਵਾਧੂ ਸੂਲੀ ਤੇ ਟੰਗਿਐ।

**ਠਾਣੇਦਾਰ** :- ਬੁੜ੍ਹਿਆ ਮਰ ਐਥੇ, ਬਾਹਰ ਤੈਥੋਂ ਚੈਨ ਨਾਲ ਰਹਿ ਨੀਂ ਹੁੰਦਾ ਤੇ ਨਾ ਸਾਨੂੰ ਰਹਿਣ ਦਿੰਨੈਂ।

(ਸਿਪਾਹੀ ਤੇ ਠਾਣੇਦਾਰ ਉਸਨੂੰ ਧੱਕਾ ਦੇ ਕੇ ਸਿੱਟ ਕੇ ਚਲੇ ਜਾਂਦੇ ਹਨ।

**ਕੈਦੀ** :- ( ਪਹਿਲਾਂ ਸਿਪਾਹੀਆਂ ਤੋਂ ਡਰ ਕੇ ਪਿੱਛੇ ਹੱਟਦਾ ਹੈ ਫਿਰ ਬਾਬੇ ਦੇ ਆਲੇ ਦੁਆਲੇ ਘੁੰਮਦਾ ਹੈ ਤੇ ਅਚੰਭੇ ਨਾਲ ਦੇਖਦਾ ਹੈ। ਟਿੱਚਰ ਨਾਲ) ਬਾਬਾ ਜੀ ਸਾਸਰੀ ਕਾਲ।

**ਬਾਬਾ ਬੂਝਾ ਸਿੰਘ**:- ਸਤਿ ਸ੍ਰੀ ਅਕਾਲ ਪੁੱਤਰ।

**ਕੈਦੀ** :- ਬਾਬਾ ਐਨਾ ਖ਼ਤਰਨਾਕ ਦੀਂਹਦਾ ਤਾਂ ਹੈ ਨੀਂ।

**ਬੂਝਾ ਸਿੰਘ** :- ਖ਼ਤਰਨਾਕ!

**ਕੈਦੀ** :- ਨਾ ਫੇਰ ਕਤਲ ਕਿਵੇਂ ਕਰਤਾ।

**ਬੂਝਾ ਸਿੰਘ** :- ਕਤਲ ! ਮੈਂ ਸਮਝਿਆ ਨੀ ਕੁਸ਼।

**ਕੈਦੀ** :- ਬਾਬਾ ਮੁੱਠ ਕੁ ਤੇਰੀਆਂ ਹੱਡੀਆਂ ਨੇ, ਭਲਾ ਤੂੰ ਕਾਹਨੂੰ ਐਸ ਉਮਰ 'ਚ ਪੰਗਾ ਲੈਣਾ ਸੀ।

**ਬੂਝਾ ਸਿੰਘ** :- ਨੌਜਵਾਨਾਂ! ਮੈਨੂੰ ਮੱਤਾਂ ਦੇਣ ਵਾਲਾ, ਤੂੰ ਐਥੇ ਕਿੱਥੇ ਬੈਠੈਂ।

**ਕੈਦੀ** :- (ਬੇਪ੍ਰਵਾਹੀ ਨਾਲ) ਬਾਬਾ ਸਾਡਾ ਕੀ ਪੁੱਛਣਾ ਸਾਡਾ ਤਾਂ ਸੌਹਰੇ-ਜਵਾਈ ਆਲਾ ਕੰਮ ਐ। ਆਉਂਦੇ ਜਾਂਦੇ ਰਹੀਦੈ। ਪਹਿਲਾਂ ਤੁਸੀਂ ਆਪਣੇ ਬਾਰੇ ਚਾਨਣਾ ਪਾਓ।

**ਬੂਝਾ ਸਿੰਘ** :-ਮੈਂ ਕੋਈ ਕਤਲ ਨੀ ਕੀਤਾ, ਮੈਨੂੰ ਤਾਂ ਇਨਕਲਾਬਪਸੰਦਾਂ ਦੀ ਮਾਂ ਕਹਿੰਦੇ ਨੇ। ਇਹੀ ਮੇਰਾ ਜੁਰਮ ਐ।

**ਕੈਦੀ** :- ਮਾਂ ਹੋਣਾ ਕੀ ਮਾੜੀ ਗੱਲ ਐ।

**ਬੂਝਾ ਸਿੰਘ** :- ਪੁੱਤਰਾ ਇਹਨਾਂ ਨੂੰ ਲੱਗਦੈ ਕਿ ਜੇ ਮਾਂ ਨੂੰ ਮਾਰ ਦੇਵਾਂਗੇ ਤਾਂ ਧਰਤੀ ਮਾਂ ਸੂਰਮੇ ਜੰਮਣੋਂ ਹੱਟ ਜੂ। ਪਰ ਇਹ ਇਹਨਾਂ ਦਾ ਭੁਲੇਖੈ।

**ਕੈਦੀ** :- ਬਾਬਾ ਜੀ ਤੁਸੀਂ ਤਾਂ ਓਪਰੀਆਂ ਜਿਹੀਆਂ ਗੱਲਾਂ ਕਰਦੇ ਓਂ, ਮੇਰੀ ਤਾਂ ਸਮਝ ਤੋਂ ਬਾਹਰ ਨੇ। ਆਹ ਥੋਡੇ ਤਾਂ ਕੂਹਣੀ ਚੋਂ ਲਹੂ ਚੋਂਦੈ।

**ਬੂਝਾ ਸਿੰਘ** :- ਲਹੂ ! ਇਹ ਲਹੂ ਤਾਂ ਤੋੜ ਇਨਕਲਾਬ ਦੇ ਦਿਨ ਤੱਕ ਵਗੇਗਾ। ਇਹ ਕਿਸੇ ਨਾ ਕਿਸੇ ਸ਼ਕਲ ਵਿੱਚ ਵਗਦਾ ਹੀ ਰਿਹਾ ਏ। ਆਖਰ ਧਰਤੀ ਦੀ ਸੱਖਣੀ ਮਾਂਗ ਉਸਦੇ ਵਾਰਸਾਂ ਨੂੰ ਹੀ ਭਰਨੀ ਪੈਂਦੀ ਏ।

**ਕੈਦੀ** :- ਬਾਬਾ ਜੀ ਜਿਹੜੀਆਂ ਗੱਲਾਂ ਤੁਸੀਂ ਕਰਦੇ ਓਂ, ਮੈਂ ਤਾਂ ਕਦੇ ਸੁਣੀਆਂ ਹੀ ਨਹੀਂ।

**ਬੂਝਾ ਸਿੰਘ** :- ਪੁੱਤਰਾ, ਤੇਰੇ ਵਰਗੇ ਨੌਜਵਾਨਾਂ ਦੀ ਸੁੱਤੜ ਸ਼ਕਤੀ ਨੂੰ ਜਗਾਉਣ ਲਈ ਹੀ ਤਾਂ ਕੁਰਬਾਨੀਆਂ ਦੇਣੀਆਂ ਪੈਂਦੀਆਂ ਨੇ।

**ਕੈਦੀ** :- ਬਾਬਾ ਜੀ ਮੈਂ ਕਹਿੰਨਾ ਬਜ਼ੁਰਗ ਓਂ, ਇਹ ਬੁੱਚੜ ਪੁਲਸ ਦੀ ਮਾਰ ਝੱਲ ਨੀ ਹੋਣੀ।

**ਬੂਝਾ ਸਿੰਘ** :- ਪੁੱਤਰਾ ਲੋਹਾ ਭੱਠੀ ਤੇ ਤਪ ਕੇ ਹੀ ਹਥਿਆਰ ਬਣਦੈ। ਇਹ ਪਹਿਲੀ ਵਾਰੀ ਨੀ, ਇਹਨਾਂ ਨਾਲ ਦਸਤ-ਪੰਜਾ ਲੈਂਦਿਆਂ ਤਾਂ 50-60 ਸਾਲ ਹੋ ਗਏ।

**ਕੈਦੀ** :- ਤਾਂ ਤਾਂ ਬਾਬਾ ਜੀ ਪਹਿਲਾਂ ਵੀ ਜੇਲ੍ਹ ਦੀ ਹਵਾ ਖਾਧੀ ਐ। ਪਹਿਲਾਂ ਕਿਹੜੀ ਜੇਲ੍ਹ 'ਚ ਸੀ।

**ਬੂਝਾ ਸਿੰਘ** :- 27 ਅਕਤੂਬਰ, 1935 ਦੀ ਗੱਲ ਆ, ਉਦੋਂ ਅਸੀਂ ਕਿਰਤੀ ਪਾਰਟੀ 'ਚ ਕੰਮ ਕਰਦੇ ਹੁੰਦੇ ਸੀ।

ਦਿਵਾਲੀ ਵਾਲੇ ਦਿਨ ਸਾਡੀ ਜਨਰਲ ਬਾਡੀ ਦੀ ਮੀਟਿੰਗ ਸੀ। ਅਸੀਂ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕਰਦੇ ਸੀ। ਪੁਲਸ ਨੇ ਆ ਕੇ ਘੇਰਾ ਪਾ ਲਿਆ। ਮੈਨੂੰ ਤੇ ਜਲਾਲਦੀ ਵਾਲੇ ਦੁੱਲਾ ਸਿਓਂ ਨੂੰ ਫੜ ਲਿਆ।

**ਕੈਦੀ** :- ਮੈਂ ਤਾਂ ਬਾਬਾ ਉਦੋਂ ਜੰਮਿਆ ਵੀ ਨਹੀਂ ਸੀ। ਫੇਰ ਕੀ ਹੋਇਆ ?

**ਬੂਝਾ ਸਿੰਘ** :- ਹੋਣਾ ਕੀ ਸੀ ਸਾਨੂੰ ਫੇਰ ਲਾਹੌਰ ਦੇ ਸ਼ਾਹੀ ਕਿਲ੍ਹੇ 'ਚ ਲੈ ਗਏ। ਉਸਨੂੰ ਉਦੋਂ ਜਬਰ ਜ਼ੁਲਮ ਲਈ ਦੁਨੀਆਂ ਭਰ ਦਾ ਸਭ ਤੋਂ ਵੱਡਾ ਕਸਾਈਖ਼ਾਨਾ ਮੰਨਿਆ ਜਾਂਦਾ ਸੀ। ਉਸ ਨਰਕ ਵਿੱਚ ਅਸੀਂ ਦੋ ਮਹੀਨੇ ਰਹੇ।

**ਕੈਦੀ** :- ਬਾਬਾ ਜੀ ਉੱਥੇ ਤਾਂ ਫੇਰ ਥੋਨੂੰ ਬਹੁਤ ਤੰਗ ਕਰਦੇ ਹੋਣੇ ਆ।

**ਬੂਝਾ ਸਿੰਘ** :- ਪੁੱਤਰਾ ਹੁਣ ਤਾਂ ਉਹ ਭਿਆਨਕ ਸਮਾਂ ਦੱਸਦਿਆਂ ਵੀ ਡਰ ਲੱਗਦੈ। ਦਿਨ ਰਾਤ ਖੜ੍ਹੇ ਰੱਖਣਾ, ਸੌਣ ਨਾ ਦੇਣਾ, ਅੱਖਾਂ ਮੂਹਰੇ 250 ਵਾਟ੍ਹ ਦਾ ਬਲਬ ਜਗਾ ਕੇ ਰੱਖਣਾ, ਜੇ ਕਿਤੇ ਅੱਖ ਲੱਗ ਜਾਣੀ ਤਾਂ ਸਿਰ ਡੰਡਿਆਂ ਨਾਲ ਭੰਨ ਦੇਣਾ, ਗਾਲ੍ਹੀ ਗਲੋਚ ਤਾਂ ਆਮ ਜਿਹੀ ਗੱਲ ਸੀ। ਗੁੱਝੀ ਮਾਰ ਮਾਰਨੀ, ਆਹ ਡੌਲ਼ੇ ਤੇ ਪੱਟ ਥਾਂ ਥਾਂ ਤੋਂ ਭੰਨ ਦੇਣੇ, ਗੋਡੇ ਗਿੱਟੇ ਸੁਜਾ ਦੇਣੇ। ਸਾਰੀ ਸਾਰੀ ਰਾਤ ਚਾਰ ਚਾਰ ਪੁਲਸੀਏ ਮੰਜਿਆਂ ਦੇ ਪਾਵੇ ਥੱਲੇ ਹੱਥ ਰੱਖਾ ਕੇ ਸੁੱਤੇ ਰਹਿੰਦੇ ਸੀ। ਗਰਮ ਸਲਾਖ਼ਾਂ ਨਾਲ ਥਾਂ ਥਾਂ ਤੋਂ ਮਾਸ ਸਾੜ ਦੇਣਾ। ਮੋਚਨਿਆਂ ਨਾਲ ਮੁੱਛਾਂ, ਦਾੜ੍ਹੀ, ਸਰੀਰ ਦੇ ਵਾਲ ਤੇ ਹੱਥਾਂ ਤੇ ਪੈਰਾਂ ਦੇ ਨੌਂਹ ਖਿੱਚਣੇ। ਸਾਰੀ ਰਾਤ ਨੰਗੇ ਕਰਕੇ, ਭੁੱਖਣ-ਭਾਣੇ ਜੰਗਲੇ ਨਾਲ ਟੰਗ ਦੇਣਾ ਬਈ ਮੱਛਰ ਖਾਈ ਜਾਵੇ। ਪੈਰਾਂ ਦੀਆਂ ਤਲ਼ੀਆਂ ਤੇ ਬਿਜਲੀ ਦਾ ਕਰੰਟ ਲਾਉਣਾ ਬਈ ਡੱਡੂਆਂ ਵਾਂਗ ਟੱਪਣ ਤੇ ਆਪ ਕੋਲ਼ ਬੈਠਿਆਂ ਨੇ ਉੱਚੀ ਉੱਚੀ ਹੱਸਣਾ। ਕਦੇ ਨੰਗੇ ਕਰਕੇ ਬਰਫ਼ ਤੇ ਲਿਟਾ ਦੇਣਾ, ਇੱਥੋਂ ਤੱਕ ਕੇ ਹੱਥਕੜੀਆਂ ਲਾ ਕੇ ਮੂੰਹ ਤੇ ਗੂੰਹ ਬੰਨ੍ਹ ਦੇਣਾ।

**ਕੈਦੀ** :- ਬੱਸ ਬਾਬਾ ਜੀ ਬੱਸ, ਧੰਨ ਓਂ ਤੁਸੀਂ ਜਿਹੜੇ ਐਨਾ ਜ਼ੁਲਮ ਸਹਿੰਦੇ ਰਹੇ।

**ਬੂਝਾ ਸਿੰਘ** :- (ਹੱਸਦਾ ਹੈ) ਉਹ ਹੁਣੇ ਈ, ਮੈਂ ਤਾਂ ਅਜੇ ਤੈਨੂੰ ਇਹ ਨੀ ਦੱਸਿਆ ਕਿ ਦਿਓਲੀ ਕੈਂਪ ਰਾਜਸਥਾਨ ਵਿੱਚ ਅਸੀਂ ਦੋ ਸਾਲ ਭੁੱਖ ਹੜਤਾਲਾਂ ਤੇ ਰਹਿ ਰਹਿ ਕੇ ਕਿਵੇਂ ਕੱਟੇ।

**ਕੈਦੀ** :- ਬੱਸ ਬਾਬਾ ਜੀ ਮੈਂ ਹੋਰ ਨਹੀਂ ਸੁਣ ਸਕਦਾ।

**ਬੂਝਾ ਸਿੰਘ** :- ਪੁੱਤਰਾ ਜ਼ਿੰਦਗੀ ਤਾਂ ਸੰਘਰਸ਼ ਆ ਇਹ ਤੋਂ ਘਬਰਾਈਦਾ ਨਹੀਂ। ਇਹਦਾ ਸਾਹਮਣਾ ਕਰੀਦੈ। ਸਿਦਕੀ ਸੂਰਮੇ ਜ਼ੁਲਮ ਤੋਂ ਕਦੇ ਨਹੀਂ ਹਾਰਦੇ। ਯਾਦ ਰੱਖਣਾ, ਦਸਾਂ ਨਹੁੰਆਂ ਦੀ ਕਿਰਤ ਫੈਲੇਗੀ ਵੀ ਤੇ ਸੱਚ ਮਨੁੱਖ ਦਾ ਹਾਣੀ ਵੀ ਜਰੂਰ ਬਣੇਗਾ।

**ਕੈਦੀ** :- ਲਾਹਨਤ ਐ ਮੇਰੇ ਤੇ, ਮੈਂ ਤਾਂ ਸੁੱਤਾ ਈ ਪਿਆ ਸੀ। ਮੈਂ ਤਾਂ ਜ਼ਿੰਦਗੀ ਨੂੰ ਅੱਜ ਨੇੜੇ ਹੋ ਕੇ ਵੇਖਿਆ।

**ਬੂਝਾ ਸਿੰਘ** :- ਨੌਜਵਾਨਾ, ਭੁੱਲੇ ਰਾਹੀ ਨੂੰ ਭੁੱਲਿਆ ਨਾ ਜਾਣੀਏ ਜੇ ਸਹੀ ਰਾਹ ਲੱਭ ਲਵੇ। ਅੱਜ ਵੀ ਤੈਨੂੰ ਜਾਗਣ ਦੀ ਉਨੀ ਓ ਲੋੜ ਹੈ, ਜਿੰਨੀ ਪਹਿਲਾਂ ਸੀ।

**ਕੈਦੀ** :- ਅੱਛਿਆ, ਬਾਬਾ ਜੀ।

**ਬੂਝਾ ਸਿੰਘ** :- ਹਾਂ ਹੁਣ ਤੂੰ ਦੱਸ ਤੂੰ ਇੱਥੇ ਕਿਵੇਂ ਆਂ।

**ਕੈਦੀ** :- ਬਾਬਾ ਜੀ, ਮੈਨੂੰ ਤਾਂ ਆਪਣੇ ਆਪ ਤੋਂ ਸ਼ਰਮ ਆਉਂਦੀ ਐ ਕਿ ਮੈਂ ਇੱਥੇ ਡੋਡੇ ਵੇਚਣ ਦੇ ਦੋਸ਼ ਵਿੱਚ ਬੈਠਾ ਆਂ, ਉਹ ਵੀ ਇਹਨਾਂ ਅਫ਼ਸਰਾਂ ਦੇ।( ਉਹ ਬਾਬੇ ਦੇ ਪੈਰੀਂ ਪੈ ਜਾਂਦਾ ਹੈ।)

**ਬੂਝਾ ਸਿੰਘ** :-ਪੁੱਤਰਾ- (ਸਿਪਾਹੀ ਨੂੰ ਦੇਖ ਕੇ ਚੁੱਪ ਕਰ ਜਾਂਦੇ ਹਨ।)

**ਹੌਲਦਾਰ** :- ਉਏ ਤੂੰ ਇਹਨੂੰ ਕੀ ਸਿਖਾਲੀ ਜਾਂਨੈ। (ਕੈਦੀ ਨੂੰ) ਚੱਲ ਓਧਰ। ਓ ਜਨਾਬ ਇਹ ਆਪਣੇ ਬੰਦਿਆਂ ਨੂੰ ਪਤਾ ਨੀ ਕੀ ਪੱਟੀ ਪੜ੍ਹਾਈ ਜਾਂਦੈ।

**ਠਾਣੇਦਾਰ** :- ਬੁੜ੍ਹਿਆ, ਤੂੰ ਬਾਜ਼ ਨੀ ਆਉਂਦਾ, ਤੂੰ ਇੱਥੇ ਵੀ ਇਹੀ ਕੰਮ ਫੜ ਲਿਆ ਮੁੰਡਿਆਂ ਨੂੰ ਭੜਕਾਉਣ ਦਾ। ਤੂੰ ਜੋ ਮਰਜ਼ੀ ਕਰ ਲੈ, ਤੂੰ ਸਾਡੇ ਇਹਨਾਂ ਸ਼ੇਰਾਂ ਦੇ ਸਿਰ ਵਿੱਚ ਇਨਕਲਾਬ ਨੀ ਵਾੜ ਸਕਦਾ। (ਕੈਦੀ ਪਿੱਛੇ ਚਲਾ ਜਾਂਦਾ ਹੈ ਤੇ ਓਹਲੇ ਖੜ੍ਹ ਕੇ ਉਹਨਾਂ ਦੀਆਂ ਗੱਲਾਂ ਸੁਣਦਾ ਹੈ।

**ਬੂਝਾ ਸਿੰਘ** :- ਉਹ ਮੈਨੂੰ ਵੀ ਪਤੈ, ਸਮਾਜ ਦੀ ਤਬਦੀਲੀ ਤਵੇ ਦੀ ਰੋਟੀ ਨਹੀਂ, ਜਿਸਨੂੰ ਉਂਗਲਾਂ ਦੇ ਚੌਂਹ ਪੋਟਿਆਂ ਦੇ ਭੋਰਾ ਜਿੰਨੇ ਸੇਕ ਨਾਲ ਪਲਟ ਲਿਆ ਜਾਏਗਾ। ਉਹਦੇ ਲਈ ਸਾਡੇ ਗ਼ਦਰੀ ਸਾਥੀਆਂ ਵਾਂਗ ਹਿੰਮਤ, ਸਿਰੜ, ਤਿਆਗ ਤੇ ਕੁਰਬਾਨੀ ਦੀ ਲੋੜ ਐ।

**ਠਾਣੇਦਾਰ** :- ਬੁੜ੍ਹਿਆ, ਸਾਨੂੰ ਐਂਵੇ ਇਧਰ ਉਧਰ ਦੀਆਂ ਮਾਰ ਕੇ ਨਾ ਵਰਗ਼ਲਾਈ ਜਾ, ਮੇਰੇ ਸਵਾਲਾਂ ਦੇ ਜਵਾਬ ਦੇ ਜਿਨ੍ਹਾਂ ਦਾ ਮੈਨੂੰ ਉੱਪਰੋਂ ਹੁਕਮ ਆਇਐ॥

**ਬੂਝਾ ਸਿੰਘ** :- ਤੈਨੂੰ ਮੈਂ ਕਦੋਂ ਜਵਾਬ ਦਿੱਤੇ, ਤੁਸੀਂ ਤਾਂ ਨੌਕਰ ਓਂ, ਮਾਲਕ ਦੀ ਡੁਗ ਡੁਗੀ ਤੇ ਨੱਚਣਾ ਹੀ ਹੋਇਆ।

**ਹੌਲਦਾਰ** :- ਜਨਾਬ, ਇਹ ਤਾਂ ਉੱਤੇ ਈ ਉੱਤੇ ਚਵ੍ਹੀ ਆਉਂਦੈ।

**ਠਾਣੇਦਾਰ** :- ਬੁੜ੍ਹਿਆ, ਦੱਸ ਹੁਣ ਤੇਰੀ ਕੀ ਖ਼ਾਤਰ ਕਰੀਏ।

**ਬੂਝਾ ਸਿੰਘ** :- ਉਹੀ ਜਿਹੜੀ ਦਹਿਸ਼ਤ ਪਸੰਦ ਹੱਕ, ਸੱਚ ਤੇ ਇਨਸਾਫ਼ ਦੀ ਲੜਾਈ ਲੜਨ ਵਾਲਿਆਂ ਨਾਲ ਯੁੱਗਾਂ ਯੁੱਗਾਂ ਤੋਂ ਕਰਦਾ ਆਇਐ।

**ਹੌਲਦਾਰ** :-ਬੁੜ੍ਹਿਆ, ਹੁਣ ਤੂੰ ਬੁੱਢਾ ਹੋ ਗਿਐਂ, ਕਿਉਂ ਔਖਾ ਹੁੰਨੈਂ, ਜੇਲ੍ਹਾਂ ਦੀਆਂ ਕਾਲ਼ ਕੋਠੜੀਆਂ 'ਚ।

**ਬੂਝਾ ਸਿੰਘ** :- ਤੇ ਫਿਰ ਸੁਣ, ਇਨਕਲਾਬੀ ਕਦੇ ਬੁੱਢੇ ਨੀਂ ਹੁੰਦੇ। ਮੈਂ ਇਸ ਉਮਰ ਵਿੱਚ ਵੀ ਮੌਕੇ ਦੀ ਸਰਕਾਰ ਨਾਲ ਟੱਕਰ ਲੈ ਸਕਦੈਂ।

**ਠਾਣੇਦਾਰ** :-ਮੈਨੂੰ ਸਿੱਧਾ ਸਿੱਧਾ ਜਵਾਬ ਦੇ। ਤੇਰੀ ਪਾਰਟੀ ਦਾ ਨਾਂ ਕੀ ਐ।

**ਬੂਝਾ ਸਿੰਘ** :- ਮੇਰੀ ਪਾਰਟੀ ਗ਼ਦਰ ਲਹਿਰ, ਬੱਬਰ ਲਹਿਰ, ਅਕਾਲੀ ਲਹਿਰ, ਕਿਰਤੀ ਲਹਿਰ, ਲਾਲ ਪਾਰਟੀ ਤੇ ਨਕਸਲਵਾੜੀ।

**ਹੌਲਦਾਰ** :- ਬਾਬਾ ਹੁਣ ਦੇਸ਼ ਅਜ਼ਾਦ ਹੋ ਗਿਆ। ਤੂੰ ਤਾਂ ਉਹੀ 50 ਸਾਲ ਪਹਿਲਾਂ ਦੀਆਂ ਗੱਲਾਂ ਕਰੀ ਜਾਨੈਂ।

**ਬੂਝਾ ਸਿੰਘ** :- ਅਜ਼ਾਦ ਨਹੀਂ, ਇਹ ਤਾਂ ਦੇਸ਼ ਦੀ ਵਾਗਡੋਰ ਬੂਰਿਆਂ ਦੇ ਹੱਥੋਂ ਭੂਰਿਆਂ ਦੇ ਹੱਥ ਆ ਗਈ ਹੈ, ਪਰ ਬਦਲਿਆ ਕੁੱਝ ਨਹੀਂ।

**ਠਾਣੇਦਾਰ** :- ਮੈਨੂੰ ਇਹ ਦੱਸ, ਥੋਡੇ ਪਾਰਟੀ ਦੇ ਮੈਂਬਰ ਕੌਣ ਕੌਣ ਨੇ।

**ਬੂਝਾ ਸਿੰਘ** :- ਹਰ ਉਹ ਮਜ਼ਦੂਰ ਤੇ ਕਿਸਾਨ ਜਮਾਤ ਜਿਹੜੀ ਅੱਜ ਵੀ ਹੱਕ ਲੈਣ ਲਈ

ਜੂਝ ਰਹੀ ਹੈ।

**ਠਾਣੇਦਾਰ**:- ਬਾਬਾ ਮੈਂ ਤੈਨੂੰ ਅੱਗੇ ਵੀ ਦੱਸਿਆ ਕਿ ਲਾਲ ਪਾਰਟੀ ਵਿੱਚ ਰਹਿ ਕੇ ਹੀ ਤੂੰ ਕਿਸਾਨਾਂ ਨੂੰ ਜ਼ਮੀਨਾਂ ਉਦੋਂ ਈ ਦਵਾ ਗਿਆ। ਉਦੋਂ ਸਾਡੀ ਸਰਕਾਰ ਦੇ ਪੈਰ ਨਹੀਂ ਸੀ ਲੱਗੇ।

**ਹੌਲਦਾਰ** :- ਆਹੋ ਜਨਾਬ, ਇਹ ਤਾਂ ਉਹੀ ਉੱਨੀ ਸੌ ਅੜਤਾਲੀ ਅੜਤੂਲੀ ਦਾਈਆਂ ਗੱਲਾਂ ਕਰੀ ਜਾਂਦੈ।

**ਠਾਣੇਦਾਰ** :- ਹੌਲ਼ਦਾਰਾ ਇਹਨੂੰ ਦੱਸਦੈ, ਹੁਣ ਹਾਲਾਤ ਹੋਰ ਨੇ।

**ਬੂਝਾ ਸਿੰਘ** :- ਇਹ ਵੀ ਤੈਨੂੰ ਭੁਲੇਖੈ, ਬਰਾਬਰ ਦੇ ਹੱਕਾਂ ਦੀ ਲੜਾਈ ਦੇ ਹਾਲਾਤ ਕਦੇ ਨਹੀਂ ਬਦਲੇ, ਜਿਨ੍ਹਾਂ ਚਿਰ ਮਾਲਕ ਤੇ ਮਜ਼ਦੂਰ ਦਾ ਪਾੜਾ ਖ਼ਤਮ ਨਹੀਂ ਹੁੰਦਾ।

**ਹੌਲਦਾਰ** :- ਐਂਵੇ ਕਾਹਨੂੰ ਜਾਬ੍ਹਾਂ ਦਾ ਭੈੜ ਮਾਰਦੈਂ, ਤੂੰ ਮਰਨ ਕਿਨਾਰੇ ਐਂ।

**ਬੂਝਾ ਸਿੰਘ** :- ਇਹ ਵੀ ਯਾਦ ਰੱਖ, ਮਰਦੇ ਤਾਂ ਬੁਜ਼ਦਿਲ ਨੇ, ਸੂਰਮੇ ਤਾਂ ਸ਼ਹੀਦ ਹੁੰਦੇ ਹੁੰਦੇ ਨੇ।

**ਠਾਣੇਦਾਰ** :- ਆਹ ਤੇਰੀਆਂ ਹੱਡੀਆਂ ਦੀ ਮੁੱਠ ਐ, ਕਾਹਨੂੰ ਸਾਥੋਂ ਜੀਆ ਘਾਤ ਕਰਵਾ ਰਿਹੈਂ।

**ਬੂਝਾ ਸਿੰਘ** :- ਤੁਸੀਂ ਮੇਰੀ ਹੱਡੀਆਂ ਦੀ ਮੁੱਠ ਈ ਦੇਖਦੇ ਓਂ। ਪਰ ਮੇਰਾ ਸਿਰੜ ਤੇ ਮੇਰਾ ਹੌਂਸਲਾ ਨਹੀਂ ਦੇਖਿਆ।

**ਹੌਲਦਾਰ** :- ਸਿਰੜ ਤੇ ਹੌਂਸਲਾ ਵੀ ਕਿੰਨਾ ਚਿਰ। ਕੱਲ੍ਹ ਨੂੰ ਮਰ ਗਿਆ ਫੇਰ।

**ਬੂਝਾ ਸਿੰਘ** :- ਮੇਰੇ ਮਰਨ ਨਾਲ ਧਰਤੀ ਸੂਰਮਿਆਂ ਖੁਣੋਂ ਬਾਂਝ ਨਹੀਂ ਹੋ ਜਾਵੇਗੀ। ਤਾਰੀਖ਼ ਦੇ ਪੈਰਾਂ ਨੂੰ ਸੰਗਲ ਨਹੀਂ ਪਾਏ ਜਾ ਸਕਦੇ। ਤੱਤੀਆਂ ਤਵੀਆਂ ਤੇ ਬੈਠਣ ਵਾਲੇ- ਗੁਰੂ ਅਰਜਨ ਦੇਵ, ਬੰਦ ਬੰਦ ਕਟਵਾਉਣ ਵਾਲੇ - ਭਾਈ ਮਨੀ ਸਿੰਘ, ਫਾਂਸੀਆਂ ਦੇ ਰੱਸੇ ਚੁੰਮਣ ਵਾਲੇ, ਪਿੰਜਰਾ ਬੰਦ ਕੈਦਾਂ ਕੱਟਣ ਵਾਲੇ, ਪੁਲਸ ਮੁਕਾਬਲਿਆਂ 'ਚ ਮਾਰੇ ਜਾਣ ਵਾਲੇ ਸੂਰਮੇ - ਗ਼ਦਰੀ ਬਾਬੇ ਭਗਤ ਸਰਾਭੇ ਅੱਜ ਵੀ ਸਾਡੇ ਵਿੱਚ ਮੌਜੂਦ ਨੇ, ਦੇਖ ਕੇ ਅਣਡਿੱਠ ਕਰਨ ਵਾਲੇ ਸਮੇਂ ਦੇ ਗ਼ਦਾਰ ਹੁੰਦੇ ਨੇ। ਮੈਂ ਉਹਨਾਂ ਵਿੱਚੋਂ ਨਹੀਂ।

**ਠਾਣੇਦਾਰ** :- ਬੁੜਿਆ ਮੈਂ ਤੈਨੂੰ ਸਿਆਣਾ ਸਮਝ ਕੇ ਸਵਾਲ ਪੁੱਛ ਰਿਹੈਂ, ਤੂੰ ਉੱਤੇ ਈ ਉੱਤੇ ਚੜ੍ਹਦਾ ਆਉਂਨੈ।

**ਬੂਝਾ ਸਿੰਘ** :- ਮੈਂ ਤਾਂ, ਤਾਂ ਦੱਸਣਾ ਚਾਹੁੰਨੈ ਕਿ ਪਤਾ ਨਹੀਂ ਤੈਨੂੰ ਮੁੜ ਕੇ ਇਹ ਸੁਣਨ ਦਾ ਸਮਾਂ ਮਿਲੇ ਕਿ ਨਾ ਕਿ ਅਸੀਂ ਗ਼ਦਰ ਲਹਿਰ ਦੀ ਪੈਦਾਵਾਰ ਆਂ ਜਿਹੜੀ ਹਰ ਯੁੱਗ ਵਿੱਚ ਪਸਰੇਗੀ, ਫੈਲੇਗੀ, ਦੇਸ਼ਾਂ ਵਿਦੇਸ਼ਾਂ ਵਿੱਚੋਂ ਉੱਠੇਗੀ ਜ਼ੁਲਮ ਦਾ ਮੂੰਹ ਮੋੜਨ ਲਈ, ਹੱਕਾਂ ਦੀ ਹਾਮੀ ਲਈ, ਗ਼ਦਾਰਾਂ ਦਾ ਮੂੰਹ ਭੰਨਣ ਲਈ, ਗ਼ਦਰੀ ਸਾਥੀਆਂ ਦਾ ਸੁਪਨਾ ਪੂਰਾ ਕਰਨ ਲਈ, ਗ਼ੁਲਾਮੀ ਨੂੰ ਜੜ੍ਹੋਂ ਵੱਢਣ ਲਈ ਹਰ ਰੋਜ਼ ਗ਼ਦਰੀ ਪੈਦਾ ਹੋਣਗੇ। ਚਾਹੇ 1857 ਹੋਵੇ ਜਾਂ 1913 ਜਾਂ 1931 ਜਾਂ ਅੱਜ 1970 ਜਾਂ 1990, 2000, 2013 ਜਾਂ 2020 ਗ਼ਦਰੀ ਉੱਠਦੇ ਰਹਿਣਗੇ ਆਪਣੇ ਹੱਕਾਂ ਲਈ ਲੜਦੇ ਰਹਿਣਗੇ।

**ਠਾਣੇਦਾਰ** :- (ਅੱਕ ਕੇ) ਬਾਬਾ ਤੂੰ ਬਹੁਤਾ ਫਿਲਾਸਫਰ ਨਾ ਬਣ, ਬਹਿ ਜਾ ਚੁੱਪ ਕਰਕੇ।

**ਹੌਲਦਾਰ** :- ਜਨਾਬ ਜੇ ਇਹ ਨੂੰ ਕੋਈ ਪੁੱਛੇ ਬਈ ਗੋਲ਼ੀ ਮੂਹਰੇ ਕਿਹੜਾ ਅੜ ਜੂ।

**ਬੂਝਾ ਸਿੰਘ** :- ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਲੋਕ ਨੀ ਭੁੱਲੇ ਤੁਸੀਂ ਟੋਡੀ ਗ਼ਦਾਰ ਭੁੱਲ ਸਕਦੇ ਓਂ। ਇਹ ਕਾਫ਼ਲੇ ਚੱਲਦੇ ਆਏ ਆ ਚੱਲਦੇ ਹੀ ਰਹਿਣਗੇ। ਉਹਨਾਂ ਦੀ ਜੰਗ ਕੱਲ ਵੀ ਜਾਰੀ ਸੀ, ਅੱਜ ਵੀ ਜਾਰੀ ਹੈ ਤੇ ਆਉਣ ਵਾਲੇ ਕੱਲ੍ਹ ਨੂੰ ਵੀ ਜਾਰੀ ਰਹੇਗੀ ਜਿੰਨਾ ਚਿਰ ਇਹ ਦਹਿਸ਼ਤ ਦਾ ਤੰਦੂਰ ਤਪਦਾ ਰਹੇਗਾ।

**ਠਾਣੇਦਾਰ** :- ਅਸੀਂ ਤੇਰੇ ਵਰਗੇ ਸੌ ਚੌਰੇ ਸਿੱਧੇ ਕੀਤੇ ਐ।

**ਬੂਝਾ ਸਿੰਘ** :- ਚੌਰੇ ਸਿੱਧੇ ਕੀਤੇ ਹੋਣੇ ਆਂ, ਦੇਸ਼ਭਗਤ ਨੀ, ਤਾਰੀਖ਼ ਗਵਾਹ ਐ ਲੋਕਾਂ ਦੇ ਜਾਇਆਂ ਨੂੰ ਕੋਈ ਵੀ ਜ਼ਾਲਮ ਸਰਕਾਰ ਨਹੀਂ ਮਾਰ ਸਕੀ। ਸਾਡਾ ਸਰੀਰ ਮਰ ਸਕਦੈ ਪਰ ਸੋਚ ਨਹੀਂ।

**ਠਾਣੇਦਾਰ** :- ਬੁੜ੍ਹਿਆ, ਤੂੰ ਬਹੁਤਾ ਨਾ ਚ੍ਹਾਮਲ, (ਰੀਸ ਲਾ ਕੇ) ਸ਼ੋਚ ਨੀ ਮਰ ਸ਼ਕਦੀ, ਤੂੰ ਕਿਹੜੇ ਬਾਗ ਦੀ ਮੂਲ਼ੀ ਐਂ। ਮੁੜ ਕੇ ਦੇਖਦੇ ਆਂ ਤੈਨੂੰ।

**ਹੌਲਦਾਰ** :- ਜਨਾਬ ਨਾਲੇ ਭੋਰਾ ਕੈਮ ਹੋ ਕੇ ਆਉਨੈਂ ਆ।

**ਠਾਣੇਦਾਰ** :- ਲਿਆ ਉਹ ਹੌਲਦਾਰਾ, ਕੱਲ ਵਾਲੀ ਅੰਗਰੇਜ਼ੀ, ਪੈਰ ਬੰਨ੍ਹਦੇ ਆਂ ਇਹਦਾ ਮੱਕੂ।

(ਚਲੇ ਜਾਂਦੇ ਹਨ। ਕੈਦੀ ਜਿਹੜਾ ਉਹਲੇ ਖੜ੍ਹ ਕੇ ਸੁਣ ਰਿਹਾ ਸੀ ਉਹ ਨਿਕਲ ਕੇ ਬਾਹਰ ਆਉਂਦਾ ਹੈ ਤੇ ਬਾਬਾ ਜੀ ਦੇ ਪੈਰੀਂ ਪੈਂਦਾ ਹੈ ਤੇ ਧੂੜ ਚੱਕ ਕੇ ਮੱਥੇ ਨੂੰ ਲਾਉਂਦਾ ਹੈ।)

**ਬੂਝਾ ਸਿੰਘ** :- ਪੁੱਤਰ ਕੀ ਹੋ ਗਿਆ ?

**ਕੈਦੀ** :- ਬਾਬਾ ਤੇਰੇ ਵਰਗਾ ਜਬ੍ਹੇ ਵਾਲਾ ਬੰਦਾ ਮੈਂ ਜ਼ਿੰਦਗੀ 'ਚ ਪਹਿਲੀ ਵਾਰੀ ਦੇਖਿਆ। ਤੂੰ ਕਿਸ ਮਿੱਟੀ ਦਾ ਬਣਿਆ ਹੋਇਐਂ?

**ਬੂਝਾ ਸਿੰਘ**:- ਉਹ ਮਿੱਟੀ ਜਿਸਦਾ ਇੱਕ ਇੱਕ ਕਤਰਾ ਕੁਰਬਾਨੀ ਦੇ ਜਜ਼ਬੇ ਨਾਲ ਪਰੁੱਚਿਆ ਪਿਆ ਹੈ।

**ਕੈਦੀ** :- ਬਾਬਾ ਜੀ ਮੈਨੂੰ ਦੱਸੋ, ਕੀ ਮੈਂ ਤੁਹਾਡੇ ਲਈ ਕੁੱਝ ਕਰ ਸਕਦੈਂ।

**ਬੂਝਾ ਸਿੰਘ** :- ਪੁੱਤਰਾ ਮੇਰੇ ਲਈ ਨਹੀਂ, ਲੋਕਾਂ ਲਈ ਤੂੰ ਬਹੁਤ ਕੁਝ ਕਰ ਸਕਦੈਂ।

**ਕੈਦੀ** :- ਤੁਹਾਡੇ ਲਈ ਕਿਉਂ ਨਹੀਂ?

**ਬੂਝਾ ਸਿੰਘ** :- ਕਿਉਂ ਕਿ ਹੁਣ ਪੁਲਸ ਨੇ ਮੈਨੂੰ ਮਾਰ ਦੇਣੈ।

**ਕੈਦੀ** :- ਕਿਉਂ?

**ਬੂਝਾ ਸਿੰਘ** :- ਕਿਉਂਕਿ ਮੈਂ ਲੋਕਾਂ ਦੇ ਸਿਰ ਉਗਾਉਂਦਾ ਹਾਂ।

**ਕੈਦੀ** :- ਹੈਂ!

(ਅੰਦਰੋਂ ਠਾਣੇਦਾਰ ਤੇ ਹੌਲਦਾਰ ਆਉਂਦੇ ਹਨ, ਉਹ ਉਹਨਾਂ ਨੂੰ ਦੇਖ ਕੇ ਚੁੱਪ ਕਰ ਜਾਂਦੇ ਹਨ। ਇੱਕ ਦੂਸਰੇ ਨੂੰ ਕਹਿੰਦਾ ਹੈ।)

**ਹੌਲਦਾਰ** :- ਲਓ ਜਨਾਬ ਜੰਤਰ (ਡੰਡਾ ਫੜ੍ਹਾਉਂਦਾ ਹੈ।)

**ਠਾਣੇਦਾਰ** :- ਉਹ ਮੈਨੂੰ ਕਿਉਂ ? ਤੈਥੋਂ ਮਾਰ ਨੀ ਹੁੰਦਾ।

**ਹੌਲਦਾਰ** :- ਜੀ ਜਨਾਬ, ਬਾਬਾ ਸੱਚ ਸੱਚ ਦੱਸਦੇ। (ਉਹ ਮਾਰਨ ਲੱਗਦਾ ਹੈ।)

**ਠਾਣੇਦਾਰ** :- ਕੱਲ੍ਹ ਦੇ ਪੁੱਛਦੇ ਆਂ ਬੁੜ੍ਹਿਆ ਤੈਨੂੰ ਸਿੱਧੀ ਨੀਤ ਨਾਲ ਸਵਾਲਾਂ ਦੇ ਜਵਾਬ ਦੇ ਦੇ, ਨਹੀਂ ਤਾਂ ਸਾਨੂੰ ਜਾਣਦਾ ਈ ਐ।

**ਬੂਝਾ ਸਿੰਘ** :- ਮੈਂ ਜੋ ਕੁੱਝ ਦੱਸਣਾ ਸੀ ਦੱਸ ਚੁੱਕਿਆ, ਮੈਨੂੰ ਹੋਰ ਕੁੱਝ ਨਹੀਂ ਪਤਾ।

(ਉਹ ਫਿਰ ਕੁੱਟਣ ਲੱਗਦੇ ਹਨ।)

**ਠਾਣੇਦਾਰ** :- ਹੁਣ ਆ ਰਿਹੈ ਸਵਾਦ? ਅਸੀਂ ਤਾਂ ਤੇਰੇ ਹੱਡਾਂ ਚੋਂ ਕੱਢ ਲਾਂਗੇ ਅਤੇ ਪਤੇ।

**ਹੌਲਦਾਰ** :- ਬੁੜ੍ਹਿਆ, ਆਖਰੀ ਵਾਰੀ ਪੁੱਛਦੇ ਆਂ ਕਿ ਤੁਸੀਂ ਅੱਜ ਕਾਹਦੀ ਮੀਟਿੰਗ ਕਰ ਰਹੇ ਸੀ।

**ਠਾਣੇਦਾਰ**:- ਥੋਡੀ ਪਾਰਟੀ ਦੇ ਕੌਣ ਕੌਣ ਮੈਂਬਰ ਨੇ ?

**ਹੌਲਦਾਰ** :- ਤੂੰ ਕਿੰਨਾ ਕਿੰਨਾ ਨੂੰ ਮਿਲਦੈਂ?

**ਠਾਣੇਦਾਰ** :- ਬੁੜ੍ਹਿਆ ਬੋਲ ਪਾ, ਤੈਥੋਂ ਸਾਡਾ ਧੋਬੀ ਪਟਕਾ ਨੀ ਝੱਲ ਹੋਣਾ।

(ਫੇਰ ਕੁੱਟ ਰਹੇ ਹਨ।)

**ਹੌਲਦਾਰ** :- ਕਿਉਂ ਬੁੱਢੇ ਬਾਰੇ ਹੱਡ ਰਗੜਦੈਂ। ਜਨਾਬ ਇਹ ਤਾਂ ਬੇਹੋਸ਼ ਹੋ ਗਿਆ।

**ਠਾਣੇਦਾਰ** :- ਕੋਈ ਗੱਲ ਨੀ ਜੇ ਪਾਰ ਵੀ ਹੋ ਗਿਆ, ਆਪਾਂ ਨੂੰ ਤਾਂ ਫਾਇਦਾ ਈ ਆ।

**ਹੌਲਦਾਰ** :-ਉਹ ਕਿਵੇਂ ਜਨਾਬ?

**ਠਾਣੇਦਾਰ** :- ਓਏ ਤੂੰ ਵੀ ਭੋਲ਼ਾ ਈ ਆ, ਆਪਾਂ ਤਾਂ ਪੁਲਸ ਮੁਕਾਬਲਾ ਈ ਬਣਾਉਣੈ, ਲੈ ਚੱਲਾਂਗੇ ਨਾਈ ਮਜਾਰੇ ਦੇ ਪੁੱਲ ਤੇ। ਚੱਲ ਛੱਡ, ਸਾਲੇ ਨੇ ਮਜ਼ਾ ਈ ਕਿਰਕਰਾ ਕਰਤਾ, ਤੂੰ ਨਵੀਂ ਬੋਤਲ ਕੱਢ। ( ਅੰਦਰ ਨੂੰ ਚਲੇ ਜਾਂਦੇ ਹਨ।)

(ਕੈਦੀ ਆਲਾ ਦੁਆਲਾ ਦੇਖਕੇ ਭੱਜ ਕੇ ਆ ਕੇ ਬਾਬੇ ਨੂੰ ਦੇਖਦਾ ਹੈ ਤੇ ਉਸ ਨੂੰ ਬਿਠਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਬਿਠਾ ਵੀ ਲੈਂਦਾ।)

**ਕੈਦੀ** :- ਬਾਬਾ, ਬਾਬਾ, ਤੂੰ ਨਹੀਂ ਮਰ ਸਕਦਾ। ( ਉਸਨੂੰ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤੇ ਸਹਾਰੇ ਨਾਲ ਖੜ੍ਹਾ ਕਰ ਲੈਂਦਾ ਹੈ।)

ਬਾਬਾ ਤੂੰ ਨਹੀਂ ਮਰ ਸਕਦਾ, ਨਹੀਂ ਮਰ ਸਕਦਾ

(ਲੋਕਾਂ ਨੂੰ) ਬਾਬਾ ਜ਼ਿੰਦਾ ਐ, ਮੇਰੇ ਵਿੱਚ ਜ਼ਿੰਦਾ ਐ।

ਸਾਡੀ ਸੋਚ ਵਿੱਚ ਜ਼ਿੰਦਾ ਐ। (ਬਾਬੇ ਦਾ ਇੱਕ ਹੱਥ ਆਪਣੇ ਹੱਥ ਚੱਕ ਉੱਪਰ ਉਠਉਂਦਾ ਹੈ।)

ਇਹ ਗ਼ਦਰ ਦੀ ਲਾਟ ਮੱਘਦੀ ਰਹੇਗੀ,
ਮੱਘਦੀ ਰਹੇਗੀ-----
ਯੁੱਗਾਂ ਯੁੱਗਾਂ ਤੀਕ ਮੱਘਦੀ ਰਹੇਗੀ। ਮੱਘਦੀ ਰਹੇਗੀ--------

(ਪਰਦਾ ਡਿੱਗਦਾ ਹੈ।)

# ਦਿਮਾਗੀ ਡਾਕਟਰ ਮਾਨਸਿਕ ਬਿਮਾਰੀਆਂ ਤੋਂ ਕੋਹਾਂ ਦੂਰ

**ਖੁਸ਼ਪਾਲ ਗਰੇਵਾਲ (ਮੋਹੀ)**
**Brampton, Celadon**
**+1514-576-4373**

ਸੰਸਾਰ ਭਰ ਦੀ ਵੱਡੀ ਅਬਾਦੀ ਨੂੰ ਕੈਂਸਰ, ਸ਼ੂਗਰ, ਹੈਪੇਟਾਈਟਸ, ਕਰੋਨਾ ਅਤੇ ਹੋਰ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਹੰਢਾਉਣੀਆਂ ਪੈ ਰਹੀਆਂ ਹਨ। ਇਹਨਾ ਭਿਆਨਕ ਬਿਮਾਰੀਆਂ ਦੇ ਨਾਲ-ਨਾਲ ਮੈਡੀਕਲ ਵਿਗਿਆਨ ਦਾ ਇੱਕ ਹੋਰ ਭਾਗ ਹੈ, ਜਿਹਦੇ ਵਿੱਚ ਖੋਜ ਦੂਜੇ ਵਿਗਿਆਨਾਂ ਦੇ ਮੁਕਾਬਲਤਨ ਬਹੁਤ ਘੱਟ ਹੋਈ ਹੈ ਅਤੇ ਉਹ ਹੈ ਮਨੋਵਿਗਿਆਨ (ਸਾਈਕੈਟਰਿਕ)। ਪਿਛਲੇ ਕੁਝ ਦਹਾਕਿਆਂ ਤੋਂ ਇਸ ਖੇਤਰ ਵਿਚਲੀਆਂ ਬਿਮਾਰੀਆਂ ਨੇ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਜਿਵੇਂ ਕਿ ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਕ ਹਰ ਚੌਥਾ ਵਿਅਕਤੀ ਮਨੋਰੋਗੀ ਹੈ ਅਤੇ ਲਗਭਗ 450 ਮਿਲੀਅਨ ਲੋਕ ਦੁਨੀਆ ਭਰ ਵਿੱਚ ਦਿਮਾਗੀ ਤੌਰ ਤੇ ਬਿਮਾਰ ਹਨ।

ਵਿਗਿਆਨਕ ਖੇਤਰ ਬੜਾ ਰਹੱਸਮਈ ਹੈ, ਇਨ੍ਹਾਂ ਵਿੱਚੋਂ ਕਈ ਰਹੱਸ ਖੋਜੇ ਜਾ ਚੁੱਕੇ ਹਨ ਪਰ ਬਹੁਤੇ ਹਾਲੇ ਵੀ ਅਣਸੁਲਝੇ ਹੀ ਪਏ ਹਨ। ਕਿਹਾ ਜਾਂਦਾ ਹੈ ਕਿ ਮੈਡੀਕਲ ਵਿਗਿਆਨ ਦੇ ਸਾਰੇ ਖੇਤਰਾਂ ਵਿੱਚੋਂ ਸਭ ਤੋਂ ਜਿਆਦਾ ਅਣਛੂਹਿਆ ਜਾਣ ਵਾਲਾ ਭਾਗ ਮਨੋਵਿਗਿਆਨ ਹੈ। ਮਾਨਸਿਕ ਬਿਮਾਰੀਆਂ ਬੜੇ ਹੀ ਗੁੰਝਲਦਾਰ ਕਾਰਨਾਂ ਤੋਂ ਪੈਦਾ ਹੁੰਦੀਆਂ ਹਨ। ਜਿਸ ਵਿੱਚ ਸਾਰੇ ਅੰਦਰੂਨੀ-ਬਹਿਰੂਨੀ ਕਾਰਨ ਮਿਲਕੇ ਸਰੀਰ ਦੇ ਅੰਦਰਲੇ ਹਾਰਮੋਨਾਂ ਨੂੰ ਹਰਕਤ 'ਚ ਲਿਆ ਕੇ ਮਨੁੱਖ ਦੀ ਮਾਨਸਿਕਤਾ ਉਪਰ ਗਹਿਰਾ ਅਸਰ ਕਰਦੇ ਹਨ। ਮਨੋਵਿਗਿਆਨਕਾਂ ਅਤੇ ਮਾਨਸਿਕ ਰੋਗਾਂ ਦੇ ਮਾਹਰ ਡਾਕਟਰਾਂ ਨੇ ਅਨੇਕਾਂ ਮਾਨਸਿਕ ਬਿਮਾਰੀਆਂ ਲੱਭ ਲਈਆ ਹਨ, ਜਿਨ੍ਹਾਂ ਵਿਚੋਂ ਬਹੁਤੀਆਂ ਬਿਮਾਰੀਆਂ ਪ੍ਰੇਸ਼ਾਨੀ, ਸੁਭਾਅ, ਦਿਮਾਗੀ ਵਿਕਾਸ, ਸਖ਼ਸ਼ੀਅਤ, ਅਤੇ ਮਨੋਵਿਕਾਰਾਂ ਨਾਲ ਸਬੰਧਿਤ ਹਨ।

ਜਦੋਂ ਅਸੀਂ ਇਨ੍ਹਾਂ ਬਿਮਾਰੀਆਂ ਦੇ ਕਾਰਨਾਂ ਬਾਰੇ ਅਤੇ ਉਹਨਾਂ ਦੇ ਲੱਛਣਾਂ ਬਾਰੇ ਪੜ੍ਹਦੇ ਹਾਂ ਤਾਂ ਸਮਝ ਪੈਂਦੀ ਹੈ ਕਿ ਇਹ ਮਨੋਰੋਗਾਂ ਦਾ ਅਲਜਬਰਾ ਤਾਂ ਬੜਾ ਹੀ ਪੇਚੀਦਾ ਹੈ। ਮੈਡੀਕਲ ਸਾਇੰਸ ਆਪਣੇ ਯਤਨਾਂ ਅਤੇ ਖੋਜਾਂ ਸਦਕਾ ਮਨੋਰੋਗੀ ਦੇ ਇਲਾਜ ਨੂੰ ਤਾਂ ਸੰਭਵ ਬਣਾਉਦੀ ਹੈ ਪਰ ਇਸਦੇ ਪੈਦਾਇਸ਼ੀ ਕਾਰਨਾਂ ਨੂੰ ਜਾਣਦੇ ਹੋਏ ਵੀ ਇਹਨਾਂ ਰੋਗਾਂ ਦੇ ਜਿੰਮੇਵਾਰ ਸਮਾਜਿਕ ਕਾਰਨਾਂ ਨੂੰ ਆਪਣੇ ਕਿੱਤੇ ਅਤੇ ਅਧਿਐਨ ਦਾ ਹਿੱਸਾ ਨਹੀਂ ਬਣਾਉਂਦੀ। ਕੀ ਮਨੋਰੋਗਾਂ ਦੇ ਸਤਹੀ ਕਾਰਨ ਜਾਂ ਲੱਛਣ ਜਾਣ ਲੈਣਾ ਕਾਫੀ ਹੈ? ਮੈਡੀਕਲ ਵਿਗਿਆਨ ਉਪਰਲੇ ਕਾਰਨਾਂ ਦੇ ਲੱਛਣ ਜਾਣ ਕੇ ਇਲਾਜ ਕਰਨ ਨੂੰ ਅਸਥਾਈ ਇਲਾਜ (ਏਸਿੰਪਟੋਮੈਟਿਕ ਇਲਾਜ) ਕਹਿੰਦਾ ਹੈ। ਮਤਲਬ ਜੇ ਕੋਈ ਕੈਂਸਰ ਦਾ ਮਰੀਜ਼ ਹੈ, ਤਾਂ ਉਹਦੇ ਕੈਂਸਰ ਵਾਲੇ ਸੈੱਲਾਂ ਦਾ ਇਲਾਜ ਨਾ ਕਰਕੇ ਉਹਦੇ ਤੋਂ ਹੋਣ ਵਾਲੀਆਂ ਹੋਰ ਦਿਕਤਾਂ ਜਿਵੇਂ ਦਰਦ ਵਗੈਰਾ ਦਾ ਇਲਾਜ ਕਰਨਾ। ਪਰ ਅਸਲ ਇਲਾਜ ਤਾਂ ਉਦੋਂ ਮੰਨਿਆ ਜਾਵੇ ਜਦੋਂ ਬਿਮਾਰੀ ਜੜ੍ਹ ਤੋਂ ਖਤਮ ਹੋਵੇ ਭਾਵ ਕੈਂਸਰ ਸੈੱਲ ਖਤਮ ਹੋਣ।

ਇੰਝ ਹੀ ਮਾਨਸਿਕ ਬਿਮਾਰੀਆਂ ਚਾਹੇ ਕਿੰਨੀਆਂ ਵੀ ਹੋਣ, ਦਿਮਾਗੀ ਰੋਗੀ ਦੇ ਮਾਹਰ ਡਾਕਟਰ ਉਹਨਾਂ ਦੇ ਮੁੱਖ ਰੂਪ ਵਿੱਚ ਜੋ ਕਾਰਨ ਮੰਨਦੇ ਹਨ, ਉਹ ਹਨ: ਜੈਵਿਕ, ਵਾਤਾਵਰਨ ਨਾਲ ਸੰਬੰਧਤ (ਆਲਾ-ਦੁਆਲਾ) ਜਾਂ ਹੋਰ ਬਿਮਾਰੀਆਂ ਨਾਲ ਸੰਬੰਧਤ ਕਾਰਨ (ਜਿਵੇਂ ਕਿ ਇਲਾਜ ਬਾਝੋਂ ਜਾਂ ਬਿਮਾਰੀ ਪਿੱਛੋਂ ਸਿੱਟਿਆਂ ਦੀ ਚਿੰਤਾ ਵਜੋਂ ਨਿਰਾਸ਼ਤਾ)। ਇਹ ਕਾਰਨ ਤਾਂ ਸਮਝ ਪੈਂਦੇ ਹਨ ਪਰ ਕੀ ਇਹੀ ਕਾਰਨ ਇੱਕ ਇਨਸਾਨ ਨੂੰ ਮਾਨਸਿਕ ਰੋਗੀ ਬਣਾਉਂਦੇ ਹਨ? ਕਿਉਂਕਿ ਮਨੋਵਿਗਿਆਨ ਇਹ ਮੰਨਦਾ ਹੈ ਕਿ ਕੋਈ ਵੀ ਇਕੱਲਾ ਕਾਰਨ ਮਾਨਸਿਕ ਬਿਮਾਰੀ ਪੈਦਾ ਨਹੀਂ ਕਰਦਾ ਸਗੋਂ ਇਹ ਤਾਂ ਕਈ ਕਾਰਨਾਂ ਦੇ ਸੁਮੇਲ ਸਦਕਾ ਹੋਂਦ ਵਿੱਚ ਆਉਂਦੀਆ ਹਨ। ਇਸ ਸੁਮੇਲ ਵਿੱਚ ਸਮਾਜਿਕ ਢਾਂਚਾ ਬੜਾ ਮਹੱਤਵਪੂਰਨ ਹੈ ਕਿਉਂਕਿ ਇਹ ਢਾਂਚਾ ਮਾਨਸਿਕ ਬਿਮਾਰੀਆਂ ਦੇ ਨਾ ਸਿਰਫ ਕਾਰਨਾਂ ਨੂੰ ਜਨਮ ਦਿੰਦਾ ਹੈ ਸਗੋਂ ਹੋਰ ਕਾਰਕਾਂ ਨਾਲ ਮਿਲਕੇ ਦਿਮਾਗ ਨੂੰ ਬਿਮਾਰੀ ਦੀ ਹਾਲਤ ਤੱਕ ਲਿਜਾਣ ਦਾ ਕੰਮ ਵੀ ਕਰਦਾ ਹੈ।

ਅਗਲਾ ਸੁਆਲ ਖੜ੍ਹਾ ਹੁੰਦਾ ਹੈ ਕਿ ਸਮਾਜਿਕ ਢਾਂਚਾ ਜਾਂ ਸਮਾਜਿਕ ਤਾਣਾ-ਬਾਣਾ ਮਾਨਸਿਕ ਬਿਮਾਰੀਆਂ ਨੂੰ ਕਿਵੇਂ ਪੈਦਾ ਕਰਦਾ ਹੈ? ਮਨੋਵਿਗਿਆਨਕ ਇਹ ਤਾਂ ਜਰੂਰ ਦੱਸਦੇ ਹਨ ਕਿ ਸਮਾਜ ਵਿੱਚ ਗਰੀਬੀ ਵੀ ਮਾਨਸਿਕ ਬਿਮਾਰੀਆਂ ਦਾ ਮਹੱਤਵਪੂਰਨ ਕਾਰਨ ਹੈ ਪਰ ਕੀ ਡਾਕਟਰੀ ਪੇਸ਼ੇ ਦਾ ਫਰਜ਼ ਨਹੀਂ ਕਿ ਕਿਸੇ ਬਿਮਾਰੀ ਦੇ ਕਾਰਨ ਨੂੰ ਜੜ੍ਹ ਤੋਂ ਖਤਮ ਕਰਨ ਦੀ ਸਮਾਜਿਕ ਲਹਿਰ ਦਾ ਹਿੱਸਾ ਬਣਨ? ਮੌਜੂਦਾ ਸਥਿਤੀ ਵਿੱਚ ਜਿੱਥੇ ਵਿਸ਼ਵ ਸਿਹਤ ਸੰਗਠਨ ਇਹ ਕਹਿੰਦਾ ਹੈ ਕਿ 264 ਮਿਲੀਅਨ ਲੋਕ ਸਿਰਫ ਉਦਾਸੀ ਜਾਂ ਡਿਪਰੈਸ਼ਨ ਦਾ ਸ਼ਿਕਾਰ ਹਨ, ਉੱਥੇ ਇਹ ਦੇਖਣਾ ਗੌਰਤਲਬ ਹੈ ਕਿ ਆਰਥਿਕਤਾ ਪੱਖੋਂ ਲੋਕਾਂ ਵਿਚਲੀ ਗੈਰ-ਬਰਾਬਰਤਾ ਕਿਸ ਕਦਰ ਵਧੀ ਹੈ ਜਾਂ ਡਾਕਟਰੀ ਭਾਸ਼ਾ 'ਚ ਸਮਾਜਿਕ-ਆਰਥਿਕ ਸਥਿਤੀ 'ਚ ਪਾੜਾ ਕਿਸ ਹੱਦ ਤੱਕ ਹੈ।

ਇਹ ਠੀਕ ਹੈ ਕਿ ਇਕੱਲੇ ਬਾਹਰੀ ਕਾਰਕ ਹੀ ਕਿਸੇ ਬਿਮਾਰੀ ਨੂੰ ਜਨਮ ਨਹੀਂ ਦੇ ਸਕਦੇ ਸਗੋਂ ਇਸਦੇ ਪੈਦਾ ਹੋਣ 'ਚ ਲਈ ਜੈਵਿਕ ਕਾਰਕ ਵੀ ਜਿੰਮੇਵਾਰ ਹੁੰਦੇ ਹਨ। ਇਹੀ ਉਹ ਕਾਰਕ ਹਨ ਜੋ ਸਰੀਰ ਅੰਦਰਲੇ ਹਾਰਮੋਨਾਂ ਦੀ ਉਥਲ-ਪੁਥਲ ਲਈ ਵੀ ਜਿੰਮੇਵਾਰ ਹੁੰਦੇ ਹਨ। ਪਰ ਇੱਥੇ ਇਹ ਸਮਝਣਾ ਵੀ ਬਹੁਤ ਜਰੂਰੀ ਹੈ ਕਿ ਜੈਵਿਕ ਕਾਰਨਾਂ ਦੀ ਹੋਂਦ ਸਮਾਜਿਕ ਕਾਰਨਾਂ ਉਪਰ ਨਿਰਭਰ ਕਰਦੀ ਹੈ।

ਤਾਂ ਫਿਰ ਬਾਹਰੀ ਕਾਰਨ (ਸਮਾਜਿਕ ਕਾਰਨ) ਕੀ ਹੋ ਸਕਦੇ ਹਨ? ਇਹਨਾਂ ਵਿਚੋਂ ਇੱਕ ਹੈ ਨਿਰਾਸ਼ਤਾ, ਜੋ ਮੌਜੂਦਾ ਮੁਨਾਫਾ ਅਧਾਰਿਤ ਮੁਕਾਬਲੇਬਾਜ਼ੀ ਵਾਲੇ ਪ੍ਰਬੰਧ ਦੀ ਦੇਣ ਹੈ। ਇਹ ਨਿਰਾਸ਼ਾ ਬਚਪਨ 'ਚ ਬੱਚਿਆਂ ਦੇ ਅਸਲ ਹੁਨਰ ਨੂੰ ਮਾਰ ਕੇ ਉਨਾਂ ਨੂੰ ਕੁਝ ਖਾਸ ਵਿਸ਼ਿਆਂ ਵੱਲ ਧਕੇਲਣ (ਜਿਵੇਂ ਸਾਇੰਸ, ਹਿਸਾਬ ਜਾਂ ਅੰਗ੍ਰੇਜੀ ਵਰਗੇ ਵਿਸ਼ਿਆਂ ਨੂੰ ਸਕੂਲਾਂ ਅੰਦਰ ਜਿਆਦਾ ਤਵੱਜੋਂ ਦਿੱਤੀ ਜਾਂਦੀ ਹੈ) ਤੋਂ ਲੈ ਕੇ ਸਾਰੀ ਜਿੰਦਗੀ ਸਫਲਤਾ ਲਈ ਦੌੜਣ (ਸਫਲਤਾ ਦਾ ਮਾਪਦੰਡ ਭਾਵ ਪੈਸੇ ਦਾ ਭੰਡਾਰ ਤੇ ਸਟੇਟਸ) ਤੋਂ ਪੈਦਾ ਹੁੰਦੀ ਹੈ। ਜਦ ਕੋਈ ਇਨਸਾਨ ਇਸ ਮੁਕਾਬਲੇਬਾਜ਼ੀ ਵਾਲੀ ਦੌੜ 'ਚੋਂ ਪਿੱਛੇ ਰਹਿ ਜਾਂਦਾ ਹੈ ਤਾਂ ਉਸ ਇਨਸਾਨ ਨੂੰ ਇਹ ਸਮਾਜ (ਸਮਾਜਿਕ ਢਾਂਚਾ) ਹਾਰਿਆ ਹੋਇਆ ਸਮਝਦਾ ਹੈ। ਜਿਸਦੇ ਸਿੱਟੇ ਵਜੋਂ ਮਨੁੱਖ ਆਪਣੀ ਜਿੰਦਗੀ ਦੀ ਹੋਂਦ, ਪਹਿਚਾਣ ਅਤੇ ਕਦਰ ਇਸ ਸਮਾਜ ਵਿੱਚ ਖੋਜ ਨਹੀਂ ਪਾਉਂਦਾ। ਜੋ ਅੱਗੇ ਜਾ ਕੇ ਉਦਾਸੀ ਜਾਂ ਡਿਪਰੈਸ਼ਨ ਜਾਂ ਹੋਰ ਮਾਨਸਿਕ ਬਿਮਾਰੀਆਂ ਨੂੰ ਜਨਮ ਦਿੰਦਾ ਹੈ, ਜਿਸਦੇ ਸਿੱਟੇ ਆਤਮਘਾਤ ਦੇ ਰੂਪ ਵਿੱਚ ਨਿਕਲਦੇ ਹਨ। ਦੁਨੀਆਂ ਵਿੱਚ ਹਰ ਸਾਲ ਆਪਣੀ ਜਿੰਦਗੀ ਤੋਂ ਤੰਗ ਆ ਕੇ ਲਗਭਗ 8 ਲੱਖ ਲੋਕ ਆਤਮ-ਹੱਤਿਆ ਕਰਕੇ ਆਪਣੀ ਜੀਵਨ-ਲੀਲ੍ਹਾ ਖਤਮ ਕਰਦੇ ਹਨ।

ਦੌੜ ਭੱਜ ਵਾਲੀ ਜਿੰਦਗੀ 'ਚ ਬਹੁਤ ਕੁਝ ਖਤਮ ਹੋ ਰਿਹਾ ਹੈ ਅਤੇ ਮੁਨਾਫੇ ਤੇ ਟਿਕਿਆ ਤਾਣਾ-ਬਾਣਾ ਜਾਣ-ਬੁੱਝ ਕੇ ਅਗਾਂਹਵਧੂ ਅਤੇ ਸਾਕਾਰਤਮਕ ਵਿਚਾਰਾਂ/ਧਰਾਵਾਂ ਨੂੰ ਵੀ ਖਤਮ ਕਰ ਰਿਹਾ ਹੈ। ਨਰੋਈ ਇਨਸਾਨੀ ਸੰਵੇਦਨਾ, ਨਰੋਈ ਸਾਹਿਤਕ ਦ੍ਰਿਸ਼ਟੀ, ਸੂਖਮ-ਸਾਹਿਤਿਕ ਕਲਾਵਾਂ ਨਾਲ ਰਾਬਤਾ, ਕੁਦਰਤ ਨਾਲ ਨੇੜਤਾ, ਸਿਹਤਮੰਦ ਭੋਜਨ, ਕਸਰਤ, ਵਿਹਲ ਆਦਿ ਜਰੂਰੀ ਮਨੁੱਖੀ ਲੋੜਾਂ ਹਨ ਜੋ ਹਰ ਇਨਸਾਨ ਦੀ ਜਿੰਦਗੀ ਦਾ ਹਿੱਸਾ ਹੋਣੀਆਂ ਜਰੂਰੀ ਹਨ। ਪਰੰਤੂ ਸੰਸਾਰ ਵਸੋਂ ਦੀ ਬਹੁਗਿਣਤੀ ਨੂੰ ਤਾਂ ਕੁੱਲੀ, ਗੁੱਲੀ ਤੇ ਜੁੱਲੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਤੋਂ ਹੀ ਵਿਹਲ ਨਹੀਂ ਮਿਲ ਰਹੀ। ਉਹਨਾਂ ਲਈ ਜਿੰਦਗੀ ਜਿਊਣ ਦੇ ਮਾਅਨੇ ਰੋਟੀ-ਟੁੱਕ ਦਾ ਜੁਗਾੜ ਕਰਨਾ ਹੀ ਹੈ। ਵਿਹਲ ਉਹਨਾਂ ਭਾਣੇ ਰੋਗ ਹੈ ਅਤੇ ਰੁਜਗਾਰ ਉਹਨਾਂ ਦੀ ਜਿੰਦਗੀ ਦਾ ਟੀਚਾ। ਮਾਨਸਿਕ ਰੋਗ ਤੇ ਗਰੀਬੀ ਨੂੰ ਉਹਨਾਂ ਨੇ ਆਪਣੀ ਜਿੰਦਗੀ ਦਾ ਹਿੱਸਾ ਬਣਾ ਲਿਆ ਹੈ ਅਤੇ ਉਹ ਇਸਦੇ ਨਾਲ ਹੀ ਜਿਊਣ ਦੇ ਆਦੀ ਹੋ ਚੁੱਕੇ ਹਨ।

ਮੁਨਾਫਾਖੋਰ ਢਾਂਚੇ ਨੇ ਲੋਕਾਂ ਨੂੰ ਮੁਕਾਬਲੇਬਾਜ਼ੀ 'ਚ ਸੁੱਟਕੇ, ਤਕਨਾਲੋਜੀ ਦੀ ਕੁਚੱਜੀ ਵਰਤੋਂ ਕਰਕੇ, ਲੋਕਾਂ ਦੀ ਭਾਈਚਾਰਕ ਸਾਂਝ ਤੋੜਕੇ, ਸਮਾਜਿਕ-ਆਰਥਿਕ ਪਾੜਾ ਵਧਾਕੇ, ਬਹੁਗਿਣਤੀ ਗਰੀਬ ਵਸੋਂ ਨੂੰ ਮਾਨਸਿਕ ਬਿਮਾਰੀਆਂ ਵੱਲ ਧੱਕਿਆ ਹੈ। ਪਰ ਮਨੋ-ਵਿਗਿਆਨ ਕਾਰਨਾਂ ਦੀ ਨਿਸ਼ਾਨਦੇਹੀ ਤਾਂ ਕਰਦਾ ਹੈ ਜਿਨਾਂ ਸਦਕਾ ਮਨੁੱਖ ਨੂੰ ਮਾਨਸਿਕ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਜੜ੍ਹਾਂ ਨੂੰ ਖਤਮ ਕਰਨ ਲਈ ਕੋਈ ਠੋਸ ਕਦਮ ਨਹੀਂ ਉਠਾਇਆ। ਅਸਥਾਈ ਇਲਾਜ ਜਿਵੇਂ ਥੈਰੇਪੀਆਂ ਵਗੈਰਾ ਬਣਾ ਕੇ ਆਪਣਾ ਮੁਨਾਫਾ ਸਿੱਧਾ ਕਰਕੇ ਸਿਰਫ ਤੇ ਸਿਰਫ ਲੱਛਣਾ ਦਾ ਇਲਾਜ ਕਰਨ ਤੱਕ ਹੀ ਸੀਮਤ ਰੱਖਿਆ ਗਿਆ ਹੈ। ਉਦਾਹਰਣ ਵਜੋਂ ਕਾਊਂਸਲਿਗ, ਗਰੁੱਪ, ਰੀਕੀਰੀਏਸ਼ਨਲ ਅਤੇ ਹੋਰ ਬਹੁਤ ਸਾਰੀਆਂ ਥੈਰੀਪੀਆਂ ਜੋਂ ਮਹਿੰਗੇ ਭਾਅ ਇਲਾਜ ਵਜੋਂ ਵਿਕਦੀਆ ਹਨ, ਪਹਿਲਾਂ-ਪਹਿਲ ਇਹ ਚੀਜ਼ਾਂ ਆਮ ਹੀ ਲੋਕਾਂ ਨੂੰ ਸੱਭਿਆਚਾਰ ਵਿੱਚਲੇ ਸਨੇਹ ਵਾਲੇ ਮਹੌਲ ਵਿੱਚੋਂ ਮਿਲ ਜਾਂਦੀਆ ਸਨ। ਪਰ ਇਸ ਮੁਨਾਫਾਖੋਰੀ ਢਾਂਚੇ ਨੇ ਇਹਨਾਂ ਸਭ ਚੀਜ਼ਾਂ ਨੂੰ ਲੋਕਾਂ ਵਿੱਚੋਂ ਖਤਮ ਕਰਕੇ ਬਣਾਉਟੀ ਤੇ ਆਰਜੀ ਇਲਾਜ ਪਰੋਸ ਦਿੱਤਾ ਹੈ।

ਬਦਲਦੇ ਦੌਰ ਅੰਦਰ ਮਾਨਸਿਕ ਤਣਾਅ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਡਾਕਟਰ 'ਮਾਨਸਿਕ ਤਣਾਅ' ਨੂੰ ਬਹੁਤ ਸਾਰੀਆ ਬਿਮਾਰੀਆਂ ਦਾ ਕਾਰਨ ਵੀ ਮੰਨਦੇ ਹਨ ਅਤੇ ਇਸਨੂੰ (ਮਾਨਸਿਕ ਤਣਾਅ) ਦਿਮਾਗੀ ਬਿਮਾਰੀ ਵੀ ਮੰਨਦੇ ਹਨ। ਤਣਾਅ ਨਾਲ ਹੋਣ ਵਾਲੀਆ ਬਿਮਾਰੀਆਂ ਕਈ ਕਿਸਮ ਦੀਆਂ ਹੁੰਦੀਆਂ ਹਨ। ਪਰ ਸਵਾਲ ਜੋ ਅਣਛੂਹਿਆ ਹੈ ਕਿ ਤਣਾਅ ਪੈਦਾ ਹੀ ਕਿਉਂ ਹੁੰਦਾ ਹੈ? ਸਮਾਜ ਵਿਚਲੇ ਨਵੇਂ ਵਿਕਾਰ ਜਿਸਨੇ ਹਰ ਖੇਤਰ ਨੂੰ ਝੰਬ ਕੇ ਰੱਖ ਦਿੱਤਾ ਹੈ। ਸਮੁੱਚੀ ਦੁਨੀਆ ਦੇ 90% ਲੋਕ ਕਿਸੇ ਨਾ ਕਿਸੇ ਤਕਲੀਫ ਦਾ ਸ਼ਿਕਾਰ ਹਨ। ਜਿਵੇਂ ਬੇਰੁਜਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਬਰਬਾਦੀ ਕਿਨਾਰੇ ਪੁੱਜੀ ਕਿਸਾਨੀ, ਮਹਿੰਗਾ ਇਲਾਜ, ਮਹਿੰਗੀ ਵਿੱਦਿਆ, ਗੰਦਲਾ ਪੌਣ-ਪਾਣੀ, ਨਰਕ ਭੋਗਦੀ ਮਜ਼ਦੂਰ ਜਮਾਤ ਆਦਿ ਨੇ ਮਾਨਸਿਕ ਤਣਾਅ ਨੂੰ ਸਿਖਰ ਤੇ ਪਹੁੰਚਾ ਦਿੱਤਾ। ਜੇਕਰ ਬੀਬੀਸੀ ਦੀ ਰਿਪੋਰਟ ਇਹ ਕਹਿੰਦੀ ਹੈ ਕਿ ਦੁਨੀਆ ਦਾ ਹਰ ਤੀਸਰਾ ਵਿਅਕਤੀ ਤਣਾਅ ਨਾਲ ਜੂਝ ਰਿਹਾ ਹੈ ਤਾਂ ਕੋਈ ਹੈਰਾਨੀਜਨਕ ਗੱਲ ਨਹੀਂ।

ਸਮਾਜਿਕ ਵਰਤਾਰੇ ਜਾਂ ਆਰਥਿਕ-ਸਮਾਜਿਕ ਸਥਿਤੀ ਵਿਅਕਤੀ ਦੀ ਸਿਹਤ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਜੀਵਨ ਪੱਧਰ ਦੀ ਗੁਣਵੱਤਾ ਹੀ ਮਾਨਸਿਕ ਬਿਮਾਰੀਆ ਨੂੰ ਠੱਲ੍ਹ ਪਾ ਸਕਦੀ ਹੈ। ਅੱਜ ਭਾਰਤ ਦੀ ਜਗਾਹ ਜੇ ਅਮਰੀਕਾ ਵਰਗਾ ਮੁਲਕ ਵੀ ਅੰਕੜਿਆਂ ਵਿੱਚ ਦੇਖਿਆ ਜਾਵੇ ਤਾਂ ਉਹ ਖੁਸ਼ ਰਹਿਣ ਵਾਲੇ ਮੁਲਕਾਂ ਵਿੱਚੋਂ 17ਵੇਂ ਨੰਬਰ ਤੇ ਆਉਂਦਾ ਹੈ ਜਦਕਿ ਡੈਨਮਾਰਕ, ਸਵੀਡਨ ਜਾਂ ਨਾਰਵੇ ਵਰਗੇ ਦੇਸ਼ ਪਹਿਲਿਆਂ 'ਚ ਆਉਂਦੇ ਨੇ ਕਿਉਂਕਿ ਇਹਨਾਂ ਮੁਲਕਾਂ ਵਿੱਚ ਲੋਕਾਂ ਦੇ ਜੀਵਨ ਪੱਧਰ ਦੀ ਗੁਣਵੱਤਾ ਮੁਕਾਬਲਤਨ ਜਿਆਦਾ ਹੈ।

ਸੋ ਮਾਨਸਿਕ ਸਿਹਤ ਵਿਗਿਆਨ ਜਿਵੇਂ ਇਹ ਸਿੱਧ ਕਰਦਾ ਹੈ ਕਿ ਜੇ ਗਰਭ ਅਵਸਥਾ ਦੌਰਾਨ ਔਰਤ ਦਾ ਸੁਭਾਅ ਖੁਸ਼ ਨਾ ਰਹੇ ਤਾਂ ਬੱਚੇ ਦੀ ਸਿਹਤ ਵਿੱਚ ਵਿਕਾਰ ਪੈਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇੰਝ ਹੀ ਜੇਕਰ ਸਮਾਜਿਕ ਤਾਣਾ-ਬਾਣਾ ਮਨੁੱਖ ਕੇਂਦਰਿਤ ਕਦਰਾਂ ਕੀਮਤਾਂ ਨੂੰ ਮੁੱਖ ਰੱਖ ਕੇ ਚੱਲੇ, ਤਾਂ ਸਰੀਰ ਅੰਦਰਲੇ ਹਾਰਮੋਨਾਂ ਦਾ ਸੰਤੁਲਨ ਬਣਿਆ ਰਹੇਗਾ ਅਤੇ ਜੈਵਿਕ ਵਿਕਾਰ ਪੈਦਾ ਨਹੀਂ ਹੋਣਗੇ। ਮੁਨਾਫੇ ਦੀ ਬਜਾਏ ਮਨੁੱਖ ਸਮਾਜ ਦਾ ਕੇਂਦਰਬਿੰਦੂ ਹੋਣਾ ਬਹੁਤ ਜਰੂਰੀ ਹੈ। ਇੰਝ ਮਨੁੱਖ, ਮਾਨਸਿਕ ਰੋਗਾਂ ਸਮੇਤ ਜੀਵਨ ਦੇ ਹਰ ਰੋਗ ਤੋਂ ਮੁਕਤ ਹੋ ਸਕਦਾ ਹੈ।

ਮਿੱਤਰਾਂ ਦੀ ਯਾਦ ਪਿਆਰੀ

# ਵਿਛੜੇ ਕਾਮਰੇਡ ਹਰਮਿੰਦਰ ਪੁਰੇਵਾਲ ਬਾਰੇ

ਸਤਵੰਤ ਸ ਦੀਪਕ
(ਕੋਕੱਟਲਮ, ਬੀ ਸੀ, ਕੈਨੇਡਾ)

ਇਕ ਬਹੁਤ ਹੀ ਗ਼ਮਗੀਨ ਖ਼ਬਰ ਹੈ ਕਿ ਸਾਡਾ ਪਰਮ-ਪਿਆਰਾ, ਯਾਰਾਂ ਦਾ ਯਾਰ, ਜ਼ਿੰਦਾ-ਦਿਲ ਇਨਸਾਨ, ਅਗਾਂਹ-ਵਧੂ ਸਰਗਰਮੀਆਂ ਦਾ ਮੋਹਰੀ, ਕਾਮਰੇਡ ਹਰਮਿੰਦਰ ਪੁਰੇਵਾਲ 23 ਅਪਰੈਲ, 2020 ਨੂੰ ਅਚਾਨਕ ਦਿਲ ਦੀ ਗਤੀ ਰੁਕ ਜਾਣ ਕਰਕੇ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਹੈ। ਹੱਥਲਾ ਲੇਖ ਹਰਮਿਦਰ ਦੀ ਬਹੁ-ਪੱਖੀ ਸ਼ਖ਼ਸੀਅਤ, ਪ੍ਰਤੀਬੱਧਤਾ ਦੀਆਂ ਸਦਾਬਹਾਰ, ਅਭੁੱਲ ਯਾਦਾਂ ਨੂੰ ਸਮਰਪਿਤ ਹੈ .

"ਦੋਸਤੀ ਦੇ ਪੰਧ 'ਤੇ,
ਕਿੰਨਾ ਚੱਲਣਗੇ ਪੈਰ ਹੋਰ,
ਏਸ ਗੱਲ ਦਾ ਫ਼ੈਸਲਾ,
ਆਉਂਦੇ ਪਲਾਂ ਦੀ ਗੱਲ ਹੈ .
ਰੋਣਾ ਹੈ ਬੁਝ ਗਿਆਂ ਨੂੰ
ਜਾਂ ਜਗਾਉਣੇ ਦੀਪ ਹੋਰ,
ਏਸ ਗੱਲ ਦਾ ਫ਼ੈਸਲਾ,
ਹੁਣ ਦੇ ਪਲਾਂ ਦੀ ਗੱਲ ਹੈ।"

ਹਰਮਿਦਰ ਨਾਲ ਮੇਰਾ ਸਾਥ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ (1971-1975) ਤੋਂ ਸ਼ੁਰੂ ਹੋਇਆ। ਉਸ ਦੇ ਚਲੇ ਜਾਣ 'ਤੇ ਉਸ ਨਾਲ ਜੁੜੀਆਂ ਯਾਦਾਂ-ਸਿਮ੍ਰਤੀਆਂ ਨੂੰ ਇਕੱਠਾ ਕਰਨ ਦਾ ਯਤਨ ਕਰ ਰਿਹਾ ਹਾਂ। 1971 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੌਰਾਨ ਉਸ ਨਾਲ਼ ਜੁੜੀਆਂ ਸਭ ਯਾਦਾਂ ਨੂੰ ਇਕ ਥਾਂ ਇਕੱਠਾ ਕਰਨ ਦਾ ਕਾਰਜ ਭਾਵੇਂ ਅਸੰਭਵ ਨਹੀਂ, ਪਰ ਬਹੁਤ ਔਖਾ ਹੈ। ਅੱਧੀ ਸਦੀ ਦਾ ਲੇਖਾ-ਜੋਖਾ ਕਰਦਿਆਂ ਨਾਵਾਂ, ਥਾਵਾਂ, ਘਟਨਾਵਾਂ, ਪਰਸੰਗਾਂ ਨੂੰ ਬਿਆਨ ਕਰਨ ਵਿਚ ਕਚਿਆਈ ਜਾਂ ਉੱਕਾਈ ਰਹਿਣੀ ਸੰਭਵ ਹੈ, ਇਸ ਕਰਕੇ ਆਰੰਭ ਵਿਚ ਹੀ ਮੁਆਫ਼ੀ ਲਈ ਬਿਨੈਕਾਰ ਹਾਂ . ਹਰਮਿਦਰ ਨਾਲ਼ ਬਿਤਾਏ ਤੇ ਹੰਢਾਏ ਇਹ ਮੇਰੇ ਨਿੱਜੀ ਅਨੁਭਵ ਹਨ, ਉਸ ਸਮੇਂ ਦੇ ਹਾਲਾਤ ਦੇ ਕੌੜੇ-ਮਿੱਠੇ ਤਜਰਬੇ ਹਨ।

ਹਰਮਿਦਰ ਪੁਰੇਵਾਲ ਦਾ ਜਨਮ 11 ਸਤੰਬਰ 1953 ਨੂੰ ਜਲੰਧਰ ਜ਼ਿਲ੍ਹੇ ਦੇ ਮਸ਼ਹੂਰ ਪਿਡ ਸ਼ੰਕਰ ਵਿਚ ਇਕ ਮੱਧ-ਵਰਗੀ ਕਿਸਾਨ ਪਰਿਵਾਰ ਵਿਚ ਹੋਇਆ। ਪਿਤਾ ਸ: ਮੇਹਰ ਸਿੰਘ ਦਾ ਲਾਡ-ਪਿਆਰ ਸਿਰਫ਼ ਤਿੰਨ ਸਾਲ ਹੀ ਨਸੀਬ ਹੋਇਆ ਕਿ ਉਸ ਦਾ ਸਾਇਆ ਸਿਰ 'ਤੋਂ ਉਠ ਗਿਆ। ਛੋਟੀ ਉਮਰ ਵਿਚ ਪਿਤਾ ਦਾ ਸਾਇਆ ਸਿਰ 'ਤੋਂ ਉਠ ਗਿਆ ਹੋਣ ਕਰਕੇ ਅਤੇ ਪਰਿਵਾਰ ਵਿਚ ਸਭ ਤੋਂ ਵੱਧ ਜ਼ਿੰਮੇਵਾਰ ਬੱਚਾ ਹੋਣ ਕਰਕੇ ਹਰਮਿਦਰ ਬਚਪਨ ਤੋਂ ਹੀ ਸੰਜੀਦਾ ਅਤੇ ਮਿਹਨਤੀ ਸੀ। ਦਸਵੀਂ ਉਸਨੇ ਪਿਡ ਦੇ ਗੌਰਮਿਟ ਸਕੂਲ ਸ਼ੰਕਰ ਵਿਚ ਕੀਤੀ। ਉਹ ਪੜ੍ਹਨ ਵਿਚ ਨਿਪੁਨ ਤੇ ਹੋਣਹਾਰ, ਵਿਹਾਰ ਵਿਚ ਸੁਸ਼ੀਲ ਅਤੇ ਸੁਭਾਅ ਦਾ ਮਿਲਾਪੜਾ ਸੀ। ਉਸਨੇ ਪਰੈੱਪ ਅਤੇ ਪ੍ਰੀ-ਇੰਜਨੀਅਰਿੰਗ ਖ਼ਾਲਸਾ ਕਾਲਜ ਜਲੰਧਰ ਤੋਂ ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ ਵਿਚ ਦਾਖ਼ਲਾ ਲਿਆ।

ਅਪ੍ਰੈਲ-ਮਈ 1971 ਵਿਚ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਵਿਚ ਬਿਨੈ-ਪੱਤਰਾਂ ਦੀ ਸ਼ਾਰਟ-ਲਿਸਟ ਕਰਕੇ ਸੀਲੈਕਸ਼ਨ ਲਈ ਵਿਦਿਆਰਥੀਆਂ ਦੀਆਂ ਰਜਿਸਟਰੇਸ਼ਨ ਆਫ਼ਿਸ ਦੇ ਅੱਗੇ ਲੱਗੀਆਂ ਕਤਾਰਾਂ ਵਿਚ ਅਸੀਂ ਅਜਨਬੀਆਂ ਵਾਂਗ ਭੌਚੱਕੇ ਜਿਹੇ ਹੋਏ ਆਪਣੀ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਾਂ। ਪੜ੍ਹਾਈ ਵਿਚ ਹੁਸ਼ਿਆਰ, ਚੰਗੀ ਮੈਰਿਟ ਕਰਕੇ ਅਤੇ ਸਰੀਰਕ ਪੱਖੋਂ ਐਥਲੀਟ ਲੱਗ ਰਹੇ ਹਰਮਿਦਰ ਨੂੰ ਉਸਦੀ ਪਸੰਦ ਇਲੈਕਟਰੀਕਲ ਇੰਜਨੀਅਰਿੰਗ ਵਿਚ ਐਡਮਿਸ਼ਨ ਲੈਣ ਵਿਚ ਕੋਈ ਦਿੱਕਤ ਨਹੀਂ ਆਈ। ਸਾਡੀ ਮਿੱਤਰਤਾ ਦੀ ਸ਼ੁਰੂਆਤ ਅਸਲ ਵਿਚ ਹੋਸਟਲ ਨੰਬਰ 2 ਵਿਚ ਸਾਡੇ ਕਮਰੇ ਨਾਲ਼ ਨਾਲ਼ ਹੋਣ ਕਰਕੇ ਹੋਈ। ਹਰਮਿਦਰ ਦਾ ਕਾਲਜ ਦੇ ਅਗਾਂਹ-ਵਧੂ ਤੇ ਪਜਾਬ ਸਟੂਡੈਂਟਸ ਯੂਨੀਅਨ ਦੇ ਸਥਾਨਕ ਆਗੂ ਸੀਨੀਅਰ ਵਿਦਿਆਰਥੀ ਸੁਰਜੀਤ ਭਾਅ ਜੀ, ਰੂਪਿਦਰ ਤੱਖਰ ਅਤੇ ਹੋਰਾਂ ਨਾਲ਼ ਨਿਰੰਤਰ ਰਾਬਤਾ ਸੀ। ਉਹ ਇਕ ਨੰਬਰ ਹੋਸਟਲ ਤੋਂ ਸਾਡੇ ਵਾਲ਼ੇ ਦੋ ਨੰਬਰ ਹੋਸਟਲ ਵਿਚ ਅਕਸਰ ਆਉਂਦੇ ਜਾਂਦੇ ਸਨ। ਉਹਨਾਂ ਕੋਲ਼ ਇਨਕਲਾਬੀ ਗਰੁੱਪਾਂ ਦੇ ਰੂਪੋਸ਼ ਕਾਰਕੁਨ ਅਤੇ ਬਾਹਰਲੇ ਕਾਲਜਾਂ ਤੋਂ ਪਜਾਬ ਸਟੂਡੈਂਟਸ ਯੂਨੀਅਨ ਦੇ ਪ੍ਰਤੀਨਿਧ ਵਿਦਿਆਰਥੀਆਂ ਦਾ ਆਉਣ-ਜਾਣ ਸੀ। ਇਹ ਉਹ ਸਮਾਂ ਸੀ ਜਦੋਂ ਮੈਨੂੰ ਹਰਮਿਦਰ ਨੇ ਉਹਨਾ ਨਾਲ਼ ਮਿਲ਼ਾਇਆ, ਤੇ ਇਸ ਤਰ੍ਹਾਂ ਮੈਨੂੰ ਮਾਰਕਸਵਾਦੀ ਵਿਚਾਰਧਾਰਾ ਦੇ ਲੜ ਲਾਇਆ।



ਹਰਮਿਦਰ ਪਿਡ ਦੇ ਵਿਦਿਆਰਥੀ ਜੀਵਨ ਤੋਂ ਹੀ ਅਗਾਂਹਵਧੂ ਸਾਹਿਤ ਤੇ ਜਮਹੂਰੀ ਲੋਕ-ਲਹਿਰਾਂ ਨਾਲ਼ ਜੁੜਿਆ ਹੋਇਆ ਸੀ। ਪਰ ਉਹ ਦੂਜਿਆਂ ਦੀਆਂ ਸੂਖ਼ਮ ਭਾਵਨਾਵਾਂ ਅਤੇ ਜਜ਼ਬਾਤਾਂ ਦਾ ਪੂਰਾ ਖ਼ਿਆਲ ਰੱਖਦਾ ਸੀ। ਉਹ ਆਪਣੇ ਰੂਮ-ਮੇਟ ਮੁਕੇਸ਼ ਚੰਦਰ ਗੁਪਤਾ, ਜਿਸਦੇ ਸਨਾਤਨੀ ਵਿਚਾਰ ਹੁੰਦੇ ਸਨ, ਨਾਲ਼ ਲੰਬੇ ਸੰਵਾਦ ਰਚਾਉਂਦਾ ਕਦੇ ਅੱਕਦਾ-ਥੱਕਦਾ ਨਹੀਂ ਸੀ। ਹਰਮਿਦਰ ਤੇ ਮੇਰੇ ਵਿਚਕਾਰ ਸ਼ਿਵ ਤੇ ਪਾਸ਼ ਵਾਲ਼ੀ ਅੜਿੱਕਣਾ-ਮੜਿੱਕਣਾ ਅਕਸਰ ਹੁੰਦੀ ਰਹਿੰਦੀ ਸੀ, ਤੇ ਉਹ ਮੇਰੀ ਕੰਡ-ਝਾੜ ਕਰਦਾ ਰਹਿੰਦਾ ਸੀ। ਸਾਲ 1971 ਉਹ ਸਮਾਂ ਸੀ ਜਦੋਂ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਤੇ ਪਜਾਬ ਦੇ ਬਾਕੀ ਕਾਲਜਾਂ ਵਿਚ ਪਜਾਬ ਸਟੂਡੈਂਟਸ ਯੂਨੀਅਨ ਮੁੜ-ਸੁਰਜੀਤ ਹੋ ਰਹੀ ਸੀ। 1974 ਵਿਚ ਜਦ ਹਰਮਿਦਰ ਨੂੰ ਯੂਨੀਅਨ ਆਗੂ ਭੋਲਾ ਸਿਧਾਣਾ ਦੇ ਨਾਲ਼ ਖ਼ਾਲਸਾ ਕਾਲਜ ਜਲੰਧਰ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਉਹਨਾਂ ਦਿਨਾਂ ਦੀ ਉਹ ਗੱਲ ਸੁਣਾਉਂਦਾ ਕਿ ਭਾਵੇਂ ਉਹ ਸਿਆਸੀ ਕੈਦੀ ਸਨ ਤੇ ਉਹਨਾਂ 'ਤੇ ਕੋਈ ਕੇਸ ਨਹੀਂ ਸੀ, ਪਰ ਜੇਲ੍ਹ ਵਿਚ ਖਾਣਾ ਮੁਸੱਕਤੀਆਂ ਵਾਲ਼ਾ ਹੀ ਮਿਲਦਾ ਸੀ। ਜੇਲ੍ਹ ਅਧਿਕਾਰੀ ਅਲਾਟ ਹੋਏ ਬੀ ਕਲਾਸ ਵਾਲੇ ਰਾਸ਼ਨ ਨੂੰ ਬਾਹਰੋ-ਬਾਹਰ ਹੀ ਵੇਚ ਦਿੰਦੇ ਸਨ, ਜਾਂ ਆਪਣੇ ਘਰੀਂ ਚੁੱਕ ਲਿਜਾਂਦੇ। ਰੋਟੀਆਂ ਵਿਚ ਅੱਧੀ ਸਵਾਹ ਤੇ ਰੇਤ ਮਿਲ਼ੀ ਹੁੰਦੀ। ਸਬਜ਼ੀਆਂ ਇਨੀਆਂ ਗਲ਼ੀਆਂ ਸੜੀਆਂ ਕਿ ਸ਼ਾਇਦ ਡੰਗਰ ਵੀ ਨਾ ਖਾਣ। ਪਾਣੀ ਵਰਗੀ ਦਾਲ਼ ਵਿਚ ਸੁੰਡੇ ਤਰਦੇ। ਅਸੀਂ ਗਰਮ ਕਰਕੇ ਪਹਿਲਾਂ ਤਾਂ ਪਾਣੀ ਸੁਕਾਉਂਦੇ, ਡੋਲੂ ਭਰ ਪਾਣੀ-ਧਾਣੀ 'ਚੋਂ ਮਸਾਂ ਇਕ ਕੌਲੀ ਦਾਲ਼ ਨਿਕਲਦੀ। ਫਿਰ ਘਰੋਂ ਲਿਆਂਦੇ 'ਘੇ' ਦਾ 'ਤੁੜਕਾ' ਲਾ ਕੇ ਖਾਣ ਯੋਗ ਬਣਾਉਂਦੇ।

ਦਸੰਬਰ 1980 ਵਿੱਚ ਹਰਮਿਦਰ ਕੈਨੇਡਾ ਆਉਣ ਦੀ ਤਿਆਰੀ ਵਿਚ ਕਾਫ਼ੀ ਉਤਸ਼ਾਹਿਤ ਜਾਪਦਾ ਸੀ। ਉਸਦਾ ਰਿਸ਼ਤਾ ਸਾਡੇ ਲਾਗਲੇ ਸ਼ਹਿਰ ਪੋਰਟ ਕੋਕੱਟਲਮ, ਬੀ ਸੀ ਵਿਚ ਹੋਇਆ ਸੀ। ਹਰਮਿਦਰ ਨੇ ਸਾਨੂੰ 1980 ਵਿਚ ਇਸ ਰਿਸ਼ਤੇ ਬਾਰੇ ਦੱਸਿਆ ਤੇ ਤਾਕੀਦ ਕੀਤੀ ਕਿ ਅਸੀਂ ਉਸਦੀ ਹੋਣ ਵਾਲ਼ੀ ਪਤਨੀ ਕਲਜਿੰਦਰ (ਰਾਣੀ) ਅਤੇ ਉਸਦੇ ਪਰਵਾਰ ਨੂੰ ਮਿਲ਼ੀਏ। ਫਰਵਰੀ 28, 1981 ਨੂੰ ਕੈਨੇਡਾ ਦੇ ਬੀ ਸੀ ਸੂਬੇ ਦੇ ਪੋਰਟ ਕੋਕੱਟਲਮ ਸ਼ਹਿਰ ਵਿਚ ਉਸਦਾ ਕਲਜਿੰਦਰ ਕੌਰ (ਰਾਣੀ) ਨਾਲ਼ ਵਿਆਹ ਹੋ ਗਿਆ, ਤੇ 1983 ਤੱਕ ਉਹ ਉਥੇ ਹੀ ਰਹੇ।

ਸਾਡੀਆਂ ਗੱਲਾਂ ਵਿਚ ਪਾਸ਼ ਦਾ ਅਕਸਰ ਹੀ ਜ਼ਿਕਰ ਹੁੰਦਾ ਰਹਿੰਦਾ ਸੀ। ਮੈਨੂੰ ਇਕ ਵੀ ਮੁਲਾਕਾਤ ਜਾਂ ਟੈਲੀਫ਼ੋਨ ਗੱਲਬਾਤ ਯਾਦ ਨਹੀਂ ਜਿਸ ਵਿਚ ਪਾਸ਼ ਦੀ ਗੱਲ ਨਾ ਹੋਈ ਹੋਵੇ। ਉਹ ਪਾਸ਼ ਨੂੰ ਜਨੂੰਨ ਦੀ ਹੱਦ ਤੱਕ ਮੁਹੱਬਤ ਕਰਦਾ ਸੀ। ਗੁਰੂ ਨਾਨਕ ਇੰਜਨੀਰਿੰਗ ਕਾਲਜ ਵਿਚ ਪੜ੍ਹਦਿਆਂ ਵੀ ਉਹਦਾ ਪਾਸ਼ ਨਾਲ਼ ਬਰਾਬਰ ਸੰਪਰਕ ਸੀ। ਉਹਨੀ ਦਿਨੀ ਰੋਹਲੇ ਬਾਣ, ਸਿਆੜ, ਜੱਥੇਬੰਦੀ ਆਦਿ ਸਾਹਿਤਕ/ਸਿਧਾਂਤਕ ਪਰਚੇ ਨਿਕਲਦੇ ਸਨ। ਹਰਮਿੰਦਰ ਪਾਸ਼ ਮੈਮੋਰੀਅਲ ਇੰਟਰਨੈਸ਼ਨਲ ਟ੍ਰਸਟ ਨਾਲ਼ ਲਗਾਤਾਰ ਜੁੜਿਆ ਰਿਹਾ, ਉਹ ਟ੍ਰਸਟ ਦੇ ਉੱਤਰੀ ਅਮਰੀਕਾ ਵਿਚਲੇ ਹਮਦਰਦਾਂ ਵਿਚੋਂ ਪ੍ਰਮੁੱਖ ਸਪਾਂਸਰ ਮੈਂਬਰ ਸੀ। ਟ੍ਰਸਟ ਨੂੰ ਆਰਥਿਕ ਅਤੇ ਜੱਥੇਬੰਦਕ ਮਦਦ ਲਈ ਸਦਾ ਤਤਪਰ ਰਹਿੰਦਾ ਸੀ। ਟ੍ਰਸਟ ਦੀਆਂ ਗਤੀਵਿਧੀਆਂ ਬਾਰੇ ਉਹ ਮੇਰੇ ਅਤੇ ਟ੍ਰਸਟ ਦੇ ਕਨਵੀਨਰ ਸੁਰਿੰਦਰ ਧੰਜਲ ਨਾਲ ਬਰਾਬਰ ਲੰਬੇ ਵਿਚਾਰ-ਵਿਟਾਂਦਰੇ ਕਰਦਾ। "ਜਿਵੇਂ ਗੱਲ ਅੱਗੇ ਤੁਰਨੀ ਚਾਹੀਦੀ ਹੈ, ਉਵੇਂ ਤੁਰ ਨਹੀਂ ਰਹੀ, ਇਹ ਗੱਲ ਮੈਨੂੰ ਪ੍ਰੇਸ਼ਾਨ ਕਰਦੀ ਰਹਿੰਦੀ ਹੈ!" ਇਉਂ ਕਹਿੰਦਿਆਂ, ਉਹ ਸਮੁੱਚੀ ਲਹਿਰ ਦੀ ਕਾਰਗੁਜ਼ਾਰੀ ਬਾਰੇ ਅਸੰਤੁਸ਼ਟਤਾ ਜ਼ਾਹਰ ਕਰਦਾ ਅਤੇ ਟ੍ਰਸਟ ਦੀ ਬਿਹਤਰੀ ਬਾਰੇ ਵੀ ਨਵੇਂ ਨਵੇਂ ਸੁਝਾ ਪੇਸ਼ ਕਰਦਾ ਰਹਿੰਦਾ।


ਏਅਰਪੋਰਟ 'ਤੇ ਟਰਿੱਪ ਨੂੰ ਉਡੀਕਦੇ ਵਿਹਲ ਨੂੰ ਬਿਤਾਉਣ ਲਈ ਅਕਸਰ ਬਹੁਤੇ ਲਿਮੋ-ਚਾਲਕ ਜਦੋਂ ਆਪਸ ਵਿਚ ਜੱਕੜ ਮਾਰਨ, ਨਿੰਦਾ-ਚੁਗਲੀ ਕਰਨ, ਗੰਦੇ ਗੀਤ ਅਤੇ ਚੁਟਕਲੇ ਸੁਣਨ ਸੁਣਾਉਣ, ਹਿੰਦੋਸਤਾਨ/ਪਜਾਬ ਦੀ ਸਿਆਸਤ ਬਾਰੇ ਫ਼ਜ਼ੂਲ ਚੁੰਝ-ਚਰਚਾ ਵਿਚ ਸਮਾਂ ਬਰਬਾਦ ਕਰ ਰਹੇ ਹੁੰਦੇ, ਉਹ ਹਮੇਸ਼ਾ ਕੁਝ ਨਾ ਕੁਝ ਸਾਰਥਿਕ ਪੜ੍ਹਾਈ ਕਰਦਾ ਰਹਿੰਦਾ ਸੀ। ਅਗਾਂਹਵਧੂ ਸਾਹਿਤ ਪੜ੍ਹਨਾ ਅਤੇ ਹੋਰਨਾਂ ਨੂੰ ਪੜ੍ਹਨ ਲਈ ਉਤਸਾਹਿਤ ਕਰਨਾ ਉਸਦਾ ਕਰਮ ਸੀ। ਵੈਨਕੂਵਰ ਤੋਂ ਛਪਦੇ ਅਗਾਂਹਵਧੂ ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਮੈਗਜ਼ੀਨ 'ਵਤਨੋਂ ਦੂਰ' ਤੇ 'ਵਤਨ' ਉਹ ਟੋਰਾਂਟੋ ਲੋਕਾਂ ਵਿਚ ਵੰਡਦਾ ਰਿਹਾ। ਹਰਮਿਦਰ ਨੂੰ ਵਿਹਲੇ ਸਮੇਂ ਵਿਚ ਉਸਦੀ ਕੁੱਝ ਨਾ ਕੁੱਝ ਪੜ੍ਹਦੇ ਰਹਿਣ ਦੀ ਲਗਨ ਕਰਕੇ ਲਿਮੋ-ਚਾਲਕ ਉਸਨੂੰ 'ਮਾਸਟਰ' ਕਹਿ ਕੇ ਵੀ ਬੁਲਾਉਂਦੇ ਅਤੇ ਯਾਦ ਕਰਦੇ ਹਨ।

1989 ਵਿਚ ਛੇ ਹਫ਼ਤੇ ਚੱਲੀ ਲਿਮੋ ਸਟਰਾਈਕ ਵਿਚ ਹਰਮਿਦਰ ਅਤੇ ਦੂਸਰੇ ਆਗੂਆਂ ਨੇ ਸਰਗਰਮੀ ਨਾਲ਼ ਭਾਗ ਲਿਆ। ਛੇ ਹਫ਼ਤਿਆਂ ਦੀ ਇਸ ਸਟਰਾਈਕ ਦਾ ਨਤੀਜਾ ਇਹ ਨਿਕਲਿਆ ਕਿ ਅਤ ਨੂੰ ਮਾਲਕ ਨੂੰ ਲਿਮੋ-ਚਾਲਕਾਂ ਦੇ ਯੂਨੀਅਨ ਬਣਾਉਣ ਦੇ ਹੱਕ ਨੂੰ ਸਵੀਕਾਰ ਕਰਨਾ ਪਿਆ। ਲਿਮੋ-ਚਾਲਕਾਂ ਦੀ ਇਹ ਵੱਡੀ ਜਿੱਤ ਸੀ। ਹਰਮਿਦਰ ਲਿਮੋ ਯੂਨੀਅਨ ਵਿਚ ਬਹੁਤ ਸਰਗਰਮ ਸੀ। 2007 ਵਿਚ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ, 2013 ਵਿਚ ਗ਼ਦਰ ਪਾਰਟੀ ਸ਼ਤਾਬਦੀ, 2014 ਵਿਚ ਕਾਮਾਗਾਟਾਮਾਰੂ ਸ਼ਤਾਬਦੀ, 2015 ਵਿਚ ਸ਼ਹੀਦ ਕਰਤਾਰ ਸਿੰਘ ਤੇ ਸਾਥੀਆਂ ਦੀ ਸ਼ਹੀਦੀ ਸ਼ਤਾਬਦੀ ਤੇ ਪਿਛਲੇ ਸਾਲ 2019 ਵਿਚ ਜਲ੍ਹਿਆਂਵਾਲ਼ਾ ਦੀ ਸ਼ਤਾਬਦੀ ਆਦਿ ਸਾਰੇ ਪ੍ਰੋਗਰਾਮਾਂ ਵਿਚ ਹਰਮਿਦਰ ਨੇ ਦਿਲ ਖੋਲ੍ਹ ਕੇ ਮਾਲੀ ਅਤੇ ਜੱਥੇਬੰਦਕ ਮਦਦ ਕੀਤੀ। ਉਹ ਲੋਕ-ਪੱਖੀ ਸਰਗਰਮੀਆਂ ਦਾ ਥੰਮ ਸੀ। ਸਾਰੀ ਦੁਨੀਆਂ ਵਿਚ ਫੈਲੇ ਕੋਰੋਨਾ ਵਾਇਰਸ ਦੀ ਕਰੋਪੀ ਵਿਚ ਕੈਨੇਡਾ ਦੇ ਕਈ ਹਿੱਸੇ ਜਿਵੇਂ ਨੋਵਾ-ਸਕੋਸ਼ੀਆ, ਓਨਟਾਰੀਓ ਆਦਿ ਬਾਕੀ ਸੂਬਿਆਂ ਨਾਲੋਂ ਕਾਫੀ ਜ਼ਿਆਦਾ ਲਪੇਟ ਵਿਚ ਆਏ। ਇਸ ਮਹਾਂਮਾਰੀ ਦਾ ਝੱਖੜ ਟੋਰਾਂਟੋ ਦੇ ਲਿਮੋ ਅਤੇ ਟੈਕਸੀ ਚਾਲਕਾਂ 'ਤੇ ਵੀ ਝੁੱਲਿਆ। ਉਦੋਂ ਤੱਕ ਹਰਮਿਦਰ ਦੀ ਜਾਣ-ਪਛਾਣ ਦੇ ਨੇੜਲੇ ਘੇਰੇ ਦੇ ਪੰਜ ਛੇ ਲਿਮੋ-ਚਾਲਕ ਵੀਰ ਇਸ ਦੀ ਭੇਟ ਚੜ੍ਹ ਚੁੱਕੇ ਸਨ। ਉਹ ਉਦਾਸ ਸੀ, ਆਪਣੀ ਨਾਸਾਜ਼ ਸਿਹਤ ਕਰਕੇ ਉਹ ਕਿਤੇ ਜਾ ਵੀ ਨਹੀਂ ਸਕਦਾ ਸੀ, ਉੱਤੋਂ ਕੋਰੋਨਾ ਕਰਕੇ ਸਭ ਕੁਝ ਠੱਪ ਸੀ।


ਬਾਹਰੋਂ ਕਠੋਰ ਤੇ ਗੰਭੀਰ ਲੱਗਦਾ ਹਰਮਿਦਰ ਦਿਲੋਂ ਦਰਵੇਸ਼ ਅਤੇ ਨਾਰੀਅਲ ਦੀ ਗਿਰੀ ਵਾਂਗ ਨਰਮ ਤੇ ਗੁਣਕਾਰੀ ਸੀ। ਆਪਣੇ ਹੱਸ-ਮੁੱਖ ਤੇ ਮਖੌਲੀਏ ਸੁਭਾਅ ਕਾਰਨ ਉਹ ਹਰ ਇਕ ਦਾ ਦਿਲ ਜਿੱਤ ਲੈਂਦਾ ਸੀ, ਇਸੇ ਕਰਕੇ ਪਿਡ ਵਿਚ ਲੋਕ ਉਸਨੂੰ 'ਵਿੰਦਰ ਰੌਣਕੀ' ਵੀ ਕਹਿੰਦੇ ਸਨ। ਪਰ ਅੰਦਰੋਂ ਉਹ ਬਹੁਤ ਸੰਜੀਦਾ ਇਨਸਾਨ ਸੀ ਅਤੇ ਭਾਵੁਕਤਾ ਵਿਚ ਦ੍ਰਵ ਜਾਂਦਾ ਸੀ। ਉਹ ਇਕ ਆਦਰਸ਼ ਪਤੀ, ਬਾਪ, ਤੇ ਭਰਾ ਸੀ। ਸਮਾਜ ਲਈ ਉਹ ਵਧੀਆ ਇਨਸਾਨ ਸੀ। ਉਹ ਸਾਡਾ ਜ਼ਿੰਦਾਦਿਲ ਕਾਮਰੇਡ ਯਾਰ ਸੀ, ਨਿਰਛੱਲ, ਨਿਰਮਲ ਅਤੇ ਪਾਰਦਰਸ਼ੀ।

ਜਿਵੇਂ ਉਹ ਕਹਿੰਦਾ ਹੁੰਦਾ ਸੀ ਕਿ ਟੈਕਸੀ ਬੰਦੇ ਦੇ ਹੱਡਾਂ 'ਚ ਬਹਿ ਜਾਂਦੀ ਹੈ। ਲਗਾਤਾਰ ਇਨੇ ਸਾਲ ਲੌਂਗ-ਸ਼ਿਫਟ ਨੇ ਉਸਦੀ ਸਿਹਤ ਤੇ ਮਾਰੂ ਅਸਰ ਕੀਤਾ। 2017 ਵਿਚ ਜਦ ਉਹ ਰੀਟਾਇਰਮੈਂਟ ਦੇ ਲਾਗੇ ਸੀ, ਸਰੀਰ ਵਿਚ ਸੋਡੀਅਮ ਦੀ ਕਮੀ ਤੇ ਹਾਈ ਬਲੱਡ ਪ੍ਰੈਸ਼ਰ ਰਹਿਣ ਕਰਕੇ ਉਸਦੀ ਸਿਹਤ ਦਿਨੋ-ਦਿਨ ਕਮਜ਼ੋਰ ਹੁੰਦੀ ਗਈ। ਉਸ ਸਾਲ ਜਦ ਮੈਂ ਇੰਜਨੀਅਰਿੰਗ ਦੇ ਸਬੰਧ ਵਿਚ ਟੋਰਾਂਟੋ ਦੇ ਦੌਰੇ ਸਮੇਂ ਉਸਨੂੰ ਮਿਲ਼ਿਆ ਤਾਂ ਉਹ ਬਹੁਤ ਕਮਜ਼ੋਰ ਹੋ ਗਿਆ ਸੀ ਅਤੇ ਜ਼ਿਆਦਾ ਤੁਰ ਫਿਰ ਨਹੀਂ ਸਕਦਾ ਸੀ ਪਰ ਆਪਣੇ ਮਜ਼ਾਕੀਆ ਸੁਭਾਅ ਅਨੁਸਾਰ ਕਹਿੰਦਾ ਕਿ 'ਮੈਨੂੰ ਕੁੱਝ ਨਹੀਂ ਹੁੰਦਾ, ਮੈਂ ਐਨੀ ਛੇਤੀ ਨਹੀਂ ਮਰਨ ਵਾਲ਼ਾ।' ਉਸਨੂੰ ਇਸ ਗੱਲ ਦਾ ਝੋਰਾ ਸੀ ਕਿ ਆਪਣੀ ਨਾਸਾਜ਼ ਸਿਹਤ ਕਰਕੇ ਉਹ ਪਹਿਲਾਂ ਵਾਲ਼ੀ ਤਨਦੇਹੀ ਨਾਲ਼ ਅਮਲੀ ਸਰਗਰਮੀਆਂ ਵਿਚ ਬਣਦਾ ਯੋਗਦਾਨ ਨਹੀਂ ਪਾ ਸਕਦਾ ਸੀ, ਉਹ ਹਮੇਸ਼ਾ ਕਹਿੰਦਾ ਅਜੇ ਬਹੁਤ ਕਰਨ ਵਾਲ਼ਾ ਹੈ। ਮੈਂ ਸਮਝਦਾ ਹਾਂ ਕਿ ਸੱਚੇ ਕਮਿਊਨਿਸਟ ਇਨਕਲਾਬੀ ਦੀ ਇਹ ਸਵੀਕ੍ਰਿਤੀ ਉਸਦੇ ਇਮਾਨਦਾਰ, ਪਾਰਦਰਸ਼ੀ ਜੀਵਨ ਦੀ ਉੱਚਤਮ ਮਿਸਾਲ ਹੈ। ਮੇਰਾ ਨਿੱਜੀ ਅਨੁਭਵ ਹੈ ਕਿ ਦੋ ਮਨੁੱਖਾਂ ਵਿਚਕਾਰ ਵਿਚਾਰਾਂ ਦੀ ਸਾਂਝ ਦੀ ਉਦੋਂ ਹੀ ਕੋਈ ਸਾਰਥਿਕਤਾ ਹੁੰਦੀ ਹੈ ਜੇ ਉਸ ਵਿਚ ਸੱਚੀ ਮੁਹੱਬਤ ਵਾਲ਼ਾ ਖ਼ਲੂਸ ਅਤੇ ਈਮਾਨਦਾਰੀ ਹੋਵੇ। ਹਰਮਿਦਰ ਇਹਨਾਂ ਦੋਨੋ ਗੁਣਾਂ ਦਾ ਸੁਮੇਲ ਸੀ।

ਆਖ਼ਰ 20 ਅਪ੍ਰੈਲ 2020 ਵਾਲੇ ਦਿਨ ਹਰਮਿੰਦਰ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਅੰਤਮ ਵਿਦਾਇਗੀ ਤੋਂ ਪਹਿਲਾਂ ਉਸਨੇ ਆਪਣੇ ਅੰਗਦਾਨ ਅਤੇ ਸਰੀਰ ਮੈਡੀਕਲ ਰੀਸਰਚ ਲਈ ਭੇਜਣ ਦੀ ਆਪਣੀ ਆਖ਼ਰੀ ਇੱਛਾ ਪਰਵਾਰ ਨੂੰ ਦੱਸੀ ਸੀ, ਤੇ ਇਹ ਵੀ ਕਿਹਾ ਸੀ ਕਿ ਉਸਦੇ ਨਮਿੱਤ ਕੋਈ ਪਾਠ ਜਾਂ ਅਤਮ ਅਰਦਾਸ ਦੀ ਲੋੜ ਨਹੀਂ। ਪਰਵਾਰ ਨੂੰ ਇਸ ਗੱਲ ਦਾ ਅਫ਼ਸੋਸ ਰਹੇਗਾ ਕਿ ਕੋਰੋਨਾ ਦੇ ਕਹਿਰ ਕਰਕੇ ਹਸਪਤਾਲ ਅਤੇ ਫਿਊਨਰਲ ਹਾਲ ਵਾਲ਼ਿਆਂ ਦੀਆਂ ਹਦਾਇਤਾਂ ਕਾਰਨ ਉਸਦੀਆਂ ਪਹਿਲੀਆਂ ਦੋ ਇੱਛਾਵਾਂ ਪੂਰੀਆਂ ਨਹੀਂ ਹੋ ਸਕੀਆਂ। ਪਰਿਵਾਰ ਨੇ ਉਸਦੀ ਤੀਸਰੀ ਇੱਛਾ ਪੂਰੀ ਕੀਤੀ, ਉਸਦੇ ਨਮਿੱਤ ਕੋਈ ਪਾਠ ਜਾਂ ਅਤਮ ਅਰਦਾਸ ਨਹੀਂ ਕੀਤੀ ਗਈ। ਹਰਮਿਦਰ ਤੁਰ ਗਿਆ ਹੈ, ਪਰ ਉਹ ਕਿਤੇ ਨਹੀਂ ਗਿਆ। ਉਹ ਆਪਣੇ ਸਾਰਿਆਂ ਦੇ ਦਿਲਾਂ ਵਿਚ ਵੱਸਦਾ ਹੈ, ਸਾਡੇ ਸਭ ਦੇ ਅੰਗ-ਸੰਗ ਹੈ। ਹੁਣ ਉਸਦੇ ਕੀਤੇ ਲੰਬੇ ਫੋਨ-ਕਾਲਾਂ ਦੇ ਭੁਲੇਖੇ ਪੈਂਦੇ ਰਹਿਣਗੇ। ਹੁਣ ਫੈਸਲਾ ਅਸੀਂ ਕਰਨਾ ਹੈ ਕਿ ਤੁਰ ਗਏ ਸਾਥੀ ਦਾ ਮਨ ਨੂੰ ਝੋਰਾ ਲਾਉਣਾ ਹੈ ਜਾਂ ਉਸਦੀ ਯਾਦ ਨੂੰ ਦਿਲ ਵਿਚ ਵਸਾਕੇ ਉਸਦੀ ਸੋਚ 'ਤੇ ਪਹਿਰਾ ਦਿੰਦਿਆਂ ਦੋਸਤੀ ਦੇ ਹੋਰ ਦੀਪ ਜਗਾਉਣੇ ਹਨ।



# ਕੋਵਿਡ-19: ਸੰਪੂਰਨ ਕੁਆਰਨਟੀਨ



ਰੂਪੀ ਕਾਵਿਸ਼ਾ
roopykavisha@gmail.com
Brampton, Ontario,
Canada

ਜਦੋਂ 2020 ਆਉਣ ਵਾਲਾ ਸੀ, ਓਦੋਂ ਸਾਰੀ ਦੁਨੀਆ ਨੂੰ ਇਹ ਅੰਕੜੇ ਬੜੇ ਭਾਏ ਸਨ। ਜਿੱਥੇ ਵੀਹ ਸੌ ਵੀਹ (2020) ਕਹਿਣਾ ਸੰਗੀਤਮਈ ਲੱਗ ਹੀ ਰਿਹਾ ਸੀ, ਓਥੇ ਇਹ ਇੱਕ ਨਵੇਂ ਦਹਾਕੇ ਦੀ ਸ਼ੁਰੂਆਤ ਵੀ ਸੀ। ਸਾਰਿਆਂ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਇਹ ਸਾਲ ਸਾਡੇ ਸਾਰਿਆਂ ਲਈ ਢੇਰਾਂ ਖ਼ੁਸ਼ੀਆਂ ਲੈ ਕੇ ਆਵੇਗਾ ਤੇ ਇੱਕ ਯਾਦਗਾਰੀ ਸਾਲ ਵੀ ਸਾਬਤ ਹੋਵੇਗਾ। ਅਸੀਂ ਸਾਰੇ ਇਸ ਵਿੱਚੋਂ ਕੁੱਝ ਚੰਗਾ-ਚੰਗਾ ਉਡੀਕਣ ਲੱਗੇ। ਪਰ 2020 ਦੀ ਪਹਿਲੀ ਤਿਮਾਹੀ ਵਿੱਚ ਹੀ ਸਭ ਕੁੱਝ ਉਥਲ-ਪੁਥਲ ਹੋ ਗਿਆ। ਦੁਨੀਆ ਦੀ ਹਰ ਭਾਸ਼ਾ ਦੇ ਸ਼ਬਦ-ਕੋਸ਼ ਵਿੱਚ ਇੱਕ ਨਵਾਂ ਲਫ਼ਜ਼ ਸ਼ਾਮਲ ਹੋਇਆ; ਕੋਵਿਡ-19!

ਮਾਰਚ 2020 ਦੇ ਇੱਕ ਦਿਨ ਮੈਂ ਬਜ਼ਾਰ ਜਾਣ ਦੀ ਤਿਆਰੀ ਵਿੱਚ ਸਾਂ। ਕਿਸੇ ਦਾ ਟੈਲੀਫ਼ੋਨ ਆਇਆ। ਉਸਨੇ ਦੱਸਿਆ 'ਲੋਕਾਂ ਨੇ ਰਾਸ਼ਨ ਦੀਆਂ ਦੁਕਾਨਾਂ ਖ਼ਾਲੀ ਕਰ ਦਿੱਤੀਆਂ ਹਨ। 'ਵਾਲਮਾਰਟ' ਵਰਗੇ ਵੱਡੇ ਸਟੋਰਾਂ ਦੀਆਂ ਸ਼ੈਲਫਾਂ ਵੀ ਖ਼ਾਲੀ ਹੋ ਗਈਆਂ ਹਨ। ਹਰ ਕੋਈ ਕਿਸੇ ਅਣਡਿੱਠੇ ਖ਼ਤਰੇ ਦੀ ਗੱਲ ਕਰ ਰਿਹਾ ਹੈ। ਲੋਕਾਂ ਨੇ ਆਪਣੇ ਘਰਾਂ ਵਿੱਚ ਰਾਸ਼ਨ ਸਾਂਭਣਾ ਸ਼ੁਰੂ ਕਰ ਦਿੱਤਾ ਹੈ। ਕਹਿੰਦੇ ਨੇ ਕਿ ਕੋਈ ਵਾਇਰਸ ਫੈਲ ਗਿਆ ਹੈ ਜਿਹੜਾ ਬਿਨਾਂ ਵੀਜ਼ੇ ਤੋਂ, ਮੁਲਕਾਂ ਦੀਆਂ ਸਰਹੱਦਾਂ ਟੱਪ, ਦਹਿਸ਼ਤ ਤੇ ਤਬਾਹੀ ਮਚਾਉਣ ਨਿਕਲਿਆ ਹੋਇਆ ਹੈ। ਕਿਸੇ ਵੱਡੀ ਮਹਾਂਮਾਰੀ ਦੇ ਸੰਕੇਤ ਨੇ। ਸੈਂਕੜਿਆਂ ਦੇ ਹਿਸਾਬ ਨਾਲ਼ ਮੌਤਾਂ ਹੋ ਰਹੀਆਂ ਹਨ। ਪਤਾ ਲੱਗਾ ਹੈ ਕਿ ਇਹ ਛੂਤ ਦੀ ਬਿਮਾਰੀ ਹੈ।' ਮੈਨੂੰ ਇਹ ਖ਼ਬਰ ਕੋਈ ਆਮ ਨਹੀਂ ਲੱਗੀ। ਮੈਂ ਸੋਚਿਆ ਕਿ ਜੇ ਇਹ ਬਿਮਾਰੀ ਛੂਤ ਦੀ ਹੈ ਤਾਂ ਲੋਕਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਮੈਂ ਬਜ਼ਾਰ ਜਾਣ ਦੀ ਸਲਾਹ ਨਕਾਰ ਦਿੱਤੀ।

ਦੋ-ਤਿੰਨ ਦਿਨਾਂ ਬਾਅਦ ਮੇਰੇ ਸੂਬੇ, ਉਨਟਾਰੀਓ ਨੇ ਵੀ ਐਮਰਜੈਂਸੀ ਐਕਟ ਲਾ ਦਿੱਤਾ। ਸਭ ਕੁੱਝ ਬੰਦ ਹੋ ਗਿਆ ਸਿਵਾਏ ਰਾਸ਼ਨ ਤੇ ਦਵਾਈਆਂ ਦੀਆਂ ਦੁਕਾਨਾਂ ਤੋਂ। ਇਸ ਅਦਿੱਖ ਵਾਇਰਸ ਨੇ ਰੇਲ ਗੱਡੀਆਂ, ਸਮੁੰਦਰੀ ਜਹਾਜ਼, ਹਵਾਈ ਜਹਾਜ਼, ਮੋਟਰਾਂ-ਗੱਡੀਆਂ ਤੇ ਆਵਾਜਾਈ ਦੇ ਸਾਰੇ ਸਾਧਨ ਸਭ ਬੰਦ ਕਰਵਾ ਦਿੱਤੇ। ਮੁਲਕਾਂ ਦੀਆਂ ਸਰਹੱਦਾਂ 'ਤੇ ਤਾਲੇ ਲਵਾ ਦਿੱਤੇ। ਸਾਰੀ ਦੁਨੀਆ ਵਿੱਚ ਜਿੱਥੇ-ਜਿੱਥੇ ਕੋਈ ਬੈਠਾ ਸੀ, ਉੱਥੇ-ਉੱਥੇ ਹੀ ਬੈਠਾ ਰਹਿ ਗਿਆ। ਸੜਕਾਂ ਤੋਂ ਲੈ ਕੇ ਅਸਮਾਨ ਤੱਕ, ਸਭ ਕੁੱਝ ਬੀਆਬਾਨ ਹੋ ਗਿਆ। ਚਾਰੇ ਪਾਸੇ ਚੁੱਪੀ ਛਾ ਗਈ। ਜਿਵੇਂ ਪੂਰੀ ਧਰਤੀ 'ਤੇ ਕਿਸੇ ਐਸੇ ਜ਼ੋਰਾਵਰ ਹੁਕਮਰਾਨ ਦਾ ਰਾਜ ਹੋ ਗਿਆ ਹੋਵੇ, ਜਿਸਨੇ ਜਿਉਂ ਹੀ ਆਪਣੇ ਬੁੱਲ੍ਹਾਂ 'ਤੇ ਉਂਗਲ ਰੱਖੀ, ਸਾਰਾ ਜਹਾਨ ਹੀ ਚੁੱਪ ਹੋ ਗਿਆ।

ਰਾਸ਼ਨ ਸਾਂਭਣ ਦੇ ਲਾਲੇ ਕੀ ਪੈਣੇ ਸਨ, ਟਾਇਲਟ ਪੇਪਰ (Toilet-Paper) ਫੇਸ ਮਾਸਕ (Face-Mask) ਅਤੇ ਰੋਗਾਣੂ-ਮੁਕਤ ਕਰੀਮਾਂ (Hand-Sanitizers) ਵੀ ਮੁੱਕ ਗਈਆਂ। ਮੈਨੂੰ ਵਿਕਸਿਤ ਦੇਸ਼ਾਂ ਦੀ ਮਜਬੂਰੀ 'ਤੇ ਹਾਸਾ ਆ ਗਿਆ। ਪਤਾ ਲੱਗਾ ਕਿ ਅਸੀਂ ਵਿਕਸਿਤ ਤਾਂ ਹਾਂ ਪਰ ਦੂਸਰਿਆਂ 'ਤੇ ਨਿਰਭਰ ਹੋ ਕੇ। ਵਿਕਸਿਤ ਮੁਲਕਾਂ ਦੇ ਖ਼ੁਦ-ਮੁਖ਼ਤਿਆਰ ਨਾ ਹੋਣ ਦਾ ਇਹਸਾਸ ਮੈਨੂੰ ਪਹਿਲੀ ਵਾਰ ਹੋਇਆ। ਇੱਕ ਸਵਾਲ ਨੇ ਜ਼ਿਹਨ ਨੂੰ ਘੇਰਿਆ; ਕੀ ਹਰ ਮੁਲਕ ਬੁਨਿਆਦੀ ਤੌਰ 'ਤੇ ਖ਼ੁਦ-ਮੁਖ਼ਤਿਆਰ ਹੋਣਾ ਚਾਹੀਦਾ ਹੈ? ਮੈਂ ਸੋਚਿਆ ਕਿ ਕਿਤੇ ਕਿਸੇ ਵਿਕਸਿਤ ਮੁਲਕ ਦਾ ਹਾਲ ਇੱਕ ਅਮੀਰ ਬੱਚੇ ਵਰਗਾ ਤਾਂ ਨਹੀਂ ਜਿਹੜਾ ਨੌਕਰ ਦੇ ਨਾ ਆਉਣ 'ਤੇ ਭੁੱਖਾ ਰਹਿ ਜਾਂਦਾ ਹੈ! ਉਸਦੀ ਰਸੋਈ ਵਿੱਚ ਸਮਾਨ ਤਾਂ ਇੱਕ ਤੋਂ ਇੱਕ ਵਧੀਆ ਪਿਆ ਹੁੰਦਾ ਹੈ ਪਰ ਉਸਨੂੰ ਪਕਾਉਣ ਦੀ ਜਾਚ ਨਹੀਂ ਹੁੰਦੀ। ਘੱਟ ਤੋਂ ਘੱਟ ਉਸਨੂੰ ਐਨੀ ਜਾਚ ਤਾਂ ਆਉਣੀ ਹੀ ਚਾਹੀਦੀ ਹੈ ਕਿ ਜ਼ਰੂਰਤ ਵੇਲੇ ਉਹ ਆਪਣਾ ਡੰਗ ਸਾਰ ਸਕੇ। ਮੈਂ ਇਸ ਗੱਲ ਨੂੰ ਬਹੁਤਾ ਵਿਸਥਾਰ ਨਹੀਂ ਦੇਣਾ ਚਾਹੁੰਦੀ। ਤੁਸੀਂ ਸਭ ਸਿਆਣੇ ਹੋ!

ਅੱਜ ਕੋਵਿਡ-19 ਦੇ ਕਾਲ਼ੇ ਬੱਦਲਾਂ ਨੇ ਪੂਰੀ ਧਰਤੀ ਨੂੰ ਆਪਣੀ ਲਪੇਟ 'ਚ ਲੈ ਆਂਦਾ ਹੈ। ਜਿਹੜੀਆਂ ਖ਼ਬਰਾਂ ਸ਼ੁਰੂ-ਸ਼ੁਰੂ 'ਚ ਹਲਕੀਆਂ-ਫੁਲਕੀਆਂ ਤੇ ਆਮ ਜਿਹੀਆਂ ਜਾਪਦੀਆਂ ਸਨ, ਉਹਨਾਂ ਨੇ ਸ਼ੈਤਾਨੀ ਰੂਪ ਇਖ਼ਤਿਆਰ ਕਰ ਲਿਆ ਹੈ। ਕਦੀ ਸੋਚ ਨਹੀਂ ਸਾਂ ਸਕਦੇ ਕਿ ਕੋਈ ਬਾਹਰੀ ਤਾਕਤ ਯਾ ਕੋਈ ਬਾਹਰੀ ਅਣਜਾਣ ਚੀਜ਼, ਮੁਲਕਾਂ ਦੀਆਂ ਸਰਹੱਦਾਂ ਟੱਪ (ਭਾਵੇਂ ਉਹ ਆਪਸ 'ਚ ਲੜ ਹੀ ਕਿਉਂ ਨਾ ਰਹੇ ਹੋਣ), ਇੱਕ ਗਲੋਬਲ ਸ਼ਕਲ ਇਖ਼ਤਿਆਰ ਕਰ, ਸਾਰੀ ਧਰਤੀ 'ਤੇ ਹਾਵੀ ਹੋ ਜਾਵੇਗੀ। ਬੜੇ ਮਜ਼ੇ ਦੀ ਗੱਲ ਹੈ ਕਿ ਹੁਣ ਤੱਕ ਅੱਡ-ਅੱਡ ਮੁਲਕ ਆਪਸ ਵਿੱਚ ਤਾਂ ਲੜਦੇ ਰਹੇ ਹਨ ਪਰ ਕਦੀ ਸਾਰੇ ਇੱਕ ਜੁੱਟ ਹੋ ਕੇ, ਕਿਸੇ ਦੁਸ਼ਮਣ ਨਾਲ਼ ਨਹੀਂ ਸਨ ਲੜੇ। ਦੁਸ਼ਮਣ ਵੀ ਉਹ, ਜਿਹੜਾ ਅਦਿੱਖ ਹੈ, ਜਿਹੜਾ ਲੁਕ ਕੇ ਗੁੱਝਾ ਵਾਰ ਕਰ ਰਿਹਾ ਹੈ, ਜਿਹੜਾ ਨਾ ਦਿਖਾਈ ਦਿੰਦਾ ਹੋਇਆ ਵੀ ਡਾਢਾ ਸ਼ਕਤੀਸ਼ਾਲੀ ਬਣਿਆ ਬੈਠਾ ਹੈ।

ਬੜੀਆਂ ਸਦੀਆਂ ਤੋਂ ਮਨੁੱਖ ਨੇ ਵਿਗਿਆਨ ਰਾਹੀਂ ਕਾਫ਼ੀ ਕੁੱਝ ਪ੍ਰਾਪਤ ਕੀਤਾ ਹੈ ਪਰ ਇਸ ਵਿਲੱਖਣ ਤੇ ਨਵ-ਜੰਮੇ ਕੋਵਿਡ-19 ਨੇ ਆ ਕੇ ਹਜ਼ਾਰਾਂ ਵਿਗਿਆਨੀਆਂ, ਵਿਗਿਆਨਿਕ ਸੰਸਥਾਨਾਂ ਤੇ ਵਿਗਿਆਨਿਕ ਪ੍ਰਯੋਗਸ਼ਾਲਾਵਾਂ ਨੂੰ ਇੱਕ ਨਵਾਂ ਚੁਣੌਤੀ ਦਿੱਤੀ ਹੈ। ਭਾਵੇਂ ਵਿਗਿਆਨੀਆਂ ਨੂੰ ਕੋਵਿਡ-19 ਦਾ ਇਲਾਜ ਲੱਭਦਿਆਂ ਕੁਝ ਮਹੀਨੇ ਹੋ ਗਏ ਹਨ ਪਰ ਵਿਗਿਆਨਿਕ ਪ੍ਰਯੋਗਾਂ ਵਾਸਤੇ ਇਹ ਸਮਾਂ ਘੱਟ ਹੈ। ਇਸ ਦੇ ਕਈ ਕਾਰਨ ਹਨ। ਇੱਕ ਤਾਂ ਵਿਗਿਆਨਿਕ ਇਸ ਬਿਮਾਰੀ ਤੋਂ ਵਾਕਫ਼ ਨਹੀਂ ਹਨ, ਦੂਜਾ ਇਹ ਹਰ ਬੰਦੇ ਨਾਲ਼ ਅੱਡ-ਅੱਡ ਤਰੀਕਿਆਂ ਨਾਲ਼ ਪੇਸ਼ ਆਉਂਦਾ ਹੈ। ਕਈ ਇਨਸਾਨ ਜਿਨ੍ਹਾਂ ਦੀ ਰੋਗ ਪ੍ਰਤੀਰੋਧਤਾ ਜ਼ਿਆਦਾ ਹੈ, ਉਹ ਇਸ ਨੂੰ ਫੈਲਾਉਣ ਦਾ ਕੰਮ ਤਾਂ ਕਰਦੇ ਹਨ ਪਰ ਉਹ ਆਪ ਇਸ ਵਾਇਰਸ ਤੋਂ ਪਰਭਾਵਤ ਨਹੀਂ ਹੁੰਦੇ। ਜਿਨ੍ਹਾਂ ਲੋਕਾਂ ਦੀ ਰੋਗ ਪ੍ਰਤੀਰੋਧਤਾ ਘੱਟ ਹੈ ਜਾ ਉਹ ਪਹਿਲਾਂ ਹੀ ਕਿਸੇ ਬਿਮਾਰੀ ਦਾ ਸ਼ਿਕਾਰ ਹਨ, ਉਹ ਇਸ ਦੀ ਲਪੇਟ ਵਿੱਚ ਜਲਦੀ ਆ ਜਾਂਦੇ ਹਨ। ਜੇਕਰ ਵਿਗਿਆਨਿਕ ਅੱਜ-ਕੱਲ੍ਹ ਵਿੱਚ ਇਸਦਾ ਕੋਈ ਇਲਾਜ ਲੱਭ ਵੀ ਲੈਂਦੇ ਹਨ, ਉਸਨੂੰ ਕਲੀਨਿਕਾਂ ਵਿੱਚ ਟੈਸਟ ਕੀਤੇ ਬਿਨਾ ਆਮ ਜਨਤਾ 'ਤੇ ਵਰਤ ਨਹੀਂ ਸਕਦੇ। ਹੁਣ ਤੱਕ ਕਿਸੇ ਨੂੰ ਵੀ ਕੋਵਿਡ ਵਾਸਤੇ ਲੜਨ ਲਈ ਕੋਈ ਹਥਿਆਰ ਨਹੀਂ ਲੱਭਾ। ਪਰ ਜਦੋਂ ਤੱਕ ਅਸੀਂ ਉਸ ਨਾਲ਼ ਮੁਕਾਬਲਾ ਕਰਨ ਲਈ ਤਿਆਰ ਨਹੀਂ ਹੋ ਜਾਂਦੇ, ਓਦੋਂ ਤੱਕ ਤਾਂ ਉਸੇ ਦੀ ਹਕੂਮਤ ਚੱਲੇਗੀ।

ਇਤਿਹਾਸ ਗਵਾਹ ਹੈ ਕਿ ਇਨਸਾਨ ਨੇ ਹੁਣ ਤੱਕ ਰੰਗ-ਰੂਪ, ਅਮੀਰੀ-ਗਰੀਬੀ, ਧਰਮ ਤੇ ਜਾਤ ਕਰਕੇ ਇੱਕ ਦੂਜੇ 'ਤੇ ਕਿੰਨੇ ਤਸ਼ੱਦਦ ਕੀਤੇ ਹਨ, ਪਰ ਕੋਵਿਡ-19 ਨੇ ਆਪਣਾ ਵਾਰ ਕਰਨ ਲੱਗਿਆਂ ਇਸ ਤਰ੍ਹਾਂ ਦੀ ਕੋਈ ਚੋਣ ਨਹੀਂ ਕੀਤੀ। ਉਹ ਤਾਂ ਕਿਸੇ ਨਾਲ਼ ਵੀ ਲਿਹਾਜ ਕਰਨ ਨੂੰ ਤਿਆਰ ਨਹੀਂ। ਉਹ ਇਕ ਰੋਡ-ਰੋਲਰ ਵਾਂਗ ਚੱਲ ਰਿਹਾ ਹੈ। ਮੈਨੂੰ ਇਸ ਵਿਚੋਂ ਵੀ ਕੁਦਰਤ ਵੱਲੋਂ ਕੋਈ ਵੱਡਾ ਸੁਨੇਹਾ ਮਿਲਦਾ ਜਾਪਦਾ ਹੈ। ਇੰਜ ਜਿਵੇਂ ਕੁਦਰਤ ਸਾਨੂੰ ਸਾਰਿਆਂ ਨੂੰ ਦੱਸ ਰਹੀ ਹੋਵੇ ਕਿ ਅਸੀਂ ਸਭ ਇੱਕੋ ਜੋਤ ਦੇ ਰੂਪ ਹਾਂ ਅਤੇ ਰੰਗ-ਰੂਪ, ਅਮੀਰੀ-ਗਰੀਬੀ, ਧਰਮ ਤੇ ਜਾਤਾਂ ਕਾਰਨ ਵੰਡੇ ਹੋਏ ਨਹੀਂ ਹਾਂ। ਵੇਲਾ ਹੈ ਸਾਰੀਆਂ ਵੰਡਾਂ ਨੂੰ ਭੁਲਾ ਕੇ, ਇਨਸਾਨੀਅਤ ਨੂੰ ਇੱਕ ਨਵੇਂ ਰਾਹ ਤੇ ਲੈ ਕੇ ਜਾਣ ਦਾ, ਜਿਥੇ ਸਿਰਫ ਖ਼ੁਸ਼ੀਆਂ-ਖੇੜੇ ਤੇ ਆਨੰਦ ਹੀ ਆਨੰਦ ਹੋਵੇ।

ਇਨਸਾਨ ਨੇ ਆਪਣੀ ਬੁੱਧੀ ਨਾਲ਼ ਪਾਣੀ, ਧਰਤੀ ਤੇ ਅਸਮਾਨ 'ਤੇ ਕਬਜ਼ਾ ਕਰਨ ਲਈ ਕੀ-ਕੀ ਨਹੀਂ ਕੀਤਾ? ਕਿਹੜੇ-ਕਿਹੜੇ ਯੰਤਰ ਨਹੀਂ ਬਣਾਏ? ਬਹੁਤੀ ਲੰਬੀ ਚੌੜੀ ਲਿਸਟ ਦੇਣ ਦੀ ਲੋੜ ਨਹੀਂ। ਅਸੀਂ ਸਾਰੇ ਇੱਕ ਆਧੁਨਿਕ ਯੁੱਗ ਵਿੱਚ ਵਿਚਰ ਰਹੇਂ ਹਾਂ। ਜਿੱਥੇ ਇਨਸਾਨ ਨੇ ਧਰਤੀ 'ਚੋਂ ਚੀਜ਼ਾਂ ਲੱਭਣ ਲਈ ਧਰਤੀ ਦਾ ਕਲੇਜਾ ਪਾੜਿਆ, ਓਥੇ ਅਸਮਾਨ 'ਤੇ ਜਿੱਤ ਹਾਸਲ ਕਰਨ ਲਈ ਖਲਾ ਵਿੱਚ ਜਾ ਵੜਿਆ। ਤੇ ਫੇਰ ਸਮੁੰਦਰਾਂ 'ਚੋਂ ਆਪਣੇ ਲਈ ਹਰ ਤਰਾਂ ਦੀਆਂ ਸ਼ੈਆਂ ਕੱਢਦਾ ਰਿਹਾ। ਪਰ ਇਸ ਸ੍ਰਿਸ਼ਟੀ ਦੇ ਮਾਲਕ ਨੇ ਕੁੱਝ ਨਾ ਕਿਹਾ। ਉਹ ਆਪਣੀ ਧਰਤੀ ਇਨਸਾਨ ਦੇ ਹੱਥ ਵੱਸ ਦੇ ਕੇ ਚੁੱਪ ਰਿਹਾ। ਉਹ ਫੇਰ ਵੀ ਮਿਹਰਬਾਨ ਰਿਹਾ। ਪਰ ਇਨਸਾਨ ਭੁੱਲ ਹੀ ਗਿਆ ਕਿ ਉਹ ਇਸ ਧਰਤੀ 'ਤੇ ਮਹਿਮਾਨ ਹੈ। ਉਹ ਇਸ 'ਤੇ ਰਹਿ ਤਾਂ ਸਕਦਾ ਹੈ ਪਰ ਇਸ 'ਤੇ ਆਪਣਾ ਕਬਜ਼ਾ ਨਹੀਂ ਕਰ ਸਕਦਾ। ਇਸ ਧਰਤੀ ਦੇ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਨਮੂਨਾ ਤਾਂ ਇਨਸਾਨ ਇਸ ਸ੍ਰਿਸ਼ਟੀ ਦੇ ਮਾਲਕ ਨੂੰ ਦੇ ਹੀ ਚੁੱਕਾ ਹੈ। ਮੇਰੇ ਹਿਸਾਬ ਨਾਲ਼ ਉਹ ਇਸ ਪਰੀਖਿਆ ਵਿੱਚ ਫ਼ੇਲ ਕਰ ਦਿੱਤਾ ਗਿਆ ਹੈ। ਪਵਨ ਗੁਰੂ, ਪਾਣੀ ਪਿਤਾ ਤੇ ਧਰਤ ਮਹਤ ਮਾਤਾ ਨੂੰ ਇਨਸਾਨ ਨੇ ਐਨਾ ਨਿਰਾਸ਼ ਕਰ ਦਿੱਤਾ ਕਿ ਉਹਨਾਂ ਨੇ ਰਲ ਕੇ ਇਨਸਾਨ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਕਰ ਲਿਆ ਹੈ। ਇੱਕ ਬੜੇ ਵੱਖਰੇ ਤਰੀਕੇ ਨਾਲ਼ ਕੁਦਰਤ ਨੇ ਆਪਣੀ ਸਰਬੋਤਮਤਾ ਦਾ ਐਲਾਨ ਕਰ ਦਿੱਤਾ ਹੈ ਤੇ ਇਨਸਾਨ ਨੂੰ ਉਸਦੀ ਬਣਦੀ ਜਗ੍ਹਾ ਦਿਖਾਈ ਹੈ।

ਇਨਸਾਨ ਨੇ ਹਮੇਸ਼ਾਂ ਹੀ ਆਪਣਾ ਘਰ, ਮੁਹੱਲਾ, ਸ਼ਹਿਰ ਅਤੇ ਦੇਸ਼ ਬਾਰੇ ਹੀ ਸੋਚਿਆ ਹੈ। ਕਦੇ ਕਿਸੇ ਨੇ ਧਰਤੀ ਨੂੰ ਇੱਕ ਇਕਾਈ ਵਜੋਂ ਨਹੀਂ ਦੇਖਿਆ ਯਾ ਸੋਚਿਆ। ਆਪੋ-ਆਪਣੀ ਥਾਂ ਇਸ ਮਾਂ ਨੂੰ, ਜਿਹੜੀ ਹਕੀਕਤ 'ਚ ਕਿਤੋਂ ਵੰਡੀ ਹੋਈ ਨਹੀਂ ਹੈ, ਲੁੱਟਿਆ-ਪੱਟਿਆ ਹੈ ਅਤੇ ਜਿੰਨਾ ਜ਼ਿਆਦਾ ਹੋ ਸਕੇ ਇਸ ਨਾਲ਼ ਦੁਰਵਿਵਹਾਰ ਕੀਤਾ ਹੈ। ਬੜੀਆਂ ਸਦੀਆਂ ਤੋਂ ਤਸੀਹੇ ਸਹਿੰਦੀ ਇਹ 'ਗਲੋਬਲ ਮਾਂ' ਰੁੱਸ ਗਈ ਜਾਪਦੀ ਹੈ। ਇੰਜ ਲੱਗਦਾ ਹੈ ਜਿਵੇਂ ਉਸਨੇ ਸਾਨੂੰ ਸਾਰਿਆਂ ਨੂੰ ਝਾੜ-ਝਪਟ ਕੇ ਬਿਠਾ ਦਿੱਤਾ ਹੋਵੇ। ਮੁਲਕਾਂ ਦੇ ਮੁਲਕ, ਕੀ ਕਮਜ਼ੋਰ ਤੇ ਕੀ ਬਲਵਾਨ, ਬੇਬਸ ਤੇ ਲਾਚਾਰ ਕਰ ਦਿੱਤੇ ਹਨ। ਅਰਬਾਂ-ਖਰਬਾਂ ਦੀ ਆਬਾਦੀ ਨੂੰ ਕਮਰਿਆਂ ਅੰਦਰ ਬੈਠਣ 'ਤੇ ਮਜਬੂਰ ਕਰ ਦਿੱਤਾ ਹੈ। ਗਲ਼-ਘੋਟਵੀਂ ਮੌਤ ਨਾਲ਼ ਮਰਨ ਵਾਲਿਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਊਠ ਕਿਸ ਕਰਵਟ ਬੈਠੇਗਾ, ਅਜੇ ਵੀ ਕਿਸੇ ਨੂੰ ਨਹੀਂ ਪਤਾ।

ਪਰਮ ਪਿਤਾ ਵੱਲੋਂ ਇਨਸਾਨ ਨੂੰ ਭੇਂਟ ਦੇ ਰੂਪ 'ਚ ਦਿੱਤੀ ਹੋਈ ਧਰਤੀ, ਇਨਸਾਨੀ ਹਉਮੈਂ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਈ। ਇਨਸਾਨ ਨੇ ਪਹਿਲਾਂ ਇਸ ਧਰਤੀ 'ਤੇ ਅਦਿੱਖ ਲਕੀਰਾਂ ਰਾਹੀਂ ਅੱਡ-ਅੱਡ ਮੁਲਕ ਬਣਾਏ। ਫੇਰ ਆਪਣੇ-ਆਪਣੇ ਮੁਲਕ ਨੂੰ 'ਮੇਰਾ ਮੁਲਕ' ਕਹਿ ਕੇ ਆਪਣੇ ਹਉਮੈਂ ਨੂੰ ਉੱਚਾ ਚੁੱਕਿਆ। ਫੇਰ ਦੇਸ਼ ਭਗਤੀ ਤੇ ਦੇਸ਼ ਪ੍ਰੇਮ, ਤਸੀਹੇ ਤੇ ਕੁਰਬਾਨੀਆਂ, ਗ਼ੁਲਾਮੀ ਤੇ ਆਜ਼ਾਦੀ ਦੇ ਸਿਲਸਿਲੇ ਸ਼ੁਰੂ ਹੋਏ। ਇਨਸਾਨੀ ਮਨ ਦੀ ਇਹ ਫਿਤਰਤ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਨਾ ਕਿਸੇ ਚੀਜ਼ ਨਾਲ਼ ਜੋੜਨਾ ਚਾਹੁੰਦਾ ਹੈ। ਕਿਸੇ ਚੀਜ਼ ਨਾਲ਼ ਉਸਦੀ ਸ਼ਨਾਖਤ ਹੋ ਜਾਵੇ ਤਾਂ ਉਸਦੀ 'ਮੈਂ' ਮਜ਼ਬੂਤ ਹੋ ਜਾਂਦੀ ਹੈ। ਇਸ ਲਈ ਕਈ ਆਪਣੀ 'ਮੈਂ' ਆਪਣੇ ਮੁਲਕ ਨਾਲ਼ ਜੋੜਦੇ ਹਨ, ਕਈ ਧਰਮ ਨਾਲ਼, ਕਈ ਜਾਤ-ਬਰਾਦਰੀ ਨਾਲ਼, ਕਈ ਆਪਣੇ ਘਰ-ਪਰਵਾਰ ਨਾਲ਼, ਕਈ ਕਿਸੀ ਰਾਜਨੀਤਕ ਪਾਰਟੀ ਨਾਲ਼, ਤੇ ਕਈ ਪਦ-ਪ੍ਰਤਿਸ਼ਟਾ ਨਾਲ਼। ਫੇਰ ਮੁਲਕਾਂ ਵਿਚਕਾਰ ਭਾਵੇਂ ਲੜਾਈਆਂ ਹੋਵਣ ਤੇ ਭਾਵੇਂ ਖੇਡ ਮੁਕਾਬਲੇ, ਸਭ ਹਉਮੈਂ ਦੀ ਖ਼ੁਰਾਕ ਹੀ ਬਣਦੇ ਹਨ। ਭਲਾ ਪੁੱਛੋ ਕਿਹੜਾ ਦੇਸ਼? ਪਰਮ ਪਿਤਾ ਨੇ ਸਾਨੂੰ ਧਰਤੀ ਦਿੱਤੀ ਸੀ, ਦੇਸ਼ ਨਹੀਂ। ਜ਼ਰਾ ਵਿਚਾਰ ਕਰੀਏ ਕਿ ਜੇਕਰ ਇਹ ਧਰਤੀ ਜੋ ਕਿ ਅਸਲ ਵਿੱਚ ਇੱਕ ਇਕਾਈ ਹੈ, ਨੂੰ ਨਕਸ਼ਿਆਂ ਵਿੱਚ ਨਾ ਵੰਡਿਆ ਜਾਂਦਾ, ਤਾਂ ਅੱਜ ਦੁਨੀਆ ਦਾ ਇਤਿਹਾਸ ਕਿਸ ਤਰ੍ਹਾਂ ਦਾ ਹੁੰਦਾ? ਚੰਗਾ ਹੁੰਦਾ ਯਾ ਮਾੜਾ?

ਪਰ ਇੱਥੇ ਹੀ ਬੱਸ ਨਹੀਂ ਹੋਈ। ਜਿੱਥੇ ਇੱਕ ਪਾਸੇ ਧਰਤੀ 'ਤੇ ਇਨਸਾਨੀ ਵੱਸੋਂ, ਗਰੀਬੀ ਦਾ ਕਰੋਪ, ਕੂੜਿਆਂ ਦੇ ਢੇਰ, ਹਰ ਤਰ੍ਹਾਂ ਦਾ ਪਰਦੂਸ਼ਣ, ਹਰੇ ਜੰਗਲਾਂ ਦੀ ਥਾਂ ਸੀਮੈਂਟ ਦੇ ਜੰਗਲ ਵਧੇ, ਓਥੇ ਦੂਜੇ ਪਾਸੇ ਇਨਸਾਨ, ਅਸਮਾਨ ਦਾ ਸੀਨਾ ਚੀਰ, ਹੋਰ ਧਰਤੀਆਂ ਨੂੰ ਲੱਭਣ ਨਿਕਲ਼ ਪਿਆ। ਪਰ ਸਵਾਲ ਇਹ ਹੈ ਕਿ ਇਸ ਧਰਤੀ ਨਾਲ਼ ਅਸੀਂ ਕੀ ਕੀਤਾ ਹੈ? ਕਿੰਨੀ-ਕੁ ਸਾਂਭੀ ਹੈ? ਕੀ ਜੋ ਇਸ ਨਾਲ਼ ਕੀਤਾ ਹੈ, ਉਹੀ ਬਾਕੀ ਧਰਤੀਆਂ ਨਾਲ਼ ਵੀ ਕਰਾਂਗੇ? ਅਜੇ ਤਾਂ ਮੰਗਲ ਗ੍ਰਹਿ 'ਤੇ ਕੋਈ ਸਰਹੱਦਾਂ ਨਹੀਂ ਹਨ, ਕੋਈ ਮੁਲਕ ਨਹੀਂ ਹਨ। ਪਰ ਜਦੋਂ ਇਨਸਾਨ ਓਥੇ ਰਹੇਗਾ, ਕੀ ਉਹ ਓਥੇ ਸਰਹੱਦਾਂ ਨਹੀਂ ਬਣਾਵੇਗਾ? ਕੀ ਓਥੇ ਫ਼ੈਕਟਰੀਆਂ ਨਹੀਂ ਲਾਵੇਗਾ? ਕੀ ਉਹ ਓਥੇ ਆਪਣੇ ਮੁਲਕ ਦੀਆਂ ਸਰਹੱਦਾਂ ਨੂੰ ਧੱਕੇ ਲਾ-ਲਾ ਵੱਡਾ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ? ਕੀ ਬਰਤਾਨੀਆ ਵਰਗੀਆਂ ਸਰਕਾਰਾਂ ਓਥੇ ਨਹੀਂ ਆਉਣਗੀਆਂ? ਕੀ ਉਹ ਫੇਰ ਅੱਡ-ਅੱਡ ਮੁਲਕਾਂ 'ਤੇ ਧੱਕੇਸ਼ਾਹੀ ਤੇ ਤਸੀਹੇ ਕਰ-ਕਰ, ਉਹਨਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕਰਨਗੀਆਂ? ਕੀ ਇੱਕ ਵਾਰੀ ਫੇਰ ਦੇਸ਼ ਪ੍ਰੇਮੀ ਆਪਣੀਆਂ ਜਵਾਨੀਆਂ ਸੂਲ਼ੀਆਂ 'ਤੇ ਟੰਗ, ਫਾਂਸੀ ਦੇ ਰੱਸੇ ਚੁੰਮ-ਚੁੰਮ ਇਤਿਹਾਸ ਨਹੀਂ ਬਣਾਉਣਗੇ?

ਕੁਆਰਨਟੀਨ 'ਚ ਆਪਣੇ ਪਰਵਾਰ ਨਾਲ਼ ਬੈਠ, ਕੱਲ੍ਹ ਹੀ ਪੰਜ ਡਾਲਰ ਖ਼ਰਚ, ਇੰਟਰਨੈੱਟ 'ਤੇ ਇੱਕ ਬੱਚਿਆਂ ਦੀ ਅੰਗਰੇਜ਼ੀ ਫ਼ਿਲਮ 'ਮੋਆਨਾ' ਦੇਖ ਰਹੀ ਸਾਂ। ਇਹ ਫਿਲਮ ਕਿਸੇ ਵੀ ਫ਼੍ਰੀ ਚੈਨਲ 'ਤੇ ਉਪਲੱਬਧ ਨਾ ਹੋਣ ਕਾਰਨ, ਡਾਲਰ ਖ਼ਰਚ ਕੇ ਵੇਖਣੀ ਪਈ। ਉਸ ਫ਼ਿਲਮ ਦੀ ਕਹਾਣੀ ਅੱਜ ਦੇ ਮਾਹੌਲ ਨਾਲ਼ ਢੁਕਵੀਂ ਸੀ। ਇੱਕ ਦੈਂਤ ਧਰਤੀ ਮਾਂ ਦਾ ਦਿਲ ਕੱਢ ਕੇ ਲੈ ਜਾਂਦਾ ਹੈ। ਧਰਤੀ ਮਾਂ ਸ਼ੈਤਾਨ ਬਣ ਜਾਂਦੀ ਹੈ ਤੇ ਧਰਤੀ 'ਤੇ ਕਰੋਪੀ ਕਰਦੀ ਹੈ। ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ ਅਤੇ ਹਰ ਪਾਸੇ ਕਾਰੋਬਾਰ 'ਚ ਨੁਕਸਾਨ ਹੋਣ ਲੱਗ ਜਾਂਦਾ ਹੈ। ਆਖ਼ਰ ਵਿੱਚ ਮੋਆਨਾ, ਜਿਹੜੀ ਕਿ ਇੱਕ ਬਾਰਾਂ-ਕੁ ਸਾਲਾਂ ਦੀ, ਕਿਸੇ ਕਬੀਲੇ ਦੀ ਕੁੜੀ ਹੁੰਦੀ ਹੈ, ਆਪਣੀ ਹਿੰਮਤ ਨਾਲ਼, ਧਰਤੀ ਮਾਂ ਦਾ ਦਿਲ ਵਾਪਸ ਰੱਖ ਆਉਂਦੀ ਹੈ। ਦਿਲ ਦੇ ਵਾਪਸ ਰੱਖਦਿਆਂ ਹੀ ਧਰਤੀ, ਜਿਹੜੀ ਕਿ ਇੱਕ ਸ਼ੈਤਾਨੀ ਰੂਪ ਇਖ਼ਤਿਆਰ ਕਰੀ ਬੈਠੀ ਹੁੰਦੀ ਹੈ, ਮੁੜ ਮਾਂ ਦੇ ਮਮਤਾ ਭਰੇ ਰੂਪ 'ਚ ਆ ਜਾਂਦੀ ਹੈ। ਫ਼ਸਲਾਂ ਠੀਕ ਹੋ ਜਾਂਦੀਆਂ ਹਨ ਤੇ ਜੀਵਨ ਫੇਰ ਆਮ ਵਰਗਾ ਹੋ ਜਾਂਦਾ ਹੈ। ਮੈਨੂੰ ਲੱਗਿਆ ਜਿਵੇਂ ਅਸੀਂ ਵੀ ਆਪਣੀ ਧਰਤੀ ਮਾਂ ਨੂੰ ਸਤਾ-ਸਤਾ ਕੇ ਸ਼ੈਤਾਨ ਬਣਾ ਦਿੱਤਾ ਹੈ। ਆਪਸੀ ਪਿਆਰ ਦਾ ਮੁੱਕਣਾ, ਮੁਆਫ਼ ਨਾ ਕਰਨ ਦੀ ਸ਼ਕਤੀ ਦਾ ਨਾ ਹੋਣਾ, ਕੁਦਰਤ ਦੇ ਪ੍ਰਤੀ ਨਜ਼ਰ ਅੰਦਾਜ਼ ਤੇ ਮਤਲਬੀ ਹੋਣਾ, ਸਿਰਫ਼ ਦੁਨਿਆਵੀ ਚੀਜ਼ਾਂ ਦੀ ਪ੍ਰਾਪਤੀ ਦੀ ਲਾਲਸਾ ਨਾਲ਼ ਹੋ ਰਹੀਆਂ ਵਧੀਕੀਆਂ ਅਤੇ ਹੋਰ ਨਜਾਇਜ਼ ਕਰਤੂਤਾਂ ਤੋਂ ਧਰਤੀ ਮਾਂ ਵੀ ਰੁੱਸ ਗਈ ਜਾਪਦੀ ਹੈ। ਇੰਜ ਲੱਗਦਾ ਹੈ ਜਿਵੇਂ ਇਹ ਧਰਤ ਮਹਤ ਸਾਨੂੰ ਸਾਰਿਆਂ ਨੂੰ ਝਿੜਕ ਕੇ, ਸ਼ਾਂਤੀ ਨਾਲ਼ ਚੁੱਪ ਬੈਠਣ ਦਾ ਸਬਕ ਦੇ ਰਹੀ ਹੋਵੇ।

ਹਾਲੇ ਤੱਕ ਇਨਸਾਨ ਨੂੰ ਆਪਣੀਆਂ ਲੋੜਾਂ ਅਤੇ ਸੰਤੁਸ਼ਟੀ ਵਿੱਚ ਸੰਤੁਲਨ ਕਰਨਾ ਨਹੀਂ ਆਇਆ। ਉਹ ਸਿਰਫ ਆਪਣੇ ਲਈ ਹੀ ਧਨ ਤੇ ਸੁਖ-ਸੁਵਿਧਾਵਾਂ ਇਕੱਠੀਆਂ ਨਹੀਂ ਕਰਨਾ ਚਾਹੁੰਦਾ, ਬਲਕਿ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਸਰਮਾਇਆ ਛੱਡ ਕੇ ਜਾਣਾ ਚਾਹੁੰਦਾ ਹੈ। ਇਸ ਗੱਲ ਦਾ ਉਸਨੂੰ ਪੂਰਾ ਗਿਆਨ ਹੈ ਕਿ ਇਹ ਸਾਰੀਆਂ ਦੁਨਿਆਵੀ ਸ਼ੈਆਂ ਜਿਹੜੀਆਂ ਉਸਨੂੰ ਕਿੰਨੀਆਂ ਵੀ ਚੰਗੀਆਂ ਕਿਉਂ ਨਾ ਲੱਗਦੀਆਂ ਹੋਣ, ਯਾ ਉਹ ਉਸਨੇ ਕਿਤਨੀ ਵੀ ਯਾਤਨਾ ਨਾਲ ਹਾਸਲ ਕਿਉਂ ਨਾ ਕੀਤੀਆਂ ਹੋਣ, ਉਹ ਇਸੇ ਧਰਤੀ 'ਤੇ ਛੱਡ ਜਾਵੇਗਾ। ਫੇਰ ਵੀ ਉਹ, ਹੋਰ ਤੇ ਹੋਰ ਅਮੀਰ ਹੋਣਾ ਚਾਹੁੰਦਾ ਹੈ। ਮੈਂ ਕਹਿੰਦੀ ਹਾਂ ਕਿ ਬਥੇਰੇ ਨੂੰ ਹੀ ਅਮੀਰੀ ਸਮਝਣਾ ਚਾਹੀਦਾ ਹੈ। ਪਰ ਸਾਡੀ ਇਸ ਧਰਤੀ 'ਤੇ ਕੁੱਝ ਗਿਣਤੀ ਦੇ ਅਮੀਰਾਂ ਦੇ, ਹੋਰ ਤੇ ਹੋਰ ਅਮੀਰ ਹੋਣ ਦੀ ਲਾਲਸਾ ਨੇ, ਕੁਦਰਤੀ ਸੰਤੁਲਨ ਖਰਾਬ ਕਰ ਕੇ ਰੱਖ ਦਿੱਤਾ ਹੈ। ਉਦਯੋਗਿਕਤਾ ਨੇ ਧਰਤੀ, ਪਾਣੀ ਤੇ ਅਸਮਾਨ ਨੂੰ ਹੱਦੋਂ ਵੱਧ ਪ੍ਰਦੂਸ਼ਤ ਕਰ ਦਿੱਤਾ ਹੈ। ਜੇਕਰ ਇਨਸਾਨ ਦੇ ਮਨ ਵਿੱਚ ਇਸ ਸਮੱਸਿਆ ਨੂੰ ਠੱਲ ਪਾਉਣ ਦਾ ਵਿੱਚਾਰ ਨਾ ਆਇਆ, ਤਾਂ ਕੁਦਰਤ ਨੇ ਇਹ ਬੀੜਾ ਆਪਣੇ ਸਿਰ ਚੁੱਕ ਲੈਣਾ ਹੈ ਜਿਸਦੇ ਸੰਕੇਤ ਨਜ਼ਰ ਆ ਹੀ ਰਹੇ ਹਨ।

ਜਿੱਥੇ ਕੋਵਿਡ-19 ਨੇ ਬਹੁਤ ਤਬਾਹੀ ਮਚਾਈ ਹੈ, ਓਥੇ ਕੁੱਝ-ਕੁੱਝ ਚੰਗਾ ਵੀ ਹੋ ਰਿਹਾ ਹੈ। ਰੇਲ ਗੱਡੀਆਂ ਤੇ ਕਾਰਾਂ ਮੋਟਰਾਂ ਕੀ, ਇਸ ਅਦਿੱਖ ਸ਼ੱਤਰੂ ਨੇ ਹਵਾਈ ਜਹਾਜ਼ਾਂ ਨੂੰ ਵੀ ਧੂਹ ਕੇ ਜ਼ਮੀਨ 'ਤੇ ਲਿਆ ਖੜ੍ਹਾ ਕੀਤਾ ਹੈ। ਪਟਰੋਲ ਦੀ ਖਪਤ ਘੱਟ ਗਈ ਤੇ ਕੀਮਤਾਂ ਡਿਗ ਪਈਆਂ। ਫ਼ੈਕਟਰੀਆਂ, ਆਵਾਜਾਈ, ਦੁਕਾਨਾਂ, ਕਾਰੋਬਾਰ ਸਭ ਠੱਪ ਹੈ। ਇਸ ਕਰਕੇ ਕੁੱਝ ਹੀ ਦਿਨਾਂ 'ਚ ਗਲੋਬਲ ਅਸਮਾਨ ਜ਼ਹਿਰੀਲੀਆਂ ਗੈਸਾਂ ਤੋਂ ਮੁਕਤ ਹੋ ਕੇ ਨੀਲਾ ਦਿੱਖਣ ਲੱਗ ਪਿਆ ਹੈ। ਮੈਨੂੰ ਇੰਜ ਜਾਪਦਾ ਹੈ ਜਿਵੇਂ ਕਿਸੇ ਮਾਂ ਨੇ ਝਿੜਕ ਕੇ ਬੱਚਿਆਂ ਨੂੰ ਇੱਕ ਪਾਸੇ ਬਿਠਾ ਦਿੱਤਾ ਹੋਵੇ ਤੇ ਆਪ ਸ਼ਾਂਤੀ ਨਾਲ਼ ਸਾਰੇ ਘਰ ਦੀ ਸਫ਼ਾਈ ਵਿੱਚ ਲੱਗ ਗਈ ਹੋਵੇ। ਇਸ ਤਰ੍ਹਾਂ ਦੀ ਗਲੋਬਲ ਚੁੱਪੀ ਤੇ ਸ਼ਾਂਤੀ ਤਾਂ ਗਲੋਬਲ ਮਾਂ ਹੀ ਕਰਵਾ ਸਕਦੀ ਹੈ। ਸ਼ਾਇਦ ਕੁਦਰਤ ਨੇ ਇਸ ਰੂਪ ਵਿੱਚ ਆ ਕੇ ਇਨਸਾਨ ਨੂੰ ਚੁੱਪ ਕਰ ਕੇ ਬੈਠਣ ਦਾ ਸੁਨੇਹਾ ਦਿੱਤਾ ਹੈ । ਮਾਂ ਦੇ ਬੜੇ ਰੂਪ ਹੁੰਦੇ ਹਨ । ਮਮਤਾ ਦੀ ਦੇਵੀ ਜੇ ਗ਼ੁੱਸੇ 'ਚ ਆ ਜਾਵੇ ਤਾਂ ਚੰਡੀ ਦਾ ਰੂਪ ਇਖ਼ਤਿਆਰ ਕਰ ਲੈਂਦੀ ਹੈ । ਪਰ ਅਸੀਂ ਸਭ ਜਾਣਦੇ ਹਾਂ ਕਿ ਮਾਂ ਤਾਂ ਮਾਂ ਹੀ ਹੁੰਦੀ ਹੈ ਤੇ ਉਸ ਦਾ ਗ਼ੁਸਾ ਪਲਾਤਾ ਹੁੰਦਾ ਹੈ।

ਕੁਦਰਤ ਨੇ ਇਨਸਾਨ ਨੂੰ ਭੱਜੋ-ਨੱਸੀ ਵਾਲੀ ਜ਼ਿੰਦਗੀ ਤੋਂ ਮੁਕਤ ਕਰ, ਕੁੱਝ ਦਿਨਾਂ ਲਈ ਚੁੱਪ ਕਰਕੇ ਬੈਠਣ 'ਤੇ ਮਜਬੂਰ ਕਰ ਦਿੱਤਾ ਹੈ। ਸਕੂਲ ਕਾਲਜਾਂ ਦੇ ਬੰਦ ਹੋਣ ਨਾਲ਼ ਬੱਚੇ ਘਰਾਂ ਅੰਦਰ ਬੈਠੇ ਹਨ। ਮੌਕਾ ਮਾੜਾ ਤਾਂ ਹੈ ਪਰ ਇੱਕ ਵਾਰ ਫੇਰ ਆਪਣੇ ਘਰ ਦੀ ਚਾਰ ਦੀਵਾਰੀ 'ਚ ਬੰਦ ਹੋ ਕੇ ਆਪਣੇ ਪਰਵਾਰ ਨਾਲ਼ ਮੁੜ ਜੁੜਨ ਦਾ ਵੀ ਹੈ। ਪੱਛਮੀ ਮੁਲਕਾਂ 'ਚ ਭੱਜ-ਦੌੜ ਦੀ ਜ਼ਿੰਦਗੀ, ਜਿਸ ਵਿੱਚ ਸ਼ਾਂਤੀ ਅਤੇ ਸੁਖ-ਚੈਨ ਗਵਾਚਦਾ ਜਾ ਰਿਹਾ ਹੈ, ਨੂੰ ਮੁੜ ਸੋਚਣ ਦਾ ਮੌਕਾ ਮਿਲਿਆ ਹੈ। ਇਹਨਾਂ ਮੁਲਕਾਂ 'ਚ ਮਾਂ-ਬਾਪ ਕੋਲ ਬੱਚਿਆਂ ਲਈ ਸਮਾਂ ਬੜਾ ਘੱਟ ਹੈ। ਕਈ ਬੱਚੇ ਆਪਣੇ ਮਾਂ-ਬਾਪ ਨਾਲ਼ ਕਈ-ਕਈ ਚਿਰ ਸਮਾਂ ਨਹੀਂ ਬਿਤਾ ਸਕਦੇ। ਹੁਣ ਵੇਲਾ ਹੈ ਇੱਕ ਦੂਜੇ ਨਾਲ਼ ਜੁੜਨ ਦਾ। ਜਿੱਥੇ ਕੁਆਰਨਟੀਨ ਕਰਕੇ ਪਰਿਵਾਰਾਂ ਦੇ ਮਿਲ-ਜੁੱਲ ਕੇ ਬੈਠਣ ਦਾ ਸਬੱਬ ਜੁੜਿਆ ਹੈ, ਓਥੇ ਕਈਆਂ ਨੇ ਉਹਨਾਂ ਕੰਮਾਂ/ਸ਼ੌਕਾਂ ਨੂੰ ਵੀ ਤਰਤੀਬ ਦਿੱਤੀ ਹੈ ਜਿਹੜੇ ਵਕਤ ਦੀ ਕਮੀ ਕਾਰਨ ਅਣਗੌਲੇ ਰਹਿ ਗਏ ਸਨ।

ਦੁਨੀਆ ਬੇਚੈਨ ਹੈ। ਕਮਰਿਆਂ ਵਿੱਚ ਕੁੱਝ ਕੀਤੇ ਬਿਨਾਂ ਬੈਠਣਾ ਨਹੀਂ ਆਉਂਦਾ। ਕਦੀ ਬੈਠੇ ਹੀ ਨਹੀਂ। ਕੋਈ ਬੇਚੈਨੀ, ਕੋਈ ਕਸ਼ਮਕਸ਼ ਹੈ। ਕਿਸੇ ਦੂਸਰੇ ਦਾ ਸਾਥ ਚਾਹੀਦਾ ਹੈ। ਇਹ ਕੁਆਰਨਟੀਨ ਤਾਂ ਬੜੀ ਸੌਖੀ ਲੰਘ ਗਈ ਹੈ। ਸ਼ੁਕਰ ਹੈ ਇਲੈੱਕਟ੍ਰਾਨਿਕ ਯੰਤਰਾਂ ਅਤੇ ਇੰਟਰਨੈੱਟ ਦਾ। ਪਰ ਇਨਸਾਨ ਦੇ ਇਕੱਲੇ ਤੇ ਚੁੱਪ ਬੈਠਣ ਦਾ ਇਮਤਿਹਾਨ ਤਾਂ ਓਦੋਂ ਹੋਵੇਗਾ ਜਦੋਂ ਕਿਤੇ ਉਸ ਕੋਲ ਇਹ ਸਾਰੀਆਂ ਚੀਜ਼ਾਂ ਦੀ ਸਹੂਲਤ ਵੀ ਨਹੀਂ ਹੋਵੇਗੀ। ਉਪਰੋਕਤ ਸੁਖ-ਸੁਵਿਧਾਵਾਂ ਦੇ ਹੁੰਦਿਆਂ-ਸੁੰਦਿਆਂ ਹੋਇਆਂ ਵੀ, ਇਨਸਾਨ ਤੜਫ਼ ਉੱਠਿਆ ਹੈ। ਚਾਰ ਦੀਵਾਰੀ 'ਚ ਬੈਠਣ ਨਹੀਂ ਹੁੰਦਾ ਕਿਉਂਕਿ ਮੂਲ ਰੂਪ ਵਿੱਚ ਹੀ ਉਹ ਬੇਚੈਨ ਤੇ ਪਰੇਸ਼ਾਨ ਹੈ। ਸ਼ਾਇਦ ਕੁਦਰਤ ਦਾ ਇਹ ਇੱਕ ਛੋਟਾ ਜਿਹਾ ਸੁਨੇਹਾ ਯਾ ਤਾੜਨਾ ਹੈ ਕਿ ਇਨਸਾਨ ਆਪਣੀ ਰਫ਼ਤਾਰ ਥੋੜ੍ਹੀ ਘੱਟ ਕਰੇ। ਐਨੀ ਭੱਜੋ-ਨੱਸੀ ਤੋਂ ਬਾਅਦ ਵੀ ਕਿਥੇ ਅੱਪੜਨਾ ਹੈ? ਮੌਤ ਨੂੰ ਹੀ ਤਾਂ ਹੱਥ ਲਾਉਣਾ ਹੈ। ਸਾਡੀ ਸਾਰਿਆਂ ਦਾ ਓਹੀ ਅੰਤ ਹੈ। ਫੇਰ ਅਸੀਂ ਸਾਰੇ ਆਪੋ ਆਪਣੇ ਰਹਿੰਦੇ ਸਫ਼ਰ ਦਾ ਅਨੰਦ ਕਿਉਂ ਨਹੀਂ ਲੈ ਰਹੇ? ਕਿਸ ਰੇਸ ਵਿੱਚ ਦੌੜ ਰਹੇ ਹਾਂ? ਕੁਦਰਤ ਸਾਨੂੰ ਕੁਝ ਚਿਰ ਆਰਾਮ ਨਾਲ਼ ਬੈਠਣ ਲਈ ਕਹਿ ਰਹੀ ਹੈ। ਜਦੋਂ ਇਨਸਾਨ ਆਪਣੇ ਆਪ ਨਾਲ਼ ਬੈਠਣ ਲੱਗ ਜਾਂਦਾ ਹੈ, ਫੇਰ ਜੋ ਬਾਹਰੋਂ ਨਹੀਂ ਲੱਭਿਆ, ਅੰਦਰੋਂ ਹੀ ਲੱਭ ਜਾਂਦਾ ਹੈ। ਦਵੈਤ ਮਿਟ ਜਾਂਦਾ ਹੈ। ਦਵੰਦ ਮਿਟ ਜਾਂਦਾ ਹੈ। ਆਪਣੇ ਅੰਦਰ ਹੀ ਸੰਪੂਰਨਤਾ ਦਾ ਇਹਸਾਸ ਹੋ ਜਾਂਦਾ ਹੈ। ਮੈਂ ਵੀ ਇਹੀ ਸੁਨੇਹਾ ਦੇਣਾ ਚਾਹੁੰਦੀ ਹਾਂ ਕਿ ਇਨਸਾਨ ਕੁੱਝ ਦਿਨਾਂ ਲਈ, ਆਪਣੀ ਮਰਜ਼ੀ ਨਾਲ਼, ਸਾਰੇ ਇਲੈੱਕਟ੍ਰਾਨਿਕ ਯੰਤਰਾਂ ਅਤੇ ਇੰਟਰਨੈੱਟ ਤੋਂ ਮੁਕਤ ਹੋ, ਚੁੱਪ ਕਰਕੇ ਆਪਣੇ ਨਾਲ਼ ਬੈਠੇ ਤੇ ਆਪਣੇ ਅੰਦਰ ਹੀ ਸੰਪੂਰਨਤਾ ਲੱਭਣ ਦੀ ਕੋਸ਼ਿਸ਼ ਕਰੇ। ਮੈਂ ਉਸੇ ਨੂੰ 'ਸੰਪੂਰਨ ਕੁਆਰਨਟੀਨ' ਕਹਾਂਗੀ!

## ਸੰਘੀ-ਭਾਜਪਾ ਏਜੰਡਾ

# ਸਮਾਜ ਨੂੰ ਗਿਆਨ ਤੋਂ ਵਾਂਝੇ ਕਰਨਾ

-ਨਰਭਿੰਦਰ



ਭਾਜਪਾ ਸਰਕਾਰ ਵਲੋਂ ਵਿਦਿਅਕ ਖੇਤਰ ਵਿਚ ਕੋਰੋਨਾ ਮਹਾਂਮਾਰੀ ਦੇ ਪਰਦੇ ਹੇਠ ਵਿਦਿਆਰਥੀਆਂ ਦੇ ਸਲੇਬਸਾਂ ਵਿਚ ਕੱਟ ਲਾ ਕੇ ਜਿਥੇ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਨਾਲ ਖਿਲਵਾੜ ਕੀਤਾ ਗਿਆ ਹੈ, ਉਥੇ ਕੁਝ ਅਜਿਹੇ ਕਦਮ ਵੀ ਪੁੱਟੇ ਜਾ ਰਹੇ ਹਨ ਜਿਹੜੇ ਸਮੁੱਚੇ ਸਰਕਾਰੀ ਵਿਦਿਅਕ ਪ੍ਰਬੰਧ ਨੂੰ ਤਬਾਹੀ ਵਲ ਲਿਜਾਣ ਵਾਲੇ ਹਨ। ਇਨ੍ਹਾਂ ਦੇ ਲਾਗੂ ਹੋਣ ਪਿਛੋਂ ਵਿਦਿਆ ਦੇ ਖੇਤਰ ਵਿਚ ਨਾ ਸਿਰਫ਼ ਸਮਾਜਿਕ ਖੇਤਰ ਦੀ ਕਤਾਰਬੰਦੀ ਭਾਵ ਸਮਾਜਿਕ ਪਾੜਾ ਹੋਰ ਵਧੇਗਾ ਅਤੇ ਆਬਾਦੀ ਦਾ ਇਕ ਵੱਡਾ ਹਿੱਸਾ ਵਿਦਿਆ ਤੋਂ ਬਹੁਤ ਦੂਰਹੁੰਦਾ ਚਲਾ ਜਾਵੇਗਾ ਸਗੋਂ ਜਿਹੜੀ ਵਿਦਿਆ ਦਿੱਤੀ ਵੀ ਜਾਵੇਗੀ। ਉਹ ਗਿਆਨ ਵਿਹੂਣੀ ਹੋਵੇਗੀ। ਭਾਵ ਸਮਾਜ ਦੇ ਨਿਰਮਾਣ ਵਾਲੀ ਵਿਦਿਆ ਨਹੀਂ ਹੋਵੇਗੀ। ਇਕ ਮਸ਼ੀਨੀ ਮਨੁੱਖੀ (ਭਾਵ ਮੰਡੀ ਲਈ ਸਕਿਲਤ ਲੇਬਰ) ਤਿਆਰ ਕਰਨ ਵਾਲੀ ਹੋ ਕੇ ਰਹਿ ਜਾਵੇਗੀ। ਕਾਰਪੋਰੇਟੀ ਪੂੰਜੀ ਤੇ ਭਾਜਪਾ ਜਾਂ ਆਰ. ਐਸ. ਐਸ. ਦੀ ਇਹ ਸਾਂਝੀ ਲੋੜ 'ਚੋਂ ਨਿਕਲੇ ਕਦਮ ਹਨ।

ਵੈਸੇ ਜਦੋਂ ਬਜਟ ਪੇਸ਼ ਕੀਤਾ ਜਾ ਰਿਹਾ ਸੀ ਤਾਂ ਵਿੱਤ ਮੰਤਰੀ ਨੇ ਇਹ ਸਪਸ਼ਟ ਸੰਕੇਤ ਦਿੱਤਾ ਸੀ ਕਿ ਵਿਦਿਆ ਦੇ ਖੇਤਰ ਵਿਚ ਵਿਦੇਸ਼ੀ ਨਿਵੇਸ਼ ਨੂੰ ਸੱਦਾ ਦਿੱਤਾ ਜਾਵੇਗਾ। ਜੂਨ 2020 ਵਿਚ ਕੋਰੋਨਾ ਸਮੇਂ ਦੌਰਾਨ ਹੀ ਜਦੋਂ ਦੇਸ਼ ਦੇ ਸਾਰੇ ਸਕੂਲ ਬੰਦ ਸਨ ਅਤੇ ਤਾਂ ਵਿਸ਼ਵ ਬੈਂਕ ਨੇ 3700 ਕਰੋੜ ਰੁਪਏ ਭਾਰਤ ਵਿਚ ਵਿਦਿਆ ਦੇ ਇਕ ਪ੍ਰੋਗਰਾਮ ਜਿਹਨੂੰ ਸਟਾਰ ਦਾ ਨਾਂ ਦਿੱਤਾ ਗਿਆ, ਲਈ ਦਿੱਤੇ ਗਏ। ਇਹ Strengthening Teaching and Result for States ਭਾਵ ਰਾਜਾਂ ਵਿਚ ਅਧਿਆਪਨ ਅਤੇ ਨਤੀਜਿਆਂ ਨੂੰ ਮਜਬੂਤ ਕਰਨ ਦਾ ਪ੍ਰੋਗਰਾਮ। ਇਹ ਇਕ ਭੁਲੇਖਾ ਪਾਊ ਨਾਮ ਹੈ। ਇਸ ਪ੍ਰੋਗਰਾਮ ਤਹਿਤ ਛੇ ਰਾਜਾਂ ਵਿਚ ਜ਼ਿਲ੍ਹਾ ਪ੍ਰਾਇਮਰੀ ਐਜੂਕੇਸ਼ਨ ਪ੍ਰੋਗਰਾਮ ਨੂੰ ਮਜਬੂਤ ਕਰਨ ਦੇ ਨਾਂ ਹੇਠ ਸਮੁੱਚੀ ਸਰਕਾਰੀ ਵਿਦਿਆ ਨੂੰ ਪ੍ਰਾਈਵੇਟ ਤੇ ਨਿੱਜੀ ਹੱਥਾਂ ਵਿਚ ਦੇਣ ਵੱਲ ਚੁੱਕੇ ਜਾ ਰਹੇ ਇਹ ਕਦਮ ਹਨ। ਇਹ ਛੇ ਰਾਜ ਹਨ-ਹਿਮਾਚਲ ਪ੍ਰਦੇਸ਼, ਕੇਰਲਾ, ਮੱਧ ਪ੍ਰਦੇਸ਼, ਮਹਾਂਰਾਸ਼ਟਰਾ, ਉੜੀਸਾ ਅਤੇ ਰਾਜਸਥਾਨ। ਵਿਸ਼ਵ ਬੈਂਕ ਨੇ ਜਿਸ 500 ਮਿਲੀਅਨ 3700 ਕਰੋੜ ਰੁਪਏ ਦੇ ਕਰਜ਼ੇ ਦਾ ਐਲਾਨ ਕੀਤਾ ਹੈ ਉਸ ਦਸਤਾਵੇਜ਼ ਵਿਚ ਹੀ ਜ਼ਿਕਰ ਹੈ ਕਿ ਇਹ ਲੇਬਰ ਦੀ ਗੁਣਵੱਤਤਾ ਸਮਰੱਥਾ ਦੇ ਵਿਕਾਸ ਹਿੱਤ ਹੋਵੇਗਾ। ਵਿਸ਼ਵ ਬੈਂਕ ਜਦੋਂ ਵੀ ਕਰਜ਼ਾ ਦਿੰਦਾ ਰਿਹਾ ਹੈ ਉਸ ਦਸਤਾਵੇਜ਼ ਵਿਚ ਹੀ ਜ਼ਿਕਰ ਹੈ ਕਿ ਇਹ ਲੇਬਰ ਦੀ ਗੁਣਵੰਤਤਾ ਸਮਰੱਥਾ ਦੇ ਵਿਕਾਸ ਹਿੱਤ ਹੋਵੇਗਾ। ਵਿਸ਼ਵ ਬੈਂਕ ਜਦੋਂ ਵੀ ਕਰਜ਼ਾ ਦਿੰਦਾ ਰਿਹਾ ਹੈ ਉਹ ਕੁਝ ਸ਼ਰਤਾਂ ਹੇਠ ਹੀ ਦਿੰਦਾ ਹੈ। 1991 ਤੋਂ ਪਿਛੋਂ ਵਿਸ਼ਵ ਬੈਂਕਅਤੇ ਵਿਸ਼ਵ ਵਪਾਰ ਸੰਗਠਨ ਨੇ ਭਾਰਤ ਨੂੰ ਆਪਣੀਆਂ ਸ਼ਰਤਾਂ ਦੀ ਗ੍ਰਿਫ਼ਤ 'ਚ ਲਿਆਉਣ ਲਈ ਹਰ ਕਦਮ 'ਤੇ ਹਰ ਹਰਬਾ ਵਰਤਿਆ। 1991 ਤੋਂ ਲੈ ਕੇ 2020 ਤੱਕ ਵਿਦਿਆ ਦਾ ਵਿਸ਼ੇਸ਼ ਕਰਕੇ ਸਰਕਾਰੀ ਵਿਦਿਆ ਵਿਚ ਜਿਹੜੀ ਚਾਰੇ ਪਾਸਿਓਂ ਗਿਰਾਵਟ ਆਈ ਉਸ ਦੀ ਤਰਾਸਦੀ ਹੀ ਸਮਾਜ ਅੱਜ ਭੁਗਤ ਰਿਹਾ ਹੈ। ਵੈਸੇ ਇੰਟਰਨੈਸ਼ਨਲ ਬੈਂਕ ਫਾਰ ਕੰਨਸਟਰਕਸ਼ਨ ਐਂਡ ਡਿਵੈਲਪਮੈਂਟ (ਆਈ.ਬੀ.ਆਰ.ਡੀ.) ਵਲੋਂ ਇਕ ਵਿਸ਼ੇਸ਼ ਕਰਜ਼ਾ ਜੋ 14-1/2 ਸਾਲਾਂ ਪਿਛੋਂ ਵਾਪਸ ਕੀਤਾ ਜਾਣਾ ਵੀ ਲਿਆਜਾ ਰਿਹਾ ਹੈ ਪਰ ਇਨ੍ਹਾਂ ਸਾਰੇ ਕਰਜ਼ਿਆਂ ਨਾਲ ਮੁਢਲੀ ਵਿਦਿਆ ਨੂੰ ਮਜ਼ਬੂਤ ਕਰਨ ਦੀ ਸਰਕਾਰੀ ਕੋਈ ਪਲਾਨਿੰਗ ਨਹੀਂ ਹੈ।

ਵਿਸ਼ਵ ਬੈਂਕ ਮੁਕਤ ਭਾਵ ਖੁੱਲ੍ਹੇ ਬਾਜ਼ਾਰ ਦਾ ਮੁਦੱਈ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਛੇ ਰਾਜਾਂ ਵਿਚ ਨਿੱਜੀ ਤੇ ਕਾਰਪੋਰੇਟੀ ਪੂੰਜੀ ਦੇਮਾਡਲ ਵਾਲੀ ਸਕੂਲੀ ਵਿਦਿਆ ਦੇ ਵਿਸਥਾਰ ਨੂੰ ਹੀ ਪਹਿਲ ਦੇਣੀ ਹੈ। ਸਰਕਾਰੀ ਸਕੂਲਾਂ ਲਈ ਤਾਂ ਉਸ ਪਾਸ ਯੋਜਨਾ ਹੀ ਨਹੀਂ ਜਿਹਦਾ ਭਾਵ ਹੈ ਕਿ ਇਨ੍ਹਾਂ ਰਾਜਾਂ ਵਿਚ ਇਕ ਵਿਸ਼ੇਸ਼ ਉਚ ਵਰਗ ਦੇ ਬੱਚਿਆਂ ਲਈ ਉਚ ਕਵਾਲਟੀ ਦੇ ਸਕੂਲਾਂ ਭਾਵ ਮਹਿੰਗੇ ਸਕੂਲਾਂ ਦਾ ਵਿਸਥਾਰ ਕਰਨਾ। ਇਹ ਕਰਜ਼ਾ ਉਨ੍ਹਾਂ ਅਦਾਰਿਆਂ ਲਈ ਹੀ ਹੈ ਜਿਹਦਾ ਭੁਗਤਾਨ ਕੇਂਦਰੀ ਸਰਕਾਰ ਵਲੋਂ ਲੋਕਾਂ ਕੋਲੋਂ ਉਗਰਾਹੇ ਟੈਕਸਾਂ ਰਾਹੀਂ ਇਕੱਠੀ ਪੂੰਜੀ ਵਿਚੋਂ ਕੀਤਾ ਜਾਵੇਗਾ। ਇਹ ਪਹਿਲੀ ਵੇਰ ਨਹੀਂ, 1991 ਤੋਂ ਪਿਛੋਂ ਵਿਸ਼ਵ ਬੈਂਕ ਨੇ ਪਹਿਲਾਂ ਉਚ ਵਿਦਿਆ ਵਿਸ਼ੇਸ਼ ਕਰਕੇ ਨਿੱਜੀ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਇੰਜੀਨੀਅਰਿੰਗ ਕਾਲਜਾਂ ਲਈ ਵੱਡੀ ਪੱਧਰ ਉਤੇ ਕਰਜ਼ ਮੁਹੱਈਆ ਕਰਵਾਏ ਅਤੇ ਸਰਕਾਰਾਂ ਉਤੇ ਉਨ੍ਹਾਂ ਲਈ ਸਾਰੇ ਰਾਹ ਖੋਲ੍ਹਣ ਭਾਵ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਲਈ ਦਬਾਅ ਪਾਇਆ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਪਿਛਲੇਰੇ ਸਾਲਾਂ ਵਿਚ ਯੂ.ਜੀ.ਸੀ. ਵਰਗੇ ਅਦਾਰੇ ਦੀ ਸਫ ਵਲੇਟਨ ਦੀ ਹੀ ਨੌਬਤ ਆ ਗਈ। ਹੁਣ ਵੀ ਨਵੀਂ ਸਿੱਖਿਆ ਨੀਤੀ ਤੋਂ ਪਿਛੋਂ ਯੂ.ਜੀ.ਸੀ. ਇਕ ਮਹਿਜ ਫੋਕੇ ਅਦਾਰੇ ਵਜੋਂ ਹੀ ਕੰਮ ਕਰੇਗਾ। ਉਹਦੇ ਕੋਲ ਸਿਵਾਏ ਫੰਡ ਮੁਹੱਈਆ ਕਰਵਾਉਣ ਲਈ ਕੁਝ ਨਹੀਂ ਬਚੇਗਾ। ਭਾਰਤ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਜਿਥੋਂ ਹਰ ਪੱਧਰ 'ਤੇ ਹਰ ਵਿਸ਼ੇ ਦੇ ਮਾਹਿਰਾਂ ਦੇ ਪਰ ਨਿਕਲਦੇ ਸਨ ਤੇ ਹਨ ਜਿਨ੍ਹਾਂ 'ਚ ਇੰਜੀਨੀਅਰਿੰਗ ਖੇਤਰ ਵੀ ਆਉਂਦਾ ਹੈ, ਮਿਸਾਲ ਲਈ ਆਈ.ਆਈ. ਟੀ. ਪੱਧਰ ਦੇ ਅਦਾਰੇ ਆਦਿ ਨੂੰ ਵੀ ਤਬਾਹ ਕਰਨ ਦੀਆਂ ਸਾਜ਼ਿਸ਼ਾਂ ਚਲ ਰਹੀਆਂ ਹਨ। ਭਾਜਪਾ ਹਕੂਮਤ ਤਾਂ ਹਰ ਪੱਧਰ ਉਤੇ ਉਹ ਉਚ ਵਿਦਿਆ ਹੋਵੇ ਜਾਂ ਪ੍ਰਾਇਮਰੀ ਵਿਦਿਆ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਖੁੱਲ੍ਹਾ ਨਿਉਤਾ ਦੇ ਰਹੀ ਹੈ ਅਤੇ ਉਨ੍ਹਾਂ ਲਈ ਰਾਹ ਸਾਫ਼ ਕਰ ਰਹੀ ਹੈ।

ਵਿਦੇਸ਼ੀ ਪੂੰਜੀ ਅਤੇ ਕਰਜ਼ ਦੀ ਪੂੰਜੀ ਨਾਲ ਚਲਣ ਵਾਲੀ ਅਜਿਹੀ ਵਿਦਿਆ ਲਾਜ਼ਮੀ ਹੈ ਕਿ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੁੰਦੀ ਜਾਵੇਗੀ। ਪਹਿਲਾਂ ਹੀ ਪੇਂਡੂ ਖੇਤਰਾਂ ਦਲਿਤਾਂ ਆਦਿਵਾਸੀਆਂ, ਹਾਸ਼ੀਏ ਤੋਂ ਪਾਰ ਲੋਕਾਂ ਦੀ 90 ਫੀ ਸਦੀ ਅਬਾਦੀ ਹੋਰ ਵੀ ਘੱਟ ਜਾਵੇਗੀ। ਬਹੁਤ ਹੀ ਸਾਧਨ ਸੰਪਨ ਪਰਿਵਾਰ ਹੀ ਵਿਦਿਆ ਮੁਹੱਈਆ ਕਰਵਾ ਸਕਣਗੇ। ਹੁਣ ਵਿਸ਼ਵ ਬੈਂਕ ਦੇ ਸਟਾਰ (ਸਿੱਖਿਆ 'ਚ ਸੁਧਾਰ) ਦੇ ਨਾਂ ਹੇਠ ਛੇ ਰਾਜਾਂ ਦੇ 6 ਤੋਂ 17 ਸਾਲ ਦੇ 250 ਮਿਲੀਅਨ ਵਿਦਿਆਰਥੀ, 1.5 ਮਿਲੀਅਨ ਸਕੂਲ ਅਤੇ 10 ਮਿਲੀਅਨ ਅਧਿਆਪਕ ਪ੍ਰਭਾਵਿਤ ਹੋਣਗੇ। ਵੈਸੇ ਦੇਸ਼ ਭਰ ਦੀ ਵਿਦਿਆ ਦੇ ਖੇਤਰ ਵਿਚ ਵਿਸ਼ਵ ਬੈਂਕ ਆਉਣ ਵਾਲੇ ਸਾਲਾਂ ਵਿਚ ਤਿੰਨ ਬਿਲੀਅਨ ਡਾਲਰ ਖਰਚ ਕਰਨ ਦੀ ਯੋਜਨਾ ਰੱਖਦੀ ਹੈ। ਜਿਹੜਾ 660 ਮਿਲੀਅਨ (3700 ਕਰੋੜ) ਹੁਣ ਨਿਵੇਸ਼ ਕਰ ਰਹੀ ਹੈ, ਉਹ ਹੋਣ ਵਾਲੇ ਕੁੱਲ ਖਰਚ ਦਾ ਮਹਿਜ 15 ਫੀਸਦੀ ਹੀ ਹੋਵੇਗਾ। ਭਾਵ 85 ਫੀਸਦੀ ਭਾਰਤ ਸਰਕਾਰ ਖਰਚੇਗੀ। 15 ਫੀ ਸਦੀ ਵਿਸ਼ਵ ਬੈਂਕ ਖਰਚੇਗੀ ਅਤੇ ਸਾਰੇ ਦਿਸ਼ਾ-ਨਿਰਦੇਸ਼ ਵਿਸ਼ਵ ਬੈਂਕ ਦੇਵੇਗੀ। ਭਾਵ ਕਾਰਪੋਰੇਟੀ ਪੂੰਜੀ ਦੇ ਤਹਿ ਕਰੇਗੀ ਕਿ ਕਿਹੋ ਜਿਹੀ ਕਿਵੇਂ ਭਾਵ ਕਿਸ ਤਰਜ਼ ਦੀ ਵਿਦਿਆ ਬੱਚਿਆਂ ਨੂੰ ਦਿੱਤੀ ਜਾਵੇਗੀ। ਸਾਡੇ ਵਿਦਿਅਕ ਮਾਹਿਰਾਂ ਜਿਨ੍ਹਾਂ ਨੇ ਭਾਰਤੀ ਸਮਾਜ ਦੀਆਂ ਲੋੜਾਂ ਅਨੁਸਾਰ ਬੱਚੇ ਲਈ ਵਿਦਿਆ ਦੇਣ ਤੋਂ ਲੈ ਕੇ ਉਨ੍ਹਾਂ ਦੀਆਂ ਸਮਾਜਿਕ ਆਰਥਿਕ ਹਾਲਤਾਂ ਮੁਤਾਬਕ ਵਿਦਿਅਕ ਢਾਂਚਾ ਉਸਾਰਨ ਦਾ ਨਕਸ਼ਾ ਬਣਾਉਣਾ ਸੀ ਅਤੇ ਸਮਰਥ ਵੀ ਸਨ, ਨੂੰ ਲਾਂਭੇ ਕਰ ਦਿੱਤਾ ਜਾਵੇਗਾ। ਜੇ ਦੇਖਿਆ ਜਾਵੇ ਤਾਂ ਵਿਸ਼ਵ ਬੈਂਕ ਵਲੋਂ ਦਿੱਤੀ ਜਾਣ ਵਾਲੀ ਇਹ ਰਾਸ਼ੀ, ਵਿਦਿਆ ਉਤੇ ਖਰਚ ਹੋ ਰਹੀ ਕੁੱਲ ਰਾਸ਼ੀ ਦਾ ਇਕ ਫੀਸਦੀ ਹੀ ਹੋਵੇਗੀ। ਕਾਰਪੋਰੇਟ ਪੂੰਜੀ ਦੇ ਸ਼ਾਹੂਕਾਰ ਇਕ ਫੀਸਦੀ ਰਾਸ਼ੀ ਲਾ ਕੇ ਵਿਦਿਆ ਦੇ ਖੇਤਰ ਨੂੰ ਕੰਟਰੋਲ ਕਰ ਲੈਣਗੇ।

ਇਹ ਉਹਦੇਸ਼ ਤੇ ਉਸ ਦੇ ਹਾਕਮ ਕਰਨ ਜਾ ਰਹੇ ਹਨ, ਜਿਹੜੇ ਆਤਮ ਨਿਰਭਰ ਹੋਣ ਦੀਆਂ ਟਾਹਰਾਂ ਮਾਰਦੇ ਹਨ। ਦੇਸ਼ ਦੇ ਕੁਦਰਤੀ ਸਰੋਤਾਂ ਇਥੋਂ ਤੱਕ ਖਣਿਜਾਂ ਤੋਂ ਲੈ ਕੇ ਕੋਲਾ, ਇਸਪਾਤ ਤੱਕ ਦੇ ਸਰੋਤਾਂ ਨੂੰ ਵਿਦੇਸ਼ੀਆਂ ਦੇ ਹੱਥੀਂ ਸੌਂਪਣ ਵਾਲੇ, ਰੇਲਾਂ, ਬਿਜਲੀ ਤੇ ਹੋਰ ਸਾਰੇ ਸਰਕਾਰੀ ਅਦਾਰੇ, ਪੈਟਰੋਲ ਤੇ ਡੀਜ਼ਲ ਤੱਕ ਦੇ ਅਦਾਰਿਆਂ ਨੂੰ ਬੈਂਕਾਂ ਨੂੰ ਖੇਤੀ ਅਤੇ ਸਨਅਤ ਦੇ ਹਰ ਖੇਤਰ ਨੂੰ ਵਿਦੇਸ਼ੀਆਂ ਅਤੇ ਕਾਰਪੋਰੇਟ ਪੂੰਜੀ ਦੇ ਹਵਾਲੇ ਕਰਨ ਦੀ ਹੌੜ ਵਿਚ ਲੱਗੇ ਇਹ ਹਾਕਮ ਵਿਦਿਆ ਦੇ ਖੇਤਰ ਨੂੰ ਵੀ ਕਾਰਪੋਰੇਟ ਪੂੰਜੀ ਦੇ ਹਵਾਲੇ ਕਰ ਰਹੇ ਹਨ। ਵਿਦਿਆ ਦੇ ਨਾਂ 'ਤੇ ਲੱਖਾਂ ਕਰੋੜਾਂ ਰੁਪਏ ਭਾਰਤੀ ਲੋਕਾਂ ਕੋਲੋਂ ਇਕੱਠਾ ਕਰਨ ਵਾਲੀ ਹਕੂਮਤ ਇਸ ਸਾਰੀ ਲੋਕਾਂ ਦੀ ਪੂੰਜੀ ਨੂੰ ਕਾਰਪੋਰੇਟਾਂ ਦੇ ਹਵਾਲੇ ਕਰ ਰਹੀ ਹੈ।

ਇਹ ਤਸਵੀਰ ਦਾ ਇਕ ਪਾਸਾ ਹੈ। ਦੂਸਰਾ ਪਾਸਾ ਵਿਦਿਆ ਦੇ ਸਿਲੇਬਸਾਂ ਦੀ ਸੁਧਾਈ ਵਿਚੋਂ ਵੇਖਿਆ ਜਾ ਸਕਦਾ ਹੈ ਜਿਸ ਵਿਚ ਉਹ ਸਕਿਲਡ ਭਾਵ ਲੇਬਰ ਮਾਰਕੀਟ ਦੀਆਂ ਲੋੜਾਂ ਮੁਤਾਬਕ, ਲੇਬਰ ਦੀ ਗੁਣਵੰਤਤਾ ਤੇ ਸਮਰੱਥਾ ਦੇ ਵਿਕਾਸ ਦੇ ਨਾਂ ਹੇਠ ਉਨ੍ਹਾਂਨੂੰ ਉਸ ਸਾਰੀ ਵਿਦਿਅਕ ਸਮੱਗਰੀ ਤੋਂ ਹੀ ਵਾਂਝੇ ਕਰ ਰਹੇ ਹਨ ਜਿਹੜੀ ਇਕ ਚੰਗੇਰੇ ਸਮਾਜ ਦੇ ਨਿਰਮਾਣ ਲਈ ਜ਼ਰੂਰੀ ਹੁੰਦੀ ਹੈ। ਪੂੰਜੀ ਲਈ ਮੁਨਾਫ਼ਾ ਧਰਮ ਹੈ ਸਮਾਜ ਨਿਰਮਾਣ ਦਾ ਕਾਰਜ ਤਾਂ ਉਹਦਾ ਏਜੰਡਾ ਹੈ ਹੀ ਨਹੀਂ। ਸੋ ਉਹ ਵਿਦਿਆ ਹੀ ਅਜਿਹੀ ਦੇਣ ਵੱਲ ਵੱਧ ਰਹੇ ਜਿਹੜੀ ਗਿਆਨ ਵਿਹੂਣੀ ਹੋਵੇਗੀ। ਸਮਾਜਿਕ ਚੇਤਨਾ ਵਿਹੂਣੀ ਹੋਵੇਗੀ। ਇਸ ਦਾ ਵਿਸਥਾਰ ਅਲੱਗ ਕਦੇ ਕਰਾਂਗੇ। ਪਰ ਇਸੇ ਦੀ ਇਕ ਸ਼ਕਲ ਆ ਰਹੀ ਹੈ ਉਹ ਹੈ ਆਨਲਾਈਨ ਵਿਦਿਆ।

ਦੁਨੀਆਂ ਭਰ ਵਿਚ ਆਨਲਾਈਨ ਵਿਦਿਆ ਦਾ ਪ੍ਰਚਲਣ ਬਹੁਤ ਤੇਜ਼ੀ ਨਾਲ ਵਧਿਆ ਹੈ। ਕੋਰੋਨਾ ਮਹਾਂਮਾਰੀ ਦੌਰਾਨ ਇਸ ਨੂੰ ਹੋਰ ਹੁਲਾਰਾ ਮਿਲਿਆਹੈ। ਸ਼ਬਦ ਆਨਲਾਈਨ ਵਿਦਿਆ ਸੋਹਣਾ ਲਗਦਾ ਹੈ ਭਾਵ ਘਰ ਬੈਠੇ ਵਿਦਿਆ ਹਾਸਲ ਕਰੋ ਤੇ ਡਿਗਰੀ ਹਾਸਲ ਕਰ ਲਵੋ। ਇਹਨੂੰ ਵਿਸ਼ਵ ਕਾਰਪੋਰੇਟ ਪੂੰਜੀ ਕਿਵੇਂ ਵੇਖਦੀ ਹੈ। ਉਨ੍ਹਾਂ ਦਾ ਅਨੁਮਾਨ ਹੈ ਕਿ 2016 ਵਿਚ ਆਨਲਾਈਨ ਵਿਦਿਆ ਦੀ ਮੰਡੀ 247 ਮਿਲੀਅਨ ਡਾਲਰ ਦੀ ਸੀ ਜਿਹੜੀ 2021 ਵਿਚ ਵੱਧ ਕੇ 52 ਫੀਸਦੀ ਹੋਣ ਵਾਲੀ ਹੈ। 2016 'ਚ ਇਸ ਦੇ ਘੇਰੇ ਵਿਚ 1.6 ਮਿਲੀਅਨ ਸਿੱਖਿਆਰਥੀ (ਵਿਦਿਆਰਥੀ) ਸਨ ਜਿਹੜੇ 2021 ਵਿਚ ਵੱਧਦੇ 9.6 ਮਿਲੀਅਨ ਹੋ ਜਾਣਗੇ। ਭਾਵ 175 ਫੀਸਦੀ ਨਾਲ ਵਧੇਗੀ। ਇਸ ਦੀ ਉਪਭੋਗਤਾ ਮੰਡੀ ਦਾ ਵਿਸਥਾਰ 15 ਤੋਂ 40 ਸਾਲ ਦੇ ਦਰਮਿਆਨ ਜੋ ਸਿੱਖਿਆਰਥੀ ਹਨ ਉਹ ਆਬਾਦੀ ਦਾ 48 ਫੀਸਦੀ ਹਿੱਸਾ ਬਣਦੇ ਹਨ। ਭਾਵ ਅਬਾਦੀ ਦੇ 48 ਫੀਸਦੀ 15 ਤੋਂ 40 ਸਾਲ ਦਾ ਵਰਗ ਉਪਭੋਗਤਾ ਤੋਂ ਖ਼੍ਰੀਦਦਾਰ ਹੈ ਜਿਸ ਨੂੰ ਕਾਰਪੋਰੇਟੀ ਸੰਬੋਧਤ ਹੋ ਰਹੇ ਹਨ। ਇਹ 48 ਫੀ ਸਦੀ ਦੀ ਮੰਡੀ ਕੰਪਿਊਟਰ ਇੰਟਰਨੈਟ ਤੇ ਹੋਰ ਆਲ ਜੰਗਾਲ ਭਾਵ ਮੋਬਾਇਲ 'ਤੇ ਇਸ ਨਾਲ ਜੁੜਿਆ ਆਲ ਜੰਜਾਲ (ਐਪਸ ਆਦਿ) ਨੂੰ ਗ੍ਰਿਫ਼ਤ 'ਚ ਲੈਣ ਦੀ ਯੋਜਨਾ ਹੈ। ਇਥੇ ਮਹਿਣੇ ਹੀ ਬਦਲ ਗਏ ਹਨ ਵਿਦਿਆਰਥੀ ਦੀ ਥਾਂ ਸਿੱਖਿਆਰਥੀ ਹੋ ਗਿਆ ਹੈ।

ਹੁਣ ਸਵਾਲ ਇਹ ਹੈ ਕਿ ਆਨਲਾਈਨ ਵਿਦਿਆ ਦੇ ਘੇਰੇ ਵਿਚ ਭਾਰਤੀ ਬੱਚੇ ਕਿੰਨੇ ਕੁ ਆ ਸਕਦੇ ਹਨ। 15 ਮਰਚ 20 ਤੱਕ ਮਹਿਜ਼ ਤਿੰਨ ਫੀਸਦੀ ਹੀ ਪੜ੍ਹ ਰਹੇ ਸਨ। ਵੱਡੀ ਗਿਣਤੀ ਭਾਰਤੀ ਬੱਚਿਆਂ ਦੇ ਪਰਿਵਾਰ ਕੰਪਿਊਟਰ, ਇੰਟਰਨੈਟ, ਮੋਬਾਇਲ ਅਤੇ ਹੋਰ ਸਹੂਲਤਾਂ ਤੋਂ ਵਾਂਝੇ ਹਨ। ਜਦੋਂ ਪ੍ਰਧਾਨ ਮੰਤਰੀ ਇਹ ਕਹਿੰਦੇ ਹਨ ਕਿ ਕੌਮ ਦੀ ਕਾਇਆ ਕਲਪ ਹੋਣ ਜਾ ਰਹੀ ਹੈ ਤਾਂ ਉਹ ਕਿਹੜੀ ਕੌਮ ਹੈ। ਸਮਾਜ ਦਾ ਇਕ ਵਰਗ ਜਿਹੜਾ ਉਪਰੋਕਤ ਉਪਕਰਮਾਂ ਤੋਂ ਜਿਹੜੇ ਆਨਲਾਈਨ ਪੜ੍ਹਾਈ ਤੋਂ ਵਾਂਝਾ ਹੈ-ਦਲਿਤ ਆਦਿਵਾਸੀ ਹਾਸ਼ੀਏ ਤੋਂ ਪਾਰ ਦੇ ਲੋਕਾਂ, ਘੁਮੰਤੂ ਕਬੀਲੇ, ਗਰੀਬ ਕਿਸਾਨ ਤੇ ਹੋਰ ਬਹੁਤ ਸਾਰੇ ਵਰਗ ਜਿਹੜੇ 60 ਤੋਂ 80 ਫੀਸਦੀ ਬਣਦੇ ਹਨ ਉਹ ਇਕ ਛਟਕੇ ਨਾਲ ਹੀ ਇਸ ਵਿਦਿਆ ਤੋਂ ਬਾਹਰ ਹੋ ਜਾਣਗੇ। ਹੁਣ ਹੀ ਕਈ ਖ਼ਬਰਾਂ ਆ ਰਹੀਆਂ ਹਨ ਜਿਥੇ ਪਰਿਵਾਰ ਗਰੀਬੀ ਜਾਂ ਆਰਥਿਕ ਕਮਜ਼ੋਰੀ ਵਾਲੀ ਹਾਲਤ ਵਿਚ ਆਪਣੇ ਬੱਚਿਆਂ ਨੂੰ ਆਧੁਨਿਕ ਮੋਬਾਇਲ ਜੋ ਸਕੂਲ ਦੇ ਕੰਮ ਲਈ ਚਾਹੀਦਾ ਸੀ ਨਹੀਂ ਲੈ ਕੇ ਦੇ ਸਕੇ ਤਾਂ ਬੱਚਿਆਂ ਨੇ ਵਿਸ਼ੇਸ਼ ਕਰਕੇ ਕੁੜੀਆਂ ਨੇ ਖੁਦਕੁਸ਼ੀ ਕਰ ਲਈ। ਇਹ ਉਹ ਦਰਦਨਾਕ ਤਸਵੀਰ ਹੈ ਜਿਹੜੀ ਸਿਰਜੀ ਜਾ ਰਹੀ ਨਵੀਂ ਕੌਮ (ਪੀੜ੍ਹੀ) ਨੂੰ ਹੰਢਾਉਣੀ ਪੈ ਰਹੀ ਹੈ। ਕਿਸਾਨਾਂ ਤੇ ਕਮਜ਼ੋਰ ਵਰਗਾਂ ਦੇ ਘਰਾਂ ਵਿਚ ਮੋਬਾਇਲ ਲੈ ਕੇ ਪੜ੍ਹਨ ਵਾਲੇ ਬੱਚੇ ਲਈ ਵੀ ਇਕ ਅਲੱਗ ਕਿਸਮ ਦੀਆਂ ਮੁਸ਼ਕਿਲਾਂ ਹਨ।

ਇਹਦੇ ਨਾਲ ਹੀ ਇਕ ਸਵਾਲ ਜੁੜਿਆ ਹੈ ਕਿ ਜਦੋਂ ਇਕ ਵੱਡੀ ਗਿਣਤੀ ਪਰਿਵਾਰ, ਲਗਭਗ 80 ਫੀਸਦੀ ਵਿਦਿਆਰਥੀ, ਇਹ ਉਪਕਰਮ, ਕੰਪਿਊਟਰ, ਇੰਟਰਨੈਟ ਮੋਬਾਇਲ ਆਦਿ ਖ਼੍ਰੀਦ ਸਕਣ ਦੇ ਸਮੱਰਕ ਹੀ ਨਹੀਂ, ਤਾਂ ਹਕੂਮਤ ਕੀ ਜ਼ਿੰਮੇਵਾਰੀ ਨਿਭਾ ਰਹੀ ਹੈ ? ਕੀ ਉਹ ਇਹ ਸਾਰੇ ਉਪਕਰਨ ਵਿਦਿਆਰਥੀਆਂ ਨੂੰ ਮੁਫ਼ਤ ਮੁਹੱਈਆ ਕਰਵਾ ਰਹੀ ਹੈ ? ਨਹੀਂ ਅਜਿਹੇ ਨਹੀਂ ਹੋਵੇਗਾ ? ਜੇ ਹੋ ਵੀ ਜਾਵੇ ਤਾਂ ਇਹਦਾ ਹਾਲ ਆਟਾ ਦਾਲ ਸਕੀਮ ਨਾਲੋਂ ਵੀ ਮਾੜਾ ਹੋਵੇਗਾ। ਲੋੜਵੰਦ ਬੱਚਿਆਂ ਤੱਕ ਨਹੀਂ ਪਹੁੰਚੇਗਾ। ਅਫ਼ਸਰਸ਼ਾਹੀ ਹੀ ਖੁਰਦ ਬੁਰਦ ਕਰ ਦੇਵੇਗੀ। ਜੇ ਕੁਝ ਗਰੀਬ ਪਰਿਵਾਰ ਕਰਜ਼ੇ ਉਤੇ ਲੈ ਕੇ ਇਹ ਉਪਕਰਨ ਦੇਣਗੇ ਤਾਂ ਉਨ੍ਹਾਂ ਦੀ ਆਰਥਿਕ ਹਾਲਤ ਹੋਰ ਨਿਘਰ ਜਾਵੇਗੀ।

ਆਨਲਾਈਨ ਪੜ੍ਹਾਈ ਇਕ ਸਮਾਜ ਬਣਾਉਣ ਵਿਚ ਭੂਮਿਕਾ ਵੀ ਨਹੀਂ ਨਿਭਾਵੇਗੀ। ਇਕ ਕਲਾਸ ਰੂਪ ਵਿਚ ਅਧਿਆਪਕ ਬੱਚੇ ਦਾ ਰਿਸ਼ਤਾ, ਬੱਚਿਆਂ ਦਾ ਆਪਸੀ ਰਿਸ਼ਤਾ ਜਿਹੜਾ ਬਹਤੁ ਕੁਝ ਤੇ ਬਹੁਤੇਰੇ ਪੱਖਾਂ ਤੋਂ ਸਿੱਖਣ ਸਿਖਾਉਣ ਦਾ ਸਾਧਨ ਬਣਦਾ ਹੈ, ਤਾਂ ਬਿਲਕੁਲ ਗੁੰਮ ਹੀ ਹੋ ਜਾਵੇਗਾ। ਉਹ ਟੁੱਟ ਜਾਵੇਗਾ। ਨਿਖੜਾ ਜਾਵੇਗਾ ਅਤੇ ਅਜਿਹੇ ਉਪਕਰਮਾਂ ਰਾਹੀਂ ਇਕ ਅਖੰਡਤ ਜੀਵ ਦੀ ਸਿਰਜਨਾ ਹੋਵੇਗੀ।

ਵੈਸੇ ਵੀ ਭਾਰਤ ਵਿਚ ਸਕੂਲੀ ਵਿਦਿਆ ਨੂੰ ਮੁਕੰਮਲ ਕਰਨ ਵਾਲਿਆਂ ਦੀ ਗਿਣਤੀ ਬਹੁਤ ਘਟ ਹੈ। 6 ਤੋਂ 13 ਸਾਲ ਦੇ ਕੁੱਲ 20.14 ਕਰੋੜ ਬੱਚਿਆਂ 'ਚੋਂ ਸਿਰਫ਼ 97.2 ਫੀਸਦੀ ਹੀ ਸਕੂਲ 'ਚ ਦਾਖ਼ਲਾ ਲੈਂਦੇ ਹਨ। 2.8 ਫੀਸਦੀ ਬੱਚੇ ਸਕੂਲ ਦਾ ਮੂੰਹ ਹੀ ਨਹੀਂ ਵੇਖਦੇ। ਇਸ ਸਾਲ 2020 ਵਿਚ ਇਕ ਅਪ੍ਰੈਲ 2020 ਤੱਕ ਤਾਂ ਕੋਰੋਨਾ ਮਹਾਂਮਾਰੀ ਕਰਕੇ ਸਿਰਫ਼ 74 ਫੀਸਦੀ ਬੱਚੇ ਹੀ ਦਾਖਲਾ ਲੈ ਸਕੇ ਜਿਨ੍ਹਾਂ 'ਚ 82.2 ਫੀਸਦੀ ਲੜਕੇ ਅਤੇ 69.5 ਫੀਸਦੀ ਲੜਕੀਆਂ ਹਨ। ਪਹਿਲੀ ਤੋਂ ਬਾਰਵੀਂ ਤੱਕ ਵਿਦਿਆ ਗ੍ਰਹਿਣ ਕਰਦਿਆਂ ਕਰਦਿਆਂ ਵੱਡੀ ਗਿਣਤੀ 'ਚ ਬੱਚੇ ਸਕੂਲੋਂ ਬਾਹਰ ਹੋ ਜਾਂਦੇ ਹਨ ਜੇ ਪਹਿਲੀ 'ਚ 94 ਫੀ ਸਦੀ ਬੱਚੇ ਦਾਖਲ ਹੋਣ ਤਾਂ ਸੈਕੰਡਰੀ ਤੱਕ 75 ਫੀਸਦੀ ਅਤੇ ਸੀਨੀਅਰ ਸੈਕੰਡਰੀ ਤੱਕ 70 ਫੀਸਦੀ ਹੀ ਬੱਚੇ ਪਹੁੰਚਦੇ ਹਨ। ਜਿਨ੍ਹਾਂ ਵਿਚ ਸ਼ਡਿਊਲਕਾਸਟ ਦੀ ਫੀਸੀ 92 (ਪਹਿਲੀ ਤੋਂ ਪੰਜਵੀਂ) ਹਾਈ ਸਕੂਲ 71 ਫੀਸਦੀ ਸੀਨੀਅਰ ਸੈਕੰਡਰੀ 65 ਫੀਸਦੀ ਹੁੰਦੀ ਹੈ। ਆਦਿਵਾਸੀਆਂ 'ਚ ਇਹ ਗਿਣਤੀ ਹੋਰ ਘਟ ਜਾਂਦੀ ਹੈ। ਕੁੜੀਆਂ ਸਿਰਫ਼ 57 ਫੀਸਦੀ ਹੀ 10+2 ਪਾਸ ਕਰਨ ਤੱਕ ਪਹੁੰਚਦੀਆਂ ਹਨ। ਇਸ 'ਚ ਸਾਇੰਸ ਦੇ ਵਿਸ਼ਿਆਂ ਨਾਲ 10+2 ਪਾਸ ਕਰਨ ਵਾਲੇ ਨਿਗੁਣੇ ਰਹਿ ਜਾਂਦੇ ਹਨ। ਜੇ ਪਹਿਲੀ ਕਲਾਸ 'ਚ ਦੇਸ਼ ਦੇ 19 ਕਰੋੜ ਬੱਚੇ ਦਾਖ਼ਲ ਹੁੰਦੇ ਹਨ ਤਾਂ ਉਚ ਵਿਦਿਆ ਵਿਚ ਇਨ੍ਹਾਂ 'ਚੋਂ ਸਿਰਫ਼ 8 ਲੱਖ ਵਿਦਿਆਰਥੀ ਹੀ ਦਾਖ਼ਲਾ ਲੈਂਦੇ ਹਨ। ਇਹ ਇਕ ਭਿਆਨਕ ਤਸਵੀਰ ਹੈ। ਆਦਿਵਾਸੀ ਘੰਮਤੂ ਕਬੀਲਿਆਂ, ਦਲਿਤਾਂ, ਲੜਕੀਆਂਅਤੇ ਹਾਸ਼ੀਏ ਤੋਂ ਪਾਰ ਲੋਕਾਂ ਘੱਟ ਗਿਣਤੀਆਂ, ਗਰੀਬ ਕਿਸਾਨੀ ਦੇ ਬੱਚੇ ਹੀ ਸਕੂਲ ਛੱਡਣ ਵਾਲਿਆਂ 'ਚ ਹਨ ਅਤੇ ਇਨ੍ਹਾਂ ਦੀ ਗਿਣਤੀ ਵਿਸ਼ਾਲ ਪੇਂਡੂ ਖੇਤਰ ਦੀ ਹੀ ਹੈ।

ਜਦੋਂ ਦੇਸ਼ ਦੀ ਵਿਦਿਆ ਦੀ ਇਹ ਹੈਰਾਨੀਜਨਕ ਦਰਦ ਨਾਲ ਤਸਵੀਰ ਹੈ ਤਾਂ ਕੀ ਆਨਲਾਈਨ ਵਿਦਿਆ ਇਨ੍ਹਾਂ ਸਭ ਤੱਕ ਪਹੁੰਚ ਸਕੇਗੀ ਜਾਂ ਕਲਾਵੇ 'ਚ ਲੈ ਸਕੇਗੀ। ਦਰਅਸਲ ਹਕੂਮਤ ਦੀ ਅਤੇ ਪੂੰਜੀ ਦੀ ਇਹ ਨੀਤੀ ਹੈ ਕਿ ਵਿਦਿਆਰਥੀ ਨੂੰ ਸਕੂਲ ਤੋਂ ਬਾਹਰ ਦਾ ਰਸਤਾ ਦਿਖਾ ਦਿਓ।

ਅਜੋਕੀ ਭਾਰਤੀ ਹਕੂਮਤ ਨੇਤਾਂ ਵਿਦਿਆ ਦੇ ਸਾਰੇ ਥੰਮਾਂ ਨੂੰ ਹੀ ਹਿਲਾ ਦਿੱਤਾ ਹੈ ਜਿਨ੍ਹਾਂ ਦਾ ਡਾ. ਅਨਿਲ ਸਦਗੋਪਾਲ ਜ਼ਿਕਰ ਕਰਦੇ ਹਨ।

ਪਹਿਲਾ-ਵਿਦਿਆ ਦਾ ਉਦੇਸ਼ ਕੀ ਹੈ। ਭਾਰਤ ਵਿਚ ਵਿਦਿਆ ਦਾ ਉਦੇਸ਼ ਸੰਵਿਧਾਨ 'ਚ ਦਰਜ ਮਾਨਤਾਵਾਂ 'ਤੇ ਆਧਾਰਤ ਹੈ, ਧਰਮ ਨਿਰਪੱਖ, ਸਾਮਰਾਜਵਾਦੀ, ਆਰਥਿਕ, ਸਮਾਜਿਕ ਬਰਾਬਰੀ, ਨਿਆਂ, ਅਜ਼ਾਦੀ ਭਾਈਚਾਰਾ ਇਹ ਬੁਨਿਆਦ ਹੋਣੀ ਚਾਹੀਦੀ ਸੀ। ਵਿਦਿਆ ਦੀ ਜੋ ਅਸੀਂ 1950 ਵਿਚ ਸੰਵਿਧਾਨ ਵਿਚ ਅੰਕਤ ਕੀਤੀ ਸੀ, ਪਰ ਹਕੂਮਤ ਇਸ ਪ੍ਰਸਤਾਵਨਾ ਨੂੰ ਹੀ ਤਹਿਸ਼ ਨਹਿਸ਼ ਕਰ ਰਹੀ ਹੈ।

ਦੂਸਰਾ ਹੈ ਵਿਦਿਆ ਕੀਹਦੇ ਲਈ : ਕੀ ਵਿਦਿਆ ਹਰ ਨਾਗਰਿਕ ਲਈ ਜਾਂ ਵਿਸ਼ੇਸ਼ ਤਬਕੇ ਲਈ ? ਅਪਣਾਈਆਂ ਨੀਤੀਆਂ ਇਹ ਜ਼ਾਹਿਰ ਕਰਦੀਆਂ ਹਨ ਕਿ ਹੁਣ ਅਗਲੇਰੀ ਵਿਦਿਆ ਸਿਰਫ਼ ਸਾਧਨ ਸੰਪੰਨ ਵਰਗ ਤੱਕ ਹੀ ਸੀਮਤ ਹੋ ਕੇ ਰਹਿ ਜਾਵੇਗੀ ਅਤੇ ਉਹ ਸਾਰੇ ਲੋਕ ਜੋ ਹਾਸ਼ੀਏ ਤੋਂ ਪਾਰ ਹਨ ਘਟ ਗਿਣਤੀ ਹਨ ਉਹ ਬਾਹਰ ਹੋ ਜਾਣਗੇ। ਇਹ ਕਾਰਪੋਰੇਟੀ ਪੂੰਜੀ ਹੀ ਨਹੀਂ ਬ੍ਰਾਹਮਣੀ ਸੋਚ ਦੀ ਵੀ ਉਪਜ ਹੈ।

ਤੀਸਰੀ ਵਿਦਿਆ ਕਿਹੋ ਜਿਹੀ ਹੋਵੇ : ਇਹ ਸਿੱਖਿਆ ਸ਼ਾਸਤਰ ਨਾਲ ਸਬੰਧ ਹੈ। ਭਾਰਤ ਵਿਚ ਇਸ ਸਬੰਧੀ ਗਾਂਧੀ ਤੋਂ ਲੈ ਕੇ ਰਾਧਾ ਕ੍ਰਿਸ਼ਨਨ ਤੱਕ ਅਤੇ ਨਹਿਰ ਤੋਂ ਲੈ ਕੇ ਸ਼ਹੀਦ ਭਗਤ ਸਿੰਘ ਤੱਕ ਦੀ ਫਿਲਾਸਫੀ 'ਚੋਂ ਦੇਖਿਆ ਜਾ ਸਕਦਾਹੈ। ਪੱਛਮੀ ਸਿੱਖਿਆ, ਸ਼ਾਸਤਰੀਆਂ ਦਾ ਵੀ ਇਹ ਮੱਤ ਹੈ ਕਿ

ਵਿਦਿਆ ਸਮਾਜ ਦੇ ਨਿਰਮਾਣ ਲਈ ਪਰ ਅਜੋਕੀਆਂ ਅਪਣਾਈਆਂ ਜਾ ਰਹੀਆਂ ਨੀਤੀਆਂ ਗੁਲਾਮ ਬਣਾਉਣ ਵਲ ਨੂੰ ਵੱਧ ਰਹੀਆਂ ਹਨ। ਗੁਲਾਮ ਮਾਨਸਿਕਤਾ ਨੂੰ ਸਮਾਜ ਤੋਂ ਠੋਸਣਾ ਬ੍ਰਾਹਮਣੀ ਸੋਚ ਦਾ ਹੀ ਅੰਗ ਰਿਹਾ ਹੈ।

ਵਿਦਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀ ਦਾ ਮੁਲੰਕਣ ਕਿਵੇਂ ਹੋਵੇ। ਪ੍ਰੀਖਿਆ ਦੇ ਮਾਪਦੰਡ ਕੀ ਹੋਣ ਇਮਤਿਹਾਨਾਂ ਦਾ ਤਰੀਕਾਕਾਰ ਕੀ ਹੋਵੇ? ਵਿਦਿਆ ਦੀ ਸ਼ੁਰੂਆਤ ਕਿਵੇਂ ਹੁੰਦੀ ਹੈ ਉਸ ਦਾ ਅੰਤ ਕਿਵੇਂ ਹੁੰਦਾ ਹੈ। ਇਹ ਸਾਰੇ ਸਵਾਲ ਹਨ। ਪਿਛਲੇਰੇ 30 ਸਾਲਾਂ ਦਾ ਤਜਰਬਾ ਦੱਸਦਾ ਹੈ ਕਿ ਵਿਦਿਆਰਥੀ ਵਲੋਂ ਵਿਦਿਆ ਹਾਸਲ ਕਰਨ ਤੋਂ ਪਿਛੋਂ ਉਸ ਦਾ ਹਨ੍ਹੇਰਾ ਕਾਲ ਸ਼ੁਰੂ ਹੋ ਜਾਂਦਾ ਹੈ। ਉਹ ਮੰਡੀ ਕੀ ਜਿਣਸ ਬਣ ਜਾਂਦਾ ਹੈ। ਨਵੀਂ ਅਪਣਾਈ ਜਾ ਰਹੀ ਨਵੀਂ ਵਿਦਿਅਕ ਨੀਤੀ ਜਾਂ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਇਸ ਨੂੰ ਹੀ ਹੋਰ ਅੱਗੇ ਲਿਜਾਣ ਵਾਲੀਆਂ ਹਨ। ਵਿਦਿਆਰਥੀ ਕੋਲ ਅਗਲੇਰਾ ਕੋਈ ਭਵਿੱਖ ਨਹੀਂ। ਆਤਮਨਿਰਭਰਤਾ ਦਾ ਰਾਗ ਅਤੇ ਹਨ੍ਹੇਰੇ ਖੂਹ ਵਿਚ ਨੌਜਵਾਨ ਪੀੜ੍ਹੀ ਨੂੰ ਦਿੱਤਾ ਜਾ ਰਿਹਾ ਧੱਕਾ ਲਈ ਇਕ ਖਤਰਨਾਕ ਦੌਰ ਦੀ ਸ਼ੁਰੂਆਤ ਹੈ।

ਚੌਥਾ ਵਿਦਿਆ ਹੈ : ਵਿਦਿਆ ਦਾ ਢਾਂਚਾ ਕੀ ਹੋਵੇ? ਕੀ ਬਰਾਬਰੀ ਵਾਲੀ ਵਿਦਿਆ ਹੋਵੇ ਸਮਤਾ ਮੂਲਕ ਵਿਦਿਅਕ ਢਾਂਚਾ ਹੋਵੇ ਜਿਸ ਦਾ ਪ੍ਰਣ ਅਸੀਂ ਸੰਵਿਧਾਨ 'ਚ ਲਿਆ ਸੀ ਜਾਂ ਸਮਾਜਿਕ ਦੂਰੀਆਂ ਵਧਾਉਣ ਵਾਲਾ ਵਿਦਿਅਕ ਢਾਂਚਾ ਹੋਵੇ। ਅਜੋਕੇ ਦੌਰ 'ਚ ਸਮਾਜਿਕ ਦੂਰੀਆਂ ਵਾਲੇ ਢਾਂਚੇ ਨੂੰ ਹੀ ਹਕੂਮਤ ਉਤਸ਼ਾਹਿਤ ਕਰ ਰਹੀ ਹੈ। ਸੰਵਿਧਾਨ ਦੇ ਨਿਰਮਾਣ ਸਮੇਂ 26 ਨਵੰਬਰ 1949 ਨੂੰ ਸੰਵਿਧਾਨ ਦੇ ਨਿਰਮਾਤਾ ਭੀਮ ਰਾਓ ਅੰਬੇਡਕਰ ਨੇ ਇਕ ਮੀਟਿੰਗ 'ਚ ਕਿਹਾ ਸੀ ਕਿ ਸੰਵਿਧਾਨ 'ਚ ਅਸੀਂ ਸਮਾਜਿਕ ਧਾਰਮਿਕ ਤੇ ਆਰਥਿਕ ਬਰਾਬਰੀ ਦੀ ਗੱਲ ਤਾਂ ਕਹਿ ਦਿੱਤੀ ਹੈ ਪਰ ਆਰਥਿਕ ਬਰਾਬਰੀ ਅਜੇ ਦੂਰ ਦੀ ਗੱਲ ਹੈ। ਜਦੋਂ ਤੱਕ ਇਹ ਗੈਰ ਬਰਾਬਰੀ ਰਹੇਗੀ ਉਦੋਂ ਤੱਕ ਹਨ ਨਾਗਰਿਕ ਅਧਿਕਾਰ ਉਸ ਵਿਚ ਵਿਦਿਆ ਦਾ ਅਧਿਕਾਰ ਵੀ ਸ਼ਾਮਲ ਹੈ। ਗੈਰ ਪ੍ਰਸੰਗਿਕ ਰਹੇਗਾ। ਜਿਵੇਂ ਜਿਵੇਂ ਆਰਥਿਕ ਗੈਰ ਬਰਾਬਰੀ ਵਧੇਗੀ ਤਿਵੇਂ ਤਿਵੇਂ ਵੱਡੀ ਗਿਣਤੀ ਸਾਰੇ ਨਾਗਰਿਕ ਅਧਿਕਾਰਾਂ ਸਮੇਤ ਵਿਦਿਆ ਦੇ ਅਧਿਕਾਰ ਤੋਂ ਵਾਂਝੀ ਹੁੰਦੀ ਜਾਵੇਗੀ।" ਬਰਾਬਰਤਾ ਅਧਾਰਤ ਵਿਦਿਆ ਦਾ ਢਾਂਚਾ ਕਿਵੇਂ ਉਸਰੇ ਇਹ ਸਵਾਲ ਸਦਾ ਦਰਪੇਸ਼ ਰਿਹਾ ਅਤੇ ਕੋਠਾਰੀ ਕਮਿਸ਼ਨ ਨੇ ਜੋ ਸਿਫਾਰਸ਼ਾਂ ਕੀਤੀਆਂ ਸਨ, ਉਨ੍ਹਾਂ ਵਿਚ ਇਕ ਸਮਾਨ ਸਕੂਨ ਸਿੱਖਿਆ ਪ੍ਰਣਾਲੀ ਵੀ ਸੀ। ਜੋ ਬਰਾਬਰਤਾ ਅਧਾਰਤ ਵਿਦਿਅਕ ਢਾਂਚਾ ਉਸਾਰਨ ਲਈ ਰੂਪ ਰੇਖਾ ਪੇਸ਼ ਕਰਦੀ ਸੀ। ਉਹ ਸੀ ਕਿ "ਹਰ ਬੱਚਾ ਉਹ ਭਾਵੇਂ ਡੀਸੀ ਦਾ ਹੋਵੇ, ਉਚ ਅਧਿਕਾਰੀ ਰਾਜਨੀਤਕਵਾਨ ਜਾਂ ਚਪੜਾਸੀ ਜਾਂ ਕਿਸਾਨ ਮਜ਼ਦੂਰ ਦਾ ਬੱਚਾ ਉਹ ਆਪਣੇ ਘਰ ਦੇ ਨੇੜਲੇ ਸਕੂਲ ਵਿਚ ਦਾਖਲ ਹੋਵੇ ਅਤੇ ਸਾਰੇ ਸਕੂਲਾਂ ਦਾ ਪ੍ਰਬੰਧ ਸਰਕਾਰੀ ਹੱਥਾਂ 'ਚ ਹੋਵੇ ਅਤੇ ਇਕ ਬਰਾਬਰ ਦੇ ਸਕੂਲਾਂ ਵਿਚ ਇਕੋ ਜਿਹੀ ਤਾਲੀਮ ਦਿੱਤੀ ਜਾਵੇ। ਪਰ ਖੁਦ ਸਰਕਾਰ ਹੀ ਇਸ ਵੁਤੇ ਅਮਲ ਨਹੀਂ ਕਰ ਸਕੀ। ਰਾਜਾਂ ਦੇ ਸਰਕਾਰੀ ਸਕੂਲ, ਕੇਂਦਰੀ ਸਕਾਰ ਹੇਠ ਸਰਕਾਰੀ ਸਕੂਲ ਕੇਂਦਰੀ ਵਿਦਿਆਲੇ, ਨਵੋਦਿਆ ਵਿਦਿਆਲੇ ਆਦਿ ਆਦਿ ਸਕੂਲਾਂ ਦੀਆਂ ਅਲੱਗ ਅਲੱਗ ਕੈਟਾਗਿਰੀਆਂ ਅਲੱਗ ਅਲੱਗ ਸਮਾਜਿਕ ਪਰਤਾਂ ਲਈ ਕਿਉਂ? ਅੱਜ ਫਿਰ ਫਾਈਵ ਸਟਾਰਨੁਮਾ ਨਿੱਜੀ ਪੂੰਜੀ ਵਲੋਂ ਉਸਾਰੇ ਸਕੂਲ। ਜਦੋਂ ਇਹ ਭਿੰਨ ਭੇਦ ਹੈ ਤਾਂ ਬਰਾਬਰ ਦੀ ਵਿਦਿਆ ਦੇਣ ਦੇ ਸੰਵਿਧਾਨਕ ਅਹਿਦਾਂ ਦਾ ਕੀ ਮਤਲਬ ਰਹਿ ਜਾਂਦਾ ਹੈ? ਸੋ ਵਿਦਿਅਕ ਢਾਂਚਾ ਕਿਹੋ ਜਿਹਾ ਹੋਵੇ ਇਹ ਬਹੁਤ ਹੀ ਮਹੱਤਵਪੂਰਨ ਸੀ ਤੇ ਅੱਜ ਵੀ ਹੈ ਪਰ ਹਕੂਮਤਾਂ ਨੇ ਪਹਿਲਾਂ ਵੀ ਅਣਗੌਲਿਆ ਕੀਤਾ ਹੁਣ ਤਾਂ ਇਸ ਨੂੰ ਉਡਾ ਹੀ ਰਹੀਆਂ ਹਨ। ਇਹਦਾ ਕਾਰਨ ਉਹ ਪੰਜਵਾਂ ਨੁਕਤਾ ਹੈ ਕਿ ਵਿਦਿਆ ਦੇ ਸਾਧਨ/ਸਰੋਤ ਕੀ ਹਨ? ਵਿਦਿਆ ਦੇ ਸਾਧਨ ਸਰੋਤ ਤਾਂ ਵਿਦੇਸ਼ੀ ਨਿਵੇਸ਼ ਅਤੇ ਵਿਸ਼ਵ ਬੈਂਕ ਤੋਂ ਲਿਆ ਕਰਜ਼ਾ ਹੈ ਤਾਂ ਫਿਰ ਸੰਵਿਧਾਨ 'ਚ ਦਰਜ ਅਤੇ ਕੋਠਾਰੀ ਕਮਿਸ਼ਨ ਵਲੋਂ ਪ੍ਰੀਭਾਸ਼ਤ ਇਕ ਸਮਾਨ ਸਿੱਖਿਆ ਪ੍ਰਣਾਲੀ ਕੀ ਤਰਸ ਦੇ ਪਾਤਰ ਬਣਕੇ ਨਾ ਰਹਿ ਜਾਵੇ।

ਭਾਜਪਾ ਹਕੂਮਤ ਤਾਂ ਇਸ ਤੋਂ ਵੀ ਅੱਗੇ ਜਾ ਕੇ ਪੂਰੀ ਵਿਦਿਆ ਦਾ ਹੀ ਭਗਵਾਂਕਰਨ ਜਾ ਰਹੀ ਹੈ। ਉਨ੍ਹਾਂ ਸਲੇਬਸਾਂ ਨੂੰ ਪਾਠ ਪੁਸਤਕਾਂ 'ਚੋਂ ਬਾਹਰ ਕਰ ਦਿੱਤਾ ਹੈ ਜੋ ਜਮਹੂਰੀਅਤ, ਧਰਮ ਨਿਰਪੇਖਤਾ, ਕੌਮਵਾਦ ਬਾਰੇ ਸ਼ਾਇਦ ਫਿਰ ਸੋਚ ਤੇ ਨਜ਼ਰੀਆ ਬਣਾਉਣ ਵਿਚ ਸਹਾਈ ਹੁੰਦੇ ਹਨ ਅਤੇ ਉਹਦੇ ਥਾਂ ਉਤੇ ਸਾਰ ਰਮਾਇਣ ਨਾਂ ਦੀ ਇਕ ਨਵੀਂ ਪਾਠ ਪੁਸਤਕ ਐਸ.ਸੀ.ਈ.ਆਰ.ਟੀ. ਨੇ ਤਿਆਰ ਕਰਕੇ ਵਿਦਿਆਰਥੀਆਂ ਨੂੰ ਸੌਂਪ ਦਿੱਤੀ ਹੈ। ਮਨੂੰ ਸਮ੍ਰਿਤੀ ਦੇ ਪਾਠ ਪੜ੍ਹਾਏ ਜਾਣ ਲਈ ਰਾਹ ਸਾਫ਼ ਕਰ ਲਿਆ ਹੈ। ਮੁਢਲੀ ਵਿਦਿਆ ਜਿਸ 'ਚ ਤਿੰਨ ਤੋਂ 6 ਸਾਲ ਦੀ ਉਮਰ ਵਾਲੇ ਬੱਚਿਆਂ ਲਈ ਵਿਸ਼ੇਸ਼ ਕਰਕੇ ਸਿਸ਼ੂ ਨਿਕੇਤਨ ਵਰਗੇ ਸਕੂਲ ਤਿਆਰ ਕਰਨ ਲਈ ਕਵਾਇਦ ਸ਼ੁਰੂ ਕਰ ਦਿੱਤੀ ਹੈ। ਜਿਸ ਵਿਚ 'ਸਮਾਜ ਸੇਵੀ' ਕਾਮੇ ਰੱਖੇ ਜਾਣਗੇ। ਸਾਫ਼ ਹੈ ਕਿ ਇਹ ਸਮਾਜ ਸੇਵੀ ਕਾਮੇ ਹੋਰ ਨਹੀਂ ਆਰ.ਐਸ.ਐਸ. ਵਲੋਂ ਤਿਆਰ ਕੀਤੇ ਪ੍ਰਚਾਰਕ ਹੀ ਹੋਣਗੇ। ਇਸ ਯੋਜਨਾ ਨੂੰ ਦੇਸ਼ ਵਿਆਪੀ ਵਿਸਥਾਰ ਦਿੱਤਾ ਜਾ ਰਿਹਾ ਹੈ। ਉਹ ਜਾਣਦੇ ਹਨ ਕਿ ਤਿੰਨ ਤੋਂ ਛੇ ਸਾਲ ਦੇ ਬੱਚੇ ਦਾ ਦਿਮਾਗ ਕੋਰੀ ਸਲੇਟ ਹੈ ਉਸ ਵਿਚ ਧਰਮ ਦੇ ਛੇਦ ਕਰ ਦਿਓ। ਜ਼ਿੰਦਗੀ ਭਰ ਗੁਲਾਮ ਬਣਿਆ ਰਹੇਗਾ ਅਤੇ ਫਿਰ ਅਗਲੇਰੀ ਵਿਦਿਆ ਲਈ ਸਕਿਲਡ ਲੇਬਰ ਵਜੋਂ ਤਿਆਰ ਕਰ ਲਵੋ।

ਭਾਜਪਾ ਹਕੂਮਤ ਨੇ ਤਾਂ ਵਿਦਿਅਕ ਖੇਤਰ ਦੇ ਹਰ ਅਦਾਰੇ ਵਿਚ ਆਰ.ਐਸ.ਐਸ. ਦੀ ਸੋਚ ਵਾਲੇ ਵਿਅਕਤੀਆਂ ਦੀ ਨਿਯੁਕਤੀਆਂ ਕਰ ਦਿੱਤੀਆਂ ਹਨ। ਪਹਿਲਾਂ ਇਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਕਾਲਜਾਂ ਦੇ ਪ੍ਰਿੰਸੀਪਲ, ਸਾਹਿਤ ਸਭਿਆਚਾਰ ਕਲਾ ਸਿਨੇਮਾ ਆਦਿ ਹਰ ਖੇਤਰ ਦੀਆਂ ਕਮੇਟੀਆਂ ਤੱਕ ਸਨ। ਹੁਣ ਹੋਰ ਵੀ ਵਿਸਥਾਰ ਦੇ ਦਿੱਤਾ ਹੈ ਇਥੋਂ ਤੱਕ ਕਿ ਇਨ੍ਹਾਂ ਨਿਯੁਕਤੀਆਂ ਲਈ ਰਾਜਾਂ ਦੀ ਆਪਣੀ ਖ਼ੁਦ ਮੁਖਤਿਆਰੀ ਨੂੰ ਵੀ ਖਤਮ ਕਰ ਦਿੱਤਾ ਹੈ। ਮਿਸਾਲ ਲਈ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਿਚ ਹੀ ਰਾਜਸਥਾਨ ਸੰਘੀ ਸੋਚ ਵਾਲਿਆਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਭਾਜਪਾ ਹਕੂਮਤ ਢਾਂਚੇ ਦਾ ਜਿਵੇਂ ਕੇਂਦਰੀਕਰਨ ਕਰ ਰਹੀ ਹੈ ਅਤੇ ਸੰਘੀ ਢਾਂਚੇ ਦਾ ਭੋਗ ਪਾ ਰਹੀ ਹੈ ਉਹਦਾ ਅਮਲ ਵਿਦਿਆ ਦੇ ਖੇਤਰ ਵਿਚ ਵੀ ਸ਼ੁਰੂ ਕੀਤਾ ਹੋਇਆ ਹੈ ਅਤੇ ਇਹ ਸਿਖਰ 'ਤੇ ਹੈ। ਇਹੀ ਕਾਰਨ ਹੈ ਕਿ ਹਕੂਮਤ ਸਮੁੱਚੀ ਸਰਕਾਰੀ ਵਿਦਿਆ ਦਾ ਭੋਗ ਪਾਵਣ 'ਤੇ ਤੁਲੀ ਹੋਈ ਹੈ ਅਤੇ ਇਹਦੇ ਥਾਂ ਵਿਦਿਆ ਦੇ ਵਪਾਰੀਕਰਨ, ਬਜ਼ਾਰੀਕਰਨ ਅਤੇ ਫਿਰਕੂ ਕਰਨ, ਕਰਨ ਵੱਲ ਤੇਜ਼ੀ ਨਾਲ ਕਦਮ ਵਧਾ ਰਹੀ ਹੈ। ਇਹੋ ਕਾਰਨ ਹੈ ਕਿ ਹਰਰਾਜ ਵਿਚ ਸਰਕਾਰੀ ਸਕੂਲਾਂ ਦੀਆਂ ਪੋਸਟਾਂ ਹੀ ਖਤਮ ਕੀਤੀਆਂ ਜਾ ਰਹੀਆਂ ਹਨ ਜਦੋਂ ਕਿ ਦੇਸ਼ ਭਰ ਵਿਚ 40 ਲੱਖਤੋਂ ਵੱਧ ਸਰਕਾਰੀ ਅਧਿਆਪਕਾਂ ਦੀ ਫੌਰੀ ਲੋੜ ਸੀ। ਦਰਅਸਲ ਇਹ ਨੀਤੀਆਂ ਗੁਲਾਮਾਂ ਦੀ ਇਕ ਨਸਲ ਤਿਆਰ ਕਰਨ ਵੇਲੇ ਵੱਧ ਰਹੀਆਂ ਹਨ ਜਿਸ ਵਿਰੁੱਧ ਸਭ ਨੂੰ ਜਾਗਰੂਕ ਹੋਣਾ ਪਵੇਗਾ। ਉਹ ਗਿਆਨ ਵਿਹੂਣੇ ਸਮਾਜ ਬਣਾਉਣ ਦੀ ਤਿਆਰੀ 'ਚ ਜੁਟੇ ਹਨ। ਸਾਨੂੰ ਗਿਆਨ ਦੀ ਰਾਖੀ ਲਈ ਮੋਰਚੇ ਸੰਭਾਲਣੇ ਪੈਣਗੇ।

---

## ਗਾਂਧਾ ਸਿੰਘ ਕੱਚਰਭੰਨ

# ਗੀਤ ਗਾਉਂਦਾ ਫਾਂਸੀ ਚੜ੍ਹਿਆ : ਗ਼ਦਰ ਲਹਿਰ ਦਾ ਨਿਡਰ ਯੋਧਾ

ਗਾਂਧਾ ਸਿੰਘ ਦਾ ਜਨਮ ਪਿੰਡ ਕੱਚਰਭੰਨ (ਤਹਿਸੀਲ ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਹੋਇਆ। ਇਹਨਾਂ ਦਾ ਇੱਕ ਵੱਡਾ ਭਰਾ ਤੇ ਵੱਡੀ ਭੈਣ ਸੀ। ਭਰਾ ਦਾ ਨਾਮ ਨਿਹਾਲ ਸਿੰਘ ਸੀ। ਬਚਪਨ ਵਿੱਚ ਹੀ ਇਸਦੇ ਮਾਂ- ਪਿਓ, ਭਰਾ- ਭਰਜਾਈ ਦਾ ਕੱਤੇ ਦੀ ਬਿਮਾਰੀ (ਪਲੇਗ) ਕਾਰਨ ਮੌਤ ਹੋ ਗਈ।

ਗਾਂਧਾ ਸਿੰਘ ਇੱਕ ਅਣਗੌਲਿਆ ਗ਼ਦਰੀ ਹੈ। ਅੰਗਰੇਜ਼ ਸਰਕਾਰ ਵੱਲੋਂ ਇਹਨਾਂ ਨੂੰ ਥਾਣੇਦਾਰ ਦੇ ਕਤਲ ਤੇ ਅੰਗਰੇਜ਼ ਸਰਕਾਰ ਵਿਰੁੱਧ ਬਗ਼ਾਵਤ ਕਰਨ ਦੇ ਦੋਸ਼ ਹੇਠ ਫੜ ਕੇ 8 ਮਾਰਚ 1916 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਲਗਾ ਦਿੱਤੀ ਸੀ। ਅੰਗਰੇਜ਼ ਸਰਕਾਰ ਵੱਲੋਂ ਇਹਨਾਂ ਨੂੰ ਫਾਂਸੀ ਲਗਾਉਣ ਦੇ ਸੌ ਸਾਲ ਬਾਅਦ ਵੀ ਇਹਨਾਂ ਦੀ ਜ਼ਿੰਦਗੀ ਤੇ ਗ਼ਦਰ ਲਹਿਰ 'ਚ ਇਹਨਾਂ ਦੀਆਂ ਸਰਗਰਮੀਆਂ ਬਾਰੇ ਬਹੁਤ ਹੀ ਸੀਮਿਤ ਜਾਣਕਾਰੀ ਮਿਲਦੀ ਹੈ।

ਇਹਨਾਂ ਦੇ ਗ਼ਦਰੀ ਸਾਥੀਆਂ ਨੇ ਆਪਣੇ ਬਿਆਨਾਂ ਵਿੱਚ ਦੱਸਿਆ ਹੈ ਕਿ ਜਦੋਂ ਗਾਂਧਾ ਸਿੰਘ ਅਮਰੀਕਾ ਵਿੱਚ ਗ਼ਦਰ ਪਾਰਟੀ ਨਾਲ ਜੁੜੇ ਤਾਂ ਉਸ ਵੇਲੇ ਇਹਨਾਂ ਦੀ ਉਮਰ 28 ਸਾਲ ਦੇ ਕਰੀਬ ਸੀ। ਇਹ ਨੌਜਵਾਨ ਬਹੁਤ ਅਣਖੀਲਾ, ਸੂਰਬੀਰ, ਦਲੇਰ, ਨਿਡਰ, ਮਿਲਣਸਾਰ, ਸਮਝਦਾਰ ਤੇ ਮਿਹਨਤੀ ਸੀ। ਮੌਤ ਨੂੰ ਇਹ ਟਿੱਚ ਜਾਣਦਾ ਸੀ।

ਇਹਨਾਂ ਨੇ ਅਮਰੀਕਾ ਵਿੱਚ ਗ਼ਦਰ ਪਾਰਟੀ ਦੇ ਮੁੱਢਲੇ ਦਿਨਾਂ ਤੋਂ ਹੀ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਹੋਰ ਕਈ ਗ਼ਦਰੀਆਂ ਦੀ ਤਰ੍ਹਾਂ ਆਪਣੀ ਅਸਲੀ ਪਹਿਚਾਣ ਛੁਪਾਉਣ ਲਈ ਆਪਣਾ ਫਰਜ਼ੀ ਨਾਂ ਭਗਤ ਸਿੰਘ ਰੱਖ ਲਿਆ। ਇਹ 30 ਮਈ 1913 ਨੂੰ ਗ਼ਦਰ ਪਾਰਟੀ ਦੀ ਅਸਟੋਰੀਆ ਵਿੱਚ ਹੋਈ ਮੀਟਿੰਗ ਤੇ ਦਸੰਬਰ 1913 ਵਿੱਚ ਸੈਕਰਾਮੈਂਟੋ ਵਿਖੇ ਹੋਈ ਕਾਨਫਰੰਸ ਵਿੱਚ ਸ਼ਾਮਿਲ ਹੋਏ ਸਨ।

ਇਹ ਸੋਹਣ ਸਿੰਘ ਭਕਨਾ ਨਾਲ ਅਮਰੀਕਾ ਵਿੱਚ ਗ਼ਦਰ ਪਾਰਟੀ ਦੀਆਂ ਨਵੀਆਂ ਇਕਾਈਆਂ ਬਣਾਉਣ ਤੇ ਫੰਡ ਇੱਕਠਾ ਕਰਨ ਲਈ ਹਿੰਦੀਆਂ ਦੇ ਅੱਡਿਆਂ 'ਤੇ ਘੁੰਮੇ।

ਸੋਹਣ ਸਿੰਘ ਭਕਨਾ ਨੇ ਦੱਸਿਆ ਕਿ ਗਾਂਧਾ ਸਿੰਘ ਕੱਚਰਭੰਨ ਗ਼ਦਰ ਅਖ਼ਬਾਰ ਦੀ ਪ੍ਰੈਸ (ਯੁਗਾਂਤਰ ਆਸ਼ਰਮ) ਜਿੱਥੇ ਗ਼ਦਰ ਸਾਹਿਤ ਛਪਦਾ ਸੀ ਉੱਥੇ ਸਹਿਯੋਗ ਕਰਦੇ ਹੁੰਦੇ ਸਨ।

ਅੰਗਰੇਜ਼ ਸਰਕਾਰ ਨੇ ਗ਼ਦਰ ਪਾਰਟੀ ਦੇ ਅਖ਼ਬਾਰ ਤੇ ਹੋਰ ਗ਼ਦਰੀ ਸਾਹਿਤ ਦੇ ਹਿੰਦੋਸਤਾਨ ਵਿੱਚ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਸੀ ਤਾਂ ਗ਼ਦਰ ਪਾਰਟੀ ਨੇ ਗਾਂਧਾ ਸਿੰਘ ਤੇ ਕਰਤਾਰ ਸਿੰਘ ਦੁੱਕੀ ਨੂੰ ਹਿੰਦੋਸਤਾਨ ਭੇਜਿਆ ਤਾਂ ਜੋ ਉਥੇ ਖੁਫੀਆ ਪ੍ਰੈਸ ਲਗਾ ਕੇ ਗ਼ਦਰ ਸਾਹਿਤ ਹਿੰਦੋਸਤਾਨ ਵਿੱਚ ਛਾਪਿਆ ਜਾ ਸਕੇ। ਇਹ ਸੰਭਾਵਨਾ ਫਰੋਲਣ ਲਈ ਹਿੰਦੋਸਤਾਨ ਆਏ।


ਜਦੋਂ ਗ਼ਦਰ ਪਾਰਟੀ ਦੇ ਸੱਦੇ 'ਤੇ ਗ਼ਦਰੀ ਵਿਦੇਸ਼ਾਂ ਤੋਂ ਸਮੁੰਦਰੀ ਜਹਾਜ਼ ਵਿੱਚ ਬੈਠ ਕੇ ਹਿੰਦੋਸਤਾਨ ਆ ਰਹੇ ਸਨ ਤਾਂ ਅੰਗਰੇਜ਼ਾਂ ਨੇ ਹਿੰਦੋਸਤਾਨ ਦੇ ਘਾਟਾਂ 'ਤੇ ਗ਼ਦਰੀਆਂ ਦੀ ਜਹਾਜ਼ਾਂ ਤੋਂ ਉਤਰਦਿਆਂ ਦੀ ਪੁੱਛਗਿੱਛ ਤੇ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਗੱਲ ਬਾਰੇ ਵਾਪਸ ਮੁੜਦੇ ਗਾਂਧਾ ਸਿੰਘ ਨੇ ਭਾਰਤ ਆ ਰਹੇ ਗ਼ਦਰੀਆਂ ਦੇ ਜਹਾਜ਼ਾਂ ਦੇ ਗ਼ਦਰੀ ਲੀਡਰਾਂ ਨੂੰ ਖ਼ਬਰਦਾਰ ਕਰ ਦਿੱਤਾ ਕਿ ਹਾਂਗਕਾਂਗ ਤਲਾਸ਼ੀ ਹੋਣੀ ਹੈ। ਕੱਲਕੱਤੇ ਪੁੱਛ-ਪੜਤਾਲ ਹੋਵੇਗੀ, ਹਥਿਆਰ ਤੇ ਹੋਰ ਸਮਾਨ ਸੰਭਾਲ ਲਵੋ ਤੇ ਜਹਾਜ਼ਾਂ ਦੇ ਰਾਹ ਬਦਲ ਲਵੋ। ਇਸ ਖ਼ਬਰ ਕਰਕੇ ਬਹੁਤ ਸਾਰੇ ਹਥਿਆਰ ਤੇ ਗ਼ਦਰੀ ਸਾਹਿਤ ਗ਼ਦਰੀਆਂ ਨੇ ਛੁਪਾ ਲਿਆ ਜਾਂ ਸਮੁੰਦਰ ਵਿੱਚ ਸੁੱਟ ਦਿੱਤਾ। ਜਹਾਜ਼ਾਂ ਨੇ ਰਸਤੇ ਬਦਲ ਲਏ ਜਿਸ ਨਾਲ ਬਹੁਤ ਸਾਰੇ ਗ਼ਦਰੀ ਹਿੰਦੋਸਤਾਨ ਪਹੁੰਚ ਕੇ ਗ੍ਰਿਫ਼ਤਾਰੀ ਤੋਂ ਬਚ ਗਏ ਤੇ ਹਥਿਆਰ ਛੁਪਾ ਕੇ ਹਿੰਦੋਸਤਾਨ ਲਿਆਉਣ ਵਿੱਚ ਕਾਮਯਾਬ ਹੋ ਗਏ।

ਇਹ ਆਪ ਵੀ ਗ਼ਦਰ ਪਾਰਟੀ ਵੱਲੋਂ ਹਿੰਦੋਸਤਾਨ ਜਾ ਕੇ ਗ਼ਦਰ ਕਰਕੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿੱਚੋਂ ਬਾਹਰ ਕੱਢ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਦੇ ਸੱਦੇ ਤਹਿਤ ਮਸ਼ੀਮਾ ਮਾਰੂ ਜਹਾਜ਼ ਰਾਹੀਂ 25 ਅਕਤੂਬਰ 1914 ਨੂੰ ਕੋਲੰਬੋ ਪਹੁੰਚੇ ਤੇ ਉੱਥੋਂ ਪੰਜਾਬ ਆਏ। ਇਹ 19 ਨਵੰਬਰ 1914 ਨੂੰ ਗ਼ਦਰੀਆਂ ਦੀ ਮੋਗੇ ਹੋਈ ਮੀਟਿੰਗ ਵਿੱਚ ਸ਼ਾਮਿਲ ਹੋਏ ਤੇ ਇੱਥੇ ਹੀ ਨਿਧਾਨ ਸਿੰਘ ਨੇ ਇਹਨਾਂ ਨੂੰ ਪਿਸਤੌਲ ਤੇ ਕਾਰਤੂਸ ਦਿੱਤੇ ਸਨ ਤੇ ਫੇਰ ਇਹ 23 ਨਵੰਬਰ 1914 ਨੂੰ ਬੱਦੋਵਾਲ-ਮੁੱਲਾਂਪੁਰ ਸਟੇਸ਼ਨ ਦੇ ਵਿਚਕਾਰ ਹੋਈ ਮੀਟਿੰਗ 'ਚ ਸ਼ਾਮਿਲ ਹੋਏ।

ਇਹ 25 ਨਵੰਬਰ 1914 ਨੂੰ ਗ਼ਦਰੀਆਂ ਵੱਲੋਂ ਮੀਆਂ ਮੀਰ ਮੈਗਜ਼ੀਨ ਲੁੱਟਣ ਗਈ ਟੀਮ ਵਿੱਚ ਸ਼ਾਮਿਲ ਸਨ ਪਰ ਸਕੀਮ ਦੇ ਫੇਲ੍ਹ ਹੋਣ ਕਾਰਨ ਹੋਰ ਗ਼ਦਰੀਆਂ ਨਾਲ ਫਿਰੋਜ਼ਪੁਰ ਵਾਪਸ ਆ ਗਏ।

ਗ਼ਦਰੀਆਂ ਦੇ ਮੋਗਾ ਸਰਕਾਰੀ ਖਜ਼ਾਨਾ ਲੁੱਟਣ ਦੀ ਸਕੀਮ ਤਹਿਤ ਜਦੋਂ ਇਹ ਹੋਰਨਾਂ ਗ਼ਦਰੀਆਂ ਨਾਲ ਤਿੰਨ ਤਾਂਗਿਆਂ 'ਤੇ ਫਿਰੋਜ਼ਪੁਰ ਤੋਂ ਮੋਗਾ ਵਾਪਸ ਆ ਰਹੇ ਸਨ ਤਾਂ ਫ਼ਰੂ ਸ਼ਹਿਰ ਕੋਲ ਪੁਲਸ ਵੱਲੋਂ ਇਹਨਾਂ ਤਾਂਗਿਆਂ ਨੂੰ ਰੋਕਿਆ ਗਿਆ। ਉੱਥੇ ਪੁਲਸ ਨਾਲ ਗ਼ਦਰੀਆਂ ਦੀ ਤਕਰਾਰ ਤੋਂ ਬਾਅਦ ਗਾਂਧਾ ਸਿੰਘ ਨੇ ਸਬ-ਇੰਸਪੈਕਟਰ ਤੇ ਜ਼ੈਲਦਾਰ ਦੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਉੱਥੇ ਕਈ ਗ਼ਦਰੀ ਫੜ੍ਹੇ ਗਏ ਸਨ ਪਰ ਆਪ ਇਥੋਂ ਫਰਾਰ ਹੋ ਗਏ ਸਨ।

ਗ਼ਦਰ ਪਾਰਟੀ ਨੂੰ ਜਦੋਂ ਗ਼ਦਰ ਲਈ




ਹਥਿਆਰਾਂ ਤੇ ਹੋਰ ਸਰਗਰਮੀਆਂ ਲਈ ਪੈਸੇ ਦੀ ਲੋੜ ਸੀ ਤਾਂ ਗ਼ਦਰੀਆਂ ਨੇ ਸਾਹੂਕਾਰਾਂ ਤੇ ਸਰਕਾਰੀ ਖਜ਼ਾਨੇ ਲੁੱਟਣ ਦਾ ਫੈਸਲਾ ਕੀਤਾ। ਗਾਂਧਾ ਸਿੰਘ ਨੇ 10 ਥਾਵਾਂ 'ਤੇ ਡਾਕੇ ਮਾਰਨ ਦੀਆਂ ਕੋਸ਼ਿਸ਼ਾਂ 'ਚ ਮੋਹਰੀ ਰੋਲ ਅਦਾ ਕੀਤਾ ਜਿਨ੍ਹਾਂ ਵਿੱਚੋਂ ਦੋ ਡਾਕਿਆਂ 'ਚ ਗ਼ਦਰੀ ਪੈਸਾ ਤੇ ਗਹਿਣੇ ਲੁੱਟਣ ਵਿੱਚ ਕਾਮਯਾਬ ਵੀ ਹੋ ਗਏ ਸਨ।

ਗਾਂਧਾ ਸਿੰਘ ਨੇ ਪਾਰਟੀ ਦੀਆਂ ਲੋੜਾਂ ਮੁਤਾਬਿਕ ਆਸਾ ਮਾਜਰਾਂ ਵਿਖੇ ਪੰਜਾਬ ਵਿੱਚ ਗ਼ਦਰ ਛਾਪਾਖਾਨਾ ਲਾਉਣ ਦਾ ਕੋਸ਼ਿਸ਼ ਵੀ ਕੀਤੀ।

ਗ਼ਦਰ ਪਾਰਟੀ ਨੂੰ ਅੰਗਰੇਜ਼ਾਂ 'ਤੇ ਹਮਲਾ ਕਰਨ ਲਈ ਬੰਬਾਂ ਦੀ ਲੋੜ ਸੀ। ਇਹਨਾਂ ਨੇ ਲੋਹਟਬੱਧੀ ਵਿੱਚ ਗੁਪਤ ਬੰਬਾਂ ਦੀ ਫੈਕਟਰੀ ਕਾਇਮ ਕੀਤੀ ਤੇ ਉੱਥੇ ਕਈ ਬੰਬ ਬਣਾਏ ਤੇ ਟੈਸਟ ਕੀਤੇ।

ਗ਼ਦਰ ਪਾਰਟੀ ਵੱਲੋਂ ਤਹਿ 19 ਫਰਵਰੀ 1915 ਦੀ ਗ਼ਦਰ ਕਰਨ ਦੀ ਤਾਰੀਖ ਤਹਿਤ ਇਹ ਵੀ ਫਿਰੋਜ਼ਪੁਰ ਦੀ ਫੌਜੀ ਛਾਉਣੀ ਤੋਂ ਹਥਿਆਰ ਲੁੱਟਣ ਹੋਰ ਗ਼ਦਰੀਆਂ ਨਾਲ ਫਿਰੋਜ਼ਪੁਰ ਪਹੁੰਚੇ ਸਨ ਪਰ ਅੰਗਰੇਜ਼ਾਂ ਨੂੰ ਇੱਕ ਸੂਹੀਏ ਦੇ ਸੂਚਨਾ ਦੇਣ ਕਾਰਨ ਗ਼ਦਰੀਆਂ ਦੀਆਂ ਫੌਜੀ ਛਾਉਣੀਆਂ ਤੋਂ ਹਥਿਆਰ ਲੁੱਟਣ ਦੀਆਂ ਸਾਰੀਆਂ ਸਕੀਮਾਂ ਫੇਲ੍ਹ ਹੋ ਗਈਆਂ ਸਨ ਤੇ ਬਹੁਤ ਸਾਰੇ ਗ਼ਦਰੀ ਫੜ੍ਹੇ ਗਏ ਸਨ।

ਗਾਂਧਾ ਸਿੰਘ ਨੇ ਅੰਗਰੇਜ਼ ਸਰਕਾਰ ਵੱਲੋਂ 19 ਸਤੰਬਰ 1915 ਨੂੰ ਫੜ੍ਹੇ ਜਾਣ ਤੱਕ ਆਪਣੀ ਗ਼ਦਰੀ ਸਰਗਰਮੀਆਂ ਲਗਾਤਾਰ ਜਾਰੀ ਰੱਖੀਆਂ। ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਗ਼ਦਰ ਕਰਨ ਲਈ ਲਾਮਬੰਦ ਕਰਦੇ ਰਹੇ।

ਸ਼ਹੀਦ ਭਗਤ ਸਿੰਘ ਤੇ ਸ਼ਿਵ ਵਰਮਾ ਨੇ ਇਲਾਹਾਬਾਦ ਤੋਂ ਹਿੰਦੀ ਵਿੱਚ ਨਿਕਲਦੇ ਚਾਂਦ ਫਾਂਸੀ ਅੰਕ ਨਵੰਬਰ 1928 ਦੇ ਵਿਸ਼ੇਸ਼ ਅੰਕ ਲਈ 53 ਸ਼ਹੀਦਾਂ ਬਾਰੇ ਲੇਖ ਲਿਖੇ ਸਨ। ਭਗਤ ਸਿੰਘ ਵੱਲੋਂ ਗਾਂਧਾ ਸਿੰਘ ਬਾਰੇ ਲਿਖਿਆ ਲੇਖ ਉਹਨਾਂ ਵਿੱਚੋਂ ਇੱਕ ਸੀ।

ਸੋਹਣ ਸਿੰਘ ਭਕਨਾ ਨੇ ਵੀ ਆਪਣੀਆਂ ਯਾਦਾਂ 'ਚ ਕਈ ਥਾਂ ਗਾਂਧਾ ਸਿੰਘ ਵੱਲੋਂ ਗ਼ਦਰ ਲਹਿਰ ਵਿੱਚ ਪਾਏ ਸਹਿਯੋਗ ਦਾ ਜ਼ਿਕਰ ਕੀਤਾ ਹੈ।

• • •

### ਸੋਹਣ ਸਿੰਘ ਭਕਨਾ ਦੀ ਕਲਮ ਤੋਂ ਭਗਤ ਸਿੰਘ ਉਰਫ਼ ਗਾਂਧਾ ਸਿੰਘ

ਭਗਤ ਸਿੰਘ ਦੀ ਉਮਰ ਮਸੀਂ 28 ਸਾਲਾਂ ਦੀ ਸੀ, ਜਦੋਂ ਗ਼ਦਰ ਪਾਰਟੀ ਵਿੱਚ ਸ਼ਾਮਲ ਹੋਏ ਉਨ੍ਹਾਂ ਦਾ ਰੰਗ ਗੋਰਾ, ਮੋਟੀਆਂ- ਮੋਟੀਆਂ ਅੱਖਾਂ, ਬਹੁਤ ਮਜ਼ਬੂਤ ਜੁੱਸਾ ਤੇ ਕੱਦ ਦਰਮਿਆਨਾ ਸੀ। ਉਹ ਬਹੁਤ ਮਿਹਨਤੀ ਸਨ।

ਉਨ੍ਹਾਂ ਨੇ ਆਪਣੀ ਹਿੰਮਤ ਨਾਲ ਹਜ਼ਾਰਾਂ ਡਾਲਰ ਕਮਾਏ ਤੇ ਜੋੜੇ ਸਨ। ਉਹ ਅਨਪੜ੍ਹ ਹੋਣ ਦੇ ਬਾਵਜੂਦ ਬਹੁਤ ਹੀ ਸਮਝਦਾਰ ਤੇ ਮਿਲਣਸਾਰ ਸਨ। ਉਹ ਪਾਰਟੀ ਫੈਸਲੇ ਮੁਤਾਬਕ ਆਜ਼ਾਦੀ ਦੀ ਜੰਗ ਲਈ ਹਿੰਦੋਸਤਾਨ ਪਹੁੰਚ ਗਏ ਅਤੇ ਪੁਲੀਸ ਦੀਆਂ ਨਜ਼ਰਾਂ ਤੋਂ ਬਚ ਕੇ ਪੰਜਾਬ ਪਹੁੰਚਣ ਵਿੱਚ ਸਫਲ ਹੋ ਗਏ। ਉਹ ਹੋਰਨਾਂ ਸਾਥੀਆਂ ਵਾਂਗ ਹੀ ਇਨਕਲਾਬੀ ਨੌਜਵਾਨਾਂ ਦੀ ਪਹਿਲੀ ਪਾਲ ਵਿੱਚ ਸਨ ਅਤੇ ਬੜੀ ਬਹਾਦਰੀ ਤੇ ਦਲੇਰੀ ਨਾਲ ਕੰਮ ਕਰਦੇ ਸਨ। ਫਿਰੋਜ਼ਪੁਰ ਛਾਉਣੀ 'ਤੇ ਜਿਨ੍ਹਾਂ 15 ਦੇਸ਼ ਭਗਤਾਂ ਦੀ ਡਿਊਟੀ ਲਗਾਈ ਗਈ ਸੀ, ਉਨ੍ਹਾਂ ਵਿੱਚ ਆਪ ਵੀ ਸ਼ਾਮਲ ਸਨ। ਫਿਰ ਆਪ ਉਨ੍ਹਾਂ ਸੱਤ ਦੇਸ਼ਭਗਤਾਂ 'ਚੋਂ ਸਨ ਜਿਹੜੇ ਫਿਰੋਜ਼ਪੁਰ ਜਾਂਦੇ ਹੋਏ ਪੁਲਸ ਮੁਕਾਬਲੇ 'ਚੋਂ ਬਚ ਕੇ ਭੱਜਣ 'ਚ ਸਫਲ ਰਹੇ ਸਨ।

ਪਾਰਟੀ ਦੇ ਹੋਰਨਾਂ ਕੰਮਾਂ ਵਿੱਚ ਵੀ ਇਨ੍ਹਾਂ ਦਾ ਬਹੁਤ ਸਾਰਾ ਹਿੱਸਾ ਸੀ। ਕਰਤਾਰ ਸਿੰਘ ਦੀ ਤਰ੍ਹਾਂ ਇਹ ਵੀ ਹਰ ਇੱਕ ਕੰਮ ਵਿੱਚ ਹਿੱਸਾ ਲੈਂਦੇ ਸਨ। ਇਨ੍ਹਾਂ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਹੋਈ ਤੇ ਇਹ ਬਹਾਦਰੀ ਨਾਲ ਗੀਤ ਗਾਉਂਦੇ ਹੋਏ ਫਾਂਸੀ 'ਤੇ ਲਟਕ ਗਏ।

ਇਨ੍ਹਾਂ ਦਾ ਜਨਮ ਜਵਾਲਾ ਸਿੰਘ ਦੇ ਘਰ ਪਿੰਡ ਕੱਚਰਭੰਨ (ਤਹਿਸੀਲ ਜ਼ੀਰਾ) 'ਚ ਹੋਇਆ ਸੀ। ਇਨ੍ਹਾਂ ਉੱਤੇ ਫਿਰੋਜ਼ਪੁਰ ਵਾਲੇ ਵਾਕਿਆ ਵਿੱਚ ਥਾਣੇਦਾਰ ਨੂੰ ਮਾਰਨ ਦਾ ਦੋਸ਼ ਸੀ। ਜੱਜ ਨੇ ਆਪਣੇ ਫੈਸਲੇ ਵਿੱਚ ਲਿਖਿਆ ਸੀ ਕਿ ਜਿਹੜੇ 7 ਬੰਦੇ ਪਹਿਲਾਂ ਫਾਂਸੀ 'ਤੇ ਚੜਾਏ ਗਏ ਸਨ, ਅਸਲ ਦੋਸ਼ੀ ਉਹ ਨਹੀਂ ਸਨ, ਅਸਲ ਵਿੱਚ ਥਾਣੇਦਾਰ ਨੂੰ ਮਾਰਨ ਵਾਲਾ ਗਾਂਧਾ ਸਿੰਘ ਹੈ ਜਿਸਨੂੰ ਹੁਣ ਮੌਤ ਦੀ ਸਜ਼ਾ ਦੇ ਰਹੇ ਹਾਂ।

ਵਾਹ ! ਨਿਆਂ ਹੋਵੇ ਤਾਂ ਇਹੋ ਜਿਹਾ !

• • •

ਜੇ ਕੋਈ ਪੁੱਛੇ ਕਿ ਕੌਨ ਹੋ ਤੁਮ,
ਤੋ ਕਹਿ ਦੋ ਬਾਗ਼ੀ ਹੈ ਨਾਮ ਅਪਨਾ,
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ।
ਗ਼ਦਰ ਕਰਨਾ ਹੈ ਕਾਮ ਅਪਨਾ,
ਨਮਾਜ਼ ਸੰਧਿਆ ਯਹੀ ਹਮਾਰੀ।
ਔਰ ਪਾਠ ਪੂਜਾ ਸ਼ਭੀ ਯਹੀ ਹੈ,
ਧਰਮ ਕਰਮ ਸਭ ਯਹੀ ਹੈ ਹਮਾਰਾ,
ਯਹੀ ਖ਼ੁਦਾ ਹੈ ਔਰ ਰਾਮ ਅਪਨਾ।

ਕਰਤਾਰ ਸਿੰਘ ਸਰਾਭਾ

• • •

ਸ਼ਹੀਦੇ ਆਜ਼ਮ ਭਗਤ ਸਿੰਘ ਨੇ ਇਲਾਹਾਬਾਦ ਤੋਂ ਹਿੰਦੀ ਵਿੱਚ ਨਿਕਲਦੇ 'ਚਾਂਦ' ਰਸਾਲੇ ਦੇ ਨਵੰਬਰ 1928 ਦੀ ਦੀਵਾਲੀ ਮੌਕੇ ਲਈ ਲਿਖੀ ਸੀ ਗਾਂਧਾ ਸਿੰਘ ਦੀ ਜੀਵਨੀ ਦਾ ਕੁੱਝ ਹਿੱਸਾ ਦਿੱਤਾ ਗਿਆ ਹੈ।

ਆਪ 'ਤੇ ਉੱਥੇ ਹੀ ਥਾਣੇਦਾਰ ਨੂੰ ਮਾਰਨ ਦੇ ਜ਼ੁਰਮ ਵਿਚ ਮੁੱਕਦਮਾ ਚਲਾਇਆ ਗਿਆ ਅਤੇ ਫਾਂਸੀ ਦੀ ਸਜ਼ਾ ਮਿਲੀ। ਉਸ ਵੇਲੇ ਜੱਜ ਨੇ ਆਪਣੇ ਫੈਸਲੇ ਵਿਚ ਲਿਖਿਆ ਸੀ ਕਿ 'ਜੋ ਸੱਤ ਬੰਦੇ ਪਹਿਲਾਂ ਫਾਂਸੀ 'ਤੇ ਚੜ੍ਹਾਏ ਗਏ ਸਨ ਉਹ ਅਸਲ ਅਪਰਾਧੀ ਨਹੀਂ ਸਨ। ਅਸਲ ਅਪਰਾਧੀ ਤਾਂ ਇਹ ਹੈ ਜਿਸ ਨੂੰ ਅਸੀਂ ਅੱਜ ਫਾਂਸੀ ਦੇ ਰਹੇ ਹਾਂ।' ਸਦਕੇ ਜਾਈਏ ਅਜਿਹੇ ਇਨਸਾਫ਼ ਦੇ।

ਫਾਂਸੀ ਸੁਣਾਏ ਜਾਣ ਤੋਂ ਬਾਅਦ ਤਾਂ ਆਪਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਉਸ ਵੇਲੇ ਇਕ ਅੰਗਰੇਜ਼ ਸਾਰਜੈਂਟ ਨੇ ਆਪਣੇ ਸਾਥੀ ਨੂੰ ਕਿਹਾ ਸੀ-'ਅੱਜ ਅਸੀਂ ਗੰਧਾ ਸਿੰਘ ਦੇ ਦਰਸ਼ਨ ਕੀਤੇ ਸਨ। ਉਹ ਬੜਾ ਖ਼ੁਸ਼ ਹੈ ਤੇ ਇਸ ਤਰ੍ਹਾਂ ਸਿਰ ਹਿਲਾ-ਹਿਲਾ ਕੇ ਗੱਲਾਂ ਕਰ ਰਿਹਾ ਹੈ ਜਿਵੇਂ ਉਸ ਨੂੰ ਕਾਸੇ ਦਾ ਸਰੂਰ ਹੋਵੇ।'

8 ਮਾਰਚ 1916 ਦਾ ਦਿਨ ਸੀ। ਸਵੇਰ ਦੇ ਪੰਜ ਵਜੇ ਸੀ। ਨਹਾਉਣ ਵਾਸਤੇ ਪਾਣੀ ਲਿਆਉਣ ਵਾਲੇ ਨੇ ਕਿਹਾ-'ਤੁਹਾਨੂੰ ਪਤਾ ਹੈ ਕਿ ਅੱਜ ਫਾਂਸੀ ਦਿੱਤੀ ਜਾਵੇਗੀ?' ਆਪਨੇ ਬਿਲਕੁਲ ਸਾਧਾਰਨ ਲਹਿਜੇ ਵਿਚ ਜਵਾਬ ਦਿੱਤਾ-'ਫਾਂਸੀ ਮੇਰੇ ਵਾਸਤੇ ਕੋਈ ਨਵੀਂ ਗੱਲ ਨਹੀਂ। ਮੈਂ ਜਿਸ ਦਿਨ ਅਮਰੀਕਾ ਤੋਂ ਤੁਰਿਆ ਸੀ, ਫਾਂਸੀ ਉਸੇ ਦਿਨ ਲੱਗ ਚੁੱਕੀ ਸੀ।'

ਫਾਂਸੀ ਹੋ ਚੁੱਕਣ ਤੋਂ ਬਾਅਦ ਇਕ ਵਾਰਡਰ ਨੇ ਕਿਹਾ ਸੀ-'ਮੈਂ ਆਪਣੀ 30 ਸਾਲ ਦੀ ਨੌਕਰੀ ਵਿਚ ਕੁਲ 125 ਬੰਦਿਆਂ ਨੂੰ ਆਪਣੇ ਹੱਥੀਂ ਫਾਂਸੀ 'ਤੇ ਚੜ੍ਹਾਇਆ ਹੈ। ਉਨ੍ਹਾਂ ਵਿਚ ਅਕਸਰ ਹਰ ਤਰ੍ਹਾਂ ਦੇ ਬੰਦੇ ਸ਼ਾਮਿਲ ਹਨ, ਪਰ ਜੋ ਦਲੇਰੀ, ਹੌਸਲਾ ਤੇ ਉਤਸ਼ਾਹ ਮੈਂ ਗੰਧਾ ਸਿੰਘ ਵਿਚ ਦੇਖਿਆ, ਉਹ ਹੋਰ ਕਿਸੇ ਵਿਚ ਨਹੀਂ ਦੇਖਿਆ ਸੀ।' ਉਸ ਵੇਲੇ ਉਨ੍ਹਾਂ ਦੀ ਦਲੇਰੀ ਤੋਂ ਪ੍ਰਭਾਵਿਤ ਹੋ ਕੇ ਜੇਲ੍ਹ ਮੁਲਾਜ਼ਮ ਵੀ ਰੋ ਪਏ ਸਨ।

• • •



ਕੁਲਦੀਪ ਸਿੰਘ ਦੀਪ (ਡਾ.)
ਦੀਪ ਦੁਨੀਆ
9876820600

# ਸੂਚਨਾ ਤਕਨਾਲੋਜੀ ਅਤੇ ਮਨ ਦਾ ਅੱਥਰਾ ਘੋੜਾ

## (ਜਿਸ ਚੀਜ਼ ਬਾਰੇ ਅਕਸਰ ਅਸੀਂ ਗੱਲ ਨਹੀਂ ਕਰਦੇ...)

ਸੰਸਾਰ ਏਨਾ ਕੁ ਸੁੰਘੜ ਗਿਆ ਹੈ ਕਿ ਸੁੰਘੜ ਕੇ ਤੁਹਾਡੀ ਜ਼ੇਬ ਜਾਂ ਪਰਸ ਵਿਚ ਪਾਈ ਨਿੱਕੀ ਜਿਹੀ 'ਡੱਬੀ' ਵਿਚ ਕੈਦ ਹੋ ਗਿਆ ਹੈ। ਹੁਣ ਇਸ ਡੱਬੀ ਰਾਹੀਂ ਤੁਸੀਂ ਆਪਣੇ ਨਾਲ ਪੂਰਾ ਸੰਸਾਰ ਚੁੱਕੀਂ ਫਿਰਦੇ ਹੋ ਤੇ ਜਦ ਵੀ ਇਸ ਡੱਬੀ ਨੂੰ ਓਪਨ ਕਰਦੇ ਹੋ ਤੇ ਇਕ ਕਮਾਂਡ ਨਾਲ 'ਸਿਮ ਸਿਮ ਖੁਲ੍ਹ ਜਾ' ਤੋਂ ਵੱਧ ਸਪੀਡ ਨਾਲ ਇਹ ਸੰਸਾਰ ਤੁਹਾਡੇ ਸਾਮ੍ਹਣੇ ਫੈਲ ਜਾਂਦਾ ਹੈ ਤੇ ਤੁਸੀਂ ਇਸ ਸੰਸਾਰ ਦੇ ਜਿਸ ਮਰਜੀ ਕੋਨੇ ਵਿਚ ਬੈਠ ਆਪਣੀ ਮਨ ਮਰਜੀ ਦਾ 'ਕੁਝ ਵੀ' ਕਰ ਸਕਦੇ ਹੋ। ਪਹਿਲਾਂ ਕੰਪਿਊਟਰ ਸਿਰਫ਼ ਕੈਲਕੂਲੇਟਰ ਦੇ ਰੂਪ ਵਿਚ ਸਾਡੇ ਕੋਲ ਆਇਆ ਸੀ ਤੇ ਹੁਣ ਇਸ ਦੀਆਂ 'ਕੈਲਕੂਲੇਸ਼ਨਾਂ' ਆਮ ਬੰਦੇ ਦੀ ਸਮਝ ਤੋਂ ਬਾਹਰ ਹੋ ਗਈਆਂ। ਇਸ ਮਾਮਲੇ ਵਿਚ ਸਭ ਤੋਂ ਵੱਡਾ ਇਨਕਲਾਬ ਉਸ ਵਕਤ ਆਇਆ ਜਦ ਤੁਹਾਡੇ ਘਰ ਵਿਚ ਪਿਆ ਕੰਪਿਊਟਰ ਬਿਨਾ ਕਿਸੇ ਤਾਰ ਤੋਂ ਦੁਨੀਆਂ ਭਰ ਦੇ ਸਾਰੇ ਕੰਪਿਊਟਰਾਂ ਨਾਲ ਜੁੜ ਗਿਆ ਤੇ ਤੁਸੀਂ ਹਵਾ ਦੇ ਘੋੜੇ ਤੇ ਚੜ੍ਹਕੇ ਦੂਜਿਆਂ ਤੇ ਘਰਾਂ ਤੋਂ ਵੀ ਅਗੇ ਦਿਮਾਗ਼ਾਂ ਤੱਕ ਰਸਾਈ ਕਰ ਗਏ। ਫਿਰ ਜਦ ਇਸ ਤੋਂ ਵੀ ਅੱਗੇ ਸੋਸ਼ਲ ਮੀਡੀਆ ਵੈਬਸਾਈਟਸ ਹੋਂਦ ਵਿਚ ਆਈਆਂ ਤਾਂ ਇਹ ਸੰਪਰਕ ਕਈ ਹਜ਼ਾਰ ਗੁਣਾ ਫੈਲ ਵੀ ਗਿਆ ਤੇ ਨਿਜੀ ਵੀ ਹੋ ਗਿਆ। 'ਕੰਧ ਓਹਲੇ ਪਰਦੇਸ' ਵਾਲੇ ਇਸ ਸੰਸਾਰ ਲਈ ਹੁਣ ਦਰਿਆ, ਸਮੁੰਦਰ, ਪਹਾੜ, ਚੰਨ, ਤਾਰੇ ਅਤੇ ਗ੍ਰਹਿ ਵੀ ਪਰਦੇਸ ਨਹੀਂ ਰਹੇ। ਹੁਣ ਤਾਂ ਸੋਚ ਕੇ ਹੀ ਹੈਰਾਨੀ ਹੁੰਦੀ ਹੈ ਕਿ ਹਵਾ ਵਿਚ ਕਿੰਨਾ ਕੁਝ ਤੈਰਦਾ ਫਿਰਦਾ ਹੈ..ਬੰਦਾ ਆਪਣੀ ਡੱਬੀ ਵਿੱਚੋਂ ਤੀਰ ਛੱਡਦਾ ਹੈ ਤੇ ਤੀਰ ਸਿੱਧਾ ਉਥੇ ਹੀ ਪਹੁੰਚਦਾ ਹੈ, ਜਿਧਰ ਨੂੰ ਤੁਸੀਂ ਸਿੰਨਿਆ ਹੁੰਦਾ ਹੈ।

ਕਦੇ ਦੌਰ ਸੀ ਤੁਹਾਨੂੰ ਇਕ ਦੂਜੇ ਨਾਲ ਸੰਪਰਕ ਬਣਾਉਣ ਲਈ ਸਰੀਰਕ ਰੂਪ ਵਿਚ ਮਿਲਣਾ ਪੈਂਦਾ ਸੀ ਤੇ ਹੱਟੀਆਂ-ਭੱਠੀਆਂ, ਤੀਆਂ-ਤ੍ਰਿੰਝਣ ਤੇ ਖੂਹ-ਟੋਭੇ ਹੀ ਅਜਿਹੀ ਥਾਂ ਸੀ ਜਿਥੇ ਕੋਈ ਕਿਸੇ ਨੂੰ ਮਿਲ ਸਕਦਾ ਸੀ। ਇਹਨਾਂ ਦਾ ਪ੍ਰਗਟਾਵਾ ਸਾਡੇ ਗੀਤਾਂ ਵਿਚ ਬਾਖੂਬੀ ਮਿਲਦਾ ਹੈ : ਪਹਿਲੀ ਸਥਿਤੀ ਮਨ ਦੇ ਅੰਦਰ ਵੱਸਣ ਦੀ ਸੀ ਤੇ ਕਿਹਾ ਜਾਂਦਾ ਸੀ...ਤੇਰੀ ਮੇਰੀ ਇਕ ਜ਼ਿੰਦੜੀ....ਫੇਰ ਕਿਤੇ ਦੇਖਣ ਦੀ ਇੱਛਾ ਜ਼ਾਹਿਰ ਕੀਤੀ ਜਾਂਦੀ ਸੀ ਤੇ ਕਿਹਾ ਜਾਂਦਾ ਸੀ : ਦੋ ਪੱਤਰ ਅਨਾਰਾਂ ਦੇ..ਸਾਡੀ ਗਲੀ ਲੰਘ ਮਾਹੀਆ ਦੁਖ ਟੁੱਟਣ ਬੀਮਾਰਾਂ ਦੇ..ਫਿਰ ਕਿਤੇ ਮਿਲਣ ਦਾ ਸਬੱਬ ਬਣਦਾ ਸੀ ਤਾਂ ਕਿਹਾ ਜਾਂਦਾ ਸੀ.ਹਾਣੀਆਂ ਕਲ੍ਹ ਕਣਕਾਂ ਦੇ ਉਹਲੇ..ਵੇ ਮੇਰਾ ਨਰਮ ਕਾਲਜਾ ਡੋਲੇ...ਪਰ ਜਦ ਥੋੜੀ ਜਿਹੀ ਮਸ਼ੀਨੀ ਤਰੱਕੀ ਕੀਤੀ ਤਾਂ ਮਿਲਣ ਦੀ ਸਪੇਸ ਖਤਮ ਹੋਣ ਲੱਗ ਪਈ ਤੇ ਕਿਹਾ ਜਾਣ ਲੱਗ ਪਿਆ : ਖੂਹਾਂ ਟੋਭਿਆਂ ਤੇ ਮਿਲਣੋਂ ਹਹਿ ਗਏ, ਚੰਦਰੇ ਲਵਾ ਲੇ ਨਲਕੇ..ਇਥੋਂ ਤੱਕ ਇਕ ਯੁੱਗ ਸੀ। ਅਗਲਾ ਯੁੱਗ ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ ਦਾ ਸੀ ਜਿਸ ਵਿਚ ਮਿਲਣ ਦੀ ਸਪੇਸ ਵੀ ਬਣੀ ਤੇ ਚਿੱਠੀਆਂ ਆਦਿ ਦੇ ਰੂਪ ਵਿਚ 'ਆਦਾਨ-ਪ੍ਰਦਾਨ' ਵੀ ਹੁੰਦਾ ਰਿਹਾ ਤੇ ਉਸ ਤੋਂ ਬਾਅਦ ਅਸੀਂ ਚਿੱਠੀਆਂ ਪਾਉਣੀਆਂ ਭੁੱਲ ਗਏ..ਜਦੋਂ ਦਾ ਟੈਲੀਫੋਨ ਲੱਗਿਆ..ਬਸ ਫਿਰ ਟੈਲੀਫੋਨ ਕੀ ਲੱਗਿਆ..ਇਸ ਤੋਂ ਬਾਅਦ ਮੋਬਾਈਲ, ਕੰਪਿਊਟਰ, ਇੰਟਰਨੈਟ ਤੇ ਹੁਣ ਸੋਸ਼ਲ ਮੀਡੀਆ ਤੱਕ ਕਈ ਯੁੱਗਾਂ ਦੀਆਂ 'ਤਿਹਾਈਆਂ ਰੂਹਾਂ' ਨੇ 'ਡੰਝਾਂ' ਲਾਹ ਲਈਆਂ।

ਸੋਸ਼ਲ ਮੀਡੀਆ ਬਹੁਤ ਅੱਥਰਾ ਘੋੜਾ ਹੈ। ਬੰਦੇ ਨੂੰ ਇਹ ਸਮਝ ਨਹੀਂ ਆਉਂਦਾ ਕਿ ਮੈਂ ਇਸ ਤੇ ਸਵਾਰ ਹਾਂ ਕਿ ਇਹ ਮੇਰੇ ਤੇ ਸਵਾਰ ਹੈ। ਬੰਦੇ ਦੇ ਕੋਲ ਮੋਬਾਈਲ ਪਿਆ ਹੁੰਦਾ ਹੈ। ਕਈ ਵਾਰ ਤਾਂ ਉਹ ਇਸ ਕਰਕੇ ਇਰੀਟੇਟ ਹੋ ਜਾਂਦਾ ਹੈ ਇਹ ਵਾਰ ਵਾਰ 'ਟੂੰ-ਟੂੰ' ਕਰੀ ਜਾਂਦਾ ਹੈ..ਪਰ ਜੇ ਕੁਝ ਦੇਰ ਟੂੰ-ਟੂੰ ਨਾ ਹੋਵੇ ਤਾਂ ਇਸ ਕਰਕੇ ਡਿਸਟਰਬ ਹੋ ਜਾਂਦਾ ਹੈ ਕਿ ਇਹਦੀ ਟੂੰ ਟੂੰ ਨੂੰ ਕੀ ਲਕਵਾ ਵੱਜ ਗਿਆ? ਫੇਰ ਵਾਰ-ਵਾਰ ਸਕਰੋਲ ਕਰੀਂ ਜਾਂਦਾ ਹੈ। ਇਹ ਅਜਿਹਾ ਘੋੜਾ ਹੈ ਜਿਸ ਤੇ ਤੁਹਾਨੂੰ ਥਾਪੀ ਨਹੀਂ ਮਾਰਨੀ ਪੈਂਦੀ..ਇਹ 24 ਘੰਟੇ ਤਿਆਰ ਰਹਿੰਦਾ ਹੈ ਤੇ ਵਾਰ ਵਾਰ ਕਦੇ ਵਾਈਬਰੇਸ਼ਨ ਤੇ ਕਦੇ ਟੂੰ ਟੂੰ ਕਰਕੇ ਤੁਹਾਡੇ ਤੇ ਥਾਪੀਆਂ ਮਾਰਦਾ ਹੈ ਕਿ ਆਜਾ ਵੱਡਿਆ ਸਵਾਰਾ ਚੜ੍ਹ। ਬਸ ਫੇਰ ਬੰਦੇ ਨੂੰ ਅਜਿਹਾ ਚੜ੍ਹਾਉਂਦਾ ਹੈ ਕਿ ਕਈ ਵਾਰ ਤਾਂ ਮਿੰਟਾਂ-ਸਕਿੰਟਾਂ ਵਿਚ ਦੇਸ਼ ਦੁਨੀਆਂ ਦਿਖਾ ਦਿੰਦਾ ਹੈ, ਤੇ ਕਈ ਵਾਰ ਇਹੋ ਜਿਹੀ ਪਲਟੀ ਮਾਰਦਾ ਹੈ ਕਿ ਬੰਦਾ ਪਤਾ ਨਹੀਂ ਕਿੰਨੀਆਂ ਲੋਟਣੀਆਂ ਖਾ ਜਾਂਦਾ ਹੈ। ਜਿਸ ਨੇ ਤਾਂ ਇਸ ਦੀਆਂ ਮੁਹਾਰਾਂ ਪਕੜ ਲਈਆਂ, ਉਸ ਲਈ ਤੇ ਇਹ ਅੱਲਾਦੀਨ ਦਾ ਚਿਰਾਗ ਹੈ ਤੇ ਜਿਹੜੇ ਚੜ੍ਹਦੀ ਕੌਡੀ ਪਾਉਣ ਦੇ ਸ਼ੁਕੀਨ ਹੁੰਦੇ ਹਨ, ਉਹਨਾਂ ਨੂੰ ਇਹ ਦਿਨੇ ਤਾਰੇ ਦਿਖਾ ਦਿੰਦਾ ਹੈ। ਇਸ ਨੇ ਹਰ ਚੀਜ਼ ਤੁਹਾਡੀ ਰੇਂਜ ਵਿਚ ਕਰ ਦਿੱਤੀ ਹੈ। ਆਮ ਜਾਣਕਾਰੀ ਤੋਂ ਲੈ ਕੇ ਪੋਰਨ ਸਾਈਟਸ ਤੱਕ ਸਭ ਕੁਝ ਇਸ ਡੱਬੀ ਵਿਚ ਹੈ। ਭਾਰਤ ਵਰਗੇ ਬੰਦ ਸਮਾਜਾਂ ਵਿਚ ਸੈਕਸ ਤੇ ਬਾਹਰੋਂ ਤਾਂ ਪਾਬੰਦੀਆਂ ਹਨ ਪਰ ਉਂਝ ਇਸ ਦਾ ਵਾਇਰਸ 24 ਘੰਟੇ ਸਾਡੇ ਦਿਮਾਗ ਵਿਚ ਐਕਟੀਵੇਟ ਰਹਿੰਦਾ ਹੈ। ਔਰਤ ਸਦੀਆਂ ਦੀ ਗੁਲਾਮੀ ਕਰਕੇ ਮਰਦ ਦੇ ਮੁਕਾਬਲੇ ਰਿਜ਼ਰਵ ਤੇ ਰੱਖਿਆਤਮਕ ਹੁੰਦੀ ਹੈ, ਪਰ ਮਰਦ ਪਹਿਲਾਂ ਹੀ ਆਪਣੇ ਆਪ ਨੂੰ 'ਨਾਤ੍ਹਾ-ਧੋਤਾ ਘੋੜਾ' ਕਹਿੰਦਾ ਰਿਹਾ ਹੈ, ਉਸ ਵਿੱਚੋਂ ਬਹੁਤ ਸਾਰੇ (ਸਾਰੇ ਨਹੀਂ) ਇਥੇ ਆ ਕੇ ਬਿਲਕੁਲ ਬੇਲਗਾਮ ਹੋ ਜਾਂਦੇ ਹਨ ਤੇ ਹਰ ਖੁਰਲੀ ਵਿਚ ਮੂੰਹ ਮਾਰਦੇ ਫਿਰਦੇ ਰਹਿੰਦੇ ਹਨ। ਪਹਿਲਾਂ ਬਲਿਊ ਫਿਲਮਾਂ ਦੇਖਣ ਲਈ ਬਹੁਤ ਹੀ ਚੋਰੀ ਚੋਰੀ ਵੀਸੀਆਰ ਦਾ ਜੁਗਾੜ ਕਰਨ ਦਾ ਰੁਝਾਨ ਸੀ..ਪਰ ਜਦ ਇਹ ਡੱਬੀ ਆਈ ਤਾਂ ਸਾਡੀ ਤਾਂ ਲਾਟਰੀ ਲੱਗ ਗਈ।



ਉਂਝ ਇਹ ਲਾਗ ਉਹਨਾਂ ਲੋਕਾਂ ਵਿਚ ਘੱਟ ਹੈ ਜਿਹੜੇ ਹੁਣ ਸੜਕਾਂ ਤੇ ਰੁਲ ਰਹੇ ਹਨ। ਇਹਨਾਂ ਵਿਚਾਰਿਆਂ ਕੋਲ ਨਾ ਤਾਂ ਰੋਜ਼ੀ-ਰੋਟੀ ਦੇ ਚੱਕਰਾਂ ਵਿਚ ਅਜਿਹੀ ਅਯਾਸ਼ੀ ਲਈ ਵਿਹਲ ਹੈ ਤੇ ਇਹਨਾਂ ਦੀ ਪਹੁੰਚ ਇਹਨਾਂ ਡੱਬੀਆਂ ਤੱਕ ਹੈ। ਅਮੀਰ ਲੋਕ ਮਾਇਆਧਾਰੀ ਹੁੰਦੇ ਹਨ..ਉਹ ਪੈਸਾ ਕਮਾਉਂਦੇ ਹਨ, ਪੈਸਾ ਖਾਂਦੇ ਹਨ ਤੇ ਪੈਸਿਆਂ ਦੇ ਹੀ ਸੁਪਨੇ ਲੈਂਦੇ ਹਨ। ਲੈ ਦੇ ਕੇ ਬੱਚ ਜਾਂਦੀ ਹੈ ਮਿਡਲ ਕਲਾਸ ਜਿਸ ਦੇ ਸੁਪਨੇ ਬਹੁਤ 'ਵੱਡੇ' ਹੁੰਦੇ ਹਨ। ਇਹ ਨਿੱਕੀਆਂ ਨਿੱਕੀਆਂ ਸੇਲਾਂ ਤੇ ਡਿਸਕਾਉਂਟਾਂ ਤੋਂ ਲੈ ਕੇ ਸੌ ਰੁਪਏ ਦੀ ਟਿਕਟ ਰਾਹੀਂ ਕਰੋੜ-ਕਰੋੜ ਦੀਆਂ ਲਾਟਰੀਆਂ ਤਕ ਦੇ ਸੁਪਨੇ ਲੈਂਦੇ ਹਨ, ਅਤੇ ਗਲੀ ਮੋੜ ਤੇ ਖੜ੍ਹ ਕੇ ਠਰਕ ਭੋਰਨ ਤੋਂ ਲੈ ਕੇ ਪਹਿਲਾਂ ਬਲਿਊ ਫਿਲਮਾਂ ਤੇ ਹੁਣ ਪੋਰਨ ਸਾਈਟਾਂ ਤਕ ਦੇ ਜੁਗਾੜ ਕਰਦੇ ਹਨ। ਸੋਸ਼ਲ ਸਾਈਟਾਂ ਤੇ ਪਤੀ-ਪਤਨੀ ਦੇ ਲਤੀਫਿਆਂ, ਦੋ ਅਰਥੀ ਕੁਮੈਂਟਾਂ, ਸੈਲਫੀਆਂ ਪੋਸਟ ਕਰਨ ਤੇ ਹਰ 'ਹੱਗੇ-ਮੂਤੇ' ਦੀ ਫੋਟੋ ਸੋਸਲ ਮੀਡੀਆ ਤੇ ਪਾਉਣ ਤੋਂ ਲੈ ਕੇ ਘਰ ਬੈਠੇ ਬੈਠੇ ਪੋਸਟਾਂ ਪਾ ਪਾ ਕਿਸੇ ਇਕ ਪਾਰਟੀ ਨੂੰ ਜਿਤਾਉਣ ਜਾਂ ਹਰਾਉਣ ਤੱਕ ਦੇ ਨਿੱਕੇ-ਵੱਡੇ ਕੰਮ ਇਸ ਜਮਾਤ ਦੇ ਹਿੱਸੇ ਆਉਂਦੇ ਹਨ। ਇਸ ਤੱਥ ਦੀ ਗਵਾਹੀ ਅੰਕੜੇ ਭਰਦੇ ਹਨ। ਸਾਡੇ ਦੇਸ਼ ਵਿਚ ਅਜੇ ਤੱਕ ਸਿਰਫ 24% ਲੋਕਾਂ ਕੋਲ ਇੰਟਰਨੈਟ ਹੈ ਤੇ ਉਹਨਾਂ ਵਿੱਚੋਂ ਵੀ ਸਿਰਫ 8% ਅਜਿਹੇ ਹਨ ਜਿੰਨ੍ਹਾਂ ਕੋਲ ਇੰਟਰਨੈਟ ਦੇ ਨਾਲ ਨਾਲ ਕੰਪਿਊਟਰ ਵੀ ਹੈ। ਪੰਜਾਬ ਦੀਆਂ ਪਿਛਲੀਆਂ ਵਿਧਾਨਸਭਾ ਚੋਣਾਂ ਵਿਚ ਜਦ ਆਮ ਆਦਮੀ ਪਾਰਟੀ ਹਾਰੀ ਤੇ ਇਸ ਵਾਰ ਜਦ ਦੂਜੀ ਵਾਰ ਫੇਰ ਬੀਜੇਪੀ ਜਿੱਤੀ ਤਾਂ ਇਸ ਵਰਗ ਨੂੰ ਬੜੀ ਹੈਰਾਨੀ ਸੀ ਕਿਉਂਕਿ ਇਹ ਤਾਂ ਰਾਤ ਨੂੰ ਫੇਸਬੁੱਕ ਤੇ ਆਮ ਆਦਮੀ ਪਾਰਟੀ ਨੂੰ ਤੇ ਉਪਰਲੀਆਂ ਵੋਟਾਂ ਵਿਚ ਕਾਂਗਰਸ ਨੂੰ ਜਿਤਾ ਕੇ ਪਿਆ ਸੀ..ਫ਼ੇਰ ਰਾਤੋ ਰਾਤ ਨਤੀਜ਼ਾ ਉਲਟ ਕਿਵੇਂ ਆ ਗਿਆ? ਉਦੋਂ ਵੀ ਇਸ ਨੂੰ ਯਾਦ ਨਹੀ ਆਉਂਦਾ ਕਿ ਫੇਸਬੁੱਕ ਵਾਲਿਆਂ ਦੀ ਗਿਣਤੀ ਸਿਰਫ 24% ਹੈ, ਉਸ ਵਿੱਚੋਂ ਵੀ 8-10% ਵੋਟ ਨਹੀਂ ਪਾਉਂਦੇ, ਬਸ ਸਾਰਾ ਇਨਕਲਾਬ ਫੇਸਬੁੱਕ ਤੇ ਹੀ ਲਿਆਉਂਦੇ ਹਨ। ਜਦ ਕਿ ਸਿਆਸੀ ਲੋਕਾਂ ਲਈ ਬਾਕੀ 66% ਕਾਡਰ ਵੱਡੀ ਭੂਮਿਕਾ ਅਦਾ ਕਰਦਾ ਹੈ।

ਖੈਰ ਗੱਲ ਆਂਕੜਿਆਂ ਦੀ ਕਰ ਰਹੇ ਸੀ...

ਕਰੋਨਾ ਨੇ ਜਿੱਥੇ ਹੋਰ ਮਾਮਲਿਆਂ ਵਿਚ ਬਹੁਤ ਉਲਟਫੇਰ ਕੀਤੇ ਹਨ, ਇਸ ਮਾਮਲੇ ਵਿਚ ਵੀ ਕੀਤੇ ਹਨ। ਲਾਕਡਾਉਨ ਵਿਚ ਸਾਡੇ ਸਿਰਫ਼ ਸਰੀਰ ਹੀ ਲੌਕ ਹੋਏ ਸਨ, ਮਨ ਤਾਂ ਵੱਧ 'ਅਵਾਰਾ' ਹੋ ਗਿਆ ਸੀ। ਕਰੋਨਾ ਦਾ ਵਾਇਰਸ ਤਾਂ ਵਿਚਾਰਾ ਦਰਵਾਜ਼ਿਆਂ ਨਾਲ ਟੱਕਰਾਂ ਮਾਰ ਮਾਰ ਕੇ ਮੁੜਦਾ ਰਿਹਾ, ਪਰ ਇਹ ਬੇਗਾਨੀਆਂ ਖੁਰਲੀਆਂ ਵਾਲਾ ਵਾਇਰਸ ਜੋ ਪਹਿਲਾਂ ਕੰਮ-ਧੰਦਿਆਂ ਕਰਕੇ ਥੋੜਾ ਖੂੰਜੇ ਲੱਗਿਆ ਹੋਇਆ ਸੀ, ਖੁੱਲ੍ਹ ਕੇ ਸਾਮ੍ਹਣੇ ਆ ਗਿਆ। ਸਾਨੂੰ ਤਾਂ ਇਹ ਲਗਦਾ ਹੈ ਕਿ ਸਾਡਾ ਕੁਝ ਵੀ ਕਿਸੇ ਨੂੰ ਪਤਾ ਨਹੀਂ ਲਗਦਾ, ਪਰ ਇਹ ਆਈਟੀ ਆਧਾਰਿਤ 'ਸਾਈਬਰ ਵਰਲਡ' ਸਭ ਕੁਝ ਸਾਂਭ ਸਾਂਭ ਰਖਦਾ ਹੈ। ਇਸ ਨੇ ਦੱਸ ਦਿੱਤਾ ਕਿ ਪਿਛਲੇ ਤਿੰਨ ਮਹੀਨਿਆਂ ਦੇ ਕਰੋਨਾ ਕਾਲ ਵਿਚ ਪੋਰਨ ਸਾਈਟਾਂ ਫਰੋਲਣ ਦੇ 'ਲੋਕਹਿਤ' ਕੰਮ ਵਿਚ ਸਿਰਫ਼ 95 ਕੁ % ਹੀ ਵਾਧਾ ਹੋਇਆ ਹੈ। ਅੱਜੇ ਤਾਂ ਗਨੀਮਤ ਇਹ ਹੈ ਕਿ 3500 ਕੁ ਵੈਬਸਾਈਟਾਂ ਭਾਰਤ ਵਿਚ ਖੁਲ੍ਹਦੀਆਂ ਨਹੀਂ ਹਨ। ਇਹ ਯਾਦ ਰੱਖੋ..ਇਹ ਡੇਟਾ ਭਾਰਤ ਵਿਚ ਵਸਦੇ ਲੋਕਾਂ ਦਾ ਹੈ, ਭਾਰਤੀਆਂ ਦਾ ਨਹੀਂ, ਕਿਉਂਕਿ ਤਿੰਨ ਕਰੋੜ ਦੇ ਕਰੀਬ ਭਾਰਤੀ ਬਾਹਰ ਵਸਦੇ ਹਨ ਤੇ ਉਥੇ ਇਹਨਾਂ 3500 ਸਾਈਟਾਂ ਤੇ ਵੀ ਪਾਬੰਦੀ ਨਹੀਂ ਹੈ। ਇਸ ਸਬੰਧ ਵਿਚ ਅਗਲਾ ਡੇਟਾ ਇਹ ਹੈ ਕਿ ਲਾਕਡਾਉਨ ਦੇ ਦੌਰਾਨ ਇਕ ਦਿਨ ਵਿਚ ਜਿੰਨਾ ਡੇਟਾ ਡਾਉਨਲੋਡ ਹੋਇਆ ਉਸ ਦਾ ਲਗਭਗ 40% ਪੋਰਨ ਤੇ ਹੋਰ ਵਲਗਰ ਸਾਈਟਸ ਨਾਲ ਸਬੰਧਤ ਡੇਟਾ ਹੈ। ਪੋਰਨ ਸਾਈਟਾਂ ਦੇ ਮਾਮਲੇ ਵਿਚ ਅਮਰੀਕਾ ਅਤੇ ਇੰਗਲੈਂਡ ਤੋਂ ਬਾਅਦ ਤੀਜਾ ਨੰਬਰ ਸਾਡਾ ਹੀ ਹੈ।

ਲੌਕ ਡਾਉਨ ਦੇ ਲੌਕ ਵਿਚ ਬੱਚੇ ਵੀ ਵਿਹਲੇ ਹੋਏ ਹਨ ਤੇ ਵਿਦਿਅਕ ਅਦਾਰੇ ਬੰਦ ਹੋਣ ਕਾਰਨ ਇਹਨਾਂ ਦੀ ਪੜ੍ਹਾਈ ਆਨਲਾਈਨ ਹੋ ਗਈ ਹੈ। ਇਹਦਾ ਮਤਲਬ ਜਿਹੜੇ ਮਾਪੇ ਪਹਿਲਾਂ ਆਪਣੇ ਬੱਚਿਆਂ ਨੂੰ ਮੋਬਾਈਲਾਂ ਤੋਂ ਵਰਜਦੇ ਸੀ, ਉਹ ਵੀ ਲਿਆ ਲਿਆ ਦੇਣ ਲੱਗ ਪਏ ਤੇ ਦੇਸ਼ ਦੇ 90% ਮਾਪੇ ਇਹ ਸੋਚਦੇ ਹਨ ਕਿ ਉਹਨਾ ਦਾ ਲਾਲ ਜਾਂ ਲਾਲੜੀ 'ਸਾਊ ਪੁੱਤ' ਬਣ ਕੇ ਆਨਲਾਈਨ ਹੋ ਕੇ ਸਿਰਫ਼ ਤੇ ਸਿਰਫ਼ ਪੜ੍ਹਾਈ ਕਰੇਗਾ। ਇਹ ਗੱਲ ਅਲੱਗ ਹੈ ਕਿ ਉਹਨਾਂ ਵਿੱਚੋਂ ਬਹੁਤੇ ਆਪ ਅਜੇ ਤੱਕ ਵੀ 'ਸਾਊ ਪੁੱਤ' ਨਹੀਂ ਬਣੇ ਹਨ। ਪਿਛਲੇ ਸਮੇਂ ਤੋਂ ਜਦ ਦੇ ਮਾਪੇ ਵੱਧ ਬਿਜ਼ੀ ਹੋਏ ਹਨ ਤਾਂ ਮਾਪਿਆਂ ਨੇ ਬੱਚਿਆਂ ਨੂੰ ਦੋ ਦੋ ਚੁੰਘਣੀਆਂ ਦੀ ਚਾਟ ਤੇ ਲਾਇਆ ਹੋਇਆ ਹੈ। ਇਕ ਤਾਂ ਆਪਣਾ ਦੁੱਧ ਪਿਆਉਣ ਦੀ ਥਾਂ ਤੇ ਚੁੰਘਣੀ ਫੜ੍ਹਾ ਦਿੱਤੀ ਜਾਂਦੀ ਹੈ ਤੇ ਦੂਜਾ ਆਪਣੇ ਕੋਲ ਸਮਾਂ ਨਾ ਹੋਣ ਕਰਕੇ ਮੋਬਾਈਲ ਗੇਮਾਂ ਦੇ ਰੂਪ ਵਿਚ ਦੂਜੀ ਚੁੰਘਣੀ ਫੜਾ ਦਿੱਤੀ ਜਾਂਦੀ ਹੈ ਤੇ ਬੱਚੇ ਦਾ ਹੱਸਣ-ਖੇਡਣ, ਮਿੱਟੀਆਂ ਵਿਚ ਲਿਟਣ..ਦੁੜੰਗੇ ਮਾਰਨ ਤੋਂ ਲੈ ਕੇ ਹੋਰ ਸਾਰੀਆਂ ਸਰੀਰਕ ਗਤੀਵਿਧੀਆਂ ਮੋਬਾਈਲ ਤੱਕ ਸੀਮਤ ਹੋ ਜਾਂਦੀਆਂ ਹਨ। ਹੌਲੀ ਹੌਲੀ ਪਹਿਲੀ ਚੁੰਘਣੀ ਤਾਂ ਛੁਟ ਜਾਂਦੀ ਹੈ, ਪਰ ਦੂਜੀ ਪੱਕੀ ਲੱਗ ਜਾਂਦੀ ਹੈ..ਤੇ ਫੇਰ ਬੱਚਾ 'ਮਾਂ ਔਰ ਬਾਪ' ਦੋਨੋ ਕਾ 'ਬਾਪ' ਬਨ ਜਾਤਾ ਹੈ। ਬੱਚੇ ਦੀ ਸਮਾਜਿਕ ਟਰੇਨਿੰਗ ਹੁੰਦੀ ਹੀ ਨਹੀਂ। ਅੱਜ ਕੱਲ੍ਹ ਦੀ ਜਨਰੇਸ਼ਨ ਦਾ ਸਾਡੇ ਰਿਸ਼ਤੇਦਾਰਾਂ ਤੇ ਦੋਸਤਾਂ ਨਾਲ ਕੋਈ ਬਹੁਤਾ ਕਨਸਰਨ ਨਹੀਂ ਤੇ ਬੱਚੇ ਆਨਾਲਈਨ ਦੁਨੀਆਂ ਵਿਚ ਹੀ ਮਸ਼ਰੂਫ ਰਹਿੰਦੇ ਹਨ।

ਇਸ ਨਜ਼ਰੀਏ ਤੋਂ ਗਭਰੇਟ ਉਮਰ (period of Adolescence) ਸਭ ਤੋਂ ਵੱਧ ਖ਼ਤਰਨਾਕ ਸਾਬਤ ਹੁੰਦੀ ਹੈ। ਇਸ ਉਮਰ ਵਿਚ ਧੀ/ਪੁਤ ਦੋਵਾਂ ਵਿਚ ਬਹੁਤ ਸਾਰੀਆਂ ਸਰੀਰਕ, ਭਾਵਨਾਤਮਕ, ਹਾਰਮੋਨਲ ਤੇ ਸੈਕਸੁਐਲ ਤਬਦੀਲੀਆਂ ਵਾਪਰਦੀਆਂ ਹਨ। ਸੈਕਸ ਐਜੂਕੇਸ਼ਨ ਨਾਂ ਦੀ ਸਾਡੇ ਕੋਈ ਚੀਜ਼ ਹੀ ਨਹੀਂ। ਜੇ ਕਿਧਰੇ ਸਾਇੰਸ ਵਿਸ਼ੇ ਵਿਚ ਜਣਨ ਅੰਗਾਂ ਤੇ ਜਣਨ ਪ੍ਰਕਿਰਿਆ ਬਾਰੇ ਇਕ ਦੋ ਚੈਪਟਰ ਆਉਂਦੇ ਵੀ ਹਨ ਤਾਂ ਮਾਸਟਰਾਂ/ਮਾਸਟਰਨੀਆਂ ਕੋਲ ਪੜ੍ਹਾਉਣ ਲਈ ਸ਼ਬਦ ਮੁੱਕ ਜਾਂਦੇ ਹਨ। ਹੀਰ ਰਾਂਝੇ ਸਲੇਬਸ ਵਿਚ ਕਿਉਂ ਲਗਾਏ ਹਨ, ਇਸ ਤੇ ਬਹਿਸਾਂ ਹੋਣ ਲੱਗ ਜਾਂਦੀਆਂ ਹਨ। ਮਾਪੇ ਤੇ ਅਧਿਆਪਕ ਘਰ ਅਤੇ ਸਕੂਲ ਵਿਚ ਇਸ ਮਹੱਤਵਪੂਰਨ ਵਿਸ਼ੇ ਨੂੰ 'ਚਿਮਟੀ' ਨਾਲ ਵੀ ਨਹੀਂ ਚੁਕਦੇ। ਸਿੱਟਾ ਕੀ ਨਿਕਲਦਾ ਹੈ ਕਿ ਪੁਰਾਣੇ ਸਮਿਆਂ ਵਿਚ ਇਹ ਮਹੱਤਵਪੂਰਨ ਪੜ੍ਹਾਈ ਮੁੰਡੇ ਆਪਣੇ ਜੁੰਡੀ ਦਿਆਂ ਯਾਰਾਂ ਤੇ ਕੁੜੀਆਂ ਆਪਣੀਆਂ ਸਹੇਲੀਆਂ ਤੋਂ ਲੈਂਦੀਆਂ ਸੀ..ਹੁਣ ਇੰਟਰਨੈਟ ਪੱਕਾ 'ਸਹੇਲਾ' ਬਣ ਗਿਆ..ਬੱਚੇ ਸਾਰਾ ਸਾਰਾ ਦਿਨ ਇਸ ਤੇ ਲੱਗੇ ਰਹਿੰਦੇ ਹਨ। ਦੂਜੇ ਪਾਸੇ ਟੈਕਨੋਲੋਜੀ ਏਨੀ ਵਿਕਸਿਤ ਹੋ ਚੁੱਕੀ ਹੈ ਤੇ ਵਪਾਰੀ ਲੋਕਾਂ ਦੇ ਹੱਥ ਵਿਚ ਆ ਚੁੱਕੀ ਹੈ ਕਿ ਤੁਸੀਂ ਸੋਸਲ ਮੀਡੀਆ ਜਾਂ ਇੰਟਰਨੈਟ ਦੇ ਉੱਤੇ ਗੂਗਲ ਜਾਂ ਹੋਰ ਸਾਈਟਸ ਤੇ ਇਕ ਵਾਰ ਕੁਝ ਕਲਿੱਕ ਕਰੋ..ਉਹਨਾਂ ਨੂੰ ਤੁਹਾਡੇ ਟੇਸਟ ਦਾ ਪਤਾ ਲਗ ਜਾਂਦਾ ਹੈ ਤੇ ਉਹ ਤੁਹਾਡੇ ਸਾਮਣੇ ਉਹੋ ਜਿਹੀ ਸਮਗਰੀ ਪਰੋਸਣ ਲੱਗ ਜਾਂਦੇ ਹਨ। ਅਕਸਰ ਤੁਸੀਂ ਤੁਹਾਡੀਆਂ ਸੋਸਲ ਸਾਈਟਸ ਦੀਆਂ ਸਾਈਡਾਂ ਤੇ ਜਾਂ ਤੁਹਾਡੇ ਮੇਲ ਇਨਬਾਕਸ ਦੇ ਸਪੈਮ ਵਿਚ ਅਜਿਹੀਆਂ ਬਹੁਤ ਸਾਰੀਆਂ ਮੇਲਾਂ ਤੇ ਲਿੰਕ ਦੇਖਦੇ ਹੋਵੋਗੇ..'ਕਿਆ ਆਪ ਅਕੇਲੇ ਹੋ..ਚੈਟ ਕਰਨਾ ਚਾਹਤੇ ਹੋ..ਐਰਾ ਬਗੈਰਾ.'.ਤੇ ਉਥੇ ਫੇਰ ਜਦ ਬੰਦੇ ਦੇ ਆਲੇ ਦੁਆਲੇ ਕੋਈ ਨਹੀਂ ਹੁੰਦਾ ਤਾਂ 'ਵੱਡੇ ਵੱਡਿਆਂ' ਦਾ ਦੀਨ-ਈਮਾਨ ਡੋਲ ਜਾਂਦਾ ਹੈ, ਫਿਰ ਬੱਚੇ ਇਸ ਤੋਂ ਕਿਵੇਂ ਬਚਣਗੇ। ਇਹੀ ਸਾਰਾ ਕੁਝ ਫੇਸਬੁੱਕ ਦੇ ਇਨਬਾਕਸਾਂ, ਵਟਸਐਪਾਂ, ਇਨਸਟਾਗ੍ਰਾਮ ਤੇ ਸਨੈਪਚੈਟਾਂ ਆਦਿ ਵਿਚ ਹੁੰਦਾ ਹੈ। ਟਵਿੱਟਰ ਤੇ ਤਾਂ ਸਿਆਸੀ ਪਾਰਟੀਆਂ ਦੇ ਆਈ ਟੀ ਸੈਲਾਂ ਨੇ ਵਲਗਰ ਭਾਸ਼ਾ ਦੀ ਅੱਤ ਹੀ ਕਰਾ ਛੱਡੀ ਹੈ। ਇਕ ਵਾਰ ਹੈਲੋ ਹਾਏ ਹੋਈ ਨਹੀਂ ਤਾਂ ਅਸੀਂ ਸਿੱਧੇ ਇਨਬਾਕਸਾਂ ਤੱਕ ਪਹੁੰਚਦੇ ਹਾਂ ਤੇ ਇਕ ਦੋ ਰਸਮੀ ਡਾਇਲਾਗਾਂ ਤੋਂ ਬਾਅਦ ਗੱਲ 'ਆਰ ਯੂ ਸਿੰਗਲ ਔਰ ਮੈਰਿਡ' ਤੋਂ 'ਡਾਰਲਿੰਗ ਤੇ ਲਵ ਯੂ' ਤੱਕ ਪਹੁੰਚ ਜਾਂਦੀ ਹੈ। ਕਈ ਤਾਂ ਕੱਚੇ ਭੂਤ ਵਾਂਗੂ ਚਿੰਬੜ ਜਾਂਦੇ ਹਨ ਤੇ ਗੱਲ ਸਕਰੀਨ ਸ਼ਾਟਾਂ ਦੀਆਂ ਬਦਨਾਮੀਆਂ ਤੇ ਜਾ ਕੇ ਨਿਬੜਦੀ ਹੈ। ਇੰਟਰਨੈਟ ਤੋਂ ਪਹਿਲਾਂ ਸਰੀਰਕ ਤੌਰ ਤੇ ਮਿਲਣ ਦੇ ਜੁਗਾੜ ਲਾਉਂਦੇ ਲਾਉਂਦੇ ਅਸੀਂ ਹੁਣ ਉਹੀ 'ਚੋਰੀ ਦੇ ਪੁੱਤ' ਸੋਸ਼ਲ ਮੀਡੀਆ ਤੇ ਗੱਭਰੂ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਕਰੋਨਾ ਦੀ ਵਿਹਲ ਦਾ ਫਾਇਦਾ ਉਠਾਉਂਦਿਆਂ ਪਿਛਲੇ ਦਿਨੀ ਕੁਝ ਨਾਬਾਲਿਗ ਬੱਚਿਆਂ ਦਾ ਜੋ 'ਬੁਆਇਜ਼ ਲਾਕਰ ਰੂਮ' (Bois Locker room) ਦਾ ਮਸਲਾ ਸਾਮ੍ਹਣੇ ਆਇਆ ਤੇ ਉਸ ਤੋਂ ਬਾਅਦ ਗੁਰੁਗ੍ਰਾਮ ਤੇ ਇਕ ਮੁੰਡੇ ਦਾ ਬਹੁਮੰਜਿਲਾ ਇਮਾਰਤ ਤੋਂ ਛਾਲ ਮਾਰ ਕੇ ਸੁਸਾਈਡ ਕਰਨ ਦਾ ਮਾਮਲਾ ਸਾਮ੍ਹਣੇ ਆਇਆ ਉਹ ਇਸ ਗੱਲ ਦਾ ਸੰਕੇਤ ਹੈ ਕਿ ਸੂਈ 'ਲਾਲ ਲਕੀਰ' ਤੱਕ ਜਲਦੀ ਪਹੁੰਚ ਰਹੀ ਹੈ। ਵਾਪਰਿਆ ਇਹ ਕਿ ਦਿੱਲੀ ਦੇ ਕੁਝ ਵੱਡੇ ਸਕੂਲਾਂ ਦੇ ਹਾਈ-ਫਾਈ ਬਚਿੱਆਂ ਨੇ ਆਨ ਲਾਈਨ ਪੜ੍ਹਾਈ ਦੇ ਬਹਾਨੇ ਨਾਲ ਇਸ ਲੌਕ ਦੇ ਸਮੇਂ ਵਿਚ ਇੰਸਟਾਗ੍ਰਾਮ ਤੇ ਬਾਇਜ਼ ਲਾਕਰ ਬਣਾਇਆ ਜੋ ਪਹਿਲਾਂ ਲੀਕ ਹੋਇਆ ਤੇ ਫਿਰ ਸਾਨੂੰ ਲੁੱਕ (ਦਿਖਾਈ) ਹੋਇਆ। ਤਹਿਕੀਕਾਤ ਵਿਚ ਮੁੰਡਿਆਂ ਦਾ ਵੀ ਇਕ ਲਾਕਰ ਰੂਮ ਸਾਮ੍ਹਣੇ ਆਇਆ ਤੇ ਕੁੜੀਆਂ ਦਾ ਵੀ ਵੱਖਰਾ ਸਾਮ੍ਹਣੇ ਆਇਆ। ਮੁੰਡਿਆਂ ਦੇ ਗਰੁੱਪ ਵਿਚ ਕੁੜੀਆਂ ਦੀਆਂ ਫੋਟੋਆਂ ਚੁੱਕ ਚੁੱਕ ਕੇ ਅਤੇ ਉਹਨਾਂ ਨੂੰ ਕਰੌਪ ਤੇ ਰੀਟੱਚ ਕਰਕੇ ਪੋਰਨ ਗਰਲਜ਼ ਦੇ ਉਪਰ ਲਗਾ ਕੇ ਉਹਨਾਂ ਤੇ ਘਟੀਆ ਤੋਂ ਘਟੀਆ ਟਿੱਪਣੀਆਂ ਕੀਤੀਆਂ ਤੇ ਰੇਪ ਤੇ ਗੈਂਗਰੇਪ ਕਰਨ ਦੇ ਮਨਸੂਬੇ ਬਣਾਏ। ਇਸੇ ਤਰ੍ਹਾਂ ਕੁੜੀਆਂ ਦੇ ਲਾਕਰ ਵਿਚ ਲਗਭਗ ਅਜਿਹਾ ਕੁਝ ਹੀ ਕੁੜੀਆਂ ਦੁਆਰਾ ਕੀਤਾ ਗਿਆ। ਤੇ ਬਾਅਦ ਵਿਚ ਇਹ ਵੀ ਪਤਾ ਲੱਗਾ ਕਿ ਇਕ ਕੁੜੀ ਹੀ ਮੁੰਡੇ ਦੇ ਰੂਪ ਵਿਚ 'ਸਿਧਾਰਥ' ਨਾਮ ਹੇਠ ਫੇਕ ਆਈਡੀ ਬਣਾ ਕੇ ਮੁੰਡੇ ਨੂੰ ਉਕਸਾਉਂਦੀ ਰਹੀ। ਕਿਸੇ ਇਕ ਮੁੰਡੇ ਦੁਆਰਾ ਇਸ ਦਾ ਸਕਰੀਨ ਸ਼ਾਟ ਲੀਕ ਕਰਨ ਤੇ ਮਾਸਲਾ ਜਨਤਕ ਹੋ ਗਿਆ ਤੇ ਟਵਿੱਟਰ ਤੇ ਹੈਸ਼ ਟੈਗ ਬਣ ਗਏ। ਜਦ ਇਹ ਸਕਰੀਨ ਸ਼ਾਟ ਵਾਇਰਲ ਹੋ ਗਏ ਤਾਂ ਗੁਰੂਗ੍ਰਾਮ ਦੇ 12ਵੀਂ ਜਮਾਤ ਵਿਚ ਪੜ੍ਹਦੇ 17 ਸਾਲ ਦੇ ਮੁੰਡੇ ਨੇ 11ਵੇਂ ਫਲੋਰ ਦੀ ਬਾਲਕੋਨੀ ਵਿੱਚੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਤਹਕੀਕਾਤ ਵਿਚ ਜਦ ਇਸ ਮੁੰਡੇ ਦਾ ਮੋਬਾਈਲ ਫੋਲਿਆ ਗਿਆ ਤਾਂ ਇੰਸ਼ਟਾਗ੍ਰਾਮ ਅਕਾਉਂਟ ਦੇ ਮੈਸਜਾਂ ਤੋਂ ਪਤਾ ਲੱਗਾ ਕਿ ਇਕ ਨਾਬਾਲਗ ਕੁੜੀ ਨੇ ਇਸ ਮੁੰਡੇ ਤੇ ਗੰਭੀਰ ਆਰੋਪ ਲਗਾਏ ਤੇ ਬਾਅਦ ਵਿਚ ਉਸ ਮੁੰਡੇ ਤੇ ਉਸ ਕੁੜੀ ਦੇ ਬਾਕੀ ਦੋਸਤ ਉਸ ਨੂੰ ਟੈਗ ਕਰਕੇ ਧਮਕਾਉਣ ਲੱਗੇ ਤੇ ਜਦ ਲਾਕਰ ਰੂਮ ਵਾਲੇ ਕੇਸ ਦੇ ਸਕਰੀਨ ਸ਼ਾਟ ਹੈਸ਼ ਟੈਗ ਬਣੇ ਤੇ ਇਸ ਮੁੰਡੇ ਨੇ ਦੇਖੇ ਤਾਂ ਉਹ ਏਨਾ ਤਣਾਅ ਵਿਚ ਆ ਗਿਆ ਕਿ ਉਸ ਨੇ 11ਵੀਂ ਮੰਜਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ।

ਹੁਣ ਕੀ ਹੋਏਗਾ? ਹਰ ਵਾਰ ਦੀ ਤਰ੍ਹਾਂ ਅਸੀਂ ਪੜਤਾਲ ਦੀਆਂ ਡੀਗਾਂ ਮਾਰਾਂਗੇ., ਕਾਰਵਾਈ ਕਰਨ ਲਈ ਬਾਂਹਾਂ ਉਲਾਰ ਉਲਾਰ ਕੇ ਜਿੰਦਾਬਾਦ ਮੁਰਦਾਬਾਦ ਕਰਾਂਗੇ..ਕਨੂੰਨ ਦੇ ਹੋਰ ਸਖਤ ਹੋਣ ਦੀਆਂ ਗੱਲਾਂ ਕਰਾਂਗੇ। ਇਹ ਦੋਵੇਂ ਕੇਸ ਭਾਵੇਂ ਵੱਖ ਵੱਖ ਦਿਸਦੇ ਹਨ, ਪਰ ਜੇਕਰ ਇਹਨਾਂ ਨੂੰ ਇਕੱਠੇ ਜੋੜ ਕੇ ਦੇਖਿਆ ਜਾਵੇ ਤਾਂ ਬਾਹਰਲੀਆਂ ਅਦਾਲਤਾਂ ਦੀ ਬਜਾਇ ਇਹ ਕੇਸ ਬਤੌਰ ਮਾਪੇ, ਬਤੌਰ ਅਧਿਆਪਕ, ਬਤੌਰ ਸੋਸ਼ਲ ਮੀਡੀਆ ਯੂਜਰ ਸਾਨੂੰ ਸਭ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਹਨ ਕਿ ਅਸੀਂ ਬਹੁਤ ਕੁਝ ਅਜਿਹਾ ਬਕਵਾਸ ਆਪਣੇ ਅੰਦਰ ਭਰਿਆ..ਫੇਰ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਆਪਣੇ ਕੋਲ ਨਹੀਂ ਲਾਇਆ... ਉਹਨਾਂ ਦੀ ਚੜ੍ਹਦੀ ਉਮਰ ਨੂੰ ਨਹੀਂ ਸਮਝਿਆ..ਨਾ ਸਕੂਲਾਂ ਵਿਚ ਕੋਈ ਸਿੱਖਿਆ ਦਿੱਤੀ ਤੇ ਨਾ ਹੀ ਘਰਾਂ ਵਿਚ ਉਹਨਾਂ ਨੂੰ ਆਪਣੇ ਨਾਲ ਜੋੜਿਆ..ਉਹਨਾਂ ਦੇ ਆਨਲਾਈਨ ਹੋਣ ਤੋਂ ਕਿਤੇ ਵੱਧ ਖ਼ੁਦ ਆਨਲਾਈਨ ਹੋਏ..ਤੇ ਇਹਨਾਂ ਦਿਨਾਂ ਵਿਚ ਪੋਰਨ ਦੇ ਵਿਚ ਹੋਇਆ 95% ਵਾਧਾ ਦਸਦਾ ਹੈ ਕਿ ਇਹਨਾਂ ਤਿੰਨ ਮਹੀਨਿਆਂ ਵਿਚ ਅਸੀ ਕੀ ਕੜ੍ਹੀ ਘੋਲੀ ਹੈ?

ਦੋਸਤੋ, ਮੰਨਿਆ ਕਿ ਇਹ ਤੁਹਾਡੀ ਪ੍ਰਾਈਵੇਸੀ ਹੈ..ਮੰਨਿਆ ਕਿ ਅਸੀਂ ਉਥੇ ਮਨੋਰੰਜਨ ਕਰਨਾ ਹੈ..ਮੰਨਿਆ ਕਿ ਸੋਸ਼ਲ ਮੀਡੀਆ ਵਿਚ ਮੀਆਂ ਬੀਵੀ ਤੋਂ ਬਾਅਦ ਬਹੁਤ ਸਾਰੇ 'ਵੋ'...ਵੀ ਮਾਨਤਾ ਪ੍ਰਾਪਤ ਹੋ ਗਏ ਹਨ..ਮੰਨਿਆ ਕਿ ਅਪੋਜ਼ਿਟ ਸੈਕਸ ਵਿਚ ਇਹ ਖਿੱਚ ਕੁਦਰਤੀ ਹੈ ਤੇ ਸੋਸ਼ਲ ਮੀਡੀਆ ਨੇ ਹਰ ਇਕ ਨੂੰ ਸੁਰਖਿਅਤ ਪਲੇਟਫਾਰਮ ਵੀ ਦਿੱਤਾ ਹੈ..ਰੱਜ-ਰੱਜ ਪੋਸਟਾਂ ਪਾਓ, ਚੈਟ ਕਰੋ, ਟਿਕ ਟਾਕ ਬਣਾਓ, ਲਾਈਵ ਹੋਵੋ ਪਰ ਫੇਰ ਵੀ ਕਿਤੇ ਨਾ ਕਿਤੇ ਆਪਣੇ ਆਪ ਤੇ ਕੁਝ ਚੈਕ ਲਗਾਉਣੇ ਜ਼ਰੂਰੀ ਹਨ। ਪੰਜਾਬੀ ਦਾ ਪੁਰਾਣਾ ਅਖਾਣ ਹੈ ਕਿ ਜੇ ਤੌੜੀ ਦਾ ਮੂੰਹ ਖੁੱਲ੍ਹਾ ਹੋਵੇ ਤਾਂ ਮੂੰਹ ਮਾਰਨ ਵਾਲੇ ਨੂੰ ਥੋੜੀ-ਬਹੁਤੀ ਸੰਗ ਮੰਨ ਲੈਣੀ ਚਾਹੀਦੀ ਹੈ। ਮੈਂ ਕੋਈ ਉਪਦੇਸ਼ਕ ਜਾਂ ਅਧਿਆਤਮੀ ਨਹੀ ਕਿ ਤੁਹਾਨੂੰ ਸੰਨਿਆਸ ਧਾਰਨ ਕਰਨ ਦਾ ਉਪਦੇਸ਼ ਦੇਵਾਂ.. ਪਰ ਫਿਰ ਵੀ ਕਿਤੇ ਨਾ ਕਤੇ ਕੁਝ ਬੰਦਿਸ਼ਾਂ ਆਪਣੇ ਆਪ ਤੇ ਜ਼ਰੂਰ ਹੋਣ..ਭਾਵੇ ਉਹ ਔਰਤ ਹੈ ਜਾਂ ਮਰਦ। ਕਿਸੇ ਵੀ ਪ੍ਰਕਾਰ ਦੀ ਬੰਦਿਸ਼ ਨਾ ਹੋਣ ਦਾ ਮਤਲਬ ਅਨਾਰਕੀ ਹੋਣਾ ਹੁੰਦਾ ਹੈ ਤੇ ਇਹ ਲਾਕਰ ਰੂਮ ਤੇ ਮੁੰਡੇ ਦੀ ਇਹ ਖੁਦਕੁਸ਼ੀ ਇਸ ਅਨਾਰਕੀ ਵੱਲ ਮੁਢਲੇ ਇਸ਼ਾਰੇ ਹਨ ਜੋ ਲੌਕ ਵਿਚ ਲਾਕਰ ਦੇ ਲੀਕ ਹੋਣ ਤੋਂ ਬਾਅਦ ਸਾਨੂੰ 'ਲੁਕ' ਦਾ ਇਸ਼ਾਰਾ ਕਰ ਰਹੇ ਹਨ...ਤੇ ਦੋਸਤੋ ਜੇ ਤੁਸੀਂ ਸਚਮੁਚ ਸਮਝਦਾਰ ਹੋ ਤਾਂ ਇਸ਼ਾਰਾ ਕਾਫੀ ਹੈ।

## ਸ਼ਹੀਦ ਪ੍ਰਿਥੀਪਾਲ ਰੰਧਾਵਾ

# ਜਿਉਣ-ਮਰਨ ਦੀ ਸ਼ਾਨਦਾਰ ਰਵਾਇਤ !

"ਸਾਰੇ ਬੰਦਿਆਂ ਨੇ ਮਰ ਹੀ ਜਾਣਾ ਹੈ, ਪਰ ਮਹੱਤਤਾ ਪੱਖੋਂ ਮੌਤ ਮੌਤ ਵਿੱਚ ਫਰਕ ਹੋ ਸਕਦਾ ਹੈ। ਪਰਾਚੀਨ ਚੀਨੀ ਲਿਖਾਰੀ ਜ਼ੂਮਾ ਚੀਅਨ ਨੇ ਕਿਹਾ ਸੀ, "ਭਾਵੇਂ ਸਾਰੇ ਬੰਦਿਆਂ ਨੂੰ ਇੱਕੋ ਜਿਹੀ ਮੌਤ ਆਉਂਦੀ ਹੈ, ਪਰ ਇਹ ਤਾਈ ਪਰਬਤ ਤੋਂ ਭਾਰੀ ਵੀ ਹੋ ਸਕਦੀ ਹੈ ਜਾਂ ਫੰਘ ਤੋਂ ਹੌਲੀ ਵੀ" ਲੋਕਾਂ ਵਾਸਤੇ ਮਰਨਾ ਤਾਈ ਪਰਬਤ ਤੋਂ ਭਾਰੀ ਹੈ ਪਰ ਫਾਸ਼ਿਸਟਾਂ ਵਾਸਤੇ ਕੰਮ ਕਰਨਾ ਅਤੇ ਲੁਟੇਰਿਆਂ ਤੇ ਜਾਬਰਾਂ ਵਾਸਤੇ ਮਰ ਜਾਣਾ ਫੰਘ ਤੋਂ ਹੌਲਾ ਹੈ।" -ਮਾਓ-ਜ਼ੇ-ਤੁੰਗ



ਅੱਜ ਤੋਂ 41 ਵਰ੍ਹੇ ਪਹਿਲਾਂ ਪੰਜਾਬ ਦੇ ਵਿਦਿਆਰਥੀਆਂ ਨੌਜਵਾਨਾਂ ਦਾ ਸਭ ਤੋਂ ਸਤਿਕਾਰਿਆ ਜਾਣ ਵਾਲਾ ਆਗੂ ਪਿਰਥੀਪਾਲ ਸਿੰਘ ਰੰਧਾਵਾ ਅਜਿਹੀ ਹੀ ਪਰਬਤੋਂ ਭਾਰੀ ਮੌਤ ਦੇ ਗਲ ਜਾ ਲੱਗਿਆ। ਮੌਤ! ਜਿਹੜੀ ਲੁੱਟ ਅਤੇ ਦਾਬੇ ਵਿਰੁੱਧ ਲੋਕਾਂ ਦੀ ਮੁਕਤੀ ਦੇ ਕਾਜ਼ ਲਈ ਜੂਝਦੇ ਹਜ਼ਾਰਾਂ ਜੁਝਾਰੂਆਂ ਦੇ ਮਨਾਂ ਅੰਦਰਲੀ ਜਮਾਤੀ ਨਫਰਤ ਨੂੰ ਪਰਚੰਡ ਕਰਨ ਵਾਲਾ ਪ੍ਰੇਰਨਾ ਸਰੋਤ ਬਣ ਗਈ। 18 ਜੁਲਾਈ 1979, (ਜਿਸ ਦਿਨ ਲੋਕ ਦੁਸ਼ਮਣ ਤਾਕਤਾਂ ਦੇ ਸ਼ਿਸ਼ਕਾਰੇ ਹੋਏ ਜ਼ਰਖਰੀਦ ਗੁੰਡਿਆਂ ਨੇ ਇਸ ਹੋਣਹਾਰ ਸਖਸ਼ੀਅਤ ਨੂੰ ਨਿਗਲਿਆ ਸੀ) ਜਿੱਥੇ ਆਏ ਵਰ੍ਹੇ ਪੰਜਾਬ ਦੀ ਇਨਕਲਾਬੀ ਜਨਤਕ ਲਹਿਰ ਲਈ, ਇਸ ਸੁਘੜ ਜਨਤਕ ਆਗੂ ਦੀ ਅਣਹੋਂਦ ਦਾ ਦਿਲ ਵਿੰਨ੍ਹਵਾਂ ਅਹਿਸਾਸ ਲੈ ਕੇ ਆਉਂਦੀ ਹੈ, ਉਥੇ ਨਾਲ ਹੀ ਪਿਰਥੀ ਦੇ ਸ਼ਾਨਦਾਰ ਇਨਕਲਾਬੀ ਜੀਵਨ ਅਤੇ ਉਸਦੀ ਸੂਰਬੀਰਤਾ ਭਰੀ ਮੌਤ ਤੋਂ ਪ੍ਰੇਰਨਾ ਲੈ ਕੇ ਅੱਗੇ ਵਧਣ ਦਾ ਸੰਦੇਸ਼ ਲੈ ਕੇ ਆਉਂਦੀ ਹੈ।

ਪਿਰਥੀ ਨੇ ਪੰਜਾਬ ਅੰਦਰ ਇਨਕਲਾਬੀ ਜਨਤਕ ਲਹਿਰ ਦੀ ਉਸਾਰੀ ਵਿੱਚ ਇੱਕ ਜਨਤਕ ਆਗੂ ਵਜੋਂ ਸਭ ਤੋਂ ਉੱਘੜਵਾਂ ਰੋਲ ਨਿਭਾਇਆ। ਉਸਦੀ ਅਗਵਾਈ ਵਿੱਚ ਉੱਸਰੀ ਪੰਜਾਬ ਸਟੂਡੈਂਟਸ ਯੂਨੀਅਨ ਨਾ ਸਿਰਫ ਪੰਜਾਬ ਦੇ ਵਿਦਿਆਰਥੀਆਂ ਦੀ ਮਾਣ-ਤਾਣ ਵਾਲੀ ਲੜਾਕੂ ਜਥੇਬੰਦੀ ਵਜੋਂ ਉੱਭਰੀ ਸਗੋਂ ਇਸਨੇ ਪੰਜਾਬੀ ਦੀ ਇਨਕਲਾਬੀ ਜਮਹੂਰੀ ਲਹਿਰ ਅੰਦਰ ਚੇਤਨ ਅਤੇ ਖਾੜਕੂ ਜੱਦੋਜਹਿਦਾਂ ਦੀਆਂ ਸ਼ਾਨਦਾਰ ਰਵਾਇਤਾਂ ਦੀ ਸਿਰਜਣਾ ਵਿੱਚ ਮੋਹਰੀ ਰੋਲ ਅਦਾ ਕੀਤਾ। ਦਰੁਸਤ ਕਮਿਊਨਿਸਟ ਇਨਕਲਾਬੀ ਸਿਆਸਤ ਤੋਂ ਅਗਵਾਈ ਅਤੇ ਪ੍ਰੇਰਨਾ ਲੈਣ ਅਤੇ ਇਸਨੂੰ ਜਨਤਕ ਸਰਗਰਮੀ ਦੇ ਖੇਤਰ ਵਿੱਚ ਲਾਗੂ ਕਰਨ ਦੀ ਆਪਣੀ ਯੋਗਤਾ ਸਦਕਾ ਪਿਰਥੀ ਨੇ ਪੰਜਾਬ ਅੰਦਰ ਜਬਰਦਸਤ ਖਾੜਕੂ ਇਨਕਲਾਬੀ ਜਨਤਕ ਲਹਿਰ ਨੂੰ ਜਥੇਬੰਦ ਕਰਨ ਅਤੇ ਅਗਵਾਈ ਦੇਣ ਵਿੱਚ ਉੱਭਰਵਾਂ ਰੋਲ ਅਦਾ ਕੀਤਾ। ਇਹ ਦਰੁਸਤ ਇਨਕਲਾਬੀ ਸਿਆਸਤ ਵਿੱਚ ਉਸਦੀ ਅਡੋਲ ਨਿਹਚਾ ਕਰਕੇ ਹੀ ਸੀ ਕਿ ਉਸਨੇ 1970-71 ਦੇ ਉਸ ਦੌਰ ਵਿੱਚ ਖਿੰਡੀ ਹੋਈ ਇਨਕਲਾਬੀ ਵਿਦਿਆਰਥੀ ਜਥੇਬੰਦੀ ਨੂੰ ਮੁੜ ਜਥੇਬੰਦ ਕਰਨ ਦਾ ਬੀੜਾ ਚੁੱਕਿਆ ਜਦੋਂ ਕਮਿਊਨਿਸਟ ਇਨਕਲਾਬੀ ਲਹਿਰ ਅੰਦਰਲਾ ਮਾਅਰਕੇਬਾਜ਼ ਰੁਝਾਨ ਚੜ੍ਹਤ ਵਿੱਚ ਸੀ। ਜਦੋਂ ਇਨਕਲਾਬੀ ਜਨਤਕ ਲੀਹ ਵਿੱਚ ਅਡੋਲ ਨਿਹਚਾ ਦੇ ਬਗੈਰ- ਇਹ ਵਿਸ਼ਵਾਸ਼ ਕਰਨਾ ਸੰਭਵ ਨਹੀਂ ਸੀ ਕਿ ਹਾਕਮ ਜਮਾਤਾਂ ਦੇ ਭਿਆਨਕ ਜਬਰ ਦੇ ਬਾਵਜੂਦ ਜਨਤਕ ਜਥੇਬੰਦੀਆਂ ਉਸਾਰੀਆਂ ਅਤੇ ਕਾਇਮ ਰੱਖੀਆਂ ਜਾ ਸਕਦੀਆਂ ਹਨ। ਪਿਰਥੀ ਦੀ ਅਗਵਾਈ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਨੇ ਇਨਕਲਾਬੀ ਜਨਤਕ ਲੀਹ ਦੀ ਖਰੀ ਝੰਡਾਬਰਦਾਰ ਵਜੋਂ ਮਾਅਰਕੇਬਾਜ਼ ਅਤੇ ਸੋਧਵਾਦੀ ਰੁਝਾਨਾਂ ਵਿਰੁੱਧ ਡਟਵੀਂ ਲੜਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਵਿਸ਼ਾਲ ਹਿੱਸਿਆਂ ਨੂੰ ਇਹਨਾਂ ਰੁਝਾਨਾਂ ਤੋਂ ਮੁਕਤ ਰੱਖਿਆ। ਰੰਧਾਵਾ ਦੀ ਅਗਵਾਈ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਵੱਖ ਵੱਖ ਤਬਕਿਆਂ ਦੀ ਸਾਂਝੀ ਜਨਤਕ ਲਹਿਰ ਦੀ ਉਸਾਰੀ ਕਰਨ ਅਤੇ ਲੋਕਾਂ ਅੰਦਰ ਜਮਹੂਰੀ ਹੱਕਾਂ ਦੀ ਸੋਝੀ ਦਾ ਪਸਾਰਾ ਕਰਨ ਵਿੱਚ ਨਿਭਾਏ ਵਿਲੱਖਣ ਰੋਲ ਨੇ ਵਿਦਿਆਰਥੀਆਂ-ਨੌਜੁਆਨਾਂ ਤੋਂ ਇਲਾਵਾ ਲੋਕਾਂ ਦੇ ਹੋਰਨਾਂ ਜੁਝਾਰ ਹਿੱਸਿਆਂ ਦੇ ਮਨਾਂ ਵਿੱਚ ਵੀ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਪਿਰਥੀਪਾਲ ਰੰਧਾਵਾ ਦੀ ਵਿਸ਼ੇਸ਼ ਥਾਂ ਬਣਾ ਦਿੱਤੀ ਸੀ। ਇਸੇ ਕਰਕੇ ਪਿਰਥੀ ਦਾ ਨਕਸ਼ਾ ਇੱਕ ਹਰਮਨ ਪਿਆਰੇ ਵਿਦਿਆਰਥੀ ਆਗੂ ਤੋਂ ਅੱਗੇ ਵਧ ਕੇ ਆਮ ਲੋਕਾਂ ਦੇ ਇੱਕ ਆਗੂ ਵਿੱਚ ਵਟਦਾ ਜਾ ਰਿਹਾ ਸੀ।

ਪਿਰਥੀ ਦੀ ਸਖਸ਼ੀਅਤ ਇੱਕ ਵਧੀਆ ਕਮਿਊਨਿਸਟ ਵਾਲੇ ਸ਼ਾਨਦਾਰ ਗੁਣਾਂ ਦੀ ਮਾਲਕ ਸੀ। ਵਿਦਿਆਰਥੀਆਂ ਅਤੇ ਹੋਰਨਾਂ ਲੋਕਾਂ ਵਿੱਚ ਬਣੇ ਉਸਦੇ ਮਾਣ ਤਾਣ ਵਾਲੇ ਰੁਤਬੇ ਨੇ ਉਸਨੂੰ ਕਦੇ ਵੀ ਫਤੂਰ ਨਹੀਂ ਚਾੜ੍ਹਿਆ। ਆਪਣੇ ਸਮੁੱਚੇ ਇਨਕਲਾਬੀ ਜੀਵਨ ਦੌਰਾਨ ਉਸਨੇ ਇਨਕਲਾਬੀ ਤ ਤਜਥੇਬੰਦੀ ਦੀ ਸਮੂਹਿਕ ਇੱਛਾ ਸਾਹਮਣੇ ਚੇਤਨ ਆਪਾ ਸਮਰਪਣ ਦੀ ਸ਼ਾਨਦਾਰ ਰਵਾਇਤ ਨੂੰ ਉੱਚੀ ਚੁੱਕਿਆ। ਵਿਦਿਆਰਥੀਆਂ ਅਤੇ ਲੋਕਾਂ ਲਈ ਗਹਿਰੇ ਨਿੱਘ ਅਤੇ ਸਤਿਕਾਰ ਦੀਆਂ ਭਾਵਨਾਵਾਂ ਨਾਲ ਭਰੇ ਇਸ ਆਗੂ ਦੀ ਸਖਸ਼ੀਅਤ ਲਈ ਛੋਟਾਪਣ ਅਤੇ ਤੰਗਨਜ਼ਰੀ ਬਿਲਕੁੱਲ ਓਪਰੇ ਸਨ। ਮਾਅਰਕੇਬਾਜ਼ ਅਤੇ ਸੋਧਵਾਦੀ ਸਿਆਸਤ ਦੇ ਪੈਰੋਕਾਰਾਂ ਵੱਲੋਂ ਸਮੇਂ ਸਮੇਂ ਉਸਦੀ ਸਖਸ਼ੀਅਤ ਉੱਤੇ ਘਟੀਆ ਨਿੱਜੀ ਤੋਹਮਤਬਾਜ਼ੀ ਨਾਲ ਭਰੇ ਜ਼ਹਿਰੀਲੇ ਹਮਲੇ ਹੁੰਦੇ ਰਹੇ। ਪਰ ਉਸ ਨੇ ਨਾ ਹੀ ਇਹਨਾਂ ਦੀ ਕਦੇ ਪ੍ਰਵਾਹ ਕੀਤੀ ਅਤੇ ਨਾ ਹੀ ਆਪਣੇ ਆਪ ਨੂੰ, ਸਿਆਸੀ ਵਿਰੋਧੀਆਂ ਨਾਲ ਵਿਚਾਰਧਾਰਕ ਲੜਾਈ ਰਾਹੀਂ ਨਜਿੱਠਣ ਦੇ ਮਿਆਰ ਤੋਂ ਨੀਵਾਂ ਡਿਗਣ ਦਿੱਤਾ। ਆਪਣੇ ਗੰਭੀਰ, ਵਿਚਾਰਸ਼ੀਲ ਅਤੇ ਨਿੱਘੇ ਸੁਭਾਅ ਕਰਕੇ ਉਹ ਉਹਨਾਂ ਸਾਰੇ ਲੋਕਾਂ ਨੂੰ ਪਿਆਰਾ ਲੱਗਣ ਲੱਗ ਪਿਆ ਸੀ, ਜਿਹੜੇ ਵੀ ਉਸਦੀ ਪ੍ਰਭਾਵਸ਼ਾਲੀ ਸਖਸ਼ੀਅਤ ਦੇ ਵਾਹ ਵਿੱਚ ਆਏ।

ਬਹੁਤ ਹੀ ਹਰਮਨ ਪਿਆਰਾ ਅਤੇ ਸਤਿਕਾਰਿਆ ਇਨਕਲਾਬੀ ਘੁਲਾਟੀਆ ਹੋਣ ਕਰਕੇ ਅਤੇ ਇੱਕ ਵਿਲੱਖਣ ਇਨਕਲਾਬੀ ਜਨਤਕ ਆਗੂ ਵਾਲੇ ਗੁਣਾਂ ਦਾ ਮਾਲਕ ਹੋਣ ਕਰਕੇ ਪਿਰਥੀ ਦੀ ਸਖਸ਼ੀਅਤ ਇਸ ਲੁਟੇਰੇ ਸਮਾਜਿਕ ਪ੍ਰਬੰਧ ਲਈ ਖਤਰਾ ਬਣ ਕੇ ਉੱਭਰ ਰਹੀ ਸੀ। ਪਿਰਥੀ ਦੀ ਸ਼ਹੀਦੀ ਨਾਲ ਵੀ ਲੋਕ ਦੁਸ਼ਮਣ ਤਾਕਤਾਂ ਇਸ ਖਤਰੇ ਤੋਂ ਸੁਰਖਰੂ ਨਹੀਂ ਹੋ ਸਕੀਆਂ। ਉਸਦੇ ਕਤਲ ਵਿਰੁੱਧ ਚੱਲੀ ਲੋਕਾਂ ਦੀ ਜਬਰਦਸਤ ਵਿਰੋਧ ਲਹਿਰ ਲੋਕ ਮਨਾਂ ਅੰਦਰ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਪ੍ਰਿਥੀਪਾਲ ਰੰਧਾਵਾ ਦੀ ਸਖਸ਼ੀਅਤ ਦੇ ਡੂੰਘੇ ਅਸਰ ਦਾ ਬੱਝਵਾਂ ਪ੍ਰਗਟਾਵਾ ਸੀ। ਰੰਧਾਵਾ ਘੋਲ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਵੱਲੋਂ ਇੱਕ ਦਹਾਕੇ ਵਿੱਚ ਸਿਰਜੀਆਂ ਉਹਨਾਂ ਸ਼ਾਨਦਾਰ ਰਵਾਇਤਾਂ ਦਾ ਪ੍ਰਤੀਕ ਸੀ-ਜਿਹਨਾਂ ਨੂੰ ਪ੍ਰਫੁੱਲਤ ਕਰਨ ਵਿੱਚ ਪਿਰਥੀ ਨੇ ਉੱਭਰਵਾਂ ਰੋਲ ਨਿਭਾਇਆ। ਇਨਕਲਾਬੀ ਜਨਤਕ ਲਹਿਰ ਨੂੰ ਹੁਲਾਰਾ ਦੇ ਕੇ ਅਤੇ ਹਾਕਮ ਜਮਾਤਾਂ ਵਿਰੁੱਧ ਲੋਕਾਂ ਦੀ ਜਮਾਤੀ ਨਫਰਤ ਨੂੰ ਹੋਰ ਪਰਚੰਡ ਕਰਕੇ ਇਸ ਘੋਲ ਨੇ ਵਿਖਾ ਦਿੱਤਾ ਕਿ ਲੋਕ ਆਗੂਆਂ ਦੇ ਕਤਲਾਂ ਰਾਹੀਂ ਹਾਕਮ ਜਮਾਤਾਂ ਇਨਕਲਾਬੀ ਸ਼ਕਤੀਆਂ ਹੱਥੋਂ ਆਪਣੀ ਮੌਤ ਦੇ ਖਤਰੇ ਤੋਂ 'ਸੁਰਖਰੂ' ਨਹੀਂ ਹੋ ਸਕਦੀਆਂ। ਪ੍ਰਿਥੀ ਦੀ ਜ਼ਿੰਦਗੀ ਅਤੇ ਮੌਤ ਇਨਕਲਾਬੀ ਲਹਿਰ ਦੇ ਕਾਜ ਅੰਦਰ ਦ੍ਰਿੜ੍ਹ ਵਿਸ਼ਵਾਸ਼ ਵਾਲੇ ਇਨਕਲਾਬੀ ਹੌਂਸਲੇ ਅਤੇ ਕੁਰਬਾਨੀ ਦੀ ਸ਼ਾਨਦਾਰ ਕਮਿਊਨਿਸਟ ਰਵਾਇਤ ਦੀ ਤਰਜਮਾਨ ਸੀ। ਅੱਜ ਪਿਰਥੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਅਰਥ ਉਸਦੀ ਜ਼ਿੰਦਗੀ ਅਤੇ ਮੌਤ ਤੋਂ ਪ੍ਰੇਰਨਾ ਲੈਂਦਿਆਂ ਉਸ ਦਰੁਸਤ ਇਨਕਲਾਬੀ ਲੀਹ ਦੀ ਰਾਖੀ ਅਤੇ ਵਧਾਰੇ ਲਈ ਡਟਣਾ ਹੈ, ਜੀਹਦੇ 'ਤੇ ਪਿਰਥੀ ਅੰਤਲੇ ਸਾਹਾਂ ਤੱਕ ਡਟਿਆ ਰਿਹਾ।

(ਸੁਰਖ ਲੀਹ)




Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com




ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ
ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ


### ਲੋਕ ਕਦੇ ਧੋਖਾ ਨਹੀਂ ਦਿੰਦੇ......

# ਵਿਦਿਆਰਥੀ ਲਹਿਰ ਦੇ ਹਰਮਨਪਿਆਰੇ ਆਗੂ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਅੰਤਿਮ ਤਕਰੀਰ ਦਾ ਇੱਕ ਭਾਗ



ਜਿਹੜੀ ਇੱਕ ਹੋਰ ਗੱਲ ਤੁਹਾਡੇ ਨਾਲ ਸਾਂਝੀ ਕਰਨ ਵਾਲੀ ਹੈ, ਉਹ ਇਹ ਕਿ ਮੁਢਲੇ ਸਮੇਂ 'ਚ ਤੁਸੀਂ ਇਸ ਗੱਲ 'ਤੇ ਝਾਤੀ ਮਾਰੋ ਕਿ ਇੱਕ ਸਾਧਾਰਨ ਵਿਦਿਆਰਥੀ ਕਾਲਜ ਵਿੱਚ ਪੜ੍ਹ ਰਿਹੈ ਅਤੇ ਉਸਨੂੰ ਦੁਨੀਆਂ ਦਾ, ਆਪਣੇ ਫਰਜ਼ਾਂ ਦੇ ਸਾਂਝੇ ਹਿੱਤਾਂ ਦਾ ਕੋਈ ਪਤਾ ਨਹੀਂ। ਕੁਝ ਸਮੇਂ ਵਿੱਚ ਉਹਨੂੰ ਮਹਿਸੂਸ ਹੁੰਦੈ— ਕੰਮ 'ਚ ਪੈਰ ਧਰਦਿਆਂ ਹੀ— ਇੱਕਦਮ ਘਟਨਾਵਾਂ ਐਸਾ ਗੇੜ ਖਾਂਦੀਆਂ ਨੇ ਕਿ ਉਸ ਨੂੰ ਚੁੱਕ ਕੇ ਉਸ ਤਬਕੇ ਵਿੱਚ ਮਾਣ ਵਾਲੀ ਪੁਜੀਸ਼ਨ ਦੇ ਦੇਂਦੀਆਂ ਨੇ ਤਾਂ ਇਹੋ ਜਿਹੇ ਵੇਲੇ, ਜਦੋਂ ਉਸਦੇ ਵਿਚਾਰਾਂ ਦੀ ਪੂਰੀ ਪਰਪੱਕਤਾ ਨਾ ਹੋਈ ਹੋਵੇ ਤੇ ਦੂਸਰੇ ਪਾਸੇ ਘੋਲਾਂ 'ਚੋਂ ਉਸਨੂੰ ਅਜਿਹਾ ਮਾਣ-ਤਾਣ ਮਿਲ ਜਾਵੇ ਤਾਂ ਇਥੇ ਕੁਦਰਤੀ ਤੌਰ 'ਤੇ ਇਹ ਰੁਝਾਨ ਪੈਦਾ ਹੋ ਸਕਦੈ ਕਿ ਉਸ ਵਿੱਚ ਗਲਤਫਹਿਮੀ ਪੈਦਾ ਹੋ ਜਾਵੇ ਕਿ ਸ਼ਾਇਦ ਇਹ ਜੋ ਕੁਝ ਵੀ ਹੈ, ਇਹ ਮੇਰਾ ਹੀ ਪੈਦਾ ਕੀਤਾ ਹੋਇਆ। ਪਰ ਦੋਸਤੋ! ਤਜਰਬੇ 'ਚੋਂ ਜਿਥੋਂ ਮੇਰਾ ਇਹ ਵਿਸ਼ਵਾਸ਼ ਪੱਕਾ ਹੋਇਆ ਕਿ ਮੈਂ ਜੋ ਕੁਝ ਵੀ ਹਾਂ ਆਪਣੇ ਸਾਥੀਆਂ ਦੇ ਸਦਕਾ ਹੀ ਹਾਂ, ਉਥੇ ਜਦੋਂ ਵੀ ਮੇਰੇ ਵਿੱਚ ਕੋਈ ਕਮਜ਼ੋਰੀ ਆਉਂਦੀ ਰਹੀ ਹੈ, ਉਦੋਂ ਹੀ ਮੈਨੂੰ ਇਹ ਯਾਦ ਆਇਆ ਕਿ ਜੋ ਕੁਝ ਵੀ ਮੇਰੇ ਰਾਹੀਂ ਆਮ ਲੋਕਾਂ ਤੱਕ ਜਾ ਰਿਹੈ ਇਹਦੇ 'ਚੋਂ ਜੋ ਵੀ ਲੋਕ ਮੇਰਾ ਪ੍ਰਭਾਵ ਲੈ ਰਹੇ- ਇਹਦੇ ਵਿੱਚ ਮੇਰੀਆਂ ਕੋਸ਼ਿਸ਼ਾਂ- ਜਥੇਬੰਦੀ ਦੀ ਟੀਮ, ਸਾਰੇ ਵਰਕਰਾਂ ਦੀਆਂ ਕੋਸ਼ਿਸ਼ਾਂ ਸਾਹਮਣੇ ਨਿਗੂਣੀ ਚੀਜ਼ ਹੈ ਅਤੇ ਜਦੋਂ ਵੀ ਮੈਂ ਪਿੱਛੇ ਮੁੜ ਕੇ ਝਾਤ ਮਾਰੀ ਕਿ ਮੈਂ ਕਿਹਨਾਂ ਸਦਕਾ ਹਾਂ ਤਾਂ ਮੈਨੂੰ ਸੈਂਕੜੇ ਉਹ ਨੌਜਵਾਨ ਜਿਹਨਾਂ ਜਿਹਨਾਂ ਨੂੰ ਚਾਹੇ ਮੈਂ ਜਾਣਦਾ ਵੀ ਨਾ ਹੋਵਾਂ, ਪਰ ਜਿਹਨਾਂ ਨੇ ਸਾਂਝੇ ਹਿੱਤਾਂ ਖਾਤਰ ਆਪਣੇ ਮੌਰਾਂ 'ਤੇ ਲਾਠੀਆਂ ਖਾਧੀਆਂ ਹਨ, ਤਸੀਹੇ ਝੱਲੇ ਹਨ, ਜੇਲ੍ਹਾਂ ਵਿੱਚ ਗਏ ਹਨ- ਉਹਨਾਂ ਸਾਰਿਆਂ ਦੇ ਸਰੀਰ 'ਤੇ ਪਈ ਇੱਕ ਇੱਕ ਲਾਠੀ, ਇੱਕ ਇੱਕ ਲਾਸ ਉਹਨਾਂ ਦੇ ਜੇਲ੍ਹਾਂ ਵਿੱਚ ਕੱਟੇ ਦਿਨ ਤੇ ਉਹਨਾਂ ਦਾ ਕੁਰਬਾਨ ਕੀਤਾ ਇੱਕ ਇੱਕ ਅਰਮਾਨ ਉਹ ਸਾਰਾ ਕੁਝ ਮੇਰੇ ਰਾਹੀਂ ਜਨਤਾ ਤੱਕ ਪਹੁੰਚਿਆ ਸੀ ਤੇ ਜਦੋਂ ਮੈਨੂੰ ਇਹ ਮਹਿਸੂਸ ਹੋਇਆ ਕਿ ਉਹਨਾਂ ਸੈਂਕੜੇ ਨੌਜਵਾਨਾਂ, ਉਹਨਾਂ ਵਿਦਿਆਰਥੀਆਂ ਦੀਆਂ ਕੁਰਬਾਨੀਆਂ ਦਾ ਜਿਹਨਾਂ ਦਾ ਮੈਨੂੰ ਪਤਾ ਵੀ ਹੈ, ਜਿਹਨਾਂ ਦਾ ਨਹੀਂ ਵੀ ਪਤਾ, ਜਿਹਨਾਂ ਨੇ ਕੁਰਬਾਨੀਆਂ ਚੇਤਨ ਰੂਪ ਵਿੱਚ ਦਿੱਤੀਆਂ ਅਚੇਤ ਰੂਪ ਵਿੱਚ ਵੀ ਦਿੱਤੀਆਂ— ਇਸ ਸਾਰੇ ਕੁਝ ਨਾਲ ਜੇ ਤੂੰ ਧੋਖਾ ਕਰਨੈ ਤਾਂ ਇਹ ਗੱਲ ਕਿਤੇ ਵੀ ਤੇਰੀ ਜ਼ਿੰਦਗੀ ਵਿੱਚ ਮੁਆਫ ਨਹੀਂ ਕੀਤੀ ਜਾਵੇਗੀ। ਉਹਨਾਂ ਨਾਲ ਧੋਖਾ ਕਰਨਾ ਜਿਹਨਾਂ ਨੇ ਆਪਣੀ ਖੁਦਗਰਜ਼ੀ ਨੂੰ ਤਿਆਗ ਕੇ ਹਰ ਕਿਸਮ ਦੀ ਕੁਰਬਾਨੀ ਦਿੱਤੀ ਐ, ਉਹਨਾਂ ਦੀਆਂ ਅਣਪਛਾਤੀਆਂ ਕੁਰਬਾਨੀਆਂ ਜੋ ਤੇਰੇ ਰਾਹੀਂ ਬਾਕੀ ਜਨਤਾ ਵਿੱਚ ਜਾ ਰਹੀਆਂ ਨੇ ਤੇ ਜੇ ਇਸ ਨਾਲ ਤੂੰ ਹੰਕਾਰਿਆ ਜਾਨੈਂ ਤਾਂ ਇਹ ਇਤਿਹਾਸ ਵਿੱਚ ਨਾ ਮੁਆਫਯੋਗ ਤੇ ਕਰੜੀ ਸਜ਼ਾ ਦੀ ਮੰਗ ਕਰਨਵਾਲੀ ਗੱਲ ਹੋਵੇਗੀ ਤੇ ਤੈਨੂੰ ਕੋਈ ਹੱਕ ਨਹੀਂ ਕਿ ਤੂੰ ਗਲਤ ਸੋਚ ਅਧੀਨ ਉਹਨਾਂ ਸਾਰਿਆਂ ਦੀਆਂ ਕੁਰਬਾਨੀਆਂ ਦਾ ਗਲਤ ਸਿੱਟਾ ਕੱਢ ਕੇ ਉਹਨਾਂ ਨੂੰ ਆਪਣੇ ਕਿਸੇ ਸੁਆਰਥੀ ਹਿੱਤਾਂ ਖਾਤਰ ਵਰਤੇਂ। ਤੇ ਦੋਸਤੋ ਇਹ ਕਿਹੜਾ ਬਲ ਸੀ। ਇਹ ਨੌਜਵਾਨਾਂ, ਮੇਰੇ ਸਾਥੀਆਂ ਦੀਆਂ ਚਾਹੇ ਉਹ ਸੂਬਾ ਲੀਡਰਸ਼ਿੱਪ ਵਿੱਚ ਨੇ, ਚਾਹੇ ਥੱਲੇ ਵਰਕਰ ਨੇ ਚਾਹੇ ਉਹ ਸਾਧਾਰਨ ਵਿਦਿਆਰਥੀ ਨੇ ਉਹਨਾਂ ਦੀਆਂ ਨਿਰਸੁਆਰਥ ਕੁਰਬਾਨੀਆਂ ਸਨ। ਤੇ ਜਦੋਂ ਇਹ ਸਾਰੀ ਗੱਲ ਦਿਮਾਗ ਵਿੱਚੋ ਗੁਜ਼ਰਦੀ ਸੀ ਤਾਂ ਚਾਹੇ ਕੋਈ ਫਿਰ ਜੇਲ੍ਹ ਦੀਆਂ ਕਾਲ-ਕੋਠੜੀਆਂ ਸੀ ਜਾਂ ਗਿਆਨੀ ਜ਼ੈਲ ਸਿੰਘ ਦੀ ਏਅਰ ਕੰਡੀਸ਼ਨਡ ਕੋਠੀ ਵਿੱਚ ਉਸਨੂੰ ਇਹ ਕੁਰਬਾਨੀਆਂ ਤੇ ਇਸ ਸਭ ਕੁਝ ਦਾ ਖਿਆਲ ਬਚਾ ਲੈਂਦਾ ਸੀ ਕਿ ਉਹ ਕਿਤੇ ਉਸ ਚਮਕ ਦਮਕ ਵਿੱਚ ਗੁਆਚ ਕੇ ਨਾ ਰਹਿ ਜਾਵੇ ਕਿਤੇ ਕਾਲ ਕੋਠੜੀ ਤੋਂ ਘਬਰਾ ਕੇ ਇਸ ਸਾਰੇ ਕੁਝ ਨੂੰ ਮਿੱਟੀ ਵਿੱਚ ਨਾ ਮਿਲ ਦਏ। ਸੋ ਦੋਸਤੋ! ਜਦੋਂ ਵੀ ਕਿਤੇ ਜ਼ਿੰਦਗੀ ਵਿੱਚ ਅਜਿਹੇ ਮੋੜ ਆਏ ਨੇ ਅਤੇ ਇਸ ਤਰ੍ਹਾਂ ਕੰਮ ਕਰਦਿਆਂ ਇਹੋ ਜਿਹੀਆਂ ਗੱਲਾਂ ਵਾਪਰੀਆਂ ਨੇ ਉਸ ਵਕਤ ਇਹ ਗੱਲ ਜੀਹਨੇ ਹੁਣ ਤੱਕ ਮੈਨੂੰ ਦਰੁਸਤ ਰਾਹ 'ਤੇ ਚਲਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜੀਹਦੇ ਰਾਹੀਂ ਮੈਂ ਇਹ ਕੋਸ਼ਿਸ਼ ਕਰਦਾ ਰਿਹਾ ਕਿ ਸਹੀ ਰਾਹ 'ਤੇ ਚੱਲਦਾ ਰਹਾਂ ਅਤੇ ਸਮੁੱਚੇ ਰੂਪ ਵਿੱਚ ਦੇਖਿਆਂ ਜਦੋਂ 71 ਤੋਂ ਹੁਣ ਤੱਕ ਝਾਤੀ ਮਾਰਦਾ ਹਾਂ ਤਾਂ ਇਹ ਮਹਿਸੂਸ ਹੁੰਦਾ ਕਿ ਐਨਾ ਸਮਾਂ ਜਥੇਬੰਦੀ ਵਿੱਚ ਵਿਦਿਆਰਥੀ ਹਿੱਤਾਂ ਲਈ ਕੰਮ ਕੀਤੈ ਤਾਂ ਇਹ ਵਿਸ਼ਵਾਸ਼ ਹੋਰ ਵੀ ਪੱਕਾ ਹੋ ਜਾਂਦਾ ਕਿ ਜੇ ਅਸੀਂ ਸਹੀ ਨਿਸ਼ਾਨੇ ਨੂੰ ਮਿਥ ਕੇ, ਸਹੀ ਰਾਹ ਨੂੰ ਪਛਾਣ ਕੇ ਤੇ ਲੋਕਾਂ 'ਤੇ ਵਿਸ਼ਵਾਸ਼ ਕਰਕੇ ਤੁਰ ਪਈਏ ਤਾਂ ਲੋਕ ਕਦੇ ਵੀ ਧੋਖਾ ਨਹੀਂ ਦਿੰਦੇ। ਜੇ ਕਦੇ ਧੋਖਾ ਮਿਲੇਗਾ ਤਾਂ ਜਿਹੜੇ ਰੁਝਾਨਾਂ ਦਾ ਮੈਂ ਜ਼ਿਕਰ ਕੀਤਾ, ਉਹਨਾਂ 'ਚੋਂ ਹੀ ਮਿਲੇਗਾ। ਮੇਰੇ ਹੁਣ ਤੱਕ ਦੇ ਤਜ਼ਰਬੇ ਵਿੱਚ ਕਦੇ ਵੀ ਐਂ ਨਹੀਂ ਹੋਇਆ ਕਿ ਵਿਦਿਆਰਥੀਆਂ ਨੇ ਧੋਖਾ ਦਿੱਤਾ ਹੋਵੇ, ਕਿਤੇ ਵੀ ਐਂ ਨਹੀਂ ਵਾਪਰਿਆ ਕਿ ਵਿਦਿਆਰਥੀਆਂ ਨੇ ਸਾਥ ਛੱਡਿਆ ਹੋਵੇ। ਕਿਤੇ ਵੀ ਐਂ ਨੀਂ ਹੋਇਆ ਕਿ ਵਿਦਿਆਰਥੀਆਂ ਨੇ ਬਲ ਨਾ ਬਖਸ਼ਿਆ ਹੋਵੇ, ਕਿਤੇ ਵੀ ਐਂ ਨੀਂ ਹੋਇਆ ਕਿ ਵਿਦਿਆਰਥੀਆਂ ਨੇ ਮੇਰੇ ਵਿਚਾਰ ਪਰਫੁੱਲਤ ਕਰਨ ਵਿੱਚ ਮੱਦਦ ਨਾ ਕੀਤੀ ਹੋਵੇ। ਇਹ ਸਾਰਾ ਕੁਝ ਜਿਹੜਾ ਏਥੇ ਤੱਕ ਪਹੁੰਚਣ, ਐਸ ਜ਼ੁੰਮੇਵਾਰੀ ਤੇ ਜਿਹਨਾਂ ਹਾਲਤਾਂ ਵਿੱਚ ਐਸ ਪੁਜੀਸ਼ਨ 'ਤੇ ਕੰਮ ਕਰਦਿਆਂ ਜੋ ਪਰਭਾਵ ਜੋ ਨਕਸ਼ਾ, ਆਮ ਜਨਤਾ ਤੱਕ- ਪੀ.ਐਸ.ਯੂ. ਕਰਕੇ- ਮੇਰਾ ਵਿਅਕਤੀਗਤ ਤੌਰ 'ਤੇ ਗਿਐ, ਉਹ ਸਾਰਾ ਕੁਝ ਇਹਨਾਂ ਕੋਸ਼ਿਸ਼ਾਂ ਦਾ, ਇਹਨਾਂ ਕੁਰਬਾਨੀਆਂ ਦਾ ਹੀ ਸਿੱਟਾ ਹੈ। ਤੇ ਜਿਹੜੀ ਸਮੂਹਿਕ ਅਗਵਾਈ ਮੈਨੂੰ ਮਿਲਦੀ ਰਹੀ ਹੈ, ਜਿਹੜੀਆਂ ਸਮੂਹਿਕ ਕੋਸ਼ਿਸ਼ਾਂ ਮੈਨੂੰ ਸਹੀ ਰਾਹ 'ਤੇ ਪਾਉਣ ਲਈ ਹੁੰਦੀਆਂ ਰਹੀਆਂ ਨੇ- ਉਹੀ ਨੇ ਜਿਹੜੀਆਂ ਹੁਣ ਤੱਕ ਮੈਨੂੰ ਤੁਹਾਡੇ ਵਿੱਚ ਰੱਖ ਸਕੀਆਂ ਨੇ ਤੇ ਮੈਨੂੰ ਇਸ ਗੱਲ ਦਾ ਮਾਣ ਬਖਸ਼ਿਐ ਕਿ ਮੈਨੂੰ ਤੁਸੀਂ ਆਪਣਾ ਸੂਹਾ ਪਰਚਮ ਭੇਟ ਕਰੋ। ਇਹ ਕੁਝ ਉਹ ਗੱਲਾਂ ਸੀ, ਜੋ ਮੈਂ ਇੱਕ ਵਿਅਕਤੀ ਦੇ ਤੌਰ 'ਤੇ ਸਿੱਖੀਆਂ ਤੇ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹੁੰਦਾ ਸੀ।

(ਸ਼ਹੀਦ ਪਿਰਥੀਪਾਲ ਸਿੰਘ ਰੰਧਾਵਾ ਵੱਲੋਂ ਇਹ ਤਕਰੀਰ 8 ਜੁਲਾਈ 1979 ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੀ ਐਸ.ਡੀ. ਕਾਲਜ ਬਰਨਾਲਾ ਵਿੱਚ ਹੋਈ ਜਨਰਲ ਕੌਂਸਲ ਦੀ ਮੀਟਿੰਗ 'ਚ ਕੀਤੀ ਗਈ। ਇਸ ਮੀਟਿੰਗ 'ਚ ਉਹਨਾਂ ਨੂੰ ਪੀ.ਐਸ.ਯੂ. ਦੇ ਸੂਹੇ ਝੰਡੇ ਦੀ ਭੇਟ ਨਾਲ ਵਿਦਾਇਗੀ ਦਿੱਤੀ ਗਈ ਸੀ। ਲੱਗਭੱਗ ਇੱਕ ਦਹਾਕਾ ਵਿਦਿਆਰਥੀ ਲਹਿਰ ਦੀ ਅਗਵਾਈ ਕਰਨ ਪਿੱਛੋਂ ਉਹਨਾਂ ਨੇ ਪੀ.ਐਸ.ਯੂ. ਦੀਆਂ ਜ਼ੁੰਮੇਵਾਰੀਆਂ ਤੋਂ ਰੁਖਸਤ ਹੋ ਕੇ ਜਮਹੂਰੀ ਹੱਕਾਂ ਦੀ ਲਹਿਰ 'ਚ ਕੰਮ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ। ਪਰ 10 ਦਿਨ ਬਾਅਦ ਹੀ ਅਕਾਲੀ ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠਲੇ ਗੁੰਡਾ ਗਰੋਹ ਨੇ ਉਹਨਾਂ ਨੂੰ 18 ਜੁਲਾਈ 1979 ਨੂੰ ਸ਼ਹੀਦ ਕਰ ਦਿੱਤਾ। ਇਸ ਹਮਲੇ ਦਾ ਜੁਆਬ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਨੇ ਵੱਡੇ ਇਤਿਹਾਸਕ ਯਾਦਗਾਰੀ ਸੰਘਰਸ਼ ਰਾਹੀਂ ਦਿੱਤਾ।)

– 'ਸੁਰਖ਼ ਲੀਹ' ਵਿੱਚੋਂ


# ਇਨਕਲਾਬੀ ਵਿਰਾਂਗਣਾਂ ਕਾਮਰੇਡ : ਮਹਿੰਦਰ ਕੌਰ

**ਜਸਵੀਰ ਮੰਗੂਵਾਲ**

ਲੋਕ ਕਹਿਣ ਬਲਦ ਦੇ ਸਿੰਗਾਂ ਤੇ ਧਰਤੀ
ਮੈਂ ਮੁਨਕਰ ਹਾਂ
ਮੇਰਾ ਵਿਸ਼ਵਾਸ ਅਟੱਲ ਹੈ ਕਿ
ਆਪਣੇ ਸਿਰ ਉੱਪਰ ਧਰਤੀ
ਔਰਤ ਨੇ ਹੈ ਚੁੱਕੀ ਹੋਈ

ਇਹ ਸ਼ਬਦ ਇਨਕਲਾਬੀ ਕਵੀ ਲਾਲ ਸਿੰਘ ਦਿਲ ਦੇ ਹਨ ਜੋ ਇਤਿਹਾਸ ਦੀਆਂ ਉਹਨਾਂ ਇਨਕਲਾਬੀ ਔਰਤਾਂ ਦੀ ਗੱਲ ਕਰਦਾ ਹੈ ਜੋ ਮਰਦ ਸਮਾਜ ਪ੍ਰਧਾਨ ਸਮਾਜ ਵਿੱਚ ਜਗੀਰੂ ਕਦਰਾਂ ਕੀਮਤਾਂ ਨਾਲ ਟੱਕਰ ਲੈਂਦੀਆਂ ਹਨ, ਘਰ ਪਰਿਵਾਰ ਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੀਆਂ ਹਨ ਤੇ ਯੁੱਗ ਪਲਟਾਉਣ ਲਈ ਆਪਣਾ ਪੂਰਾ ਯੋਗਦਾਨ ਪਾਉਂਦੀਆਂ ਹਨ। ਮਾਈ ਭਾਗੋ, ਗ਼ਦਰੀ ਗੁਲਾਬ ਕੌਰ ਤੇ ਦੁਰਗਾ ਭਾਬੀ ਦੇ ਸ਼ਾਨਾਮੱਤੇ ਇਨਕਲਾਬੀ ਇਤਿਹਾਸ ਨੂੰ ਅੱਗੇ ਤੋਰਨ ਵਾਲਾ ਇੱਕ ਨਾਂ ਸੀ ਕਾਮਰੇਡ ਮਹਿੰਦਰ ਕੌਰ। ਜਿਨ੍ਹਾਂ ਦਾ ਜਨਮ 1932 ਨੂੰ ਪਾਕਿਸਤਾਨ ਪੰਜਾਬ ਦੇ ਜਿਲ੍ਹਾ ਸ਼ੇਖੂਪੁਰਾ ਵਿੱਚ ਸ਼ਰਦਾ ਨੰਦ (ਪਾਰਟੀ ਦਾ ਨਾਂ ਕਮਲਜੀਤ ਸਿੰਘ) ਤੇ ਮਾਤਾ ਬਚਨ ਕੌਰ ਦੇ ਘਰ ਹੋਇਆ। ਉਹਨਾਂ ਦੇ ਪਿਤਾ ਕਮਿਊਨਿਸਟ ਪਾਰਟੀ ਦੇ ਕਾਰਕੁੰਨ ਤੇ ਬਿਰਲਾ ਮਿੱਲ ਵਿੱਚ ਮਜ਼ਦੂਰ ਯੂਨੀਅਨ ਵਿੱਚ ਕੰਮ ਕਰਦੇ ਸਨ। 1947 ਦੀ ਵੰਡ ਨੇ ਜਿੱਥੇ ਰਾਜ ਭਾਗ ਗੋਰੇ ਅੰਗਰੇਜ਼ਾਂ ਤੋਂ ਖੋਹ ਕਾਲੇ ਅੰਗਰੇਜ਼ਾਂ ਦੇ ਹੱਥ ਸੌਂਪ ਦਿੱਤਾ, ਉੱਥੇ ਸਦੀਆਂ ਤੋਂ ਭਾਈਚਾਰਕ ਸਾਂਝ ਨਾਲ ਇਕੱਠੇ ਰਹਿੰਦੇ ਲੋਕ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਬਣ ਗਏ। ਲੁੱਟਾਂ ਖੋਹਾਂ ਤੇ ਮਾਰਧਾੜ ਦੇ ਨਾਲ ਨਾਲ ਧੀਆਂ ਭੈਣਾਂ ਦੀਆਂ ਇੱਜ਼ਤਾਂ ਬੇਪੱਤ ਕਰ ਹਿੰਦੂ, ਮੁਸਲਿਮ ਤੇ ਸਿੱਖ ਧਾਰਮਿਕ ਜਨੂੰਨੀਆਂ ਨੇ ਧਰਮ ਕਮਾਇਆ। ਮਹਿੰਦਰ ਕੌਰ ਦਾ ਪਰਿਵਾਰ ਵੀ ਪਾਕਿਸਤਾਨ ਵਿੱਚ ਆਪਣਾ ਭਰਿਆ ਭਕੁੰਨਿਆ ਘਰ ਛੱਡ, ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਮੋਨੇ ਆ ਗਿਆ। ਕੁੱਝ ਚਿਰ ਪੰਜਾਬ ਰਹਿਣ ਪਿੱਛੋਂ ਪਾਰਟੀ ਨੇ ਉਹਨਾਂ ਦੇ ਪਿਤਾ ਜੀ ਦੀ ਡਿਊਟੀ ਦਿੱਲੀ ਲਾ ਦਿੱਤੀ। ਉਹ ਪਰਿਵਾਰ ਸਮੇਤ ਦਿੱਲੀ ਚਲੇ ਗਏ ਉੱਥੇ ਉਹ ਸ੍ਰੀ ਰਾਮ ਮਿੱਲ ਵਿੱਚ ਮਜ਼ਦੂਰ ਬਣ ਕੰਮ ਕਰਨ ਲੱਗੇ। 1948 ਵਿੱਚ ਲਾਲ ਕਮਿਊਨਿਸਟ ਪਾਰਟੀ ਵਲੋਂ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਹੇਠ ਪੇਪਸੂ ਮਜ਼ਾਰਾ ਲਹਿਰ ਚਲਾਈ ਜਾ ਰਹੀ ਸੀ। ਪਾਰਟੀ ਹੈੱਡ ਕੁਆਟਰ ਇਹਨਾਂ ਦਾ ਘਰ ਸੀ। ਮਹਿੰਦਰ ਕੌਰ ਦੇ ਘਰ ਦੀਆਂ ਹੋਰ ਔਰਤਾਂ ਬਾਹਰੋਂ ਆਏ ਕਾਮਰੇਡਾਂ ਨੂੰ ਕਮਰਾ ਦਿਵਾਉਣ ਵਿੱਚ ਮੱਦਦ ਕਰਦੀਆਂ ਕਿਉਂਕਿ ਬਾਹਰੋਂ ਆਏ ਲੋਕਾਂ ਨੂੰ ਕਮਰਾ ਨਾ ਮਿਲਦਾ। ਕਾਮਰੇਡਾਂ ਨੂੰ ਰੋਟੀ ਪਾਣੀ ਖੁਆਉਣਾ, ਸਾਹਿਤ ਪਹੁੰਚਾਉਣਾ ਤੇ ਵੱਖ ਵੱਖ ਘਰਾਂ ਵਿੱਚ ਕੰਮ ਕਰਕੇ ਪੈਸੇ ਇਕੱਠੇ ਕਰਕੇ ਪਾਰਟੀ ਨੂੰ ਦੇਣੇ। ਪਾਰਟੀ ਦਾ ਭੇਤ ਖੁੱਲ੍ਹਣ ਕਰਕੇ ਉਹਨਾਂ ਦੇ ਪਿਤਾ ਜੀ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਤੇ ਘਰ ਜਬਤ ਕਰ ਲਿਆ ਜੋ ਅੱਜ ਤੱਕ ਪੁਲਸ ਕਬਜੇ ਵਿੱਚ ਹੀ ਹੈ। ਮਹਿੰਦਰ ਕੌਰ ਦੇ ਮਾਤਾ ਬਚਨ ਕੌਰ ਤੇ ਭੈਣ ਨਿਰਮਲਾ ਤੇ ਭਰਾ ਸੰਤ ਰਾਮ ਨੂੰ ਵੀ ਗ੍ਰਿਫਤਾਰ ਕਰਕੇ ਤਸ਼ੱਦਦ ਕੀਤਾ ਗਿਆ।

1949 ਵਿੱਚ ਇਸਤਰੀ ਸਭਾ ਸਮੇਤ ਹੋਰ ਜਥੇਬੰਦੀਆਂ ਵਲੋਂ ਮਾਣੂੰਕੇ (ਪੰਜਾਬ) ਕਾਨਫ਼ਰੰਸ ਕੀਤੀ ਗਈ ਜਿਸ ਵਿੱਚ ਮਹਿੰਦਰ ਕੌਰ, ਸ਼ੀਲ੍ਹਾ ਚੈਨ ਨਾਲ ਕਾਨਫ਼ਰੰਸ ਵਿੱਚ ਆਈ। ਇਸ ਪਿੱਛੋਂ ਮਹਿੰਦਰ ਕੌਰ, ਕਮਲਜੀਤ ਕੌਰ ਹੁਸ਼ਿਆਰਪੁਰ, ਸਵਰਨਜੀਤ ਕੌਰ ਬੜਾ ਪਿੰਡ, ਸੁਰਿੰਦਰ ਕੁਮਾਰੀ ਜਲੰਧਰ, ਸ਼ੀਲਾ ਚੈਨ ਜਲੰਧਰ, ਕਾਂਤਾ ਕਾਮਰੇਡ ਵਿਸ਼ਨੂੰ ਦੱਤ ਦੀ ਭੈਣ ਖਟਕੜ ਕਲਾਂ ਤੇ ਹੋਰ ਔਰਤਾਂ ਕੁਲਵਕਤੀ ਤੌਰ 'ਤੇ ਤੁਰੀਆਂ। ਔਰਤਾਂ ਦੀ ਇੱਕ ਕਾਨਫ਼ਰੰਸ ਦੌਰਾਨ ਹੀ ਮਹਿੰਦਰ ਕੌਰ ਦੀ ਨੇੜਤਾ ਕਾਮਰੇਡ ਆਤਮਜੀਤ ਸਿੰਘ ਅਸਲੀ ਨਾਂ ਰਾਠਾ ਸਿੰਘ ਨਾਲ ਹੋ ਗਈ। ਦੋਹਾਂ ਨੇ ਵਿਆਹ ਕਰਾਉਣ ਦੀ ਗੱਲ ਪਾਰਟੀ ਅੱਗੇ ਰੱਖੀ। ਪਾਰਟੀ ਵਿੱਚ ਪਹਿਲਾਂ ਤਾਂ ਵਿਰੋਧ ਹੋਇਆ ਕਿ ਘਰੋਂ ਤਾਂ ਇਨਕਲਾਬ ਕਰਨ ਤੁਰੇ ਸਨ, ਇਸਦਾ ਦੂਜੀਆਂ ਕੁੜੀਆਂ ਤੇ ਕੀ ਅਸਰ ਪਵੇਗਾ। ਜਾਤਪਾਤ ਤੇ ਮਾਝੇ ਦੁਆਬੇ ਦਾ ਵੀ ਰੌਲ਼ਾ ਸੀ। ਪਰ ਹੌਲ਼ੀ ਹੌਲ਼ੀ ਸਾਰੇ ਮੰਨ ਗਏ ਤੇ 1953 ਵਿੱਚ ਮਹਿੰਦਰ ਕੌਰ ਤੇ ਆਤਮਜੀਤ ਦਾ ਵਿਆਹ ਹੋ ਗਿਆ। ਆਤਮਜੀਤ ਦਾ ਪਿੰਡ ਸੁਰਵਿੰਡ ਭਿੱਖੀਵਿੰਡ ਦੇ ਕੋਲ ਭਾਰਤ ਪਾਕਿਸਤਾਨ ਦੇ ਬੋਰਡਰ ਦਾ ਪਿੰਡ ਸੀ, ਜੋ ਪਛੜਿਆ ਹੋਇਆ ਸੀ। ਜੇਕਰ ਬਾਰਡਰ ਤੇ ਲੜਾਈ ਲੱਗ ਜਾਂਦੀ ਤਾਂ ਇਹਨਾਂ ਪਿੰਡਾਂ ਦੇ ਲੋਕਾਂ ਨੂੰ ਜ਼ਰੂਰੀ ਸਮਾਨ ਤੇ ਡੰਗਰ ਵੱਛਾ ਲੈ ਰਿਸ਼ਤੇਦਾਰਾਂ ਦੇ ਘਰ ਜਾਣਾ ਪੈਂਦਾ। ਬਾਰਡਰ ਦਾ ਤਣਾਅ ਉਹਨਾਂ ਲਈ ਮੁਸ਼ਕਲਾਂ ਪੈਦਾ ਕਰਦਾ। ਖੇਤੀ ਅਜੇ ਵੀ ਇੱਥੇ ਪਸ਼ੂਆਂ ਨਾਲ ਕੀਤੀ ਜਾਂਦੀ ਸੀ। ਮਹਿੰਦਰ ਕੌਰ ਜਦੋਂ ਇੱਥੇ ਵਿਆਹੀ ਆਈ ਤਾਂ ਘਰ ਦਾ ਮਾਹੌਲ ਬਹੁਤ ਵੱਖਰਾ ਸੀ। ਔਰਤਾਂ ਘਰ ਦੇ ਮਰਦਾਂ ਤੋਂ ਘੁੰਡ ਕੱਢਦੀਆਂ, ਉਹਨਾਂ ਦਾ ਕੰਮ ਬੱਚੇ ਸੰਭਾਲਣਾ, ਘਰ ਦਾ ਕੰਮ ਕਰਨਾ ਡੰਗਰ ਵੱਛਾ ਸਾਂਭਣਾ ਤੇ ਖੇਤੀ ਵਿੱਚ ਹੱਥ ਵਟਾਉਣਾ ਹੁੰਦਾ ਸੀ ਜੋ ਮਹਿੰਦਰ ਕੌਰ ਲਈ ਬਹੁਤ ਵੱਖਰਾ ਅਨੁਭਵ ਸੀ। ਭਾਵੇਂ ਮਹਿੰਦਰ ਕੌਰ ਬਹੁਤ ਹੀ ਖ਼ੂਬਸੂਰਤ ਤੇ ਸਾਦੇ ਰਹਿਣ ਸਹਿਣ ਵਾਲੀ ਔਰਤ ਸੀ ਪਰ ਜਾਤ ਪਾਤ ਤੇ ਦਾਜ ਦਹੇਜ ਨਾ ਲਿਆਉਣ ਕਰਕੇ ਮਹਿੰਦਰ ਕੌਰ ਦੀ ਦਾਲ਼ ਬਹੁਤਾ ਚਿਰ ਪਰਿਵਾਰ ਵਿੱਚ ਨਾ ਗਲ਼ ਸਕੀ। ਆਤਮਜੀਤ ਸਿੰਘ ਪਾਰਟੀ ਦੇ ਕੰਮ ਕਰਕੇ ਬਹੁਤਾ ਬਾਹਰ ਹੀ ਰਹਿੰਦੇ ਸਨ ਫਿਰ ਉਹ ਮਹਿੰਦਰ ਕੌਰ ਨੂੰ ਵੀ ਆਪਣੇ ਨਾਲ ਹੀ ਲੈ ਆਏ। ਉਹਨਾਂ ਦੇ ਘਰ ਚਾਰ ਪੁੱਤਰ ਪੈਦਾ ਹੋਏ। ਭਗਵੰਤ ਸਿੰਘ, ਸੁਖਵੰਤ ਸਿੰਘ, ਬੇਅੰਤ ਸਿੰਘ ਤੇ ਇਕਬਾਲ ਸਿੰਘ।




ਪਾਰਟੀ ਵਲੋਂ ਜਿੱਥੇ ਰਾਜਨੀਤਕ ਕਾਨਫ਼ਰੰਸਾਂ ਰਾਹੀਂ ਲੋਕਾਂ ਨੂੰ ਜਾਗਰਿਤ ਕੀਤਾ ਜਾਂਦਾ ਉੱਥੇ ਸਭਿਆਚਾਰਕ ਟੀਮ ਰਾਹੀਂ ਵੀ ਗੀਤਾਂ ਤੇ ਨਾਟਕਾਂ ਰਾਹੀਂ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਜਾਂਦਾ। ਇਪਟਾ ਵਿੱਚ ਕੈਫੀ ਆਜ਼ਮੀ ਵਰਗੇ ਵੱਡੇ ਵੱਡੇ ਕਲਾਕਾਰ ਨਾਟਕਾਂ ਵਿੱਚ ਕੰਮ ਕਰਦੇ ਉੱਥੇ ਪੰਜਾਬ ਵਿੱਚ ਜਲੰਧਰ ਤੋਂ ਨਰਿੰਦਰ ਦੁਸਾਂਝ ਦੀ ਟੀਮ ਹੁਸ਼ਿਆਰਪੁਰ ਤੋਂ ਜੋਗਿੰਦਰ ਬਾਹਰਲੇ ਦੀ ਟੀਮ ਤੇ ਅੰਮ੍ਰਿਤਸਰ ਤੋਂ ਕਾਮਰੇਡ ਆਤਮਜੀਤ ਸਿੰਘ ਦੀ ਟੀਮ ਕੰਮ ਕਰਦੀਆਂ। ਸਰਕਾਰ ਨੇ 1959 ਵਿੱਚ ਖੁਸ਼ ਹੈਸੀਅਤ ਟੈਕਸ ਲਗਾ ਦਿੱਤਾ। ਸੀ. ਪੀ. ਆਈ. ਦੀ ਸੂਬਾ ਕਮੇਟੀ ਨੇ ਇਸਦਾ ਵਿਰੋਧ ਕੀਤਾ। 'ਜੋਰੀਂ ਮੰਗੇ ਦਾਨ ਵੇ ਲਾਲੋ' ਨਾਟਕ ਖੇਡਿਆ ਗਿਆ, ਕਿਸਾਨ ਮੋਰਚਾ ਭਖ ਗਿਆ, ਧੜਾਧੜ ਗ੍ਰਿਫਤਾਰੀਆਂ ਹੋਣ ਲੱਗੀਆਂ। ਪਾਰਟੀ ਦੁਆਰਾ ਨਾਟਕ ਮੰਡਲੀਆਂ ਦੇ ਕੰਮਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅੰਮ੍ਰਿਤਸਰ ਵਿੱਚ ਨਾਟਕਾਂ ਦੀ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਪੰਜਾਬ ਦੇ ਸਾਰੇ ਕਲਾਕਾਰ ਸ਼ਾਮਲ ਹੋਏ। ਇਸ ਦੌਰਾਨ ਦੀ ਦਰਸ਼ਨ ਦੁਸਾਂਝ ਦੀ ਦੋਸਤੀ ਆਤਮਜੀਤ ਸਿੰਘ ਨਾਲ ਹੋਈ। ਡਰਾਮਾ ਟੀਮ ਵਿੱਚ ਸਾਰੇ ਕਲਾਕਾਰ ਮਝੈਲ ਸਨ ਸਿਰਫ਼ ਦਰਸ਼ਨ ਹੀ ਦੁਆਬੀਆ ਸੀ ਜੋ ਦੁਆਬੇ ਦੀ ਉਪਭਾਸ਼ਾ ਦੁਆਬੀ ਬੋਲਦਾ ਸੀ। ਜਦੋਂ ਉਹ ਡਾਇਲਾਗ ਬੋਲਦਾ ਤਾਂ ਸਾਰੇ ਅੰਮ੍ਰਿਤਸਰੀਏ ਹੱਸ ਪੈਂਦੇ ਇੱਧਰ ਮਹਿੰਦਰ ਕੌਰ ਵੀ ਦੁਆਬੇ ਵਿੱਚ ਪਲ਼ੀ ਬੜੀ ਹੋਣ ਕਰਕੇ ਦੁਆਬੀ ਬੋਲਦੀ ਸੀ। ਕਾਮਰੇਡਾਂ ਵਲੋਂ ਸਹਿਜ ਸੁਭਾ ਹੀ ਕਿਹਾ ਗਿਆ ਕਿ ਮਿੰਦੋ ਇਹ ਤਾਂ ਤੇਰਾ ਭਰਾ ਹੀ ਲੱਗਦਾ ਹੈ, ਉਦੋਂ ਤੋਂ ਹੀ ਇਹਨਾਂ ਦਾ ਭੈਣ ਭਰਾ ਦਾ ਰਿਸ਼ਤਾ ਬਣ ਗਿਆ। ਇਪਟਾ ਦੇ ਕਲਾਕਾਰਾਂ ਵਲੋਂ ਖੁਸ਼ ਹੈਸੀਅਤ ਟੈਕਸ ਵਿਰੁੱਧ ਗ੍ਰਿਫਤਾਰੀਆਂ ਕਰਨ ਦਾ ਫੈਸਲਾ ਹੋਇਆ। ਦਰਸ਼ਨ ਦੁਸਾਂਝ, ਆਤਮਜੀਤ ਸਿੰਘ ਤੇ ਉਹਨਾਂ ਦੇ ਲੜਕੇ ਭਗਵੰਤ ਸਿੰਘ ਨੇ ਵੀ ਗ੍ਰਿਫਤਾਰੀ ਦਿੱਤੀ। ਮਹਿੰਦਰ ਕੌਰ ਨੇ ਇਸਤਰੀ ਸਭਾ ਦੀ ਅਗਵਾਈ ਵਿੱਚ ਅਰਜਨ ਸਿੰਘ ਮਸਤਾਨਾ ਦੀ ਭੈਣ ਬੀਬੀ ਵੀਰਾਂ ਸਮੇਤ 26 ਹੋਰ ਇਸਤਰੀਆਂ ਨੇ ਵੀ ਗ੍ਰਿਫਤਾਰੀਆਂ ਦਿੱਤੀਆਂ ਤੇ 35 ਦਿਨ ਜੇਲ੍ਹ ਵਿੱਚ ਰਹੀਆਂ। ਬਿਮਲਾ ਡਾਂਗ ਦਾ ਜਥਾ ਵੀ ਇੱਕ ਮਹੀਨਾ ਜੇਲ੍ਹ ਵਿੱਚ ਰਿਹਾ। ਪਾਰਟੀ ਵਿੱਚ ਫੁੱਟ ਪੈ ਗਈ ਦਰਸ਼ਨ ਦੁਸਾਂਝ ਨੇ ਪਾਰਟੀ ਛੱਡ ਦਿੱਤੀ ਪਰ ਆਤਮਜੀਤ ਉੱਥੇ ਹੀ ਰਿਹਾ। ਉਹ ਬਿਮਾਰ ਹੋ ਗਿਆ ਠੀਕ ਹੋਣ ਤੋਂ ਬਾਅਦ ਮਿਉਸੀਪਲ ਕਮੇਟੀ ਵਿੱਚ ਦਰਜ਼ਾ ਚਾਰ ਮੁਲਾਜ਼ਮ ਲੱਗ ਗਿਆ। ਇੱਧਰ ਦੁਸਾਂਝ ਦੇ ਪਿਤਾ ਜੀ ਦੀ ਮੌਤ ਹੋ ਗਈ ਤੇ ਉਹ ਬਹੁਤ ਇਕੱਲਾ ਹੋ ਗਿਆ। ਮਹਿੰਦਰ ਕੌਰ ਵੱਡੀ ਭੈਣ ਹੋਣ ਦੇ ਨਾਤੇ ਬੱਚਿਆਂ ਸਮੇਤ ਦਰਸ਼ਨ ਦੁਸਾਂਝ ਕੋਲ ਦੁਸਾਂਝ ਕਲਾਂ ਆ ਗਈ। ਉਸਦੇ ਚਾਰੇ ਲੜਕੇ ਦੁਸਾਂਝ ਕਲਾਂ ਸਕੂਲ ਵਿੱਚ ਪੜ੍ਹਨ ਲਾ ਦਿੱਤੇ। ਦਰਸ਼ਨ ਬਿਜਲੀ ਮਕੈਨਿਕ ਦ ਕੰਮ ਕਰਦਾ ਸੀ ਪਰ ਪੈਸੇ ਬਹੁਤ ਥੋੜ੍ਹੇ ਮਿਲਦੇ ਸਨ ਜਿਸ ਨਾਲ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਹੀ ਚੱਲਦਾ ਸੀ ਫਿਰ ਉਸਨੇ ਇਲੈਕਟਰੀਕਲ ਦੀ ਦੁਕਾਨ ਖੋਲ੍ਹ ਲਈ ਤੇ ਖਾਣ ਪੀਣ ਦਾ ਸਮਾਨ ਵੀ ਰੱਖ ਲਿਆ। ਜਦੋਂ ਦਰਸ਼ਨ ਬਾਹਰ ਚਲਿਆ ਜਾਂਦਾ ਤਾਂ ਭਾਣਜੇ ਦੁਕਾਨ ਸਾਂਭਦੇ। ਦਰਸ਼ਨ ਆਪਣੇ ਭਾਣਜਿਆਂ ਨੂੰ ਬਹੁਤ ਹੀ ਪਿਆਰ ਨਾਲ ਸਾਂਭ ਰਿਹਾ ਸੀ ਤੇ ਪਾਰਟੀ ਦਾ ਕੰਮ ਵੀ ਨਾਲੋ ਨਾਲ ਕਰ ਰਿਹਾ ਸੀ। ਪਹਿਲਾਂ ਸੀ. ਪੀ. ਆਈ ਫਿਰ ਸੀ. ਪੀ. ਐਮ ਤੋਂ ਵੀ ਉਸਦਾ ਮਨ ਉਚਾਟ ਹੋ ਗਿਆ।

ਇਧਰ ਬੰਗਾਲ ਤੋਂ ਉੱਠੀ ਨਕਸਲਵਾੜੀ ਲਹਿਰ ਦੀ ਚੰਗਿਆੜੀ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਰਹੀ ਸੀ ਜਿਸ ਕਰਕੇ ਕਮਿਊਨਿਸਟ ਇਨਕਲਾਬੀਆ ਨੇ ਪਾਰਲੀਮਾਨੀ ਦਾ ਰਾਹ ਰੱਦ ਕਰਕੇ ਮਾਰਕਸਵਾਦੀ ਲੈਨਿਨਵਾਦੀ ਤੇ ਮਾਓ ਦੀ ਵਿਚਾਰਦਾਰਾ ਦਾ ਰਾਹ ਅਪਨਾ ਲਿਆ। ਸੀ.ਪੀ.ਐਮ ਦੇ ਲੀਡਰ ਨਕਸਲਵਾੜੀ ਵਿਦਰੋਹ ਦੇ ਖ਼ਿਲਾਫ਼ ਪਾਰਟੀ ਵਰਕਰਾਂ ਦੀ ਸਕੂਲਿੰਗ ਕਰਨ ਲੱਗੇ। ਹਰਕਿਸ਼ਨ ਸੁਰਜੀਤ ਨੇ ਤਹਿਸੀਲ ਇਜਲਾਸ ਦੁਆਬੇ ਦੇ ਪਿੰਡ ਗੁਣਾਚੌਰ ਰੱਖਿਆ ਜਿਸ ਵਿੱਚ ਦਰਸ਼ਨ ਦੁਸਾਂਝ ਸਾਧੂ ਸਿੰਘ ਸਮਰਾਏ, ਬਾਬਾ ਰਾਮ ਸਿੰਘ ਤਲਵੰਡੀ ਫੱਤੂ, ਬਿੱਕਰ ਸਿੰਘ ਮਾਲ ਗਹਿਲਾਂ ਤੇ ਸਰਬਜੀਤ ਦੁਸਾਂਝ ਨੇ ਨਕਸਲਬਾੜੀ ਦੇ ਹੱਕ ਵਿੱਚ ਸਟੈਂਡ ਲਿਆ। ਬਾਬਾ ਬੂਝਾ ਸਿੰਘ, ਗੰਧਰਵ ਸੇਨ, ਹਰਦਿਆਲ ਪੂਨੀ, ਬਾਬਾ ਮਹਿੰਗਾ ਸਿੰਘ, ਬੀਬੀ ਤੇਜਵੰਤੀ ਧੀਰ ਤੇ ਮਹਿੰਗਾ ਸਿੰਘ ਕਾਲੀ ਰਾਇ ਖਾਨਖ਼ਾਨਾ ਜਲੰਧਰ ਦੀ ਤਾਲ ਮੇਲ ਕਮੇਟੀ ਉਸਾਰਨ ਵਿੱਚ ਲੱਗੇ ਹੋਏ ਸਨ। ਉਹ ਸੀ. ਪੀ. ਐਮ. ਦੇ ਕਮਿਊਨਿਸਟਾਂ ਤੇ ਨੌਜਵਾਨਾਂ ਨੂੰ ਮਿਲਦੇ ਤੇ ਨਕਸਲਵਾੜੀ ਲਹਿਰ ਨਾਲ ਜੋੜਦੇ। ਜਦੋਂ ਬਾਬਾ ਬੂਝਾ ਸਿੰਘ ਦਰਸ਼ਨ ਦੁਸਾਂਝ ਨੂੰ ਮਿਲਣ ਆਏ। ਉਹਨਾਂ ਦਰਸ਼ਨ ਦਾ ਨਾਂ ਪੁੱਛਿਆ ਤੇ ਮਿਲ ਕੇ ਘੁੱਟ ਕੇ ਜੱਫੀ ਪਾ ਲਈ। ਦਰਸ਼ਨ ਦੁਕਾਨ ਬੰਦ ਕਰਕੇ ਘਰ ਨੂੰ ਲੈ ਆਇਆ। ਮਹਿੰਦਰ ਕੌਰ ਤੇ ਬੱਚੇ ਘਰ ਸਨ। ਮਹਿੰਦਰ ਕੌਰ ਨੂੰ ਦੇਖ ਬਾਬਾ ਜੀ ਬੋਲੇ, "ਕੁੜੇ ਮਿੰਦੋ ਤਕੜੀ ਐਂ, ਪਛਾਣਿਆ ਵੀ ਹੈਗਾ" ਬਾਬਾ ਜੀ ਨੇ ਪਿਆਰ ਦਿੰਦਿਆ ਕਿਹਾ, ਤਾਂ ਮਹਿੰਦਰ ਕੌਰ ਨੇ ਚਾਅ ਨਾਲ ਕਿਹਾ, "ਜਾਣ ਦਿਓ ਬਾਬਾ ਜੀ, ਭਲਾ ਚੱਕ ਮਾਈ ਦਾਸ ਵਾਲੇ ਬੂਝਾ ਸਿੰਘ ਨੂੰ ਕੌਣ ਭੁੱਲ ਸਕਦਾ ਹੈ" ਇਹ ਗੱਲ ਸੁਣ ਦਰਸ਼ਨ ਦੀਆਂ ਅੱਖਾਂ ਵਿੱਚ ਚਮਕ ਆ ਗਈ ਜਿਵੇਂ ਜ਼ਿੰਦਗੀ ਦਾ ਮਕਸਦ ਮਿਲ ਗਿਆ ਹੋਵੇ। ਮਹਿੰਦਰ ਕੌਰ ਦੀ ਪਛਾਣ ਬਾਬਾ ਜੀ ਦੇ ਨਾਲ ਪਾਰਟੀ ਵੇਲੇ ਹੋ ਗਈ ਸੀ। ਬਾਬਾ ਬੂਝਾ ਸਿੰਘ, ਤੇਜਾ ਸਿੰਘ ਸੁਤੰਤਰ ਤੇ ਰਾਮ ਸਿੰਘ ਦੱਤ ਵਰਗੇ ਰੂਪੋਸ਼ ਆਗੂ ਉਹਨਾਂ ਦੇ ਘਰ ਆਇਆ ਕਰਦੇ ਸਨ। ਦਰਸ਼ਨ ਕੁਲਵਕਤੀ ਦੇ ਤੌਰ ਤੇ ਤੁਰ ਪਿਆ, ਘਰ ਦੀ ਹਾਲਤ ਵਿਗੜ ਗਈ, ਭੈਣ ਮਹਿੰਦਰ ਕੌਰ ਆਪਣੇ ਪਤੀ ਆਤਮਜੀਤ ਕੋਲੋਂ ਖਰਚ ਲਿਆ ਕੇ ਗੁਜ਼ਾਰਾ ਕਰਦੀ ਸੀ। 1969 ਨੂੰ ਜਦੋਂ ਉਹ ਤਨਖ਼ਾਹ ਲੈਣ ਗਈ ਜਦੋਂ ਉਹ ਦੂਜੇ ਦਿਨ ਵਾਪਸ ਆਈ ਤਾਂ ਪੁਲਸ ਨੇ ਪਿੰਡ ਨੂੰ ਘੇਰਾ ਪਾਇਆ ਹੋਇਆ ਸੀ। ਘਰ ਛਾਪਾ ਮਾਰਿਆ ਤਾਂ ਦਰਸ਼ਨ ਘਰ ਨਹੀਂ ਸੀ, ਬੱਚਿਆਂ ਨੂੰ ਕੋਈ ਹਮਦਰਦ ਪਹਿਲਾਂ ਹੀ ਖੂਹ ਤੇ ਲੈ ਗਿਆ ਸੀ। ਮਹਿੰਦਰ ਕੌਰ ਨੂੰ ਕਾਮਰੇਡ ਹਰਭਜਨ ਚੀਮੇ ਦੀ ਮਾਂ ਪ੍ਰੀਤਮ ਕੌਰ ਆਪਣੇ ਘਰ ਲੈ ਗਈ। ਰਾਤ ਨੂੰ ਦਰਸ਼ਨ ਰਾਮ ਕਿਸ਼ਨ ਕਿਸ਼ੂ ਤੇ ਸਰਬਜੀਤ ਆ ਗਏ, ਉਹਨਾਂ ਨੇ ਬੱਚਿਆਂ ਤੇ ਮਹਿੰਦਰ ਕੌਰ ਨੂੰ ਅੰਮ੍ਰਿਤਸਰ ਦੀ ਗੱਡੀ ਚੜ੍ਹਾ ਦਿੱਤਾ ਤੇ ਆਪ ਜੋਰਾਂ ਸ਼ੋਰਾਂ ਨਾਲ ਨਕਸਲਵਾੜੀ ਲਹਿਰ ਵਿੱਚ ਕੰਮ ਕਰਨ ਲੱਗੇ। 12 ਸਤੰਬਰ 1971 ਨੂੰ ਕਾਮਰੇਡ ਦਰਸ਼ਨ ਦੁਸਾਂਝ ਫਿਲੌਰ ਲਾਗੇ ਜੁਗਿੰਦਰ ਸਿੰਘ ਦੇ ਖੂਹ ਤੋਂ ਫੜਿਆ ਗਿਆ। ਬਾਕੀ ਸਾਥੀਆਂ ਦੇ ਨਾਲ ਮਹਿੰਦਰ ਕੌਰ ਤੇ ਕੇਵਲ ਕੌਰ ਦੁਸਾਂਝ ਦੇ ਕੇਸਾਂ ਦੀ ਪੈਰ੍ਹਵੀ ਕਰਦੀਆਂ ਸਨ। ਇੱਕ ਦਿਨ ਮਹਿੰਦਰ ਕੌਰ ਕਾਮਰੇਡ ਦਰਸ਼ਨ ਨੂੰ ਜਲੰਧਰ ਜੇਲ੍ਹ ਵਿੱਚ ਮਿਲਣ ਆਈ ਤੇ ਬਾਅਦ ਵਿੱਚ ਉਹ ਮਾਡਲ ਟਾਊਨ ਕੇਵਲ ਕੌਰ ਨੂੰ ਮਿਲਣ ਚਲੇ ਗਈ ਤਾਂ ਰਸਤੇ ਵਿੱਚ ਇੱਕ ਸੀ. ਆਈ. ਡੀ. ਦਾ ਬੰਦਾ ਉਸ ਨੂੰ ਮਿਲ ਪਿਆ ਜੋ ਉਸਨੂੰ ਆਪਣੇ ਕੁਆਟਰਾਂ ਵਿੱਚ ਜਾਣ ਲਈ ਮਜ਼ਬੂਰ ਕਰਨ ਲੱਗਾ। ਅਚਾਨਕ ਇੱਕ ਰਿਕਸ਼ੇ ਵਾਲਾ ਆ ਗਿਆ ਮਹਿੰਦਰ ਕੌਰ ਨੇ ਰਿਕਸ਼ਾ ਰੋਕ ਲਿਆ, ਉਹ ਰਿਕਸ਼ੇ ਤੇ ਚੜ੍ਹਨ ਲੱਗੀ ਤਾਂ ਪੁਲਸੀਆ ਜਬਰਦਸਤੀ ਕਰਨ ਲੱਗਾ। ਇੰਨੇ ਨੂੰ ਸੀ. ਪੀ. ਆਈ. ਦਾ ਕਾਮਰੇਡ ਤੁਲਸੀ ਰਾਮ ਆ ਗਿਆ, ਉਸਨੇ ਪੁਲਸੀਏ ਨੂੰ ਗਲੋਂ ਫੜ ਲਿਆ। ਉਹ ਡਰ ਗਿਆ, ਫਿਰ ਮਹਿੰਦਰ ਕੌਰ ਨੂੰ ਕਾਮਰੇਡ ਅੰਮ੍ਰਿਤਸਰ ਦੀ ਬੱਸੇ ਚੜ੍ਹਾ ਆਇਆ। ਆਤਮਜੀਤ, ਸੁਖਵੰਤ, ਭਗਵੰਤ ਮੁਲਾਕਾਤ ਲਈ ਆਉਂਦੇ ਰਹਿੰਦੇ। ਦਰਬਾਰਾ ਸਿੰਘ ਢਿੱਲੋਂ ਦੀ ਵਕੀਲ਼ਾਂ ਦੀ ਟੀਮ ਦਰਸ਼ਨ ਦੁਸਾਂਝ ਤੇ ਹੋਰ ਸਾਥੀਆਂ ਦੇ ਕੇਸ ਮੁਫ਼ਤ ਲੜ ਰਹੀ ਸੀ ਅਦਾਲਤ ਨੇ ਇਕਬਾਲ ਖ਼ਾਨ ਤੇ ਦਰਸ਼ਨ ਦੁਸਾਂਝ ਨੂੰ ਵਰੀ ਕਰ ਦਿੱਤਾ ਪਰ ਅਦਾਲਤ ਦੀ ਡਿਊਢੀ ਵਿੱਚੋਂ ਪੁਲੀਸ ਨੇ ਫਿਰ ਗ੍ਰਿਫਤਾਰ ਕਰ ਲਿਆ। ਮਹਿੰਦਰ ਕੌਰ ਤੇ ਉਸਦੇ ਪਤੀ ਨੇ ਬਹੁਤ ਰੌਲ਼ਾ ਪਾਇਆ ਪਰ ਉੱਥੇ ਕਿਸੇ ਨੇ ਵੀ ਕੋਈ ਮੱਦਦ ਨਾ ਕੀਤੀ। ਆਤਮਜੀਤ ਅਖ਼ਬਾਰਾਂ ਵਿੱਚ ਖ਼ਬਰਾਂ ਦੇ ਆਇਆ, ਉਹ ਸੱਤਪਾਲ ਡਾਂਗ ਕੋਲ ਵੀ ਮੱਦਦ ਲਈ ਗਿਆ, ਉਸਨੇ ਭਰੋਸਾ ਵੀ ਦਿਵਾਇਆ ਪਰ ਇੱਕ ਮਹੀਨੇ ਤੱਕ ਉਹਨਾਂ ਨੂੰ ਜੇਲ੍ਹ ਰਹਿਣਾ ਪਿਆ।

14 ਸਤੰਬਰ 1972 ਨੂੰ ਇਕਬਾਲ ਖ਼ਾਨ ਤੇ ਦਰਸ਼ਨ ਦੁਸਾਂਝ ਨੂੰ ਰਿਹਾ ਕਰ ਦਿੱਤਾ। ਰਿਹਾਈ ਤੋਂ ਬਾਅਦ ਉਹ ਆਪਣੀ ਭੈਣ ਕੋਲ਼ ਹੀ ਰਹਿਣ ਲੱਗਾ। ਭੈਣ ਆਪਣੇ ਭਰਾ ਨੂੰ ਸਿਹਤਯਾਬ ਕਰਨ ਲਈ ਸੇਵਾ ਕਰਨ ਲੱਗੀ। ਸੀ. ਆਈ. ਡੀ. ਮਹਿੰਦਰ ਕੌਰ ਦੇ ਘਰ ਛਾਪੇ ਮਾਰਦੀ, ਕੁਝ ਸਮੇਂ ਬਾਅਦ ਹੀ ਦਰਸ਼ਨ ਨੂੰ ਗੁਪਤਵਾਸ ਹੋਣਾ ਪਿਆ। ਫਿਰ ਸੂਰਾਨੁਸੀ ਕਾਂਡ ਹੋ ਗਿਆ, ਪੁਲਸ ਨੇ ਦੁਸਾਂਝ ਤੇ ਬਹੁਤ ਤਸ਼ੱਦਦ ਕੀਤਾ, ਬਾਕੀ ਸਾਥੀਆਂ ਦੇ ਨਾਲ ਮਹਿੰਦਰ ਕੌਰ ਤੇ ਕੇਵਲ ਕੌਰ ਵੀ ਉਹਨਾਂ ਨੂੰ ਮਿਲਣ ਆਉਦੀਆਂ ਸਨ ਉਹ ਜ਼ਿੰਦਗੀ ਤੇ ਮੌਤ ਨਾਲ ਘੁਲ ਰਿਹਾ ਸੀ, ਉਹਦੀ ਹਾਲਤ ਦਿਨੋਂ ਦਿਨ ਵਿਗੜ ਰਹੀ ਸੀ, ਇਸਦੀ ਪੀੜ ਭੈਣ ਮਹਿੰਦਰ ਕੌਰ ਨੂੰ ਮਹਿਸੂਸ ਹੋ ਰਹੀ ਸੀ। ਉਸਦੀ ਜ਼ਮਾਨਤ ਰੱਦ ਹੋ ਗਈ। ਮਹਿੰਦਰ ਕੌਰ ਆਪਣੇ ਮੁੰਡੇ ਸੁਖਵੰਤ ਨੂੰ ਲੈ ਕੇ ਜੇਲ੍ਹ ਚਲੇ ਗਈ, ਦਰਸ਼ਨ ਦੀ ਬੁਰੀ ਹਾਲਤ ਦੇਖ ਭੈਣ ਗੁੱਸੇ ਵਿੱਚ ਭੜਕੀ, "ਬੁੱਚੜੋ ਹੁਣ ਤਾਂ ਸਬਰ ਕਰੋ, ਇੱਥੇ ਕੋਈ ਕਾਨੂੰਨ ਹੈ ਕਿ ਨਹੀਂ, ਐਨਾ ਜ਼ੁਲਮ ਕਿਉਂ ਕਰਦੇ ਉਂ" ਉਹ ਗੁੱਸੇ ਨਾਲ ਭਰੀ ਪੀਤੀ ਪਈ ਸੀ। ਦੁਸਾਂਝ ਨੇ ਕਿਹਾ, "ਭੈਣੇ ਇੱਕ ਇਨਕਲਾਬੀ ਦੀ ਭੈਣ ਵਾਲਾ ਹੌਸਲਾ ਦਿਖਾ, ਇਹਨਾਂ ਜਰਵਾਣਿਆਂ ਤੋਂ ਇਹੀ ਆਸ ਕੀਤੀ ਜਾ ਸਕਦੀ ਹੈ"। ਦੂਜੇ ਦਿਨ ਜਦੋਂ ਉਹ ਆਪਣੇ ਭਰਾ ਦੀ ਖ਼ਬਰ ਲੈਣ ਆਈ ਤਾਂ ਪੁਲਸ ਵਾਲੇ ਅੰਦਰ ਨਾ ਵੜਨ ਦੇਣ। ਉਸਨੇ ਵਿਰੋਧ ਕੀਤਾ ਤਾਂ ਜਾਣ ਦਿੱਤਾ, ਉਹ ਆਪਣੇ ਭਰਾ ਦੀ ਹਾਲਤ ਦੇਖ ਬਹੁਤ ਦੁਖੀ ਹੋਈ। ਸਾਰਾ ਦਿਨ ਕੋਲ ਰਹੀ ਜਦ ਜਾਣ ਲੱਗੀ ਤਾਂ ਭਰਾ ਨੇ ਕਿਹਾ, "ਮਿੰਦੋ ਮੈਂ ਬਚਣਾ ਨਹੀਂ, ਤੂੰ ਰਾਤ ਰਹਿ ਲੈ। ਰਾਤ ਨੂੰ ਸੱਤ ਵਜੇ ਇੱਕ ਹੌਲਦਾਰ ਨਾਲ ਪੁਲਸ ਦੀ ਗਾਰਦ ਆਈ ਮਹਿੰਦਰ ਕੌਰ ਨੂੰ ਜ਼ਲੀਲ ਕੀਤਾ, ਉਸਨੂੰ ਗ੍ਰਿਫਤਾਰ ਕਰਕੇ ਸਾਧੂ ਸਿੰਘ ਡੀ.ਐਸ. ਪੀ. ਕੋਲ ਲੈ ਗਏ। ਦਰਸ਼ਨ ਦੁਸਾਂਝ ਨੇ ਰੌਲ਼ਾ ਪਾ ਦਿੱਤਾ, ਉਕਿ ਲੋਕੋ ਇਹਨਾਂ ਬੁੱਚੜਾਂ ਕੋਲੋਂ ਮੇਰੀ ਭੈਣ ਨੂੰ ਬਚਾਓ"। ਡੀ. ਐਸ. ਪੀ. ਸਾਧੂ ਸਿੰਘ ਮਹਿੰਦਰ ਕੌਰ ਨੂੰ ਦੇਖ ਕੇ ਕਹਿੰਦਾ, "ਤੇਰਾ ਨਾਂ ਤਾਂ ਬਹੁਤ ਸੁਣਿਆ ਸੀ ਪਰ ਸ਼ਕਲ ਅੱਜ ਦੇਖੀ ਆ। ਹਸਪਤਾਲ ਕੀ ਲੈਣ ਆਈ ਸੀ?" ਮਹਿੰਦਰ ਕੌਰ ਗੁੱਸੇ ਵਿੱਚ ਭਰੀ ਪੀਤੀ ਬੋਲੀ, "ਜੇਕਰ ਤੇਰਾ ਮੁੰਡਾ ਜਾਂ ਭਰਾ ਮਰਨ ਪਹਿਰੇ ਪਏ ਹੋਣ ਤੇ ਤੂੰ ਖ਼ਬਰ ਲੈਣ ਜਾਵੇਂ ਤਾਂ ਤੈਨੂੰ ਕੋਈ ਪੁੱਛੇ ਕਿ ਤੂੰ ਕੀ ਕਰਨ ਗਿਆ ਸੀ, ਤੂੰ ਕੀ ਜਵਾਬ ਦੇਵੇਂਗਾ?" ਸਾਧੂ ਸਿੰਘ ਕਹਿੰਦਾ, "ਤੇਰੀ ਜ਼ਬਾਨ ਬਹੁਤ ਚੱਲਦੀ ਹੈ ਅਫ਼ਸਰ ਮੂਹਰੇ, ਸਿਖਾਉਂਨਾ ਤੈਨੂੰ, ਕਰੋ ਇਹਦਾ ਇੰਤਜ਼ਾਮ" ਉਸਨੇ ਗੁੱਸੇ ਵਿੱਚ ਹੁਕਮ ਚਾੜ੍ਹਿਆ। "ਤੂੰ ਕਰਲਾ ਜੋ ਕਰਨਾ ਮੈਨੂੰ ਕੋਈ ਪ੍ਰਵਾਹ ਨਹੀਂ, ਭੈਣਾਂ ਨੂੰ ਭਰਾਵਾਂ ਨਾਲੋਂ ਜ਼ਿਆਦਾ ਪਿਆਰੀ ਕੋਈ ਚੀਜ਼ ਨਹੀਂ ਹੁੰਦੀ"। ਉਹ ਲਾਪ੍ਰਵਾਹੀ ਨਾਲ ਬੋਲੀ। ਉਹ ਗੁੱਸੇ ਵਿੱਚ ਫਿਰ ਬੋਲਿਆ, "ਇਹ ਤੇਰਾ ਭਰਾ ਕਿਵੇਂ ਹੋਇਆ? ਇਹ ਸਾਲਾ ਤਾਂ ਮੁਸਲਾ ਹੈ ਤੇ ਤੇਰਾ ਕੁੱਝ ਪਤਾ ਨਹੀਂ। ਤੇਰਾ ਉਸਦਾ ਕੀ ਰਿਸ਼ਤਾ ਹੈ ਸੱਚੋ ਸੱਚ ਦੱਸ, ਨਹੀਂ ਤਾਂ ਸਾਨੂੰ ਪੁੱਛਣਾ ਆਉਂਦਾ ਕਿ ਇਹ ਤੇਰਾ ਭਰਾ ਕਿੱਦਾਂ ਹੋਇਆ?" ਉਹ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਦਾ ਰਿਹਾ। ਗਾਲ਼ਾਂ ਕੱਢਦਾ ਰਿਹਾ। ਉਹਨੂੰ ਬਾਹਰ ਬਿਠਾ ਦਿੱਤਾ, ਰਾਤ ਦੇ 10 ਵੱਜ ਗਏ। ਹਨ੍ਹੇਰੇ ਵਿੱਚ ਬਿਠਾਈ ਰੱਖਿਆ, ਸ਼ਰਾਬ ਨਾਲ ਰੱਜੇ ਪੁਲਸੀਏ ਉਸਨੂੰ ਖ਼ੂੰਗੂਰੇ ਮਾਰਨ, ਡੇਲੇ ਕੱਢਣ। ਉਸਨੂੰ ਉਹਨਾਂ ਤੋਂ ਭੈਅ ਆਵੇ। ਹਸਪਤਾਲ ਤੋਂ ਲੋਕੀ ਇਕੱਠੇ ਹੋ ਕੇ ਚੌਕੀਂ ਆਏ ਤਾਂ ਉਹਨਾਂ ਨੇ ਮਹਿੰਦਰ ਕੌਰ ਨੂੰ ਸਾਧੂ ਸਿੰਘ ਕੋਲੋਂ ਛੁਡਾਇਆ। ਸਾਧੂ ਸਿੰਘ ਨੇ ਮਹਿੰਦਰ ਕੌਰ ਹੁਕਮ ਦਿੱਤਾ ਕਿ ਹੁਣ ਸਿੱਧੀ ਘਰ ਨੂੰ ਚਲੀ ਜਾਵੀਂ, ਉਹ ਲੋਕਾਂ ਨਾਲ ਹਸਪਤਾਲ ਆ ਗਈ, ਝੋਲ਼ਾਂ ਲੈ ਤੁਰਨ ਲੱਗੀ ਤਾਂ ਦੁਸਾਂਝ ਤੇ ਤਾਇਨਾਤ ਸਿਪਾਹੀ ਨੇ ਰੋਕਿਆ ਭੈਣਜੀ ਰਾਤ ਦੇ 11 ਵੱਜ ਗਏ ਹਨ, ਸਵੇਰੇ ਸਾਜਰੇ ਚਲੇ ਜਾਇਓ ਹੁਣ ਕਿੱਥੇ ਜਾਵੋਗੇ, ਪਰ ਮਹਿੰਦਰ ਕੌਰ ਨੂੰ ਸਾਧੂ ਸਿੰਘ ਦਾ ਕਰੂਪ ਚਿਹਰਾ ਦਿੱਸਦਾ ਸੀ। ਦਰਸ਼ਨ ਦੁਸਾਂਝ ਨੂੰ ਕੇਵਲ ਕੌਰ ਤੇ ਮਹਿੰਦਰ ਕੌਰ ਵਲੋਂ ਦਿੱਤੀ 'ਅਸਲੀ ਇਨਸਾਨ ਦੀ ਕਹਾਣੀ' ਦੀ ਕਿਤਾਬ ਨੇ ਜ਼ਿੰਦਗੀ ਦੇ ਇਮਤਿਹਾਨ ਵਿੱਚੋਂ ਪਾਸ ਹੋਣ ਦੀ ਪ੍ਰੇਰਨਾ ਦਿੱਤੀ।

ਕਾਮਰੇਡ ਆਤਮਜੀਤ ਮਈ ਦਿਵਸ ਤੇ ਮਜ਼ਦੂਰ ਨਾਟਕ ਦੀ ਤਿਆਰੀ ਕਰਵਾ ਰਹੇ ਸਨ ਉਹਨਾਂ ਨੂੰ ਦੋ ਵਾਰੀ ਪਹਿਲਾਂ ਵੀ ਹਾਰਟ ਅਟੈਕ ਹੋ ਚੁੱਕਾ ਸੀ, ਰੀਹਰਸਲ ਕਰਨ ਤੋਂ ਬਾਅਦ ਨਹਾਉਣ ਲੱਗੇ ਤਾਂ ਫਿਰ ਅਟੈਕ ਹੋ ਗਿਆ। 21 ਅਪਰੈਲ 1976 ਨੂੰ ਉਹਨਾਂ ਦੀ ਮੌਤ ਹੋ ਗਈ। ਮਹਿੰਦਰ ਕੌਰ ਲਈ ਬਹੁਤ ਹੀ ਮੁਸ਼ਕਲ ਦੀ ਘੜੀ ਸੀ। ਪਿੰਡ ਵਾਲਿਆਂ ਨੇ ਕੋਈ ਸਾਥ ਨਾ ਦਿੱਤਾ, ਨਾ ਹੀ ਜ਼ਮੀਨ ਜਾਇਦਾਦ ਵਿੱਚੋਂ ਕੋਈ ਹਿੱਸਾ ਦਿੱਤਾ ਸਗੋਂ

ਨਾਨਕਸ਼ੱਕਾਂ ਵਿੱਚ ਹੀ ਹਿਸਾਬ ਕਿਤਾਬ ਬਰਾਬਰ ਕਰ ਦਿੱਤਾ। ਪਿੰਡ ਦਾ ਕੋਈ ਗਰੀਬ ਤੇ ਮਜ਼ਬੂਰ ਜ਼ਮੀਨ ਵੇਚਦਾ ਤਾਂ ਆਤਮਜੀਤ ਦਾ ਭਰਾ ਦੀਪਾ ਉਹ ਜ਼ਮੀਨ ਖਰੀਦ ਲੈਂਦਾ ਪਰ ਮਹਿੰਦਰ ਕੌਰ ਤੇ ਬੱਚਿਆਂ ਲਈ ਉਹਨਾਂ ਕੋਲ ਫੁੱਟੀ ਕੌਡੀ ਵੀ ਨਹੀਂ ਸੀ। ਮਹਿੰਦਰ ਕੌਰ ਆਪਣੇ ਚਾਰ ਪੁੱਤਰਾਂ ਨਾਲ ਅੰਮ੍ਰਿਤਸਰ ਛੇਹਰਟਾ ਕੋਲ ਪੁਰਾਣਾ ਨਰੈਣਗੜ ਵਿਖੇ ਰਹਿੰਦੇ ਸਨ। ਬੱਚੇ ਹੁਣ ਕੰਮ ਕਰਨ ਲੱਗ ਪਏ ਸਨ, ਉਹਨਾਂ ਨੇ ਆਪਣੇ ਚਾਰਾਂ ਪੁੱਤਰਾਂ ਦਾ ਵਿਆਹ ਬਿਨਾਂ ਧਾਰਮਿਕ ਰਸਮਾਂ ਰਿਵਾਜਾਂ, ਬਿਨਾਂ ਦਾਜ ਦਹੇਜ ਤੇ ਬਿਨਾ ਜਾਤ ਪਾਤ ਦੇ ਬੰਨ੍ਹਣਾ ਤੋਂ ਕੀਤਾ, ਉਹ ਆਪਣੀਆਂ ਨੂੰਹਾਂ ਨਾਲ ਧੀਆਂ ਵਰਗਾ ਸਲੂਕ ਕਰਦੇ ਸਨ, ਘਰ ਵਿੱਚ ਹਰ ਬੰਦੇ ਨੂੰ ਬਰਾਬਰ ਸਮਝਿਆ ਜਾਂਦਾ ਸੀ, ਉਹ ਬਹੁਤ ਸਾਦੇ ਜੀਵਨ ਤੇ ਬਹੁਤ ਪਿਆਰ ਕਰਨ ਵਾਲੀ ਔਰਤ ਸੀ। ਮਹੱਲੇ ਦੀਆਂ ਔਰਤਾਂ ਉਹਨਾਂ ਦਾ ਬਹੁਤ ਪਿਆਰ ਤੇ ਸਤਿਕਾਰ ਕਰਦੀਆਂ ਸਨ। ਇਸਤਰੀ ਸਭਾ ਵਿੱਚ ਕੰਮ ਕਰਦਿਆਂ ਉਹ ਹਰ ਔਰਤ ਦੇ ਦੁੱਖ ਤਕਲੀਫ਼ ਨੂੰ ਸੁਣਦੇ ਹੀ ਨਹੀਂ ਸਗੋਂ ਹੱਲ ਵੀ ਕਰਦੇ ਸਨ। ਮੈਨੂੰ ਇੱਕ ਘਟਨਾ ਯਾਦ ਹੈ ਕਿ ਇਹਨਾਂ ਦੀ ਇੱਕ ਬਜ਼ੁਰਗ ਵਰਕਰ ਔਰਤ ਕਿਰਾਏ ਤੇ ਇੱਕਲੀ ਰਹਿੰਦੀ ਸੀ ਹੁਣ ਉਸਦਾ ਅੱਗੇ ਪਿੱਛੇ ਕੋਈ ਨਹੀਂ ਸੀ, ਮਹਿੰਦਰ ਕੌਰ ਨੇ ਕਹਿਣਾ ਕਿ ਤੂੰ ਸਾਡੇ ਘਰ ਰੋਟੀ ਪਾਣੀ ਖਾ ਜਾਇਆ ਕਰ, ਉਸਦਾ ਹਰ ਤਰ੍ਹਾਂ ਦਾ ਖਿਆਲ ਰੱਖਣਾ। ਇੱਕ ਦਿਨ ਕਿਸੇ ਦਾ ਸੁਨੇਹਾ ਆਇਆ ਕਿ ਬੀਬੀ ਦੇ ਮਕਾਨ ਮਾਲਕ ਨੇ ਪੁਲਸ ਦੀ ਸਹਾਇਤਾ ਨਾਲ ਉਸਦਾ ਸਮਾਨ ਬਾਹਰ ਸਿੱਟ ਦਿੱਤਾ ਤਾਂ ਉਹ ਆਪਣੀ ਨੂੰਹ ਮੀਨਾ ਨੂੰ ਨਾਲ ਲੈ ਕੇ ਮੱਦਦ ਲਈ ਗਏ, ਉਸਨੂੰ ਦੇਖ ਕੇ ਬਜ਼ੁਰਗ ਔਰਤ ਦੀ ਜਾਨ ਵਿੱਚ ਜਾਨ ਆਈ। ਪੁਲਸ ਮਾਲਕਾਂ ਨਾਲ ਖੜ੍ਹੀ ਸੀ ਕਿ ਇਹ ਮਕਾਨ ਹੁਣ ਇਹਨਾਂ ਨੇ ਲੈ ਲਿਆ ਹੈ ਤੇ ਮਾਤਾ ਨੂੰ ਇਹ ਮਕਾਨ ਖਾਲੀ ਕਰਨਾ ਪਵੇਗਾ, ਉਸਨੇ ਕਿਹਾ, "ਇਹ ਹੁਣ ਕਿੱਥੇ ਜਾਵੇਗੀ" ਉਹ ਕਹਿੰਦੇ, "ਸਾਨੂੰ ਨਹੀਂ ਪਤਾ" ਤਾਂ ਮਹਿੰਦਰ ਕੌਰ ਨੇ ਸਮਾਨ ਚੁੱਕ ਅੰਦਰ ਰੱਖਣਾ ਸ਼ੁਰੂ ਕਰ ਦਿੱਤਾ ਤੇ ਪੁਲਸ ਨੂੰ ਕਿਹਾ, "ਮੈਂ ਸਮਾਨ ਅੰਦਰ ਰੱਖ ਦਿੱਤਾ ਹੈ, ਇਹ ਜਿੰਨਾ ਚਿਰ ਜਿਊਂਦੀ ਹੈ ਇੱਥੇ ਹੀ ਰਵ੍ਹੇਗੀ, ਜੇ ਕਿਸੇ ਦੀ ਹਿੰਮਤ ਹੈ ਤਾਂ ਸਮਾਨ ਬਾਹਰ ਕੱਢ ਕੇ ਦਿਖਾਵੋ"। ਰੌਲ਼ਾ ਸੁਣ ਕੇ ਮੁਹੱਲੇ ਦੇ ਹੋਰ ਲੋਕ ਵੀ ਇਕੱਠੇ ਹੋ ਗਏ, ਜਿਹਨਾਂ ਨੇ ਮਹਿੰਦਰ ਕੌਰ ਦਾ ਸਾਥ ਦਿੱਤਾ। ਇਹ ਦੇਖ ਕੇ ਉਹ ਚੁੱਪ ਕਰ ਗਏ ਤੇ ਉਹਨਾਂ ਲਿਖ ਕੇ ਲਿਆ ਕਿ ਜਿੰਨਾ ਚਿਰ ਇਹ ਜਿਊਂਦੀ ਹੈ ਰਹਿ ਸਕਦੀ ਹੈ ਪਰ ਬਾਅਦ ਵਿੱਚ ਘਰ ਸਾਡਾ ਹੋਵੇਗਾ।

ਇਸ ਤਰ੍ਹਾਂ ਖਾਲਸਤਾਨੀ ਲਹਿਰ ਵੇਲੇ ਵੀ ਅੰਮ੍ਰਿਤਸਰ ਗੜ੍ਹ ਸੀ, ਜਿੱਥੇ ਪੁਲਸ ਨੇ ਪਿੰਡਾਂ ਵਿੱਚੋਂ ਮੁੰਡੇ ਕੋਹ ਕੋਹ ਕੇ ਮਾਰੇ ਤੇ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ। ਖਾਲਸਤਾਨੀ ਵੀ ਸਟੇਟ ਨਾਲ ਲੜਨ ਦੀ ਬਜਾਇ ਕਾਮਰੇਡਾਂ ਨੂੰ ਦੁਸ਼ਮਣ ਸਮਝਣ ਲੱਗੇ, ਜਿਸ ਕਰਕੇ ਬਹੁਤ ਹੀ ਹਰਮਨ ਪਿਆਰੇ ਆਗੂਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਹਨਾਂ ਦੇ ਮੁਹੱਲੇ ਵਿੱਚ ਸੀ.ਪੀ. ਅਈ. ਦੇ ਡਾਕਟਰ ਦੇ ਘਰ ਹਮਲਾ ਹੋਇਆ, ਇਹਨਾਂ ਦੇ ਘਰ ਵੀ ਤਿੰਨ ਚਾਰ ਵਾਰੀ ਅਟੈਕ ਹੋਇਆ ਤਾਂ ਇਹਨਾਂ ਨੂੰ ਵੀ ਹਥਿਆਰ ਰੱਖਣੇ ਪਏ। ਦਿਨ ਨੂੰ ਸਾਰੇ ਕੰਮ ਕਰਦੇ ਰਾਤ ਨੂੰ ਇਕੱਠੇ ਹੋ ਕੇ ਪੈਰ੍ਹਾ ਦਿੰਦੇ, ਮਹਿੰਦਰ ਕੌਰ ਨੇ ਕਦੇ ਬੱਚਿਆਂ ਨੂੰ ਲੈ ਅੰਦਰ ਬੈਠ ਜਾਣਾ ਤੇ ਕਦੇ ਪੁੱਤਰਾਂ ਕੋਲ ਬਾਹਰ ਬਹਿ ਕੇ ਹੌਂਸਲਾ ਦੇਣਾ, "ਕਿ ਘਬਰਾਉਣਾ ਨਹੀਂ ਜੇ ਅਟੈਕ ਹੋ ਗਿਆ ਤਾਂ ਮੁਕਾਬਲਾ ਕਰਨਾ ਹੈ ਮਾਫ਼ੀ ਨਹੀਂ ਮੰਗਣੀ। ਮਾਰ ਤਾਂ ਉਹਨਾਂ ਫਿਰ ਵੀ ਜਾਣਾ ਹੀ ਹੈ ਮਾਫ਼ੀਆਂ ਮੰਗ ਕੇ ਆਪਣੇ ਪਿਓ ਤੇ ਮਾਮੇ ਨੂੰ ਲਾਜ਼ ਨਾ ਲਾਇਓ"। ਦਰਸ਼ਨ ਦੁਸਾਂਝ ਨਾਲ ਮੇਰਾ ਰਿਸ਼ਤਾ ਜੁੜਨ ਕਰਕੇ ਮਹਿੰਦਰ ਕੌਰ ਨਾਲ ਵੀ ਮੇਰਾ ਮਾਂ ਧੀ ਦਾ ਰਿਸ਼ਤਾ ਸੀ। ਮੈਂ ਅੰਕਲ ਨਾਲ ਅੰਮ੍ਰਿਤਸਰ ਜਾਣਾ ਤਾਂ ਉਹ ਮੈਨੂੰ ਬਹੁਤ ਪਿਆਰ ਕਰਦੇ। ਉਹ ਮੈਨੂੰ ਆਪਣੀਆਂ ਸਹੇਲੀਆਂ, ਆਂਡਣਾਂ, ਗੁਆਂਢਣਾਂ ਸਭ ਨਾਲ ਮਿਲਾਉਂਦੇ, ਉਹ ਆਪਣੀ ਭੈਣ ਨਿਰਮਲਾ ਨੂੰ ਵੀ ਮਿਲਾਉਣ ਲਈ ਲੈ ਕੇ ਗਏ ਜੋ ਕਰਤਾਰਪੁਰ ਇੱਕ ਮੈਨੇਜਰ ਨਾਲ ਵਿਆਹੇ ਹੋਏ ਸਨ। ਉਹ ਜਦੋਂ ਸਾਡੇ ਘਰ ਆਉਂਦੇ ਤਾਂ ਮੇਰੇ ਦਾਦਾ, ਦਾਦੀ, ਮੰਮੀ ਸਾਰੇ ਰਿਸ਼ਤੇਦਾਰ ਬਹੁਤ ਪਿਆਰ ਕਰਦੇ। ਪਾਰਟੀ ਦੀਆਂ ਫੁੱਟਾਂ ਤੇ ਲਹਿਰ ਦੀ ਢਹਿੰਦੀ ਕਲਾ ਤੋਂ ਦਰਸ਼ਨ ਦੁਸਾਂਝ ਬਹੁਤ ਦੁਖੀ ਸੀ। ਬਰਸਾਤਾਂ ਦੇ ਦਿਨਾਂ ਵਿੱਚ ਉਸਦੀ ਲੱਤ ਗਲ਼ ਜਾਣੀ ਤੇ ਉਪਰੋਂ ਸੂਗਰ ਤੇ ਕਈ ਹੋਰ ਬਿਮਾਰੀਆਂ ਨੇ ਘੇਰ ਲਿਆ ਸੀ, ਉਹ ਬਿਮਾਰ ਹੋ ਗਏ, ਉਹਨਾਂ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ। ਮਹਿੰਦਰ ਕੌਰ ਤੇ ਸਾਰਾ ਪਰਿਵਾਰ ਉਸ ਕੋਲ ਰਹਿੰਦਾ ਤੇ ਕਾਮਰੇਡ ਰੋਜ਼ ਮਿਲਣ ਆਉਂਦੇ। ਬਾਕੀ ਵਾਰਡ ਵਾਲੇ ਮਰੀਜ਼ ਸਾਨੂੰ ਪੁੱਛਦੇ ਕਿ ਤੁਹਾਡੇ ਐਨੇ ਪਰਾਹੁਣੇ ਕਿਉਂ ਆਉਂਦੇ ਹਨ ? ਇਹ ਰਿਸ਼ਤੇਦਾਰ ਹਨ ਜਾਂ ਕੌਣ ਹਨ ਜੋ ਡਾਰਾਂ ਬੰਨ੍ਹ ਬੰਨ੍ਹ ਕੇ ਆਉਂਦੇ ਹਨ। ਮੈਂ ਕਹਿਣਾ ਮੇਰੇ ਅੰਕਲ ਬਿਜਲੀ ਬੋਰਡ ਵਿੱਚ ਕੰਮ ਕਰਦੇ ਸਨ ਉੱਥੋਂ ਸਾਰੇ ਮਿੱਤਰ ਮਿਲਣ ਆਉਂਦੇ ਹਨ ਪਰ ਕਿਸੇ ਨੇ ਸੱਚ ਨਾ ਮੰਨਣਾ। ਇੱਧਰ ਦਰਸ਼ਨ ਅੰਕਲ ਦੀ ਹਾਲਤ ਵਿੱਚ ਸੁਧਾਰ ਨਹੀਂ ਸੀ ਹੋ ਰਿਹਾ, ਇਸ ਕਰਕੇ ਨਈਅਰ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ, ਡਾਕਟਰਾਂ ਦੀ ਪੂਰੀ ਵਾਹ ਲਾਉਣ ਦੇ ਬਾਵਜੂਦ ਵੀ ਉਹ ਠੀਕ ਨਾ ਹੋਏ, ਅੰਤ 19 ਅਗਸਤ 2001 ਨੂੰ ਇਨਕਲਾਬ ਦਾ ਅਧੂਰਾ ਸੁਫ਼ਨਾ ਛੱਡ ਇਸ ਸੰਸਾਰ ਤੋਂ ਰੁਖਸਤ ਹੋ ਗਏ। ਭਰਾ ਦੀ ਮੌਤ ਤੋਂ ਬਾਅਦ ਮਹਿੰਦਰ ਕੌਰ ਬਹੁਤ ਇਕੱਲੀ ਹੋ ਗਈ। ਬੱਚੇ ਆਪਣੇ ਆਪਣੇ ਘਰਾਂ ਵਿੱਚ ਸੈੱਟ ਸਨ ਉਹ ਸਾਰੇ ਦੁਸਾਂਝ ਅੰਕਲ ਨੂੰ ਬਹੁਤ ਪਿਆਰ ਕਰਦੇ ਸਨ ਪਰ ਮਹਿੰਦਰ ਕੌਰ ਨੂੰ ਲੱਗਣਾ ਕਿ ਦਰਸ਼ਨ ਕਿੱਧਰੋਂ ਆ ਜਾਵੇਗਾ। ਇੱਧਰ ਕਾਮਰੇਡ ਬਿੱਕਰ ਸਿੰਘ ਦੀ ਮੌਤ ਹੋ ਗਈ ਤੇ ਨੂੰਹ ਜਸਵਿੰਦਰ ਭੋਲੀ ਪੱਕੇ ਤੌਰ 'ਤੇ ਮਾਹਿਲ ਗਹਿਲਾਂ ਰਹਿਣ ਲੱਗ ਪਈ। ਉੱਧਰ ਅਸੀਂ ਵੀ ਆਪਣੇ ਡੈਡੀ ਕੋਲ ਕੈਨੇਡਾ ਆ ਗਏ ਤਾਂ ਮਹਿੰਦਰ ਕੌਰ ਆਂਟੀ ਬਹੁਤ ਉਦਾਸ ਹੋਏ। ਮੈਂ ਛੇਤੀ ਛੇਤੀ ਉਹਨਾਂ ਨੂੰ ਫੋਨ ਕਰਨਾ ਜੇ ਕਿਤੇ ਫੋਨ ਲੇਟ ਹੋ ਜਾਣਾ ਤਾਂ ਉਹਨਾਂ ਨੇ ਉੱਧਰੋਂ ਘੁਮਾ ਲੈਣਾ ਕਿ ਮੇਰਾ ਤਾਂ ਗੱਲ ਕਰਨ ਨੂੰ ਜੀਅ ਕਰਦਾ ਸੀ ਮਨ ਬਹੁਤ ਉਦਾਸ ਸੀ। ਮੈਂ ਕਿਹਾ ਆਂਟੀ ਜੀ ਤੁਸੀਂ ਪਾਸਪੋਰਟ ਬਣਾ ਲਵੋ ਮੈਂ ਤੁਹਾਨੂੰ ਕੈਨੇਡਾ ਸੱਦ ਲੈਣਾ ਪਰ ਉਹਨਾਂ ਨੂੰ ਵੀ ਕੁੱਝ ਸਮੇਂ ਬਾਅਦ ਹਾਰਟ ਦੀ ਸਮੱਸਿਆ ਹੋ ਗਈ ਸੀ। ਸ਼ੂਗਰ ਪਹਿਲਾਂ ਹੀ ਸੀ ਉਹਨਾਂ ਨੂੰ ਡਾ. ਮਨਜੀਤ ਬੱਲ ਕੋਲ ਦਾਖਲ ਕਰਵਾਇਆ ਗਿਆ ਉਸਨੇ ਸਿਹਤ ਕਮਜ਼ੋਰ ਹੋਣ ਕਰਕੇ ਅਪਰੇਸ਼ਨ ਕਰਨ ਤੋਂ ਨਾਂਹ ਕਰ ਦਿੱਤੀ, ਜਦੋਂ ਮੈਂ ਫ਼ੋਨ ਕਰਨਾ ਉਹਨਾਂ ਕਹਿਣਾ ਕਿ ਮੇਰਾ ਦਿਲ ਬਹੁਤ ਘੱਟਦਾ ਹੈ, ਸ਼ੂਗਰ ਕਰਕੇ ਦਿਲ ਨੂੰ ਖੋਹ ਪੈਂਦੀ ਰਹਿੰਦੀ ਹੈ।

ਉਹਨਾਂ ਨੇ ਦਰਸ਼ਨ ਦੁਸਾਂਝ ਦੀ ਜੀਵਨੀ ਲਿਖਣ ਲਈ ਅਜਮੇਰ ਸਿੱਧੂ ਦੀ ਪੂਰੀ ਮੱਦਦ ਕੀਤੀ ਤਾਂ ਹੀ ਉਹ "ਤੁਰਦੇ ਪੈਰਾਂ ਦੀ ਦਾਸਤਾਨ" ਰਾਹੀਂ ਇੱਕ ਇਨਕਲਾਬੀ ਯੋਧੇ ਦੀ ਜ਼ਿੰਦਗੀ ਨੂੰ ਪਾਠਕਾਂ ਦੇ ਰੂਬਰੂ ਕਰ ਸਕਿਆ, ਇਸ ਤਰ੍ਹਾਂ ਬਾਬਾ ਬੂਝਾ ਸਿੰਘ ਦੀ ਕਿਤਾਬ ਵੇਲੇ ਵੀ ਪੂਰਾ ਸਹਿਯੋਗ ਦਿੱਤਾ। ਉਹ ਦਰਸ਼ਨ ਦੁਸਾਂਝ ਦੀ ਯਾਦਗਾਰ ਤੇ ਪ੍ਰੋਗਰਾਮ ਕਰਨ ਲਈ ਪਿੰਡ ਦੇ ਲੋਕਾਂ ਤੇ ਜਥੇਬੰਦੀਆਂ ਦੇ ਆਗੂਆਂ ਨੂੰ ਮਿਲ ਕੇ ਪਹਿਲਕਦਮੀ ਕਰਦੀ। ਉਹ ਸਿਹਤ ਨਾਸਾਜ਼ ਹੋਣ ਦੇ ਬਾਵਜੂਦ ਵੀ ਬਾਬਾ ਬੂਝਾ ਸਿੰਘ ਦੀ ਬਰਸੀ ਤੇ ਜ਼ਰੂਰ ਜਾਂਦੇ, ਉਹ ਅਖ਼ਬਾਰਾਂ ਪੜ੍ਹਦੇ, ਕਿਤਾਬਾਂ ਪੜ੍ਹਦੇ ਤੇ ਮੇਰੇ ਨਾਲ ਇਤਿਹਾਸ ਦੇ ਇਨਕਲਾਬਾਂ ਦੀ ਗੱਲ ਕਰਦੇ, ਕਦੇ ਮੌਜੂਦਾ ਹਾਲਤਾਂ ਬਾਰੇ ਗੱਲਾਂ ਕਰਦੇ। ਆਪਣੇ ਸਾਰੇ ਪੋਤੇ ਪੋਤੀਆਂ ਨੂੰ ਬਹੁਤ ਪਿਆਰ ਕਰਦੇ, ਉਹ ਜ਼ਿਆਦਾ ਸਮਾਂ ਹੁਣ ਮਾਹਿਲ ਗਹਿਲਾਂ ਹੀ ਰਹਿੰਦੇ ਸਨ। ਇਲਾਕੇ ਦੇ ਕਾਮਰੇਡਾਂ ਤੋਂ ਬਹੁਤ ਦੁਖੀ ਸਨ ਕਿ ਮੈਨੂੰ ਕੋਈ ਮਿਲਣ ਨਹੀਂ ਆਉਂਦਾ। ਦੁਸਾਂਝ ਅੰਕਲ ਦੀ ਕਿਤਾਬ ਲਿਖਣ ਸਮੇਂ ਉਹ ਅਜਮੇਰ ਸਿੱਧੂ ਹੋਰਾਂ ਦੇ ਬਹੁਤ ਨੇੜੇ ਹੋ ਗਏ ਸਨ ਉਹਨਾਂ ਜੇ ਨਾ ਮਿਲਣ ਆਉਣਾ ਤਾਂ ਉਹਨਾਂ ਦੀਆਂ ਮੇਰੇ ਕੋਲ ਬਹੁਤ ਸ਼ਿਕਾਇਤਾਂ ਕਰਨੀਆਂ ਪਰ ਉਹ ਸਾਰਾ ਭਾਬੀ ਤੇ ਨਵਰਾਜ ਨੂੰ ਬਹੁਤ ਪਿਆਰ ਕਰਦੇ ਸਨ, ਕਹਿਣਾ ਅਜਮੇਰ ਦਾ ਮੁੰਡਾ ਮੇਰਾ ਬਹੁਤ ਖਿਆਲ ਰੱਖਦਾ। ਹੁਣ ਉਹਨਾਂ ਨੂੰ ਇਕੱਲਾਪਣ ਬਹੁਤ ਮਹਿਸੂਸ ਹੁੰਦਾ ਸੀ, ਇੱਕ ਵਾਰ ਕਿਤੇ ਅਜਮੇਰ ਨੇ ਉਹਨਾਂ ਨੂੰ ਕਹਿ ਦਿੱਤਾ, "ਕਿ ਗੁਰਦਵਾਰੇ ਜਾ ਆਇਆ ਕਰੋ ਤੇ ਉੱਥੇ ਲੋਕਾਂ ਨੂੰ ਮਿਲ ਗਿਲ ਲਿਆ ਕਰੋਗੇ ਤੇ ਤੁਹਾਡਾ ਟਾਈਮ ਪਾਸ ਹੋ ਜਾਇਆ ਕਰੇਗਾ" ਤਾਂ ਉਹਨਾਂ ਨੇ ਗੁੱਸੇ ਨਾਲ ਅਜਮੇਰ ਨੂੰ ਕਿਹਾ, ਉਤੈਨੂੰ ਯਾਦ ਨਹੀਂ ਕਿ ਦਰਸ਼ਨ ਨੂੰ ਕਿਵੇਂ ਪੁਲਸੀਏ ਨੇ ਕਿਹਾ ਸੀ ਕਿ ਹੋ ਗਿਆ ਤੇਰਾ ਇਨਕਲਾਬ, ਹੁਣ ਤੂੰ ਕਿਸੇ ਗੁਰਦਵਾਰੇ ਬਹਿ ਜਾਂਵੀਂ, ਮੇਰੇ ਭਰਾ ਨੇ ਸਾਰੀ ਜ਼ਿੰਦਗੀ ਕਿਸੇ ਗੁਰਦਵਾਰੇ ਦੀ ਰੋਟੀ ਨਹੀਂ ਖਾਧੀ ਮੈਂ ਵੀ ਉਸਦੀ ਭੈਣ ਹਾਂ ਮੈਂ ਕਿਉਂ ਗੁਰਦਵਾਰੇ ਜਾਵਾਂ। ਔਖੇ ਤੋਂ ਔਖੇ ਸਮੇਂ ਵੀ ਉਹ ਦਾ ਸਿਦਕ ਨਾ ਡੋਲ੍ਹਿਆ ਉਹ ਅਕਸਰ ਕਹਿੰਦੇ ਕਿ ਮੇਰੇ ਮਰਨ ਤੋਂ ਬਾਅਦ ਮੇਰੀ ਕੋਈ ਧਾਰਮਿਕ ਰਸਮ ਨਾ ਕੀਤੀ ਜਾਵੇ ਪਰ ਮੈਨੂੰ ਪਤਾ ਹੈ ਕਿ ਭੋਲ਼ੀ ਨੇ ਹੱਟਣਾ ਨਹੀਂ ਇਹਨੂੰ ਤਾਂ ਇਹਦੇ ਪਿਓ ਕਾਮਰੇਡ ਨੇ ਵਸੀਹਤ ਵਿੱਚ ਲਿਖ ਕੇ ਦਿੱਤਾ ਸੀ ਕਿ ਮੇਰੇ ਮਰਨ ਤੋਂ ਬਾਅਦ ਧਾਰਮਿਕ ਰਸਮਾਂ ਨਾ ਕੀਤੀਆਂ ਜਾਣ ਇਹ ਉਦੋਂ ਨਾ ਹਟੀ। ਜਸਵਿੰਦਰ ਭੋਲੀ ਆਸਟ੍ਰੇਲੀਆ ਗਈ ਹੋਈ ਸੀ ਤੇ ਮਹਿੰਦਰ ਕੌਰ ਜ਼ਿਆਦਾ ਬਿਮਾਰ ਹੋ ਗਏ, ਇਹਨਾਂ ਦਾ ਪੁੱਤਰ ਬੇਅੰਤ ਹਸਪਤਾਲ ਲੈ ਕੇ ਗਿਆ ਤੇ ਅੰਤ 16 ਜੁਲਾਈ 2019 ਨੂੰ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ।

# ਕਣਕ ਦੀ ਐਲਰਜ਼ੀ ਕਾਰਨ ਅਤੇ ਲੱਛਣ

-ਡਾ. ਅਮਨਦੀਪ ਸਿੰਘ ਟੱਲੇਵਾਲੀਆ



ਪੰਜਾਬ ਦੇ ਲੋਕਾਂ ਦਾ ਮੁੱਖ ਖਾਈਆ ਕਣਕ ਹੈ। ਕਣਕ ਤੋਂ ਬਣੀ ਰੋਟੀ, ਆਟੇ ਦੇ ਬਰੈੱਡ, ਬਿਸਕੁਟ ਆਦਿ ਲੋਕਾਂ ਦਾ ਮਨਪਸੰਦ ਭੋਜਨ ਹੈ ਪਰ ਅੱਜ ਪੰਜਾਬ ਵਿਚ ਹੀ ਨਹੀਂ ਪੂਰੇ ਸੰਸਾਰ ਵਿਚ ਇਕ ਬਿਮਾਰੀ ਬਹੁਤ ਵੱਡੇ ਰੂਪ ਵਿੱਚ ਫੈਲ ਰਹੀ ਹੈ ਉਹ ਹੈ ਕਣਕ ਤੋਂ ਬਣੀ ਚੀਜ਼ ਖਾਣ ਨਾਲ ਹੋਣ ਵਾਲੀ ਐਲਰਜ਼ੀ ਯਾਨੀ ਕਿ ਕਣਕ ਤੋਂ ਬਣੀ ਕਿਸੇ ਵੀ ਚੀਜ਼ ਨੂੰ ਹਜ਼ਮ ਨਾ ਕਰ ਸਕਣਾ। ਕੈਨੇਡਾ ਦੇ ਮਸ਼ਹੂਰ ਦਿਲ ਦੇ ਮਾਹਰ ਡਾਕਟਰ ਵਿਲੀਅਮ ਡੇਵਿਡ ਨੇ ਆਪਣੀ ਪ੍ਰਸਿੱਧ ਕਿਤਾਬ ਦਾ ਵੀਟ ਵੈਲੀ (the wheat belly) ਵਿੱਚ ਸਪੱਸ਼ਟ ਲਿਖਿਆ ਹੈ ਕਿ ਜੇਕਰ ਦੁਨੀਆਂ ਦੇ ਲੋਕ ਕਣਕ ਖਾਣੀ ਛੱਡ ਦੇਣ ਤਾਂ ਮੈਂ ਗਾਰੰਟੀ ਦਿੰਦਾ ਹਾਂ ਕਿ ਕਣਕ ਦੀ ਐਲਰਜੀ ਤਾਂ ਦੂਰ ਨਾ ਤਾਂ ਕੋਈ ਸ਼ੂਗਰ ਤੋਂ ਪੀੜਤ ਹੋਵੇਗਾ ਅਤੇ ਨਾ ਹੀ ਕੋਈ ਦਿਲ ਦੇ ਰੋਗਾਂ ਤੋਂ। ਉਸ ਡਾਕਟਰ ਦਾ ਮੰਨਣਾ ਹੈ ਕਿ ਜਿਹੜੀ ਕਣਕ ਅਸੀਂ ਖਾ ਰਹੇ ਹਾਂ ਇਹ ਕਣਕ ਹੈ ਹੀ ਨਹੀਂ। ਇਹ ਕਣਕ ਵਰਗਾ ਇੱਕ ਪਦਾਰਥ ਹੈ। ਸਾਡੇ ਬਜ਼ੁਰਗਾਂ ਦਾ ਵੀ ਇਹ ਮੰਨਣਾ ਹੈ ਕਿ ਪਿਛਲੇ ਸਮੇਂ ਵਿੱਚ ਜਿਹੜੀ ਕਣਕ ਅਸੀਂ ਖਾਂਦੇ ਸਾਂ ਦੇਸੀ ਕਣਕ ਹੁੰਦੀ ਸੀ। ਉਸ ਦਾ ਦਾਣਾ ਬਹੁਤ ਬਰੀਕ ਹੁੰਦਾ ਸੀ। ਹੁਣ ਯੂਨੀਵਰਸਿਟੀਆਂ ਵੱਲੋਂ ਮਾਨਤਾ ਪ੍ਰਾਪਤ ਹਾਈਬ੍ਰਿਡ ਕਣਕ ਸਿਰਫ ਅਲਰਜ਼ੀ ਹੀ ਨਹੀਂ ਕਰ ਰਹੀ ਸਗੋਂ ਦਿਲ ਦੇ ਰੋਗ, ਸ਼ੂਗਰ, ਕੈਂਸਰ ਬਲੱਡ ਪ੍ਰੈਸ਼ਰ ਆਦਿ ਵੀ ਪੈਦਾ ਕਰ ਰਹੀ ਹੈ।

ਕਣਕ ਵਿੱਚ ਗਲਾਇਡਨ (Gliadin) ਨਾਂਅ ਦਾ ਇੱਕ (ਜ਼ਹਿਰੀਲਾ) ਤੱਤ ਪਾਇਆ ਜਾਂਦਾ ਹੈ, ਜਿਸ ਨਾਲ ਐਲਰਜ਼ੀ ਦੇ ਰੋਗੀਆਂ ਦੀਆਂ ਅੰਤੜੀਆਂ ਸੋਜ਼ ਆ ਜਾਂਦੀ ਹੈ ਅਤੇ ਕਣਕ ਤੋਂ ਬਣੀ ਕੋਈ ਵੀ ਚੀਜ ਖਾਣ ਨਾਲ ਪੇਟ ਦਰਦ ਹੋਣ ਲੱਗ ਜਾਂਦਾ ਹੈ ਖਾਧਾ ਪੀਤਾ ਹਜ਼ਮ ਨਹੀਂ ਆਉਂਦਾ ਜਾਂ ਰੋਗੀ ਜ਼ਿਆਦਾ ਥੱਕਿਆ-ਥੱਕਿਆ ਮਹਿਸੂਸ ਕਰਦਾ ਹੈ। ਕਿਸੇ ਕੰਮ ਨੂੰ ਦਿਲ ਨਹੀਂ ਕਰਦਾ, ਰੋਗੀ ਦਿਨੋ-ਦਿਨ ਕਮਜ਼ੋਰ ਹੁੰਦਾ ਜਾਂਦਾ ਹੈ ਪੇਟ ਫੁੱਲਣ ਲੱਗ ਜਾਂਦਾ ਹੈ। ਖ਼ੂਨ ਦੀ ਕਮੀ ਹੋ ਜਾਂਦੀ ਹੈ, ਜਿਸ ਕਾਰਨ ਸਲੇਟੀ, ਮਿੱਟੀ, ਚਾਕ ਜਾਂ ਕੱਚੇ ਚਾਵਲ ਖਾਣ ਨੂੰ ਦਿਲ ਕਰਦਾ ਹੈ। ਕੈਲਸ਼ੀਅਮ ਦੀ ਮਾਤਰਾ ਘਟਣ ਕਾਰਨ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤੇ ਕੱਦ ਛੋਟਾ ਰਹਿ ਜਾਂਦਾ ਹੈ।

ਇਹ ਰੋਗ ਜ਼ਿਆਦਾਤਰ ਉਨ੍ਹਾਂ ਲੋਕਾਂ ਵਿੱਚ ਹੁੰਦਾ ਹੈ, ਜੋ ਜ਼ਿਆਦਾ ਸਟੀਰਾਇਡ, ਐਂਟੀਬਾਇਟਕ ਜਾਂ ਦਰਦ ਨਿਵਾਰਕ ਗੋਲੀਆਂ, ਕੈਪਸੂਲ ਜਾਂ ਟੀਕਿਆਂ ਦੀ ਵਰਤੋਂ ਕਰਦੇ ਹਨ, ਜਿਸਦੇ ਕਾਰਨ ਸਾਡਾ ਇਮਊਨ ਸਿਸਟਮ (Immune System) ਕਮਜ਼ੋਰ ਪੈ ਜਾਂਦਾ ਹੈ, ਸਿੱਟੇ ਵਜੋਂ ਅੰਤੜੀਆਂ ਸੂਖ਼ਮ ਹੋ ਜਾਂਦੀਆਂ ਹਨ ਅਤੇ Gliadin ਨਾਮੀ ਤੱਤ ਹਜ਼ਮ ਹੋਣ ਤੋਂ ਇਨਕਾਰੀ ਹੋ ਜਾਂਦਾ ਹੈ।

ਜ਼ਹਿਰੀਲੀਆਂ ਖਾਦਾਂ ਅਤੇ ਸਪਰੇਆਂ ਦੀ ਵਰਤੋਂ ਵੀ ਇਸ ਐਲਰਜ਼ੀ ਦਾ ਮੁੱਖ ਕਾਰਨ ਹੈ। ਉਹ ਬੱਚੇ ਜਿਨ੍ਹਾਂ ਨੂੰ ਮਾਂ ਦਾ ਦੁੱਧ ਨਸੀਬ ਨਹੀਂ ਹੁੰਦਾ (ਕਿਉਂਕਿ ਮਾਂ ਦੇ ਦੁੱਧ ਵਿੱਚ ਅਜਿਹੇ ਤੱਤ ਪਾਏ ਜਾਂਦੇ ਹਨ ਜੋ ਸੁਰੱਖਿਆ ਪ੍ਰਣਾਲੀ ਨੂੰ ਤਕੜਾ ਕਰਦੇ ਹਨ ) ਉਹ ਬੱਚੇ ਵੀ ਇਸ ਰੋਗ ਦਾ ਸ਼ਿਕਾਰ ਹੋ ਸਕਦੇ ਹਨ ।

ਉਹ ਮਾਵਾਂ ਜੋ ਗਰਭ ਦੌਰਾਨ ਜ਼ਿਆਦਾ ਦਵਾਈਆਂ ਦੀ ਵਰਤੋਂ ਕਰਦੀਆਂ ਹਨ ਜਾਂ ਗਰਭ ਦੌਰਾਨ ਚਿੰਤਾਗ੍ਰਸਤ ਰਹਿੰਦੀਆਂ ਹਨ ਉਨ੍ਹਾਂ ਦੇ ਹੋਣ ਵਾਲੇ ਬੱਚਿਆਂ ਵਿੱਚ ਅਲਰਜੀ ਦੀ ਸੰਭਾਵਨਾ ਵੱਧ ਜਾਂਦੀ ਹੈ।

ਕਣਕ ਦੀ ਐਲਰਜ਼ੀ ਵਾਲੇ ਬਹੁਤੇ ਰੋਗੀਆਂ ਨੂੰ ਸਿਰਫ ਸਰੀਰ 'ਤੇ ਛਪਾਕੀ ਵਾਂਗ ਹਲਕੇ ਹਲਕੇ ਧੱਫੜ ਨਿਕਲ ਆਉਂਦੇ ਹਨ ਪਰ ਪਾਚਣ ਕਿਰਿਆ ਸਹੀ ਹੁੰਦੀ ਹੈ। ਹੈਮੋਗਲੋਬਿਨ ਚੈਕ ਕਰਵਾਉਣ ਤੇ ਹੈਮੋਗਲੋਬਿਨ ਘੱਟ ਹੁੰਦਾ ਹੈ।

ਕਣਕ ਦੀ ਐਲਰਜ਼ੀ ਵਾਲੇ ਰੋਗੀ ਅਗਰ ਕਣਕ ਤੋਂ ਬਣੀ ਕੋਈ ਚੀਜ਼ ਨਹੀਂ ਵੀ ਖਾਂਦੇ ਤਾਂ ਵੀ ਉਹਨਾਂ ਦੇ ਪੇਟ ਵਿੱਚ ਦਰਦ ਹੋਣ ਦੀ ਸੰਭਾਵਨਾ ਹੁੰਦੀ ਹੈ। ਖਾਸ ਕਰਕੇ ਬੱਚਿਆਂ ਵਿੱਚ ਪੇਟ ਦੇ ਦਰਦ ਦੀ ਸ਼ਿਕਾਇਤ ਆਮ ਵੇਖਣ ਨੂੰ ਮਿਲਦੀ ਹੈ ਕਿਉਂਕਿ ਬੱਚੇ ਸ਼ਰਾਰਤੀ ਹੁੰਦੇ ਹਨ ਅਤੇ ਉਹ ਜਦੋਂ ਨੱਚਦੇ-ਟੱਪਦੇ ਹਨ ਜਾਂ ਉੱਚੇ-ਨੀਵੇਂ ਛਲਾਂਗਾਂ ਲਗਾਉਂਦੇ ਹਨ, ਇਸ ਨਾਲ ਵੀ ਪੇਟ ਵਿੱਚ ਦਰਦ ਦੀ ਤਕਲੀਫ ਹੋ ਸਕਦੀ ਹੈ ਕਿਉਂਕਿ ਰੋਗੀ ਦੇ ਪੱਠੇ ਕਮਜ਼ੋਰ ਹੋ ਜਾਂਦੇ ਹਨ ਅਤੇ ਥੋੜ੍ਹੇ ਜਿਹੇ ਝਟਕੇ ਨਾਲ ਹੀ ਦਰਦ ਹੋਣ ਲੱਗ ਜਾਂਦਾ ਹੈ।

ਕਣਕ ਦੀ ਐਲਰਜ਼ੀ ਵਾਲੇ ਮਰੀਜ਼ ਨੂੰ ਬਹੁਤੇ ਡਾਕਟਰ ਪਨੀਰ, ਵੇਸਣ ਦੇ ਪਕੌੜੇ ਜਾਂ ਇਡਲੀ ਡੋਸਾ ਖਾਣ ਦੀ ਇਜਾਜ਼ਤ ਦੇਂਦੇ ਹਨ। ਅਗਰ ਤਾਂ ਪਨੀਰ ਘਰ ਦਾ ਬਣਿਆ ਹੈ ਤਾਂ ਕੁੱਝ ਹੱਦ ਤੱਕ ਠੀਕ ਹੈ ਪਰ ਗਰਮੀਆਂ ਦੇ ਦਿਨਾਂ ਵਿੱਚ ਪਨੀਰ ਵੀ ਖਰਾਬੀ ਕਰ ਦਿੰਦਾ ਹੈ ਅਤੇ ਲੱਗ ਸਕਦੀਆਂ ਹਨ। ਆਲੂ-ਗੋਭੀ ਜਾਂ ਪਾਲਕ ਪਕੌੜੇ ਜਾਂ ਇਡਲੀ ਡੋਸਾ ਘਰੇ ਤਿਆਰ ਕੀਤਾ ਹੋਵੇ ਤਾਂ ਵਧੀਆ ਗੱਲ ਹੈ ਪਰ ਬਾਜ਼ਾਰੂ ਚੀਜ਼ਾਂ ਘਟੀਆ ਤੇਲ ਜਾਂ ਘਿਓ ਵਿੱਚ ਤਲੀਆਂ ਹੋਣ ਕਰਕੇ ਵੀ ਪੇਟ ਖਰਾਬ ਹੋ ਸਕਦਾ ਹੈ। ਐਲਰਜ਼ੀ ਦੀ ਤਕਲੀਫ ਜ਼ਿਆਦਾਤਰ ਗਰਮੀਆਂ ਵਿੱਚ ਹੁੰਦੀ ਹੈ ਕਿਉਂਕਿ ਗਰਮੀਆਂ ਵਿੱਚ ਪੇਟ ਦੀ ਇਨਫੈਕਸ਼ਨ ਹੋਣ ਦਾ ਜ਼ਿਆਦਾ ਖਤਰਾ ਰਹਿੰਦਾ ਹੈ। ਅਲਰਜ਼ੀ ਵਾਲੇ ਉਹ ਬੱਚੇ ਜਿੰਨ੍ਹਾਂ ਨੂੰ ਮਾਂ ਦਾ ਦੁੱਧ ਨਸੀਬ ਨਹੀਂ ਹੁੰਦਾ ਉਨ੍ਹਾਂ ਲਈ ਦੁੱਧ, ਕੇਲਾ ਅਤੇ ਅੰਬ ਵੀ ਨੁਕਸਾਨਦਾਇਕ ਹੁੰਦੇ ਹਨ।

ਇਹ ਰੋਗ ਜਮਾਂਦਰੂ ਵੀ ਹੋ ਸਕਦਾ ਹੈ। ਪੁਸ਼ਤ-ਦਰ-ਪੁਸ਼ਤ ਵੀ ਇਹ ਰੋਗ ਚੱਲ ਸਕਦਾ ਹੈ। ਕਈ ਰੋਗੀਆਂ ਵਿੱਚ ਇਸ ਦੇ ਲੱਛਣ ਨਜ਼ਰ ਨਹੀਂ ਆਉਂਦੇ। ਸਿਰਫ ਖ਼ੂਨ ਦੀ ਜਾਂਚ ਕਰਨ 'ਤੇ ਹੀ ਪਤਾ ਚਲਦਾ ਹੈ, ਜਿਸ ਨੂੰ 'ਸਾਈਲੈਂਟ ਐਲਰਜ਼ੀ' ਵੀ ਕਿਹਾ ਜਾ ਸਕਦਾ ਹੈ। ਦੇਖਣ ਵਿੱਚ ਆਇਆ ਹੈ ਕਿ ਜੇਕਰ ਪਰਿਵਾਰ ਦੇ ਇੱਕ ਬੱਚੇ ਨੂੰ ਇਹ ਰੋਗ ਹੋਵੇ ਤਾਂ ਦੂਸਰਿਆਂ ਬੱਚਿਆਂ ਨੂੰ ਵੀ ਇਹ ਰੋਗ ਹੋਣ ਦਾ ਖ਼ਤਰਾ ਰਹਿੰਦਾ ਹੈ।


ਇਸਦੀ ਜਾਂਚ ਲਈ ਟਿਸ਼ੂ ਟਰਾਂਸਗਲੂਟਾਮੀਨੇਜ਼ (ਟੀ.ਟੀ.ਜੀ.) ਨਾਂਅ ਦਾ ਟੈਸਟ ਹੁੰਦਾ ਹੈ। ਇਸ ਤੋਂ ਇਲਾਵਾ ਪੇਟ ਦੀ ਐਂਡੋਸਕੋਪੀ ਕਰਕੇ ਹੀ ਇਸ ਬਿਮਾਰੀ ਨੂੰ ਫੜਿਆ ਜਾ ਸਕਦਾ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਬੀ-ਪਾਜੇਟਿਵ ਅਤੇ ਓ-ਪਾਜੇਟਿਵ ਬਲੱਡ ਗਰੁੱਪ ਦੇ ਜ਼ਿਆਦਾਤਰ ਬੱਚੇ ਇਸ ਰੋਗ ਦਾ ਸ਼ਿਕਾਰ ਹੁੰਦੇ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਫਿਰ ਖਾਣਾ ਕੀ ਚਾਹੀਦਾ ਹੈ ਪੰਜਾਬ ਦੇ ਰਵਾਇਤੀ ਭੋਜਨ ਜਿਨ੍ਹਾਂ ਵਿੱਚ ਕੋਧਰਾ, ਬਾਜਰਾ, ਜੌਂ, ਜਵਾਰ, ਛੋਲੇ ਮੱਕੀ ਇਹ ਸਾਨੂੰ ਆਪਣੇ ਖੇਤਾਂ ਵਿੱਚ ਉਗਾਉਣੇ ਪੈਣਗੇ ਤਾਂ ਕਿ ਆਉਣ ਵਾਲੀਆਂ ਨਸਲਾਂ ਬਿਮਾਰੀਆਂ ਤੋਂ ਬਚ ਸਕਣ। ਇਹ ਹਰਗਿਜ਼ ਨਹੀਂ ਕਿਹਾ ਜਾ ਸਕਦਾ ਕਿ ਕਣਕ ਸਾਡਾ ਰਵਾਇਤੀ ਭੋਜਨ ਨਹੀਂ ਪਰ ਸਾਡੀ ਦੇਸੀ ਕਣਕ ਜਿਸ ਨੂੰ ਸਾਡੇ ਕੋਲੋਂ ਖੋਹਿਆ ਗਿਆ ਹੈ ਜਾਂ ਤਾਂ ਸਾਨੂੰ ਉਹ ਬੀਜ ਬੀਜਣਾ ਪਵੇਗਾ ਜਾਂ ਫਿਰ ਕਣਕ ਤੋਂ ਮੁਕੰਮਲ ਤੌਰ ਤੇ ਖਹਿੜਾ ਛੁਡਾਉਣਾ ਪਵੇਗਾ

ਆਮ ਤੌਰ 'ਤੇ ਵੱਡੇ-ਵੱਡੇ ਡਾਕਟਰ, ਮਰੀਜ਼ ਨੂੰ ਅਤੇ ਉਸਦੇ ਪਰਿਵਾਰ ਨੂੰ ਉਦੋਂ ਨਿਰਾਸ਼ ਕਰ ਦਿੰਦੇ ਹਨ ਕਿ ਇਸ ਰੋਗੀ ਨੂੰ ਸਾਰੀ ਉਮਰ ਕਣਕ ਤੋਂ ਬਣੀ ਚੀਜ਼ (ਰੋਟੀ, ਬਿਸਕੁਟ ਆਦਿਕ) ਤੋਂ ਆਕੀ ਰਹਿਣਾ ਪਵੇਗਾ ਪਰ ਇਸ ਤਰਾਂ ਦੀ ਕੋਈ ਗੱਲ ਨਹੀਂ। ਹੋਮਿਓਪੈਥੀ ਵਿੱਚ ਬਹੁਤ ਸਾਰੀਆਂ ਅਜਿਹੀਆਂ ਦਵਾਈਆਂ ਹਨ, ਜੋ ਮਰੀਜ਼ ਦੇ ਸਰੀਰਕ ਅਤੇ ਮਾਨਸਿਕ ਲੱਛਣਾਂ ਨੂੰ ਲੈ ਕੇ ਦਿੱਤੀਆਂ ਜਾਂਦੀਆਂ ਹਨ। ਹੋਮਿਓਪੈਥਿਕ ਦਵਾਈ ਸਰੀਰ ਦੇ ਇਮਊਨ ਸਿਸਟਮ ਨੂੰ ਤਕੜਾ ਕਰਕੇ ਬਿਮਾਰੀਆਂ ਨਾਲ ਲੜਨ ਦੇ ਸਮਰੱਥ ਬਣਾਉਂਦੀ ਹੈ ਤੇ ਫਿਰ ਇਕੱਲੀ ਕਣਕ ਦੀ ਹੀ ਨਹੀਂ, ਸਗੋਂ ਕਿਸੇ ਵੀ ਕਿਸਮ ਦੀ ਐਲਰਜ਼ੀ ਨੂੰ ਠੀਕ ਕਰਨ ਵਿਚ ਸਹਾਇਤਾ ਕਰਦੀ ਹੈ ਅਤੇ ਰੋਗੀ ਕਣਕ ਦੀ ਰੋਟੀ ਖਾਣ ਦੇ ਕਾਬਿਲ ਹੋ ਸਕਦਾ ਹੈ।

ਬਾਬਾ ਫ਼ਰੀਦ ਨਗਰ, ਕਚਹਿਰੀ ਚੌਂਕ, ਬਰਨਾਲਾ
98146-99446

# ਐਮਰਜੈਂਸੀ ਦੇ ਦਿਨਾਂ ਦੀ ਇੱਕ ਯਾਦ



ਜੋਗਿੰਦਰ ਆਜ਼ਾਦ
96463-35309

26 ਜੂਨ 1975 ਐਮਰਜੈਂਸੀ ਲੱਗ ਚੁੱਕੀ ਸੀ। 1974 'ਚ ਅਸੀਂ ਜਗਰਾਉਂ ਦੇ ਕੁਝ ਦੋਸਤਾਂ ਨੇ ਨੌਜਵਾਨਾਂ ਨਾਲ ਮਿਲਕੇ ਨੌਜਵਾਨ ਭਾਰਤ ਸਭਾ ਬਣਾਈ ਸੀ। ਨੌਜਵਾਨ ਭਾਰਤ ਸਭਾ ਨੇ ਜਗਰਾਉਂ ਸ਼ਹਿਰ 'ਚ ਇੱਕ ਕਮਰਾ ਕਿਰਾਏ ਤੇ ਲੈ ਕੇ ਪ੍ਰੋਗਰੈਸਿਵ ਲਾਇਬ੍ਰੇਰੀ ਬਣਾਈ ਹੋਈ ਸੀ।

ਇਸ ਪ੍ਰੋਗਰੈਸਿਵ ਲਾਇਬ੍ਰੇਰੀ ਵਿੱਚ ਹਜ਼ਾਰਾਂ ਦੀਆਂ ਪੁਸਤਕਾਂ ਜਿਸ ਦੀ ਕੀਮਤ ਇਸ ਵੇਲੇ ਲੱਖ ਦੇ ਕਰੀਬ ਹੋ ਸਕਦੀ ਹੈ ਅਸੀਂ ਲੋਕਾਂ ਤੋਂ ਫੰਡ ਇਕੱਠਾ ਕਰਕੇ ਉਸ ਲਾਇਬ੍ਰੇਰੀ 'ਚ ਸੁਸ਼ੋਭਿਤ ਕੀਤੀਆਂ ਸਨ। ਵਿਦਿਆਰਥੀਆਂ ਵਿੱਚ ਚੇਤਨਾ ਪੈਦਾ ਕਰਨ ਲਈ ਇਹ ਲਾਇਬ੍ਰੇਰੀ ਜਗਰਾਉਂ 'ਚ ਇਨਕਲਾਬੀ ਪ੍ਰਚਾਰ ਕੇਂਦਰ ਦਾ ਰੂਪ ਬਣ ਗਈ ਸੀ। ਕਾਲਜ ਦੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਅਸੀਂ ਸਿਲੇਬਸ ਦੀਆਂ ਕਿਤਾਬਾਂ ਵੀ ਪ੍ਰੋਫ਼ੈਸਰ ਸਾਹਿਬਾਨਾਂ ਤੋਂ ਇਕੱਠੀਆਂ ਕਰਕੇ ਲਾਇਬ੍ਰੇਰੀਆਂ ਵਿੱਚ ਰੱਖੀਆਂ ਸਨ। ਤਾਂ ਜੋ ਗ਼ਰੀਬ ਵਿਦਿਆਰਥੀਆਂ ਦੇ ਹੱਥ ਵੀ ਇਹ ਕਿਤਾਬਾਂ ਵੀ ਹੋ ਸਕਣ ਤੇ ਉਹ ਖਰੀਦਣ ਲਈ ਮਜ਼ਬੂਰ ਨਾ ਹੋਣ।

ਸਾਡੀ ਲਾਇਬ੍ਰੇਰੀ 'ਚ ਦੋਸਤੋਵਸਕੀ, ਡਾਨ ਵਹਿੰਦਾ ਰਿਹਾ, ਅਸਲੀ ਇਨਸਾਨ ਦੀ ਕਹਾਣੀ, ਮੈਕਸਿਮ ਗੋਰਕੀ ਦਾ ਨਾਵਲ ਮਾਂ, ਰਸੂਲ ਹਮਜ਼ਾਤੋਵ, ਮੇਰੇ ਵਿਸ਼ਵ ਵਿਦਿਆਲੇ, ਗੋਗੋਲ ਤੁਰਗਨੇਵ, ਟਾਲਸਟਾਏ ਦੇ ਨਾਵਲ ਕਹਾਣੀਆਂ, ਕਵਿਤਾਵਾਂ, ਪਾਸ਼, ਸੰਤ ਰਾਮ ਉਦਾਸੀ ਦੀਆਂ ਕਿਤਾਬਾਂ ਮੌਜੂਦ ਸਨ। ਖੱਬੇ ਪੱਖ ਦੀਆਂ ਕਿਤਾਬਾਂ ਮਾਰਕਸਵਾਦ ਦਾ ਮੂਲ ਸਿਧਾਂਤ, ਕੀ ਕਰਨਾ ਲੋੜੀਏ, ਟਰੇਡ ਯੂਨੀਅਨ ਬਾਰੇ, ਰਾਜਸੀ ਆਰਥਿਕਤਾ ਦੇ ਮੂਲ ਸਿਧਾਂਤ ਸਾਮਰਾਜ ਸਰਮਾਏਦਾਰੀ ਦੀ ਅੰਤਿਮ ਅਵਸਥਾ, ਖੱਬੇ ਪੱਖੀ ਬਚਪਨਾ ਦਾ ਰੋਗ ਆਦਿ ਅਤੇ ਮਾਸਿਕ ਮੈਗਜ਼ੀਨ ਹੇਮ ਜਯੋਤੀ, ਰੋਹਲੇ ਬਾਣ, ਸਿਆੜ ਬਗੈਰਾ ਮੌਜੂਦ ਸਨ।

ਗਰਮੀਆਂ ਦੇ ਦਿਨ ਸਨ। ਅਸੀਂ ਰਾਤ ਨੂੰ ਇਥੋਂ ਹੱਥ ਲਿਖਤਾਂ, ਬੈਨਰ ਤਿਆਰ ਕਰਿਆ ਕਰਦੇ ਸੀ ਦੇਸ਼ ਦੀ ਰਾਜਨੀਤੀ ਬਾਰੇ ਚਰਚਾ ਕਰਦੇ ਉਥੇ ਹੀ ਫਰਸ਼ ਤੇ ਦਰੀ ਵਿਛਾ ਕੇ ਲੇਟ ਜਾਂਦੇ। ਇਹ ਲਾਇਬ੍ਰੇਰੀ ਉਪਰ ਕਈ ਦਿਨਾਂ ਤੋਂ ਪੁਲਿਸ ਨਜ਼ਰ ਰੱਖ ਰਹੀ ਸੀ।25 ਜੂਨ ਨੂੰ ਐਮਰਜੈਂਸੀ ਦਾ ਐਲਾਨ ਹੋਣ ਤੇ ਅਸੀਂ ਰਾਤ ਉਥੇ ਨਹੀਂ ਗਏ।

26 ਜੂਨ ਨੂੰ ਉਨ੍ਹਾਂ ਨੇ ਲਾਇਬ੍ਰੇਰੀ ਨੂੰ ਘੇਰ ਲਿਆ ਤੇ ਪੁਲਿਸ ਦੇ ਦੋ ਸਿਪਾਹੀ ਉਥੋਂ ਪੱਕੇ ਤੈਨਾਤ ਕਰ ਦਿੱਤੇ। ਅਸੀਂ ਬਹੁਤ ਫਿਕਰਮੰਦ ਸਾਂ। ਸਾਡੇ ਲਈ ਓਹ ਕਿਤਾਬਾਂ ਇੱਕ ਅਨਮੋਲ ਖਜ਼ਾਨਾ ਸੀ। ਸਾਡੀ ਆਤਮਾ ਸੀ।

ਉਨ੍ਹਾਂ ਨੂੰ ਕਿਸ ਤਰ੍ਹਾਂ ਕਿਸ ਢੰਗ ਨਾਲ ਕਿਸੇ ਸੁਰੱਖਿਅਤ ਜਗ੍ਹਾ ਪਹੁੰਚਾਈਏ ਅਸੀਂ ਸਕੀਮਾਂ ਬਣਾਉਂਦੇ। ਇੱਕ ਦਿਨ ਸੂਚਨਾ ਮਿਲੀ ਕਿ ਅੱਜ ਪਹਿਰਾ ਨਹੀਂ ਸਤੀਸ਼ ਕੁਮਾਰ ਸ਼ਰਮਾ (ਜੋ ਕਿ ਹੁਣ ਕਮਾਲਪੁਰਾ ਸਕੂਲ ਤੋਂ ਪ੍ਰਿੰਸੀਪਲ ਰਿਟਾਇਰ ਹੋ ਗਏ ਹਨ) ਨੇ ਰਿਕਸ਼ਾ ਲਿਆ। ਉਨ੍ਹਾਂ ਦੇ ਬਾਪੂ ਜੀ ਦੀ ਇੱਕ ਸਾਈਕਲਾਂ ਦੀ ਦੁਕਾਨ ਸੀ। ਪਤਾ ਨਹੀਂ ਮਾਸਟਰ ਜੀ ਨੇ ਕਿਹੜੇ ਵੇਲ਼ੇ ਰਿਕਸ਼ਾ ਚਲਾਉਣਾ ਸਿੱਖ ਲਿਆ ਸੀ।ਅਸੀਂ ਬਹੁਤ ਫੁਰਤੀ ਨਾਲ ਜ਼ਿੰਦਾ ਖੋਲ੍ਹਿਆ। ਕਿਤਾਬਾਂ ਨੂੰ ਬੋਰੀਆਂ 'ਚ ਭਰਿਆ, ਰਿਕਸ਼ੇ ਤੇ ਲੱਦਿਆ। ਸਤੀਸ਼ ਨੇ ਰਿਕਸ਼ਾ ਐਨਾ ਤੇਜ਼ ਉੜਾਇਆ ਕਿ ਮੈਂ ਦੰਗ ਰਹਿ ਗਿਆ।

ਅਸਲ 'ਚ ਉਹ ਕਿਤਾਬਾਂ ਦਾ ਸ਼ੁਦਾਈ ਸੀ। ਤੱਪਦੀ ਦੁਪਹਿਰ ਅਸੀਂ ਗ਼ਾਲਿਬ ਪਿੰਡ ਪਹੁੰਚੇ ,ਦਰਸ਼ਨ ਚਾਹਿਲ ਦੇ ਘਰ। ਜੋ ਵਾਹੀ ਕਾਰਾ ਯੂਨੀਅਨ ਦੇ ਨਿੱਡਰ ਆਗੂ ਸਨ ਅਤੇ ਇਹ ਸਰਮਾਇਆ ਉਹਨਾਂ ਨੂੰ ਸੰਭਾਲ ਦਿੱਤਾ। ਉਹਨਾਂ ਅੱਗੇ ਅਣਦੱਸੀ ਥਾਂ ਤੇ (ਸਾਥੀ ਚਾਹਿਲ ਕੁੱਝ ਸਾਲ ਹੋਏ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ)

ਇਹ ਲਾਇਬ੍ਰੇਰੀ ਇੱਕ ਕਿਸਮ ਦਾ ਸਾਡਾ ਘਰ ਹੀ ਸੀ। ਐਮਰਜੈਂਸੀ ਲੱਗਦਿਆਂ ਹੀ ਅਸੀਂ ਮਹਿਸੂਸ ਕੀਤਾ ਕਿ ਸਾਡੀ ਵੀ ਗ੍ਰਿਫਤਾਰੀ ਹੋ ਸਕਦੀ ਹੈ ਤੇ ਅਸੀਂ ਅੰਡਰ ਗਰਾਊਂਡ ਸਰਗਰਮੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਹਾਲਾਂਕਿ ਸਰਗਰਮੀ ਕਿਵੇਂ ਕੀਤੀ ਜਾਵੇ। ਇਹਦੀ ਸਾਨੂੰ ਬਹੁਤੀ ਸਮਝ ਨਹੀਂ ਸੀ। ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਵੀ ਗ੍ਰਿਫਤਾਰ ਕਰ ਲਿਆ ਗਿਆ ਸੀ ਮੁਲਾਜ਼ਮ ਆਗੂ ਯਸ਼ਪਾਲ ਆਦਿ ਦੇ ਘਰ ਵੀ ਛਾਪੇਮਾਰੀ ਹੋ ਰਹੀ ਸੀ। ਸੀਪੀਆਈ ਇੰਦਰਾ ਦੀ ਹਿਮਾਇਤ ਕਰ ਰਹੀ ਸੀ। ਅਸੀਂ ਅਜੇ ਦੂਜੀ ਤੀਜੀ ਕਤਾਰ ਦੇ ਲੀਡਰ ਸੀ। ਜੇ ਪੀ ਅੰਦੋਲਨ ਨੂੰ ਵੀ ਠੀਕ ਨਹੀਂ ਸਮਝਦੇ ਸੀ। ਮੋਗਾ ਵਿਖੇ ਨੌਜਵਾਨ ਭਾਰਤ ਸਭਾ ਵੱਲੋਂ ਕੀਤੀ ਸੰਗਰਾਮ ਰੈਲੀ ਦੀ ਸਫਲਤਾ ਲਈ ਅਣਥੱਕ ਮਿਹਨਤ ਕੀਤੀ ਸੀ।

ਅੱਜ ਉਹ ਦਿਨ ਬਹੁਤ ਯਾਦ ਆਉਂਦੇ ਨੇ। ਸਾਡੀ ਉਹ ਪ੍ਰੋਗਰੈਸਿਵ ਲਾਇਬ੍ਰੇਰੀ ਇੱਕ ਚੰਗਾ ਸਾਹਿਤਕ ਖੇਤਰ ਹੁੰਦੀ ਸੀ। ਕਾਲਜ ਦੇ ਪ੍ਰੋਫ਼ੈਸਰ, ਵਿਦਿਆਰਥੀ ਨੇਤਾ, ਸਾਹਿਤਕਾਰ ਲਾਇਬਰੇਰੀ ਅਕਸਰ ਹਾਜ਼ਰੀ ਲਵਾਉਣ ਚ ਖੁਸ਼ੀ ਮਹਿਸੂਸ ਕਰਦੇ ਸਨ।

ਅਜੇ ਵੀ ਮਨ 'ਚ ਖਿਆਲ ਆਉਂਦਾ ਕਿ ਕਾਸ਼ ਇਹ ਦਿਨ ਮੁੜ ਬਹਾਲ ਹੋ ਜਾਣ। ਨੌਜਵਾਨ ਅੱਗੇ ਆਉਣ ਤੇ ਫਿਰ ਮੁੜ ਸਥਾਪਤ ਹੋ ਜਾਵੇ ਕੋਈ ਲਾਇਬਰੇਰੀ। ਜੇ ਕੋਈ ਉਪਰਾਲਾ ਹੋਵੇਗਾ ਤਾਂ ਅਸੀਂ ਉਸ ਚ ਹਿੱਸਾ ਪਾਵਾਂਗੇ।1978 ਦੇ ਵੇਲਿਆਂ ਦਾ, ਬੇਰੁਜ਼ਗਾਰ ਅਧਿਆਪਕ ਜਥੇਬੰਦੀ ਦਾ ਆਗੂ ਸਾਥੀ ਹਰੀਸ਼ ਮੌਦਗਿਲ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾ ਰਿਹਾ ਹੈ। ਡੀ ਟੀ ਐਫ ਦਾ ਜ਼ਿਲ੍ਹਾ ਪ੍ਰਧਾਨ ਰਿਹਾ ਮਾਸਟਰ ਭਜਨ ਸਿੰਘ ਕੈਲਗਰੀ ਵਿਚ ਪੁਸਤਕ ਸਭਿਆਚਾਰ ਬਾਖੂਬੀ ਫੈਲਾ ਰਿਹਾ ਹੈ। ਭੈਣ ਸੁਰਿੰਦਰ ਚੱਟਾਨ ਵਾਂਗ ਨਾਲ ਖੜ੍ਹੀ ਦਿੱਖਦੀ ਹੈ। ਇਸ ਤਰ੍ਹਾਂ ਦੀਆਂ ਲਾਇਬਰੇਰੀਆ ਹੋਰ ਵੀ। ਸ਼ਹਿਰਾਂ, ਪਿੰਡਾਂ 'ਚ ਖੁਲ੍ਹ ਰਹੀਆਂ ਹਨ। ਖੁਸ਼ੀ ਹੁੰਦੀ ਹੈ।

ਲਾਇਬਰੇਰੀਆਂ ਥਾਂ ਥਾਂ ਖੋਲ੍ਹਣ ਦੀ ਲੋੜ ਹੈ।

ਮੇਰੀ ਪਹਿਲੀ ਗ੍ਰਿਫਤਾਰੀ

ਐਮਰਜੈਂਸੀ ਦੇ ਦਿਨਾਂ ਦੀਆਂ ਕੁਝ ਹੋਰ ਯਾਦਾਂ ਸਾਂਝੀਆਂ ਕਰਨ ਜਾ ਰਿਹਾ ਹਾਂ। 14 ਅਗਸਤ 1975 ਨੂੰ ਕਰੀਬ 5 ਵਜੇ ਮੈਂ ਸਿੱਧਵਾਂ ਬੇਟ ਸਕੂਲ 'ਚ ਨੌਕਰੀ ਕਰਨ ਉਪਰੰਤ ਆਪਣੇ ਘਰ ਦਾਖਲ ਹੋਣ ਹੀ ਲੱਗਿਆ ਸੀ ਕਿ ਦੇਖਦਾ ਹਾਂ ਕਿ ਘਰ ਦੇ ਬਾਹਰ ਇੱਕ ਥਾਣੇਦਾਰ ਖੜ੍ਹਾ ਹੈ। ਥਾਣਾ ਸਾਡੇ ਘਰ ਦੇ ਜਮਾਂ ਹੀ ਨਾਲ ਹੈ। ਅਜੇ ਮੈਂ ਘਰ ਵਿੱਚ ਪੈਰ ਰੱਖਣਾ ਹੀ ਸੀ ਕਿ ਥਾਣੇਦਾਰ ਸਾਹਿਬ ਦੀ ਆਵਾਜ਼ ਸੁਣਾਈ ਪੈਂਦੀ ਹੈ, "ਮਾਸਟਰ ਜੀ ਆਇਓ, ਦੋ ਮਿੰਟ ਗੱਲ ਸੁਣ ਕੇ ਜਾਇਓ"। ਜਿਉਂ ਹੀ ਮੈਂ ਉਨ੍ਹਾਂ ਦੀ ਗੱਲ ਸੁਣਨ ਲਈ ਥਾਣੇ ਦੇ ਗੇਟ ਅੰਦਰ ਦਾਖਲ ਹੁੰਦਾ ਹਾਂ, ਥਾਣੇਦਾਰ ਗਰਜ ਕੇ ਬੋਲਦਾ ਹੈ "ਕਰ ਦਿਓ ਮਾਸਟਰ ਨੂੰ ਅੰਦਰ"। ਕੁਝ ਮਿੰਟਾਂ ਚ ਹੀ ਮੇਰੀ ਜਾਮਾ ਤਲਾਸ਼ੀ ਲੈ ਕੇ ਹਵਾਲਾਤ ਚ' ਬੰਦ ਕਰ ਦਿੱਤਾ ਗਿਆ।

ਮੇਰੇ ਪਿਤਾ ਜੀ ਉਸੇ ਵਕਤ ਠਾਣੇ ਪਹੁੰਚ ਜਾਂਦੇ ਹਨ। ਗ੍ਰਿਫ਼ਤਾਰੀ ਦਾ ਕਾਰਨ ਪੁੱਛਣ ਤੇ ਜਵਾਬ ਮਿਲਦਾ ਹੈ ਕਿ ਉਪਰੋਂ ਰਿਪੋਰਟ ਆਈ ਹੈ ਕਿ ਕੱਲ 15 ਅਗਸਤ ਨੂੰ ਆਜ਼ਾਦੀ ਦਿਹਾੜਾ ਹੈ। ਇਨ੍ਹਾਂ ਦੀ "ਨੌਜਵਾਨ ਭਾਰਤ ਸਭਾ" ਨੇ ਆਜ਼ਾਦੀ ਦਿਹਾੜੇ ਦਾ ਬਾਈਕਾਟ ਕਰਨਾ ਹੈ, 'ਕਾਲੇ ਝੰਡੇ' ਦਿਖਾਉਣੇ ਹਨ ਅਤੇ "ਐਮਰਜੈਂਸੀ ਮੁਰਦਾਬਾਦ" ਦੇ ਨਾਅਰੇ ਲਗਾਉਣੇ ਹਨ। ਸਰਕਾਰ ਵੱਲੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਹੋਏ ਹਨ, ਇੱਕ ਹੋਰ ਅਵਤਾਰ ਸਿੰਘ ਵਿਦਿਆਰਥੀ ਆਗੂ ਆੜਤੀਏ ਦੇ ਮੁੰਡੇ ਨੂੰ ਵੀ ਗ੍ਰਿਫ਼ਤਾਰ ਕਰਨਾ ਹੈ। ਜਿਸ ਖਿਲਾਫ ਪਹਿਲਾਂ ਵੀ ਇੱਕ ਕੇਸ ਚੱਲ ਰਿਹਾ ਸੀ। ਮੈਂ ਸਪੱਸ਼ਟ ਕਰਦਾ ਹਾਂ ਕਿ ਹੁਣ ਮੈ ਬੇਰੁਜ਼ਗਾਰ ਅਧਿਆਪਕ ਜਥੇਬੰਦੀ ਚ ਕੰਮ ਕਰਦਾ ਹਾਂ "ਨੌਜਵਾਨ ਭਾਰਤ ਸਭਾ" ਦਾ ਕੋਈ ਅਜਿਹਾ ਪ੍ਰੋਗਰਾਮ ਨਹੀਂ ਹੈ। ਪਰ ਮੇਰੀ ਗੱਲ ਨੂੰ ਥਾਣੇਦਾਰ ਵੱਲੋਂ ਅਣਸੁਣਿਆ ਕਰ ਦਿੱਤਾ ਜਾਂਦਾ ਹੈ ਕਿ ਅਖੇ ਇੰਤਜ਼ਾਰ ਕਰੋ ਉੱਪਰ ਗੱਲ ਕਰਦੇ ਹਾਂ।

ਰਾਤ ਲੱਗਭਗ ਨੌਂ ਵਜੇ ਮੈਨੂੰ ਇੱਕ ਹੋਰ ਹਵਾਲਾਤ ਤਬਦੀਲ ਕਰ ਦਿੱਤਾ ਜਾਂਦਾ ਹੈ। ਪਹਿਲੀ ਹਵਾਲਾਤ ਔਰਤਾਂ ਦੀ ਸੀ, ਦੂਜੀ ਮਰਦਾਂ ਦੀ। ਘਰ ਦੇ ਰੋਟੀ ਜੇਲ ਚ ਪਹੁੰਚਦੀ ਕਰ ਦਿੰਦੇ ਹਨ। ਸਾਰੀ ਰਾਤ ਮੈਂ ਉਸਲਵੱਟੇ ਲੈਂਦਾ ਰਿਹਾ, ਕਿਤੇ ਕਿਤੇ ਅੱਖ ਵੀ ਲੱਗ ਜਾਂਦੀ। "ਕੀ ਕੇਸ ਬਣਾਉਣਗੇ?" ਮਨ 'ਚ ਕਈ ਤਰ੍ਹਾਂ ਦੇ ਸਵਾਲ ਉਠਦੇ ਰਹੇ। ਹਰ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨ ਲਈ ਮਾਨਸਿਕ ਤਿਆਰੀ ਕਰਦਾ ਹਾਂ।

ਕਰੀਬ ਬਾਰਾਂ ਵਜੇ ਜੇਲ੍ਹ ਦਾ ਕੁੰਡਾ ਖੜਕਦਾ ਹੈ। ਇੱਕ ਸਿਪਾਹੀ ਪੁੱਛ ਰਿਹਾ ਸੀ, "ਕਿਉਂ ਬਾਈ! ਕਿਸ ਕੇਸ ਚ ਫੜੇ ਹੋ?"। ਚਾਰ ਵਜੇ ਫੇਰ ਕੋਈ ਸਿਪਾਹੀ ਆ ਕੇ ਇਹੀ ਸਵਾਲ ਕਰਦਾ ਅਖੇ ਮੈਂ ਸਿੱਧਵਾਂ ਬੇਟ ਦਾ ਹਾਂ, ਮੇਰੀ ਬੇਟੀ ਤੁਹਾਡੀ ਵਿਦਿਆਰਥਣ ਹੈ। ਮੈਨੂੰ ਲੱਗਦਾ ਕਿ ਇਹ ਸਭ ਮੈਨੂੰ ਉਨੀਂਦਰਾ ਰੱਖਣ ਦੀ ਇੱਕ ਖੇਡ ਹੈ। ਅਗਲੇ ਦਿਨ ਪੰਦਰਾਂ ਅਗਸਤ ਨੂੰ ਆਜ਼ਾਦੀ ਦੇ ਜਸ਼ਨ ਮਨਾਏ ਜਾ ਚੁੱਕੇ ਸਨ ਤੇ ਮੈਨੂੰ ਹੱਥਕੜੀਆਂ ਲਾ ਅਦਾਲਤ ਵੱਲ ਪੈਦਲ ਹੀ ਲਿਜਾਇਆ ਗਿਆ। ਮੇਰੀਆਂ ਪਤਲੀਆਂ ਬਾਹਾਂ ਅਤੇ ਹੱਥ ਹੱਥਕੜੀਆਂ 'ਚੋਂ ਬਾਰ-ਬਾਰ ਬਾਹਰ ਆ ਜਾਂਦੇ। ਪੁਲਿਸ ਨੇ ਹੱਥਕੜੀਆਂ ਨੂੰ ਡਬਲ ਲਾਕ ਕਰ ਦਿੱਤਾ। ਮਾਰਕਸੀ ਪਾਰਟੀ ਦੇ ਰਾਜਿੰਦਰ ਪਾਲ ਸਿੰਘ ਚਾਹਲ ਐਡਵੋਕੇਟ ਸਾਹਬ ਨੇ ਮੇਰੀ ਜ਼ਮਾਨਤ ਦੇ ਕਾਗਜ਼ ਤਿਆਰ ਕਰ ਲਏ ਸਨ (ਪਿਛਲੇ ਮਹੀਨੇ ਉਹ ਅਲਵਿਦਾ ਕਹਿ ਗਏ ਹਨ)। ਮੈਨੂੰ ਐਸ.ਡੀ.ਐਮ. ਰਣਧੀਰ ਸਿੰਘ ਮੂਹਰੇ ਪੇਸ਼ ਕੀਤਾ ਜਾਂਦਾ ਹੈ। ਐੱਸ ਡੀ ਐਮ ਰਣਧੀਰ ਸਿੰਘ ਮੈਨੂੰ ਵਿਅਕਤੀਗਤ ਤੌਰ 'ਤੇ ਚੰਗੀ ਤਰ੍ਹਾਂ ਜਾਣਦੇ ਹੀ ਸੀ। ਕਿਉਂਕਿ ਦਸੰਬਰ 'ਚ ਨੌਕਰੀ ਲੱਗਣ ਤੋਂ ਪਹਿਲਾਂ ਮੈਂ ਪੰਜਾਬ ਦੇ ਕਈ ਪ੍ਰਮੁੱਖ ਅਖਬਾਰਾਂ ਅਜੀਤ, ਪੰਜਾਬ ਕੇਸਰੀ, ਅਕਾਲੀ ਪੱਤ੍ਰਿਕਾ ਅਤੇ ਹਿੰਦੁਸਤਾਨ ਸਮਾਚਾਰ ਨਿਊਜ਼ ਏਜੰਸੀ ਦਾ ਪ੍ਰਮਾਣਤ ਪੱਤਰਕਾਰ ਸੀ। ਉਨ੍ਹਾਂ ਦਿਨਾਂ ਵਿੱਚ ਵਿਦਿਆਰਥੀ ਅੰਦੋਲਨ ਦੀਆਂ ਸਾਰੀਆਂ ਰਿਪੋਰਟਾਂ ਮੇਰੇ ਹੀ ਦੁਆਰਾ ਭੇਜੀਆਂ ਲੱਗਦੀਆਂ ਸਨ। ਖ਼ਾਸਕਰ ਕਿਸਾਨਾਂ ਤੇ ਹੋਈ ਗੋਲੀਕਾਂਡ ਦੀ ਘਟਨਾ ਫਰਵਰੀ 1974, ਜਿਸ ਚ ਕਿਸਾਨ ਵਰਕਰ ਪਿਆਰਾ ਸਿੰਘ ਦੀ ਮੌਤ ਹੋ ਗਈ ਸੀ। ਦੀ ਪੰਜਾਬ ਭਰ 'ਚ ਚਰਚਾ ਹੋਈ ਸੀ ਇਸ ਤਰ੍ਹਾਂ ਦੀਆਂ ਸਾਰੀਆਂ ਰਿਪੋਰਟਾਂ ਮੇਰੇ ਵੱਲੋਂ ਹੀ ਭੇਜੀਆਂ ਗਈਆਂ ਹੁੰਦੀਆਂ ਸਨ। ਸਰਦਾਰ ਰਣਧੀਰ ਸਿੰਘ ਨੇ ਸਾਰੀ ਘਟਨਾ ਬਾਰੇ ਮੇਰੇ ਬਿਆਨ ਸੁਣੇ ਅਤੇ ਮੁਸਕਰਾਉਂਦੇ ਹੋਏ ਮੇਰੀ ਜ਼ਮਾਨਤ ਮਨਜ਼ੂਰ ਕਰ ਲੈਂਦੇ ਹਨ। ਚਲਾਨ ਦੀ ਇੱਕ ਕਾਪੀ ਮੇਰੇ ਹੱਥਾਂ ਚ ਥਮਾ ਦਿੱਤੀ ਜਾਂਦੀ ਹੈ। ਦੋ ਹਫ਼ਤੇ ਦੀ ਤਰੀਕ ਪੈ ਜਾਂਦੀ ਹੈ।

ਮੈਂ ਜਦੋਂ ਚਲਾਨ ਪੜ੍ਹਦਾ ਹਾਂ ਤਾਂ ਹੈਰਾਨ ਰਹਿ ਜਾਂਦਾ ਹਾਂ। ਲਿਖਿਆ ਸੀ ਕਿ ਮੈਂ ਜੋਗਿੰਦਰ ਸਿੰਘ ਨਾਮ ਦੇ ਇੱਕ ਵਿਅਕਤੀ ਨੂੰ ਟਾਊਟ ਕਿਹਾ ਹੈ ਅਤੇ ਉਸ ਤੇ ਡਾਂਗ ਨਾਲ ਹਮਲਾ ਕੀਤਾ ਹੈ।

ਉਸ ਨੇ ਇਕ ਢਾਬੇ 'ਚ ਲੁਕ ਕੇ ਜਾਨ ਬਚਾਈ ਹੈ।

ਘਟਨਾ ਦਾ ਸਮਾਂ ਰਾਤ ਨੌਂ ਵਜੇ। ਸਥਾਨ ਖਾਨਗਾਹ ਚੌਂਕ ਨੇੜੇ ਢਾਬਾ। ਜਦਕਿ ਉਸ ਸਮੇਂ ਮੈਂ ਹਵਾਲਾਤ 'ਚ ਬੰਦ ਸੀ।

ਜ਼ਮਾਨਤ ਹੋਣ ਤੋਂ ਬਾਅਦ ਮੈਂ 16 ਅਗਸਤ ਨੂੰ ਪਹਿਲਾ ਵਾਂਗ ਹੀ ਸ.ਹ.ਸ. ਸਿੱਧਵਾਂ ਬੇਟ ਹਾਜ਼ਰ ਹੋ ਗਿਆ। ਮੇਰੀ ਗ੍ਰਿਫ਼ਤਾਰੀ ਬਾਰੇ ਹੈਡਮਾਸਟਰ ਤੇ ਸਟਾਫ ਨੂੰ ਪਤਾ ਸੀ ਪਰ ਕੋਈ ਜੁਆਬ ਤਲਬੀ ਨਹੀਂ ਕੀਤੀ ਗਈ। ਮੈਂ ਹੈਰਾਨ ਸਾਂ। ਹੈਡਮਾਸਟਰ ਦੀਆਂ ਮਨਮਾਨੀਆਂ ਖਿਲਾਫ ਅਸੀਂ ਚਾਰ ਆਰਜ਼ੀ ਅਧਿਆਪਕ ਸੰਘਰਸ਼ ਕਰਦੇ ਆ ਰਹੇ ਸੀ। ਖਾਮੋਸ਼ੀ ਦਾ ਕਾਰਨ ਸਮਝੋਂ ਬਾਹਰ ਸੀ।

ਅਚਾਨਕ 21 ਅਗਸਤ ਨੂੰ ਜਦੋਂ ਮੈਂ ਦਸਵੀਂ ਜਮਾਤ ਨੂੰ ਪੜ੍ਹਾ ਰਿਹਾ ਸਾਂ ਤਾਂ ਇੱਕ ਨੌਜਵਾਨ ਥਾਣੇਦਾਰ ਇੱਕ ਸਿਪਾਹੀ ਸਮੇਤ ਹੱਥਕੜੀਆਂ ਖੜਕਾ ਉਂਦੇ ਮੇਰੀ ਕਲਾਸ ਅੱਗੋਂ ਝਾਤੀ ਜਿਹੀ ਮਾਰਕੇ ਹੈਡਮਾਸਟਰ ਦੇ ਦਫਤਰ ਜਾ ਵੜੇ। ਮੇਰੇ ਕੰਨਾਂ 'ਚ ਖਤਰੇ ਦੀ ਘੰਟੀ ਗੂੰਜ ਰਹੀ ਸੀ। ਹੁਣ ਕੋਈ ਹੋਰ ਕਹਾਣੀ ਬਣਾ ਕੇ ਹਿਰਾਸਤ ਚ ਲੈਣ ਆਏ ਹੋਣਗੇ।

ਦੱਸ ਮਿੰਟ ਬਾਅਦ ਦਫਤਰ ਹਾਜਰ ਹੋਣ ਦਾ ਫ਼ੁਰਮਾਨ ਆ ਜਾਂਦਾ ਹੈ।

"ਬੈਠੋ,"ਬੜੇ ਸਤਿਕਾਰ ਨਾਲ ਥਾਣੇਦਾਰ ਸਾਹਿਬ ਕਹਿੰਦੇ ਹਨ। ਮੁੱਖ ਅਧਿਆਪਕ ਦੇ ਹੱਥ ਚ ਇੱਕ ਕਾਗਜ਼ ਹੈ। ਮੈਨੂੰ ਫੜਾਉਂਦੇ ਹੋਏ ਹੁਕਮ ਹੁੰਦਾ ਹੈ" ਇਹ ਰਸੀਵ ਕਰ ਲੋ। ਟਰਮੀਨੇਸ਼ਨ ਦੇ ਆਰਡਰ ਸੀ।

ਮੈਂ ਸਹਿਜ ਹੋਣ ਦਾ ਯਤਨ ਕਰਦਾ ਆਰਡਰ ਪੜ੍ਹਦਾ ਹਾਂ। ਗੈਰ ਕਾਨੂੰਨੀ ਆਰਡਰ ਲੈਣ ਤੋਂ ਇਨਕਾਰ ਕਰ ਦਿੰਦਾ ਹਾਂ। (ਪੜ੍ਹੋ ਆਰਡਰ) ਅਤੇ ਥਾਣੇਦਾਰ ਸਾਹਿਬ ਨੂੰ ਮੁਖ਼ਾਤਿਬ ਹੋ ਕੇ ਦ੍ਰਿੜਤਾ ਨਾਲ ਕਹਿ ਦਿੰਦਾ ਹਾਂ ਕਿ ਉਕਤ ਹੁਕਮ ਗੈਰਕਾਨੂੰਨੀ ਹੈ। ਮੈਂ 24 ਘੰਟੇ ਤੋਂ ਘੱਟ ਹਿਰਾਸਤ 'ਚ ਰਿਹਾ ਹਾਂ। ਬਿਨਾਂ ਨੋਟਿਸ ਸੇਵਾਵਾਂ ਖਤਮ ਨਹੀ ਕੀਤੀਆਂ ਜਾ ਸਕਦੀਆਂ। ਜੇ ਗ੍ਰਿਫ਼ਤਾਰ ਕਰਨਾ ਹੈ ਤਾਂ ਮੈ ਤਿਆਰ ਹਾਂ। "ਨਹੀਂ, ਬਰੱਦਰ, ਅਸੀਂ ਥੋਨੂੰ ਫੜਨ ਨਹੀ ਆਏ। ਥੋਡੀ ਮਰਜ਼ੀ ਹੈ ਆਰਡਰ ਲੈਣ ਜਾਂ ਨਾ ਲੈਣ ਦੀ।

ਬੱਸ ਲੜਾਈ ਨਹੀ ਹੋਣ ਦੇਣੀ। ਹੈਡਮਾਸਟਰ ਦਾ ਕਹਿਣਾ ਕਿ ਤੁਸੀਂ ਹਮਲਾ ਕਰ ਸਕਦੇ ਹੋ। ਹਥਿਆਰ ਦੀ ਵੀ ਗੱਲ ਕਰਦੇ ਹਨ। ਕਾਨੂੰਨੀ ਲੜਾਈ ਥੋਡਾ ਅਧਿਕਾਰ ਹੈ"।

ਦਫਤਰ 'ਚੋਂ ਬਾਹਰ ਆਉਂਦਾ ਹਾਂ। ਸਾਰੇ ਵਿਦਿਆਰਥੀਆਂ ਨੂੰ ਗਰਾਊਂਡ 'ਚ ਇੱਕਠਾ ਕੀਤਾ ਜਾ ਰਿਹਾ ਸੀ। ਅਖੇ ਹੈਡਮਾਸਟਰ ਨੇ ਸੰਬੋਧਨ ਕਰਨਾ ਹੈ। ਸਾਰਾ ਸਟਾਫ ਵੀ ਖੜ੍ਹਾ ਕੀਤਾ ਹੋਇਆ ਸੀ। ਕਿਸੇ ਨੂੰ ਮਿਲਣ ਦੀ ਆਗਿਆ ਨਹੀਂ। ਸਿਪਾਹੀ ਮੇਰੇ ਤੇ ਨਜ਼ਰ ਰੱਖ ਰਿਹਾ ਸੀ। ਹੈਡਮਾਸਟਰ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਚੇਤਾਵਨੀ ਦਿੰਦਾ ਹੈ ਕਿ ਹਿੰਦੀ ਮਾਸਟਰ ਦੀ ਨੌਕਰੀ ਖਤਮ ਕਰ ਦਿੱਤੀ ਗਈ ਹੈ। ਕੋਈ ਉਹਨਾਂ ਨੂੰ ਮਿਲਿਆ ਤਾਂ ਉਸ ਦਾ ਨਾਂ ਕੱਟ ਦਿੱਤਾ ਜਾਵੇਗਾ।

ਇਹ ਸੁਣ ਕੇ ਮੇਰੇ ਪਿਆਰੇ ਵਿਦਿਆਰਥੀ ਤੇ ਵਿਦਿਆਰਥਣਾਂ ਅਵਾਕ ਰਹਿ ਜਾਂਦੀਆਂ ਹਨ ਉਨ੍ਹਾਂ ਦੀਆਂ ਅੱਖਾਂ 'ਚ ਪੁਲਸ ਦਾ ਭੈਅ ਵੀ ਹੈ ਤੇ ਰੋਹ ਵੀ। ਕਈਆਂ ਦੀਆਂ ਅੱਖਾਂ ਭਰੀਆਂ ਹੋਈਆਂ ਹਨ। ਐਮਰਜੈਂਸੀ ਲੱਗੀ ਹੋਈ ਹੈ। ਟਰਮੀਨੇਸ਼ਨ ਮੇਰੇ ਲਈ ਕੋਈ ਅਚਾਨਕ ਵਾਪਰਿਆ ਸਦਮਾ ਨਹੀਂ ਸੀ ਪਰ ਟਰਮੀਨੇਸ਼ਨ ਲੈਟਰ ਦੀ ਭਾਸ਼ਾ ਬੇਚੈਨ ਕਰਨ ਵਾਲੀ ਸੀ। ਹਰ, ਅਧਿਕਾਰੀ ਉਕਤ ਆਰਡਰ ਪੜ੍ਹ ਕੇ ਖਤਰਨਾਕ ਮਾਸਟਰ ਦੀ ਗੱਲ ਸੁਣਨ ਤੋਂ ਸਾਫ ਹੀ ਇਨਕਾਰ ਕਰ ਦਿੰਦਾ ਸੀ। ਜਥੇਬੰਦੀਆਂ ਵੀ ਕੁੱਝ ਨਹੀ ਕਰ ਸਕਦੀਆਂ ਸਨ। ਖਬਰਾਂ ਤੇ ਵੀ ਸੈਂਸਰ ਸੀ। ਕੋਰਟ ਦਾ ਦਰਵਾਜ਼ਾ ਖੜਕਾਇਆ ਜਾ ਸਕਦਾ ਸੀ।

......

ਕਿਸੇ ਪਾਸਿਉਂ ਸੁਣਵਾਈ ਨਾ ਹੋਣ ਤੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਨੇ ਕੋਰਟ ਕੇਸ ਕਰਨ ਦੀ ਸਲਾਹ ਦਿੱਤੀ। ਸੁਰਿੰਦਰ ਹੇਮ ਜਿਓਤੀ ਵੀ ਉਸ ਸਮੇਂ ਪੰਜਾਬ ਦੇ ਨਾਮੀ ਵਕੀਲ ਉਜਾਗਰ ਸਿੰਘ ਦੀ ਛਤਰ ਛਾਇਆ 'ਚ ਵਕਾਲਤ ਕਰਦੇ ਸਨ। (ਜੋ ਬਾਅਦ 'ਚ ਹਾਈਕੋਰਟ ਦੇ ਜੱਜ ਵੀ ਰਹੇ)

ਸੁਰਿੰਦਰ ਹੇਮ ਜਿਓਤੀ ਜਮਹੂਰੀ ਹੱਕਾਂ ਦੇ ਬੁਲੰਦ ਪਹਿਰੇਦਾਰ ਸਨ।

ਪੁਲਸ ਦੀਆਂ ਧੱਕੇਸ਼ਾਹੀ ਦਾ ਅਕਸਰ ਨਿਸ਼ਾਨਾ ਬਣਦੇ ਆ ਰਹੇ ਸਨ।

ਬਹੁਤ ਘੱਟ ਬੋਲਣ ਵਾਲੇ, ਕਲਮ ਦੇ ਧਨੀ ਇੰਨਕਲਾਬੀ ਵਿਚਾਰਕ। ਇਹ ਮੇਰੀ ਪਹਿਲੀ ਮੁਲਾਕਾਤ ਸੀ ਸੁਰਿੰਦਰ ਜੀ ਨਾਲ। ਐਮਰਜੈਂਸੀ ਦਾ ਵਿਰੋਧ ਅਤੇ ਜਨਤਕ ਸਰਗਰਮੀਆਂ ਕਰਨ ਦੇ ਤਰੀਕਿਆਂ ਤੇ ਰਸਮੀ ਚਰਚਾ ਹੋਈ। ਇਹ ਕੇਸ ਹੁਣ ਤੇਰਾ ਨਹੀਂ।ਅਸੀਂ ਲੜਾਂਗੇ। ਫੀਸ ਕੋਈ ਨਹੀਂ, ਜਨਤਾ 'ਚ ਕੰਮ ਕਰੋ। 'ਚੰਗਾ ਸਾਹਿਤ ਪੜ੍ਹੋ।' ਫਿਰ ਵੀ ਉਜਾਗਰ ਸਿੰਘ ਵਕੀਲ ਸਾਹਿਬਾਨ ਕੋਲ ਇਹਨਾਂ ਕੰਮ ਸੀ ਕਿ ਕੇਸ ਦਾਇਰ ਕਰਨ 'ਚ ਹੀ ਅੱਧਾ ਸਾਲ ਬੀਤ ਗਿਆ। ਕੋਰਟ 'ਚ ਕਿਵੇਂ ਪ੍ਰੇਸ਼ਾਨੀ ਬੇਚੈਨੀ, ਝੇਲਣੀ ਪੈਂਦੀ ਹੈ। ਇਸ ਦੀ ਚਰਚਾ ਕਰਨ ਦੀ ਥਾਂ ਮੈਂ ਕੇਸ ਦੇ ਨਤੀਜੇ ਤੋਂ ਪਹਿਲਾਂ ਚਲੀ ਬਹਿਸ ਦੀ ਮੋਟੀ ਝਲਕ ਪੇਸ਼ ਕਰ ਲੱਗਾ।

ਲਗਭਗ ਤਿੰਨ ਸਾਲ ਬਾਅਦ ਕੇਸ ਬਹਿਸ ਤੇ ਲਗਦਾ ਹੈ।

ਜੱਜ ਸਾਹਿਬ, ਹੈਡਮਾਸਟਰ ਨੂੰ- ਜੋਗਿੰਦਰ ਪਾਲ ਤੇ ਲਗਾਏ ਦੋਸ਼ਾ ਬਾਰੇ ਕੀ ਸਬੂਤ ਹੈ?

ਹੈਡਮਾਸਟਰ : ਸਰਕਾਰ ਦੀਆਂ ਫਾਈਲਾਂ 'ਚ ਇਸ ਦਾ ਨਾਮ ਖਤਰਨਾਕ ਲੋਕਾਂ ਚ ਸ਼ਾਮਲ ਹੈ।

ਜੱਜ ਸਾਹਿਬ ਸਬੂਤ ਮੰਗਦੇ ਹਨ।

ਹੈਡਮਾਸਟਰ ਸਿਰ ਝੁਕਾਈ ਖੜ੍ਹਾ ਹੈ।

ਜੱਜ-ਕਰਮਚਾਰੀ ਨੂੰ 107/51 ਤਹਿਤ ਗ੍ਰਿਫਤਾਰ ਕੀਤਾ ਗਿਆ। ਕੇਸ ਦੂਜੀ ਤਾਰੀਖ ਤੇ ਡਿਸਮਿਸ ਹੋ ਜਾਂਦਾ ਹੈ।

ਬੰਦਾ ਦੇਸ਼ ਲਈ ਖਤਰਾ ਬਣ ਗਿਆ?

ਕੋਈ ਜੁਆਬ ਨਹੀਂ।

21 ਅਗਸਤ ਨੂੰ ਮਾਸਟਰ ਨੂੰ ਤੁਸੀਂ ਟਰਮੀਨੇਟ 14 ਅਗਸਤ ਤੋਂ ਕਿਸ ਨਿਯਮ ਤਹਿਤ ਕੀਤਾ। ਇਕ ਹਫਤੇ ਦੀ ਤਨਖਾਹ ਕਿਉਂ ਨਹੀਂ ਜਾਰੀ ਕੀਤੀ? ਜੱਜ ਸਾਹਿਬ ਜੁਆਬ ਮੰਗਦੇ ਹਨ।

ਕੋਈ ਜੁਆਬ ਨਹੀਂ।

ਜੱਜ ਸਾਹਿਬ -ਤੁਸੀਂ ਲਿਖਿਆ ਹੈ ਕਿ ਇਸ ਦੀਆਂ ਸਕੂਲ 'ਚ ਸਰਗਰਮੀਆਂ ਐਜੀਟੇਸ਼ਨਲ ਰਹੀਆਂ ਹਨ, ਕੋਈ ਇਸ ਬਾਰੇ ਆਰਡਰ ਬੁਕ 'ਚ ਆਰਡਰ ਹੈ?

ਕੋਈ ਜੁਆਬ ਨਹੀ।

ਤਿੰਨ ਮਹੀਨੇ 'ਚ ਅਧਿਆਪਕ ਨੇ ਬੋਰਡ ਦੀਆਂ ਦੋ ਕਲਾਸਾਂ ਦੇ ਨਤੀਜੇ 7 ਪ੍ਰਤੀਸ਼ਤ ਦਿਖਾਏ ਹਨ ਕੀ ਇਹ ਗਲਤ ਹੈ?

(ਦਸੰਬਰ ਦੀਆਂ ਸਾਰੀਆਂ ਛੁੱਟੀਆਂ ਚ ਬੋਰਡ ਦੀਆਂ ਕਲਾਸਾਂ ਸਵੈ ਇੱਛਾ ਨਾਲ ਲਗਾਈਆਂ ਸਨ)

ਕੋਈ ਜੁਆਬ ਨਹੀ।

ਹੁਣ ਜੱਜ ਸਾਹਿਬ ਮੂਡ 'ਚ ਸਨ

ਹਰਦਿਆਲ ਸਿੰਘ ਮੁੱਖ ਅਧਿਆਪਕ ਨੂੰ ਵਿਅੰਗ ਜਿਹੇ ਨਾਲ ਕਹਿੰਦੇ ਹਨ।

"ਮੈਂ ਵੀ ਹੈਡਮਾਸਟਰ ਰਿਹਾ ਮੈਨੂੰ ਵੀ ਇੱਕ ਅਧਿਆਪਕ ਬਹੁਤ ਤੰਗ ਕਰਦਾ ਸੀ। ਮੈਂ ਮਹੀਨੇ ਕੁ ਬਾਅਦ ਉਸ ਦੀ ਲਿਖਤੀ ਜੁਆਬ ਤਲਬੀ ਕਰ ਲੈਂਦਾ ਸੀ ਭਾਵੇਂ ਮੈ ਨੁਕਸਾਨ ਨਹੀਂ ਕੀਤਾ।

ਹੈਡਮਾਸਟਰ ਨਲਾਇਕ ਵਿਦਿਆਰਥੀ ਵਾਂਗ ਸਿਰ ਝੁਕਾਈ ਖੜ੍ਹਾ ਹੈ। ਕੋਈ ਪਾਣੀ ਪਿਲਾਉਣ ਵਾਲਾ ਨਹੀਂ।

ਹੁਣ ਮੇਰੇ ਵਲ ਚਿਹਰਾ ਘੁਮਾਉਂਦੇ ਹਨ। ਉਹ ਕਾਮਰੇਡ ਜੀ ਤੁਸੀਂ ਕਿਹੜਾ ਨਾਅਰਾ ਲਾਉਂਦੇ ਹੁੰਦੇ ਹੋ?

ਅਖੇ ਦਿੱਲੀ ਤਿਰੰਗਾ ਬੁੱਥਾ ਲਾਲ ਅੱਗੇ ਕੀ ਸੀ?

ਮੈਂ ਭੁੱਲ ਹੀ ਗਿਆ ਸੀ ਕਿ ਅਦਾਲਤ ਚ ਖੜ੍ਹਾ ਹਾਂ। ਪੂਰਾ ਕਰ ਦਿੰਦਾ ਹਾਂ: ਰੰਗੇ ਗਿਦੜ ਪਾਉਣ ਧਮਾਲ।

ਫੈਸਲੇ ਦੀ ਤਾਰੀਖ ਐਲਾਨ ਦਿੱਤੀ ਜਾਂਦੀ ਹੈ।

ਮੈਨੂੰ ਮੋਗੇ ਦੀ ਸੰਗਰਾਮ ਰੈਲੀ 'ਚ ਗੂੰਜਾਏ ਨਾਹਰੇ ਧਾਦ ਆ ਰਹੇ ਸਨ। ਮੇਰੇ ਵਕੀਲ ਸਾਹਿਬ ਅਮਰਜੀਤ ਘੁਡਾਣੀ ਦੀਆਂ ਖੁਬਸੂਰਤ ਅੱਖਾਂ 'ਚ ਹੋਰ ਚਮਕ ਵੱਧ ਜਾਂਦੀ ਹੈ ਤੇ ਪਿਆਰ ਨਾਲ ਮੇਰਾ ਹੱਥ ਘੁੱਟਦੇ ਹਨ।

ਕੀ ਆਰਡਰ ਕਰਦੇ ਹਨ ਜੱਜ ਸਾਹਿਬ

ਅਗਸਤ 1978 ਨੂੰ ਸ੍ਰੀ ਸ. ਸ. ਹੁੰਦਲ (ਸਬ ਜੱਜ) ਲੁਧਿਆਣਾ ਆਰਡਰ ਕਰਦੇ ਹੋਏ ਹੈਡ ਮਾਸਟਰ ਹਰਦਿਆਲ ਸਿੰਘ ਬਾਰੇ ਲਿਖਦੇ ਹਨ:

"In my opinion Head master grossly crossed his limits, misused his position as H. M. of school. Though, I have much more in my mind to say lie , but still what ever has been stated above is sufficient.

* The termination order clearly cast stigma on the character of plaintiff.

"The plaintiff is decreed to be in service continuously from 14/ 8/1975 onward

ਜੱਜ ਸਾਹਿਬ ਨੇ ਸਿਖਿਆ ਵਿਭਾਗ ਤੇ ਵੀ ਕਠੋਰ ਕਮੈਂਟਸ ਕੀਤੇ। ਜਿਸ ਨੇ ਮੇਰੀਆਂ ਬੇਨਤੀਆਂ ਤੇ ਕੋਈ ਵਿਚਾਰ ਹੀ ਨਹੀਂ ਕੀਤਾ ਸੀ।

ਤਿੰਨ ਸਾਲ ਬਾਅਦ ਹੋਈ ਕਾਨੂੰਨੀ ਲੜਾਈ ਦੀ ਜਿੱਤ ਨੇ ਮੈਨੂੰ ਹੋਰ ਮਜਬੂਤੀ ਨਾਲ ਹੱਕ, ਸੱਚ ਅਤੇ ਇਨਸਾਫ਼ ਦੀ ਲੜਾਈ ਜਾਰੀ ਰੱਖਣ ਦਾ ਪੈਗਾਮ ਦੇ ਦਿੱਤਾ ਸੀ।

ਹੁਣ ਕੋਈ ਵੀ ਸੁਆਲ ਕਰ ਸਕਦਾ ਹੈ ਕਿ ਤਿੰਨ ਸਾਲ ਦੇ ਪੀਰੀਅਡ ਦਾ ਕੀ ਬਣਿਆ। ਕੋਈ ਫਿਕਰਮੰਦੀ ਵਾਲੀ ਗੱਲ ਨਹੀਂ। ਟਰਮੀਨੇਸ਼ਨ ਤੋਂ ਦੋ ਮਹੀਨੇ ਬਾਅਦ ਹੀ ਰੁਜ਼ਗਾਰ ਦਫਤਰ ਨੇ ਮੇਰਾ ਨਾਂ ਜ਼ਿਲ੍ਹਾ ਸਿੱਖਿਆ ਦਫਤਰ ਲੁਧਿਆਣਾ ਨੂੰ ਮੁੜ ਭੇਜ ਦਿੱਤਾ ਸੀ ਅਤੇ ਮੈਨੂੰ ਮਿਡਲ ਸਕੂਲ ਐਤੀਆਣੇ ਨਿਯੁਕਤ ਕਰ ਦਿੱਤਾ ਸੀ।

ਕੋਰਟ ਦੇ ਫੈਸਲੇ ਤੋਂ ਬਾਅਦ ਮੇਰੀ ਸਰਵਿਸ ਬੁੱਕ 'ਚ 9 ਦਸੰਬਰ 74 ਤੋਂ ਐਂਟਰੀ ਕਰ ਦਿੱਤੀ ਗਈ ਸੀ।

ਰਹਿੰਦੀ ਤਨਖਾਹ ਜਾਰੀ ਕਰ ਦਿੱਤੀ ਗਈ।

ਪਰ ਜੇ ਮੈਨੂੰ ਹੋਰ ਨਿਯੁਕਤੀ ਨਾ ਮਿਲੀ ਹੁੰਦੀ ਫਿਰ ਮੇਰਾ ਹਸ਼ਰ ਕੀ ਹੁੰਦਾ?

ਇਸ 'ਚ ਕੋਈ ਸ਼ਕ ਨਹੀਂ ਕਿ ਪਹਿਲੀ ਨਜਰੀਂ ਹੀ ਜਦੋਂ ਵੀ ਕੋਈ ਸੱਚਾਈ ਜਾਣਦਾ ਇਹ ਹੀ ਕਹਿੰਦਾ ਸੀ ਕਿ ਹੈਡਮਾਸਟਰ ਹਰਦਿਆਲ ਸਿੰਘ ਦਾ ਆਰਡਰ ਰੱਦ ਹੋਵੇਗਾ।

ਇਸ ਕਰਕੇ ਕੇਸ ਲਮਕਾਇਆ ਗਿਆ। ਇੱਕ ਸਾਲ ਕੋਈ ਪੇਸ਼ ਹੀ ਨਹੀ ਹੋਇਆ... ਕਦੇ ਸਰਕਾਰੀ ਵਕੀਲ ਨਹੀਂ, ਕਦੇ ਮੇਰੇ ਵਕੀਲ ਸਾਹਿਬ ਹੋਰ ਅਦਾਲਤ 'ਚ ਵਿਅਸਤ, ਕਦੇ ਜੱਜ ਸਾਹਿਬ ਛੁੱਟੀ ਤੇ

ਤਾਰੀਖ ਤੇ ਤਾਰੀਖ...

ਉਕਤ ਹੈਡਮਾਸਟਰ ਦਾ ਕਈ ਥਾਂ ਤਬਾਦਲਾ ਹੁੰਦਾ ਰਿਹਾ। ਹਰ ਥਾਂ ਕਲੇਸ਼, ਘਪਲੇ। ਸੁਣਿਆ ਉਹ ਬਿਨਾਂ ਪੈਨਸ਼ਨ ਹੀ-ਹੋ ਗਿਆ ਹੈ।

ਮੇਰੀਆਂ ਐਮਰਜੈਂਸੀ ਦੀਆਂ ਯਾਦਾਂ ਪੜ੍ਹ ਕੇ ਮੇਰੇ ਕੁੱਝ ਵਿਦਿਆਰਥੀਆਂ ਦੇ ਜੋ ਹੁਣ ਕੈਨੇਡਾ, ਆਸਟ੍ਰੇਲੀਆ ਦੇ ਨਾਗਰਿਕ ਹਨ,45 ਸਾਲ ਪਹਿਲਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਮੈਂ ਭਾਵ ਵਿਦਭੋਰ ਹਾਂ।

ਵਿਦਿਆਰਥੀ ਮੇਰੀ ਤਾਕਤ ਸਨ।

ਕੋਸ਼ਿਸ਼ ਕਰਾਂਗਾ ਇਸ ਬਾਰੇ ਵੀ ਚਰਚਾ ਕਰਨ ਦੀ।

# "ਨਕਸਲੀ ਲਹਿਰ ਦਾ ਰਾਹ ਹੀ ਭਾਜਪਾ ਦੇ ਫਾਸ਼ੀਵਾਦ ਨੂੰ ਠੱਲ ਪਾ ਸਕਦਾ ਹੈ"

### *ਬਾਬਾ ਬੂਝਾ ਸਿੰਘ ਦੀ 50ਵੀਂ ਬਰਸੀ ਮੌਕੇ ਪਿੰਡ ਚੱਕ ਮਾਈਦਾਸ ਵਿਖੇ ਆਯੋਜਿਤ ਸਿਆਸੀ ਕਾਨਫਰੰਸ ਦਾ ਇਨਕਲਾਬੀ ਹੋਕਾ*

ਬਾਬਾ ਬੂਝਾ ਸਿੰਘ ਦੀ 50ਵੀਂ ਬਰਸੀ ਮੌਕੇ ਉਹਨਾਂ ਦੇ ਜ਼ੱਦੀ ਪਿੰਡ ਚੱਕ ਮਾਈਦਾਸ ਵਿਖੇ ਸੀਪੀਆਈਐੱਮਐੱਲ (ਨਿਊ ਡੈਮੋਕਰੇਸੀ), ਇਨਕਲਾਬੀ ਕੇਂਦਰ ਪੰਜਾਬ, ਲੋਕ ਸੰਗਰਾਮ ਮੋਰਚਾ ਅਤੇ ਇਨਕਲਾਬੀ ਜਮਹੂਰੀ ਮੋਰਚਾ ਵੱਲੋਂ ਸਾਂਝੀ ਕਾਨਫਰੰਸ ਆਯੋਜਿਤ ਕੀਤੀ ਗਈ। ਜਿਸ ਵਿਚ ਕੋਰੋਨਾ ਦੇ ਬਹਾਨੇ ਸਰਕਾਰੀ ਪਾਬੰਦੀਆਂ ਅਤੇ ਬੰਦਸ਼ਾਂ ਦੇ ਬਾਵਜੂਦ ਵੱਖ ਵੱਖ ਜ਼ਿਲ੍ਹਿਆਂ ਵਿੱਚੋਂ ਕਾਫ਼ਲਿਆਂ ਦੇ ਰੂਪ ਵਿਚ ਭਰਵੀਂ ਸ਼ਮੂਲੀਅਤ ਕੀਤੀ।

ਪਹਿਲਾਂ ਸਵੇਰੇ 11 ਵਜੇ ਪਿੰਡ ਤੋਂ ਬਾਹਰਵਾਰ ਬਾਬਾ ਜੀ ਦੀ ਯਾਦਗਾਰ ਉੱਪਰ ਇਕੱਠੇ ਹੋ ਕੇ ਬਾਬਾ ਬੂਝਾ ਸਿੰਘ ਅਤੇ ਹੋਰ ਸ਼ਹੀਦਾਂ ਦੀ ਯਾਦ ਵਿਚ ਦੋ ਮਿੰਟ ਦਾ ਮੋਨ ਰੱਖਣ ਉਪਰੰਤ ਕਾ. ਅਜਮੇਰ ਸਿੰਘ ਸਮਰਾ ਵੱਲੋਂ ਝੰਡਾ ਲਹਿਰਾਉਣ ਤੋਂ ਬਾਅਦ ਇਨਕਲਾਬੀ ਨਾਅਰਿਆਂ ਦੀ ਗੂੰਜ ਵਿਚ ਨਕਸਲੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਕਾ. ਅਜਮੇਰ ਸਿੰਘ ਸਮਰਾ ਨੇ ਬਾਬਾ ਜੀ ਦੇ ਕਮਿਊਨਿਸਟ ਇਨਕਲਾਬੀ ਲਹਿਰ ਵਿਚ ਮਹਾਨ ਯੋਗਦਾਨ ਅਤੇ ਉਹਨਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਜਥੇਬੰਦਕ ਤਿਆਰੀ ਅਤੇ ਵਿਸ਼ਾਲ ਲੋਕ ਲਾਮਬੰਦੀ ਦੀ ਜ਼ਰੂਰਤ ਉੱਪਰ ਜ਼ੋਰ ਦਿੱਤਾ। ਜਿਸ ਦੀ ਪ੍ਰਧਾਨਗੀ ਕਾ. ਦਰਸ਼ਨ ਖਟਕੜ, ਕਮਲਜੀਤ ਖੰਨਾ, ਰਾਜੇਸ਼ ਮਲਹੋਤਰਾ ਅਤੇ ਨਰਿੰਦਰ ਨਿੰਦੀ ਨੇ ਕੀਤੀ। ਕਾਨਫਰੰਸ ਵਿਚ ਮੁੱਖ ਬੁਲਾਰੇ ਕਾ. ਦਰਸ਼ਨ ਖਟਕੜ, ਤਾਰਾ ਸਿੰਘ ਮੋਗਾ, ਕਮਲਜੀਤ ਖੰਨਾ ਅਤੇ ਨਰਿੰਦਰ ਨਿੰਦੀ ਸਨ।

ਬੁਲਾਰਿਆਂ ਨੇ ਕਿਹਾ ਕਿ ਆਰ.ਐੱਸ.ਐੱਸ-ਭਾਜਪਾ ਦੀ ਸਰਕਾਰ ਪਹਿਲੀਆਂ ਸਰਕਾਰਾਂ ਤੋਂ ਵਧੇਰੇ ਬੇਕਿਰਕੀ ਅਤੇ ਬੇਸ਼ਰਮੀ ਨਾਲ ਸਾਮਰਾਜਵਾਦ ਅਤੇ ਵੱਡੀ ਸਰਮਾਏਦਾਰੀ ਅਤੇ ਹੋਰ ਲੋਟੂ ਜਮਾਤਾਂ ਦੇ ਹਿੱਤਾਂ ਲਈ ਕੰਮ ਕਰਨ ਵਾਲੀ ਸਰਕਾਰ ਹੈ। ਜੋ ਪਬਲਿਕ ਸੈਕਟਰ ਦੇ ਅਦਾਰਿਆਂ ਅਤੇ ਅਮੀਰ ਕੁਦਰਤੀ ਵਸੀਲਿਆਂ ਨੂੰ ਮੁਕੰਮਲ ਰੂਪ 'ਚ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਦੀਆਂ ਨੀਤੀਆਂ ਨੂੰ ਹੋਰ ਵੀ ਬੇਤਹਾਸ਼ਾ ਰਫ਼ਤਾਰ ਨਾਲ ਲਾਗੂ ਕਰਨ ਵਿਚ ਜੁਟੀ ਹੋਈ ਹੈ। ਇਸ ਵੱਲੋਂ ਕੋਰੋਨਾ ਦੀ ਆੜ ਹੇਠ ਕਿਰਤ ਕਾਨੂੰਨਾਂ ਨੂੰ ਮੁਅੱਤਲ ਕਰਕੇ ਮਜ਼ਦੂਰ ਜਮਾਤ ਦਾ ਜਥੇਬੰਦ ਹੋ ਕੇ ਆਪਣੇ ਹਿਤਾਂ ਲਈ ਸੰਘਰਸ਼ ਕਰਨ ਦਾ ਹੱਕ ਖੋਹ ਲਿਆ ਹੈ। ਤਿੰਨ ਆਰਡੀਨੈਂਸ ਪਾਸ ਕਰਕੇ ਖੇਤੀ ਖੇਤਰ ਅਤੇ ਕਿਸਾਨੀ ਦੀ ਹੋਰ ਵੀ ਵਿਆਪਕ ਤਬਾਹੀ ਦਾ ਰਾਹ ਖੋਹਲ ਦਿੱਤਾ ਗਿਆ ਹੈ।

ਬੁਲਾਰਿਆਂ ਨੇ ਕਿਹਾ ਕਿ ਭਾਜਪਾ ਸਰਕਾਰ ਦੇਸ਼ ਉੱਪਰ ਆਰਐੱਸਐੱਸ ਦਾ ਹਿੰਦੂ ਰਾਸ਼ਟਰ ਦਾ ਏਜੰਡਾ ਥੋਪ ਰਹੀ ਹੈ ਜਿਸ ਦਾ ਉਦੇਸ਼ ਦਲਿਤਾਂ, ਧਾਰਮਿਕ ਘੱਟਗਿਣਤੀਆਂ, ਔਰਤਾਂ ਅਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਨੂੰ ਦਬਾ ਕੇ ਉੱਚਜਾਤੀ ਮਨੂਵਾਦੀ ਦਾਬਾ ਕਾਇਮ ਕਰਨਾ ਹੈ। ਪੂਰੇ ਦੇਸ਼ ਨੂੰ ਹਜੂਮੀ ਕਤਲਾਂ, ਔਰਤਾਂ ਵਿਰੁੱਧ ਹਿੰਸਾ, ਅਤੇ ਮੁਸਲਮਾਨਾਂ ਤੇ ਦਲਿਤਾਂ ਉੱਪਰ ਦਮਨ ਦੀ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ ਹੈ। ਕੋਰੋਨਾ ਦੀ ਆੜ ਹੇਠ ਸੰਘਰਸ਼ਸ਼ੀਲ ਲੋਕਾਂ ਦੇ ਇਕੱਠਾਂ ਉੱਪਰ ਪਾਬੰਦੀਆਂ ਲਗਾ ਕੇ ਜਮਹੂਰੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਉੱਘੇ ਇਨਕਲਾਬੀ ਕਵੀ ਪ੍ਰੋਫੈਸਰ ਵਰਾਵਰਾ ਰਾਓ ਸਮੇਤ 11 ਬੁੱਧੀਜੀਵੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ ਜਿਸ ਦਾ ਅਸਲ ਮਨੋਰਥ ਲੋਕਾਂ ਦੇ ਹਿਤਾਂ ਲਈ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਨੂੰ ਦਬਾਉਣਾ ਅਤੇ ਆਲੋਚਕ ਆਵਾਜ਼ਾਂ ਦੀ ਫਾਸ਼ੀਵਾਦੀ ਤਰੀਕਿਆਂ ਨਾਲ ਜ਼ੁਬਾਨਬੰਦੀ ਕਰਨਾ ਹੈ। ਉਹਨਾਂ ਲੋਕਾਂ ਨੂੰ ਚੌਕਸ ਕੀਤਾ ਕਿ ਮੁਲਕ ਵਿਚ ਫਾਸ਼ੀਵਾਦ ਤੇਜ਼ੀ ਨਾਲ ਆਪਣੇ ਪੈਰ




ਪਸਾਰ ਰਿਹਾ ਹੈ ਜਿਸ ਦਾ ਡੱਟ ਕੇ ਮੁਕਾਬਲਾ ਕਰਨ ਲਈ ਸੜਕਾਂ ਉੱਪਰ ਆ ਕੇ ਲੜਾਈ ਲੜਨ ਦੀ ਲੋੜ ਹੈ।

ਬੁਲਾਰਿਆਂ ਨੇ ਸੱਦਾ ਦਿੱਤਾ ਕਿ ਸਿਰਫ਼ ਬਾਬਾ ਬੂਝਾ ਸਿੰਘ ਅਤੇ ਹੋਰ ਨਕਸਲੀ ਸ਼ਹੀਦਾਂ ਵੱਲੋਂ ਦਰਸਾਏ ਰਾਹ ਉੱਪਰ ਚੱਲ ਕੇ ਹੀ ਆਰ.ਐੱਸਐੱਸ-ਭਾਜਪਾ ਦੇ ਫਾਸ਼ੀਵਾਦੀ ਏਜੰਡੇ ਨੂੰ ਠੱਲ ਪਾਈ ਜਾ ਸਕਦੀ ਹੈ, ਦੇਸ਼ ਦੇ ਦੱਬੇਕੁਚਲੇ ਅਤੇ ਮਿਹਨਤਕਸ਼ ਲੋਕਾਂ ਦੀ ਤਕਦੀਰ ਬਦਲੀ ਜਾ ਸਕਦੀ ਹੈ ਅਤੇ ਮੌਜੂਦਾ ਲੋਟੂ, ਜਾਬਰ ਪ੍ਰਬੰਧ ਨੂੰ ਖ਼ਤਮ ਕਰਕੇ ਸੱਚੀ ਲੋਕ ਜਮਹੂਰੀਅਤ ਕਾਇਮ ਕੀਤੀ ਜਾ ਸਕਦੀ ਹੈ। ਇਸ ਮੌਕੇ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਕਿਸਾਨ ਵਿਰੋਧੀ ਆਰਡੀਨੈਂਸ ਵਾਪਸ ਲਏ ਜਾਣ, ਕੋਰੋਨਾ ਦੀ ਆੜ ਹੇਠ ਕਿਰਤ ਕਾਨੂੰਨਾਂ ਵਿਚ ਕੀਤੀਆਂ ਸੋਧਾਂ ਰੱਦ ਕੀਤੀਆਂ ਜਾਣ ਅਤੇ ਪ੍ਰੋਫੈਸਰ ਵਰਾਵਰਾ ਰਾਓ ਸਮੇਤ 11 ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸਮਾਗਮ ਵਿਚ ਮਾਨਵਤਾ ਕਲਾ ਮੰਚ ਨਗਰ ਵੱਲੋਂ ਦੋ ਕੋਰੀਓਗ੍ਰਾਫ਼ੀਆਂ ਅਤੇ ਗੀਤ ਪੇਸ਼ ਕੀਤੇ ਗਏ। ਹੋਰ ਵੀ ਬਹੁਤ ਸਾਰੇ ਸਾਥੀਆਂ ਵੱਲੋਂ ਇਨਕਲਾਬੀ ਗੀਤ ਪੇਸ਼ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਕਾ. ਕੁਲਵਿੰਦਰ ਵੜੈਚ ਵੱਲੋਂ ਨਿਭਾਈ ਗਈ।

# ਫੁਕਰੇ 'ਤੇ ਕੇਸ ਜਿਹੜਾ ਸੰਜੇ ਦੱਤ 'ਤੇ

**ਕਰਮਜੀਤ ਸਿੰਘ ਮਾਣੂੰਕੇ**

ਇਹ ਗੀਤ ਫੁਕਰਪੰਥੀ ਦੀ ਸਿਖਰ ਹੈ। ਇਸ ਗੀਤ ਨੂੰ ਗਾਉਣ ਵਾਲੇ ਗਾਇਕ ਦਾ ਕਿਸੇ ਹੋਰ ਗਾਇਕ ਨਾਲ ਨਿੱਜੀ ਵੈਰ ਵਿਰੋਧ ਹੋ ਸਕਦਾ ਹੈ। ਜੋ ਹਰ ਖੇਤਰ ਵਿੱਚ ਹੋਣਾ ਆਮ ਜਿਹੀ ਗੱਲ ਹੈ। ਪਰ ਲਾਕਡਾਉਣ ਵਿੱਚ ਪੁਲਿਸੀਆ ਪਾਸੋਂ ਹਥਿਆਰ ਚਲਾਉਣ ਦੀ ਟ੍ਰੇਨਿੰਗ ਲੈਣਾ, ਫੇਰ ਪਰਚਾ ਹੋ ਜਾਣ 'ਤੇ ਬੰਬੀਹਾ ਬੋਲੇ ਤੇ ਹੁਣ ਸੰਜੂ ਗੀਤ ਗਾਉਣ ਦਾ ਮਤਲਬ ਇਹ ਸੰਦੇਸ਼ ਦੇਣਾ ਹੈ ਕਿ ਜੋ ਕੀਤਾ ਸਹੀ ਕੀਤਾ। ਇਹ ਬਹੁਤ ਖਤਰਨਾਕ ਵਰਤਾਰਾ ਹੈ।

ਪੰਜਾਬ ਦੀ ਜਵਾਨੀ ਇਸ ਗਾਇਕ ਨੂੰ ਸੁਣਦੀ ਹੈ। ਇਸ ਲਈ ਇਸ ਗਾਇਕ ਵੱਲੋਂ ਕੀਤੀ ਕੋਈ ਵੀ ਗਤੀਵਿਧੀ ਦੀ ਨਕਲ ਨੌਜਵਾਨ ਕਰਨ ਇਹ ਲਾਜ਼ਮੀ ਹੈ। ਇਸੇ ਗਾਇਕ ਦਾ ਖੁਦ ਦਾ ਗਾਇਆ ਗੀਤ ਹੈ, "ਗੱਭਰੂ ਨੂੰ ਕਹਿੰਦੇ ਆ ਟਰੇਂਡ ਬੱਲੀਏ"। ਸੋ ਜੋ ਇਹ ਕਰੂ ਉਹ ਟਰੈਂਡ ਬਣ ਹੀ ਜਾਣਾ ਹੈ। ਫੇਰ ਜੇਕਰ ਗਾਇਕ ਖੁਦ ਹਥਿਆਰ ਚਲਾਉਣ ਦੀ ਟ੍ਰੇਨਿੰਗ ਲੈ ਰਿਹਾ ਹੈ, ਹਥਿਆਰਾਂ ਵਾਲੇ ਗੀਤ ਗਾ ਰਿਹਾ ਹੈ, ਤਾਂ ਨੌਜਵਾਨ ਇਸ ਦੀ ਰੀਸ ਕਰਨਗੇ ਹੀ ਕਰਨਗੇ। ਇਹ ਸਾਰੇ ਸਮਾਜ ਲਈ ਘਾਤਕ ਹੈ। ਪਰਚਾ ਹੋ ਜਾਣ ਤੋਂ ਬਾਅਦ ਗਲਤੀ ਸਵੀਕਾਰ ਕਰਨ, ਕੁਝ ਚੰਗਾ ਗਾਉਣ ਦੀ ਬਜਾਏ ਉਸ ਨੇ ਉਹ ਗਾਇਆ, ਜੋ ਸੰਕੇਤ ਦੇ ਰਿਹਾ ਹੈ ਕਿ ਜੋ ਕੀਤਾ ਠੀਕ ਕੀਤਾ।

ਇੰਨੀਂ ਦਲੇਰੀ ਕਿੱਥੋਂ ਆਈ? ਰਣਜੀਤ ਬਾਵੇ ਨੇ "ਮੇਰਾ ਕੀ ਕਸੂਰ" ਗਾਇਆ ਤਾਂ ਪਰਚਾ ਹੋ ਗਿਆ, ਪਰ ਨਾਲ ਹੀ ਜੇਲ੍ਹ ਜਾਣ ਦਾ ਵੀ ਡਰ ਸੀ, ਕਿਉਂਕਿ ਗੱਲ ਮਾੜੇ ਦੀ ਕੀਤੀ ਸੀ, ਤੇ ਮੁਆਫੀ ਮੰਗ ਗਿਆ। ਮੂਸੇਵਾਲੇ ਨੇ ਮੁਆਫੀ ਨੀ ਮੰਗੀ, ਕਿਉਂਕਿ ਪੁਲਿਸ ਦੇ 'ਚ ਅਧਿਕਾਰੀਆਂ ਨਾਲ ਸੂਤ ਹੈ, ਤੇ ਗੱਲ ਤਕੜਿਆਂ, ਜਰਵਾਨਿਆਂ ਦੀ ਕਰਦਾ ਹੈ। ਆਪਣੇ ਗਾਣੇ 'ਚ ਵੀ ਕਹਿੰਦਾ ਹੈ, "ਸਾਡਾ ਚੱਲਦਾ ਏ ਧੱਕਾ ਅਸੀਂ ਤਾਂ ਕਰਦੇ", ਯਾਰ ਬਣਾਏ ਐਸ ਐਚ ਓ, ਐਸ ਐਸ ਪੀ, ਡੀਸੀ। ਇਹ ਦਲੇਰੀ ਪੁਲਿਸ ਨਾਲ ਯਾਰੀ ਕਰਕੇ ਹੈ। ਪੁਲਿਸ ਤੋਂ ਵੀ ਅਗਾਂਹ ਕਿਸੇ ਸਿਆਸੀ ਲੀਡਰ ਨਾਲ ਵੀ ਤਾਰਾਂ ਜੁੜਨਗੀਆਂ, ਘੋਖ ਕੇ ਦੇਖ ਲਿਓ। ਇਹ ਇਸ ਵਰਤਾਰੇ ਦਾ ਜਮਾਤੀ ਕਿਰਦਾਰ ਹੈ।

ਵੈਸੇ ਗੱਲ ਜੇਲ ਤੱਕ ਜਾਣੀ ਹੀ ਨਹੀਂ। ਜੇ ਇਸ ਗਾਇਕ ਨੂੰ ਜੇਲ ਜਾਣਾ ਵੀ ਪੈ ਗਿਆ ਤਾਂ ਅੰਦਰ ਵੀ ਵੀਆਈਪੀ ਟਰੀਟਮੈਂਟ ਮਿਲਣਾ ਹੈ। ਕਿਉਂਕਿ ਪੈਸੇ ਅਤੇ ਸਿਫਾਰਸ਼ ਨਾਲ ਤਕੜਾ ਜੇਲ ਅੰਦਰ ਵੀ ਕੁਲ ਚੀਜ਼ ਪ੍ਰਾਪਤ ਕਰ ਲੈਂਦਾ ਤੇ ਵਿਹਲਾ ਰਹਿੰਦਾ ਹੈ ਪਰ ਗਰੀਬ, ਮਾੜੇ ਤੋਂ ਸਫਾਈ, ਲੰਗਰ ਦਾ ਹਰ ਕੰਮ ਲਿਆ ਜਾਂਦਾ ਹੈ।

ਪਰ ਫੇਰ ਵੀ ਜੇਲ ਤਾਂ ਜੇਲ ਹੁੰਦੀ ਹੈ, ਫਰੀਦਕੋਟ ਦੀ ਜੇਲ ਦੇ ਚੱਕਰ 'ਚ ਲਿਖਿਆ ਹੈ ਕਿ ਜੇਲ ਕਿੰਨੀ ਵੀ "ਸੋਹਣੀ ਕਿਉਂ ਨਾ ਹੋਵੇ, ਘਰ ਨੀ ਬਣ ਸਕਦੀ"। ਬਾਕੀ ਸੰਜੇ ਦੱਤ ਨੂੰ ਪਰਚਾ ਹੋਣ ਤੋਂ ਬਾਅਦ ਜੇਲ ਜਾਣਾ ਪਿਆ ਤਾਂ ਉਸਦਾ ਸਾਰਾ ਕਰੀਅਰ ਹੀ ਤਬਾਹ ਹੋ ਗਿਆ। ਉਸ ਦੇ ਨਾਸੀਂ ਧੂੰਆ ਆ ਗਿਆ। ਮੂਸੇਵਾਲਾ ਜੇ ਫਰੀਦਕੋਟ ਜੇਲ ਗਿਆ ਤਾਂ ਚੱਕਰ 'ਚ ਲਿਖਿਆ ਪੜ ਲਵੇ ਜਾਂ ਸੰਜੇ ਦੱਤ ਤੋਂ ਤਜਰਬਾ ਲੈ ਲਵੇ।

ਉਂਝ ਜੇਲਾਂ, ਕਾਲੇ ਪਾਣੀ ਦੀਆਂ ਸਜਾਵਾਂ, ਪਰਚਿਆਂ ਨਾਲ ਪੰਜਾਬੀਆਂ ਦਾ ਗੂੜਾ ਰਿਸ਼ਤਾਂ ਰਿਹਾ ਹੈ। ਸਰਾਭੇ ਨੇ ਲਿਖਿਆ ਸੀ ਜੇਲ੍ਹਾਂ ਹੋਣ ਕਾਲਜ ਵਤਨ ਸੇਵਕਾਂ ਦੇ। ਮਾਣ ਹੋਵੇ ਪਰਚੇ ਕਰਾਉਣ ਦਾ, ਸਰਾਭੇ ਵਾਂਗ ਹਾਕਮਾਂ ਖਿਲਾਫ ਟੱਕਰ ਲੈ ਕੇ ਨਾ ਕਿ ਹੋਸ਼ੇਪਣ ਨਾਲ।

ਪਰ ਚਿੰਤਾਜਨਕ ਗੱਲ ਇਹ ਹੈ ਕਿ ਪੰਜਾਬ ਦਾ ਨੌਜਵਾਨ ਇਸ ਗਾਇਕੀ ਨੂੰ ਸੁਣ ਤੇ ਪਸੰਦ ਕਰ ਰਿਹਾ ਹੈ। ਨੌਜਵਾਨ ਇਹ ਸਮਝਣ ਕਿ ਸਾਡੀ ਵਿਰਾਸਤ "ਨੀਚਾ ਅੰਦਰਿ ਨੀਚ ਜਾਤਿ, ਅਤੇ ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ"



ਵਾਲੀ ਵਿਰਾਸਤ ਹੈ। ਕੀ ਗੀਤਾਂ ਵਿੱਚ ਇੱਕ ਉਚ ਜਾਤ ਨੂੰ ਵਡਿਆਉਣ, ਵੈਰ, ਵਿਰੋਧ ਲਈ ਉਕਸਾਉਣਾ ਸਾਡੀ ਵਿਰਾਸਤ ਦੇ ਵਿਰੋਧੀ ਗੱਲਾਂ ਨਹੀਂ? ਪੰਜਾਬ ਪੁਲਿਸ ਜਿਸਨੇ ਕਾਲੇ ਦੌਰ 'ਚ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਪੰਜਾਬ ਦੇ ਲੱਖਾਂ ਨੌਜਵਾਨਾਂ ਦੀਆਂ ਜਾਨਾਂ ਲਈਆ। ਕੀ ਉਸ ਪੁਲਿਸ ਨਾਲ ਯਾਰੀ ਫੌਤ ਹੋਏ ਨੌਜਵਾਨਾਂ ਨਾਲ ਗੱਦਾਰੀ ਨਹੀਂ? ਕੀ ਇਸ ਦੇ ਸਮੇਤ ਬਾਕੀ ਅਜਿਹੇ ਗੀਤ ਗਾਉਣ ਵਾਲੇ ਗਾਇਕ ਬਾਣੀ ਦੇ ਨਿਰਵੈਰ ਵਾਲੇ ਉਪਦੇਸ਼ 'ਤੇ ਚੱਲਦੇ ਨੇ। ਨਹੀਂ ਚੱਲਦੇ।

ਇਹਨਾਂ ਗਾਇਕਾਂ ਦੇ ਗਾਣੇ ਜਵਾਨੀ ਦੇ ਫੋਨਾਂ 'ਤੇ ਵੱਜਦੇ ਨੇ, ਇਸ ਦਾ ਇੱਕ ਬੜਾ ਪੇਚੀਦਾ ਜਿਹਾ ਕਾਰਨ ਹੈ। ਮੈਂ ਬੜਾ ਸਮਾਂ ਇੱਕ ਪੰਜਾਬੀ ਗਾਇਕ ਦਾ ਇਸ ਕਰਕੇ ਫੈਨ ਰਿਹਾ ਕਿਉਂਕਿ ਉਹ ਮੀਡੀਆ ਨੂੰ ਸਵਾਲ ਕਰਦਾ ਸੀ, ਉਹ ਬਾਦਲਾਂ ਦੇ ਪੀਟੀਸੀ ਨਿਊਜ ਚੈਨਲ 'ਤੇ ਕਦੇ ਐਵਾਰਡ ਲੈਣ ਹੀ ਨਹੀਂ ਗਿਆ ਸੀ। ਲੈਂਡ ਕਰੂਸਰ ਨਾਲ ਕੋਈ ਆਪਣੇ ਗੀਤ 'ਚ ਫੋਰਡ ਟਰੈਕਟਰ ਦੀ ਤੁਲਨਾ ਕਰੇ ਤਾਂ ਸਿਰਾ ਲੱਗ ਜਾਂਦਾ ਹੈ। ਗੂਚੀ ਦੀ ਥਾਂ ਕੁੜਤੇ ਪਜਾਮੇ ਦੀ ਗੱਲ ਹੋ ਜੇ ਤਾਂ ਅੱਛ-ਅੱਛ ਕਰ ਉਠਦੇ ਹਾਂ। ਮੀਡੀਆ ਦਾ ਵਿਰੋਧ ਕੁਝ ਗਾਇਕ ਲੱਚਰ ਸੱਭਿਆਚਾਰ ਸਬੰਧੀ ਸਵਾਲ ਪੁੱਛਣ 'ਤੇ ਕਰਦੇ ਨੇ, ਇਹ ਤਾਂ ਠੀਕ ਵਿਰੋਧ ਨਾ ਹੋਇਆ। ਫੋਰਡ ਟਰੈਕਟਰ 'ਤੇ ਮਾਣ ਕਰਨ ਵਾਲੇ ਭੁਲ ਜਾਂਦੇ ਨੇ ਕਿ ਇਹ ਵੀ ਤਾਂ ਵਿਦੇਸ਼ੀ ਕੰਪਨੀ ਦਾ ਤਿਆਰ ਕੀਤਾ ਹੋਇਆ ਹੈ। ਬਾਕੀ ਚੰਗੇ, ਟੌਪ ਦੇ ਕੁੜਤੇ ਪਜਾਮੇ ਵੀ 2000-2000 'ਚ ਤਿਆਰ ਹੁੰਦੇ ਨੇ। ਫੇਰ ਗੁਚੀ ਪਾਉ ਜਾਂ ਕੁੜਤਾ ਪਜਾਮਾ ਸਾਦਗੀ ਤਾਂ ਨਾ ਹੋਈ ਇਹ।

ਬਾਗੀ ਹੋਣਾ, ਮਸਤ ਰਹਿਣਾ, ਖੁਦ 'ਤੇ ਮਾਣ ਕਰਨਾ, ਅੜਣਾ, ਖੜਣਾ, ਯਾਰੀਆਂ ਪੁਗਾਉਣਾ ਚੰਗੀ ਗੱਲ ਆ। ਜਿਸ ਬਾਰੇ ਇਹਨਾਂ ਗੀਤਾਂ 'ਚ ਸੁਣਨ ਨੂੰ ਮਿਲਦਾ ਹੈ। ਪਰ ਬਾਗੀ ਕਾਹਦੇ ਤੋਂ ਹੋਣਾ, ਮਸਤ ਕਿਵੇਂ ਰਹਿਣਾ, ਮਾਣ ਕਿਸ ਗੱਲ 'ਤੇ ਕਰਨਾ, ਖੜਣਾ ਕਾਹਦੇ ਲਈ ਆ ਇਹ ਸੋਚਣ ਦਾ ਮਸਲਾ ਹੈ, ਵਿਚਾਰਨ ਦਾ ਮਸਲਾ ਹੈ। ਜਿੰਨੇ ਨੌਜਵਾਨ ਇਹ ਗੀਤ ਸੁਣਦੇ ਆ, ਸਾਰਿਆਂ ਦੇ ਘਰਾਂ 'ਚ ਗੁਰੂ ਗੋਬਿੰਦ ਸਿੰਘ, ਬੰਦਾ ਬਹਾਦੁਰ, ਸਹਿਬਾਜਾਦਿਆਂ, ਦੀਆਂ ਤਸਵੀਰਾਂ ਜੜੀਆਂ ਹੋਈਆਂ ਨੇ। ਮਾਮਲਾ ਇਹ ਹੈ ਕਿ ਤਸਵੀਰਾਂ ਦੇ ਅਤੇ ਤਸਵੀਰਾਂ ਦੀਆਂ ਮੂਰਤਾਂ ਦੇ ਮੂੰਹੋਂ ਕਹੇ ਗਏ ਬਚਨਾਂ ਦੇ ਅਰਥ ਬਦਲ ਦਿੱਤੇ ਗਏ ਨੇ। ਅਸੀਂ ਆਪਣੀ ਜ਼ਿੰਦਗੀ ਦੇ ਮਸਲੇ ਖੁਦ ਤੈਅ ਨਹੀਂ ਕਰ ਪਾ ਰਹੇ ਸਾਨੂੰ ਸਾਡੀ ਜ਼ਿੰਦਗੀ ਦੇ ਮਸਲੇ ਕੋਈ ਹੋਰ ਬਣਾ ਕੇ ਦੇ ਰਿਹਾ ਹੈ ਤੇ ਅਸੀਂ ਉਹਨਾਂ ਮਸਲਿਆਂ ਨੂੰ ਹੀ ਆਪਣੇ ਮਸਲੇ ਬਣਾ ਲਿਆ ਹੈ।

ਇੱਕ ਗੱਲ ਸਮਝ ਲਿਉ ਕਿ ਇੱਥੇ ਹਰ ਇੱਕ ਚੀਜ਼ ਦਾ ਵਪਾਰੀਕਰਨ ਹੋ ਗਿਆ ਹੈ। ਅਸੀਂ ਸਮਝਦੇ ਆ ਕਿ ਅਸੀਂ ਗਾਇਕ, ਸਰੋਤੇ ਤੇ ਦਰਸ਼ਕ ਹਾਂ। ਨਹੀਂ, ਗਾਉਣ ਵਾਲੇ ਕਰਿੰਦੇ ਨੇ ਤੇ ਸੁਣਨ ਵਾਲੇ ਗਾਹਕ। ਰੂਹ ਨੂੰ ਸਕੂਨ ਦੇਣ ਵਾਲੀ ਗਾਇਕੀ ਸਾਬਰ ਕੋਟੀ, ਸਰਦੂਲ ਸਿਕੰਦਰ, ਦੁਰਗਾ ਰੰਗੀਲਾ ਕਿੱਥੇ ਗਏ। ਕਲੇਰ ਕੰਠ, ਫਿਰੋਜ ਖਾਨ, ਜੀ ਖਾਨ, ਕਮਲ ਖਾਨ ਤੋਂ ਉਹ ਗਵਾਇਆ ਜਾ ਰਿਹਾ ਹੈ ਜੋ ਬਾਜ਼ਾਰ ਨੂੰ ਮਨਜੂਰ ਹੈ। ਸਾਡੇ 'ਚੋਂ ਸਰਾਭੇ, ਭਗਤ, ਗਦਰੀਆਂ, ਊਧਮ ਦੀ ਸੋਚ ਮਾਰਨ ਵਾਲਿਆਂ ਨੇ ਸਾਡੇ ਅਣਖੀ, ਦਲੇਰ, ਤਿਆਗੀ ਸਮਾਜ ਦਾ ਬਰੀਕੀ ਨਾਲ ਅਧਿਐਨ ਕਰਕੇ ਸਾਡੇ ਗੁਣਾਂ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ। ਸਾਨੂੰ ਬਾਗੀ ਦੀ ਥਾਂ ਆਪਹੁਦਰਾ, ਦਲੇਰ ਦੀ ਥਾਂ ਫੁਕਰਾ ਬਣਾ ਛੱਡਿਆ ਹੈ।

ਇਹ ਭਲਾਂ ਕਿਸਦੀ ਲੋੜ ਹੈ? ਇਹ ਉਹਨਾਂ ਦੀ ਲੋੜ ਹੈ ਜਿੰਨਾਂ ਵਿਰੁੱਧ ਸ਼ਹੀਦ ਊਧਮ ਸਿੰਘ ਲੜਿਆ ਸੀ। ਸਾਨੂੰ ਲੁੱਟਣ ਵਾਲੇ ਕਲਾਂ ਨੂੰ ਸਾਡੇ ਖਿਲਾਫ ਵਰਤ ਰਹੇ ਹਨ। ਗਾਉਣ ਵਾਲੇ ਲੁਟੇਰਿਆਂ ਲਈ ਸੰਦ ਬਣੇ ਹੋਏ ਨੇ। ਗੱਲ ਦੋ "ਧੜਿਆਂ 'ਚ ਖਲਕਤ ਵੰਡੀ ਇੱਕ ਲੋਕਾਂ ਦੀ ਇੱਕ ਜੋਕਾਂ ਦੀ" ਨੂੰ ਸਮਝਣ ਵਾਲੀ ਹੈ। ਅੱਜ ਦੀ ਗਾਇਕੀ ਜੋਕਾਂ ਦੀ ਗਾਇਕੀ ਹੈ, ਲੋਕਾਂ ਦੀ ਨਹੀਂ। ਲੋਕਾਂ ਲਈ ਗਾਉਣ ਵਾਲੇ ਹੀ ਪੰਜਾਬ ਦੇ ਸਪੂਤ ਕਹਾਉਣਗੇ। ਮੂਸੇਵਾਲਾ ਤੇ ਕਈ ਹੋਰ ਗਾਇਕ ਦਲੀਲ ਪੇਸ਼ ਕਰਦੇ ਨੇ ਕਿ ਜੇ ਚੰਗਾ ਗਾਈਏ ਤਾਂ ਲੋਕ ਨੀ ਸੁਣਦੇ। ਬਾਈ ਮਿੱਤਰੋ ਜਦੋਂ ਤੱਕ ਰਾਤ ਬਾਕੀ ਹੈ। ਉਨਾਂ ਸਮਾਂ ਜੇ ਸੱਚ ਲਿਖਣਾ, ਗਾਉਣਾ, ਬੋਲਣਾ ਹੈ ਤਾਂ ਥੁੜਾਂ, ਤੰਗੀਆਂ 'ਚੋਂ ਗੁਜਰਨਾ ਹੀ ਪਵੇਗਾ।

ਦੱਸੋ ਕੀ ਬਾਬੇ ਨਾਨਕ ਨੇ ਇਹ ਉਲਾਂਭਾ ਕਦੇ ਦਿੱਤਾ ਕਿ ਸੱਚ ਤਾਂ ਪੜ੍ਹਣਾ ਨੀ ਕਿਸੇ ਨੇ ਇਸ ਲਈ ਮੈਂ ਸੱਚ ਦੀ ਥਾਂ ਮਾੜਾ ਲਿਖਾਂ।

ਤੁਸੀਂ ਲੱਖ ਕਹੋ ਕਿ ਥੋੜਾ ਵੱਖਰਾ ਸਵੈਗ ਆ। ਹੋਰ ਕੁਝ ਨੀ ਬੱਸ ਸ਼ਬਦਾਂ ਦਾ ਹੇਰ ਫੇਰ ਆ ਗੱਲ ਉਹੀ ਜੋਕਾਂ ਦੀ ਕਰਦੇ ਹੋ ਤੁਸੀਂ। ਤੁਸੀਂ ਧੁੰਦ ਦੇ ਬੱਦਲ ਹੋ। ਵੱਖਰਾ ਸਵੈਗ ਉਸ ਮਰਜੀਵੜੇ ਦਾ ਹੋਵੇਗਾ ਜੋ ਜੋਕਾਂ ਨੂੰ ਵੰਗਾਰੂ, ਲੋਕਾਂ ਦੀ ਗੱਲ ਕਰਕੇ ਧੁੰਦ ਦਿਆਂ ਬੱਦਲਾਂ ਚੋਂ ਸੂਰਜ ਦੀ ਸੂਹੀ ਕਿਰਨ ਬਣ ਚਮਕੇਗਾ। ਆਮੀਨ

**ਕਰਮਜੀਤ ਸਿੰਘ ਮਾਣੂੰਕੇ**
**ਇਨਵਾਇਟੀ ਸੂਬਾ ਕਮੇਟੀ ਮੈਂਬਰ**
**ਨੌਜਵਾਨ ਭਾਰਤ ਸਭਾ**
87278 83730



**Avon Accounting & Tax Services**

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-24



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

ਚੀਨ ਰੀਪਬਲਿਕ ਦੇ ਪਹਿਲੇ ਸਾਲ ਵਿੱਚ ਇਕ ਦਿਨ ਜਿਸਨੂੰ ਲੋਕ ਦੁਰਹਾਦਸਾ ਆਖਦੇ ਨੇ, ਰਾਤ ਦੇ ਨੌਂ ਵਜੇ, ਵੂਹਨ ਸ਼ਹਿਰ ਦੇ ਵ ਚੰਗ ਅਸਲਾ ਖਾਨੇ ਤੇ ਕਬਜ਼ਾ ਕਰ ਲਿਆ। ਜਿਉਂ ਹੀ ਖਬਰ ਫੈਲੀ ਤਾਂ ਥਾਉਂ ਪੁਰ ਥਾਉਂ ਬਗ਼ਾਵਤ ਸ਼ੁਰੂ ਹੋ ਗਈ। ਉਹਨਾਂ ਦਾ ਵਿਰੋਧ ਕਰਨ ਵਾਲੇ ਥੋੜੇ ਈ ਸਨ। ਸਾਲ 1912 ਦੇ ਇਕ ਮਹੀਨੇ ਦੀ ਛੇ ਤਰੀਕ ਨੂੰ, ਭਗਵਿਆਂ ਦੀ ਕਲਮ ਨੇ ਅਖੀਰਲਾ ਸ਼ਾਹੀ ਫਰਮਾਨ ਲਿਖਿਆ।

"ਇਕ ਪਰੀਵਾਰ ਨੂੰ, ਲੱਖਾਂ ਲੋਕਾਂ ਦੀਆਂ ਇੱਛਾਵਾਂ ਨੂੰ ਅਣ-ਗੌਲਿਆ ਕਰਕੇ, ਤਰਜ਼ੀਹ ਨਹੀਂ ਦਿੱਤੀ ਜਾ ਸਕਦੀ। ਇਸ ਵਾਸਤੇ ਅੱਜ ਤੋਂ ਸ਼ਹਿਨਸ਼ਾਹ ਗੱਦੀ ਤੋਂ ਲਾਂਭੇ ਹੋ ਜਾਵੇਗਾ। ਇਬਾਦਤ ਕਰਨ ਵਾਸਤੇ ਸ਼ਹਿਰੋਂ ਬਾਹਰ ਚਲਾ ਜਾਵੇਗਾ ਅਤੇ ਮਹੀਨਿਆਂ ਬੱਧੀ ਬਾਹਰ ਹੀ ਰਹੇਗਾ।"

ਢਾਈ ਸੌ ਸਾਲ ਤੱਕ ਚਿਆਂਗ ਖਾਨਦਾਨ ਦੇ ਰਾਜ ਦਾ ਝੰਡਾ ਝੁੱਲਦਾ ਰਿਹਾ ਸੀ। ਰਾਤੋਂ ਰਾਤ ਇਹ ਸਭ ਥਾਵਾਂ ਤੋਂ ਉਤਾਰ ਦਿੱਤਾ ਗਿਆ। ਸੰਘਾਈ ਵਿੱਚ ਹਰ ਝੁੱਗੀ ਝੌਂਪੜੀ ਅਤੇ ਬਜ਼ਾਰਾਂ ਦੁਕਾਨਾਂ ਤੇ ਚਿੱਟੇ ਝੰਡੇ ਲਹਿਰਾ ਦਿੱਤੇ ਗਏ। ਉਹ ਹਵਾ ਵਿੱਚ ਇਉਂ ਉੱਡ ਰਹੇ ਸਨ ਜਿਵੇਂ ਕੱਪੜੇ ਸੁੱਕਣੇ ਪਾਏ ਹੋਣ। ਸਾਰੀ ਰਾਤ ਚੌਕਾਂ ਚੁਰਾਹਿਆਂ ਉੱਤੇ ਕੈਦੀਆਂ ਵਾਲੇ ਝੁੰਡ ਆ ਗਏ ਅਤੇ ਸਾਰਿਆਂ ਦੀਆਂ ਗੁੱਤਾਂ ਕੱਟੀਆਂ ਜਾਣ ਲੱਗੀਆਂ। ਅਮੀਰਾਂ ਨੇ ਤਾਂ ਵਾਲ ਕਰੀਮ ਲਾ ਕੇ ਸੁਆਰ ਲਏ ਪਰ ਗਰੀਬਾਂ ਦੇ ਵਾਲ ਕੰਡੇਰਨਿਆਂ ਵਾਂਗ ਖੜ੍ਹੇ ਸਨ। ਨੌਜਵਾਨ ਬੁੱਢਿਆਂ ਤੋਂ ਮੁਆਫੀਆਂ ਮੰਗ ਰਹੇ ਸਨ ਕਿ ਉਹਨਾਂ ਅੱਜ ਪ੍ਰੰਪਰਾਵਾਂ ਤੋੜ ਦਿੱਤੀਆਂ ਹਨ। ਪੁੱਤਰਾਂ ਦੀਆਂ ਕੱਟੀਆਂ ਗੁੱਤਾਂ ਚੁੱਕ ਚੁੱਕ ਮਾਵਾਂ ਆਪਣੇ ਸੀਨਿਆਂ ਨਾਲ ਲਾ ਰਹੀਆਂ ਸਨ...... ਚੀਨ ਦਾ ਇਤਿਹਾਸ॥

**ਸਮਰਪਣ**

ਸਪਰਿੰਗ ਮੂਨ ਨੇ ਚੰਦਰਮਾ ਦੇ ਪਹਿਲੇ ਮਹੀਨੇ ਦੀ ਪਹਿਲੀ ਤਰੀਕ ਨੂੰ ਪੀਕਿੰਗ ਆਪਦੀ ਸੱਸ ਨੂੰ ਚਿੱਠੀ ਲਿੱਖੀ। ਲਿਖਿਆ ਕਿ ਉਸ ਨੇ ਬੀਤਿਆ ਵਰਾ ਕਿਵੇਂ ਕੱਢਿਆ ਹੈ। ਸਹੁਰੇ ਪਰਿਵਾਰ ਦੀ ਖੈਰੀਅਤ ਪੁੱਛੀ। ਉਹ ਧਿਆਨ ਰੱਖ ਰਹੀ ਸੀ ਕਿ ਕੋਈ ਵੀ ਭੇਤ ਵਾਲ਼ੀ ਗੱਲ ਨਾ ਲਿਖੀ ਜਾਵੇ। ਝੂਠ ਨੂੰ ਸੱਚ ਬਣਾ ਕੇ ਲਿਖ ਰਹੀ ਸੀ। ਉਸ ਲਿਖਿਆ ਕਿ ਲੱਸਟਰੱਸ ਜੇਡ ਉਸਦੀ ਪੋਤੀ ਕਿਵੇਂ ਇਕ ਬੜੇ ਵਧੀਆ ਸਕੂਲ ਵਿਚ ਪੜ੍ਹ ਰਹੀ ਹੈ। ਇਹ ਵੀ ਲਿਖਿਆ ਕਿ ਸਕੂਲ ਦੇ ਨੇੜੇ ਚੰਗ ਖਾਨਦਾਨ ਵਿਚ ਉਸ ਨੂੰ ਨੌਕਰੀ ਮਿਲ ਗਈ ਹੈ। ਉਸ ਨੂੰ ਪਤਾ ਸੀ ਕਿ ਸੱਸ ਨੇ ਚਿੱਠੀ ਦਾ ਕੋਈ ਜਵਾਬ ਨਹੀਂ ਦੇਣਾ ਕਿਉਂਕਿ ਪਿਛਲੇ ਸਾਲ ਉਸ ਦੀ ਕੋਈ ਚਿੱਠੀ ਨਹੀਂ ਸੀ ਆਈ।


ਤਿੰਨ ਹਫਤਿਆਂ ਬਾਅਦ ਜਦੋਂ ਪੂਰੀ ਠੰਡ ਉੱਤਰ ਆਈ ਤਾਂ ਉਹ ਹਾਲ ਕਮਰੇ ਵਿੱਚ ਬੈਠੀ ਪੜ੍ਹ ਰਹੀ ਸੀ। ਬੋਲਡ ਟੇਲੈਂਟ ਆਪਣੇ ਕੰਮਾਂ ਕਾਰਾਂ ਵਾਸਤੇ ਬਾਹਰ ਗਿਆ ਹੋਇਆ ਸੀ। ਉਹ ਦੁਪਹਿਰ ਵੇਲੇ ਘਰ ਖਾਣਾ ਖਾਣ ਆਉਂਦਾ ਸੀ। ਉਸ ਵੱਲੋਂ ਨਵਾਂ ਦਿੱਤਾ ਤੋਹਫ਼ਾ ਇਕ ਨੌਕਰ ਹੱਥ ਮੋੜਨ ਵਾਸਤੇ ਭੇਜ ਦਿੱਤਾ।

ਉਹ ਵਾਲਾਂ ਵਿੱਚ ਲੱਗੇ ਸੋਨੇ ਦੇ ਕਲਿੱਪ ਨੂੰ ਹੱਥ ਲਾ ਕੇ ਮੁਸਕਰਾ ਪਈ। ਇਹ ਉਸ ਵੱਲੋਂ ਦਿੱਤਾ ਪਹਿਲਾ ਤੋਹਫ਼ਾ ਸੀ। ਸਿਰਫ਼ ਇਹੀ ਉਸ ਨੇ ਰੱਖਿਆ ਸੀ। ਵੂਹਨ ਵਿਦਰੋਹ ਦੇ ਕਾਮਯਾਬ ਹੋਣ ਤੋਂ ਬਾਅਦ ਬੋਲਡ ਟੇਲੈਂਟ ਖੁਸ਼ ਸੀ ਅਤੇ ਆਉਣ ਵਾਲੇ ਸਮੇਂ ਵਾਸਤੇ ਤਿਆਰੀਆਂ ਕਰ ਰਿਹਾ ਸੀ। ਬਦਲਾਅ ਆ ਹੀ ਗਿਆ, ਸੰਸਾਰ ਬਦਲ ਗਿਆ ਹੈ ਸ਼ੰਘਰਸ਼ ਸਫ਼ਲ ਹੋ ਗਿਆ ਹੈ। ਸ਼ਾਇਦ ਛੇਤੀ ਹੀ ਅਸੀਂ ਸਾਰੇ ਅਜ਼ਾਦ ਹੋਵਾਂਗੇ। ਰਾਤ ਨੂੰ ਸੁੱਤਾ ਸੁੱਤਾ ਉਹ ਕਈ ਵਾਰ ਉੱਚੀ ਉੱਚੀ ਹੱਸ ਪੈਂਦਾ।

ਸਪਰਿੰਗ ਮੂਨ ਅੰਗੀਠੀ ਵਿੱਚ ਬਲ਼ਦੀਆਂ ਲੱਕੜਾਂ ਹਿਲਾਉਣ ਲੱਗੀ ਤੋਂ ਘੰਟੀ ਵੱਜੀ। ਡਾਕੀਆ ਸੀ। ਤਾਰ ਆਈ ਸੀ। ਫੜਨ ਲੱਗੀ ਦੇ ਉਸ ਦੇ ਹੱਥ ਕੰਬ ਰਹੇ ਸਨ। ਪੀਕਿੰਗ ਤੋਂ ਸੱਸ ਨੇ ਤਾਰ ਪਾਈ ਸੀ ਅਤੇ ਆਖਿਆ ਸੀ ਕਿ ਉਹ ਜਲਦੀ ਪੀਕਿੰਗ ਚਲੀ ਆਵੇ। ਸੱਸ ਨੂੰ ਉਸ ਦੀ ਸਖਤ ਲੋੜ ਸੀ।

ਕੀ ਗ਼ਮ ਸੀ। ਮੁੱਢ ਤੋਂ ਉਸ ਨੂੰ ਪਤਾ ਸੀ ਕਿ ਬੋਲਡ ਟੇਲੈਂਟ ਨਾਲ ਉਸ ਦਾ ਸਮਾਂ ਥੋੜ ਚਿਰਾ ਸੀ। ਪਹਿਲਾਂ ਤਾਂ ਲੱਗਦਾ ਸੀ ਸ਼ਾਇਦ ਸਾਲਾਂਬੱਧੀ ਉਸ ਨਾਲ ਰਹਿਣਾ ਪਵੇ ਪਰ ਵੂਹਨ ਵਿਦਰੋਹ ਤੋਂ ਬਾਅਦ ਹਰ ਲੱਘੇ ਦਿਨ ਉਸਦਾ ਦਿਲ ਬੈਠਦਾ ਜਾਂਦਾ ਸੀ। ਸੋਚਦੀ ਮੰਚੂਆਂ ਤੇ ਕਾਬੂ ਪਾਇਆ ਗਿਆ ਅਤੇ ਅਮਨ ਅਮਾਨ ਸਥਾਪਤ ਕਰ ਲਿਆ ਗਿਆ ਤਾਂ ਇਨਕਲਾਬ ਨੇ ਖਿੰਡ ਪੁੰਡ ਜਾਣਾ। ਮਰੇ ਹੋਏ ਚੰਗ ਭਰਾਵਾਂ ਨੇ ਫਿਰ ਬਾਹਰ ਨਿਕਲ਼ ਆਉਣਾ। ਉਹ ਮਰਨਗੇ ਜਿਨ੍ਹਾਂ ਦੀਆਂ ਜੜਾਂ ਵੱਡੀਆਂ ਗਈਆਂ ਚੰਗਾਂ ਵਾਂਗ। ਹੁਣ ਉਹ ਬਚਪਣੇ ਵੇਲਿਆਂ ਵਾਂਗ ਅਵੇਸਲ਼ੀ ਨਹੀਂ ਹੋ ਸਕਦੀ। ਉਸ ਵੇਲੇ ਜੇ ਉਸ ਨੇ ਆਪਣੀ ਦਾਸੀ ਕੁੜੀ ਪਲੱਮ ਬਲਾਜ਼ਮ ਮਰਨ ਤੋਂ ਬਚਾ ਲਈ ਹੁੰਦੀ। ਮੁੜ ਮੁੜ ਕੇ ਉਸ ਨੂੰ ਰਾਜ ਪਿਤਾਮਾ ਦੀਆਂ ਨਸੀਅਤਾਂ ਯਾਦ ਆਉਂਦੀਆਂ ਉਹ ਕਹਿੰਦਾ ਸੀ ਜਦੋਂ ਸਮਾਂ ਆ ਜਾਂਦਾ ਤਾਂ ਸਾਧਨ ਆਪੇ ਬਣ ਜਾਂਦੇ ਨੇ। ਉਹ ਕਦੀ ਸੋਚਦੀ ਇਥੋਂ ਬਾਅਦ ਉਹ ਰਹੂ ਕਿਥੇ। ਸੂ ਕੂ ਦਾ ਤਾਂ ਸਵਾਲ ਹੀ ਨਹੀਂ। ਉਥੇ ਜਾ ਕੇ ਉਹ ਬੋਲਡ ਟੇਲੈਂਟ ਦੀ ਪਤਨੀ ਤੋਂ ਭਤੀਜੀ ਦਾ ਰੂਪ ਕਿਵੇਂ ਵਟਾਊ। ਇਹ ਨੀ ਹੋ ਸਕਦਾ, ਹੁਣ ਇਉਂ ਨੀ ਹੋ ਸਕਦਾ। ਫਿਰ ਜਾਊ ਕਿੱਥੇ? ਅੱਜ ਆਈ ਤਾਰ ਨੇ ਫੈਸਲਾ ਕਰ ਦਿੱਤਾ। ਅਫਸੋਸ ਕਰਨ ਤੋਂ ਬਿਨਾਂ ਉਹ ਥੱਲੇ ਗਈ ਅਤੇ ਪੀਕਿੰਗ ਵਾਸਤੇ ਤਿਆਰੀ ਕਰਨ ਲੱਗੀ।

ਦੇਰ ਬਾਅਦ ਨੌਕਰ ਨੇ ਦੱਸਿਆ ਕਿ ਮਾਲਕ ਆ ਗਿਆ ਹੈ। ਉਹ ਬੈਠਾ ਅਖਬਾਰਾਂ ਪੜ੍ਹ ਰਿਹਾ ਸੀ। ਸਪਰਿੰਗ ਮੂਨ ਨੇ ਤਾਰ ਉਸ ਅੱਗੇ ਰੱਖ ਦਿੱਤੀ। ਕਾਫੀ




ਦੇਰ ਦੋਵੇਂ ਕੁੱਝ ਨਾ ਬੋਲੇ। ਉਹ ਪੂਰੇ ਤਣਾ ਵਿੱਚ ਸੀ ਅਤੇ ਪੱਤੇ ਵਾਂਗ ਡੋਲ ਰਹੀ ਸੀ। ਬੜੀ ਬਦਬਖਤੀ, ਇਹੀ ਤਾਂ ਸ਼ਬਦ ਸੀ ਜਿਹੜੇ ਪਿਛਲੇ ਸਾਲ ਮੈਂ ਝੂਠੇ ਲਿਖੇ ਸਨ ਤੇ ਤੈਨੂੰ ਸੂ ਕੂ ਭੇਜੀ ਸੀ। ਸਾਡੇ ਝੂਠ ਹੀ ਸਾਡਾ ਪਿੱਛਾ ਕਰ ਰਹੇ ਹਨ।

"ਫਿਰ ਤਾਂ ਤੈਨੂੰ ਹੱਸਣਾ ਚਾਹੀਦਾ, ਹੱਸਦਾ ਕਿਉਂ ਨਹੀਂ" ਉਹ ਗੁੱਸੇ ਨਾਲ ਉੱਠਿਆ ਤੇ ਤਾਰ ਵਾਲੇ ਕਾਗਜ਼ ਦੇ ਟੁੱਕੜੇ ਕਰਕੇ ਅੱਗ ਵਿੱਚ ਸੁੱਟ ਦਿੱਤੇ ਅਤੇ ਚਿਮਟਾ ਲੈ ਕੇ ਅੱਗ ਤੇਜ਼ ਕਰ ਦਿੱਤੀ। ਸਪਰਿੰਗ ਮੂਨ ਖਾਮੋਸ਼ ਹੋ ਗਈ। ਕੀ ਆਖੇ, ਕਿਵੇਂ ਆਖੇ ਉਸ ਨੂੰ ਲੱਗਿਆ ਕਿ ਕਮਰਾ ਇੰਨਾ ਵਿਸ਼ਾਲ ਹੈ ਕਿ ਉਸ ਦੀ ਚੀਖ਼ ਕਿਧਰੇ ਗੁਆਚ ਜਾਵੇਗੀ।

ਅਚਾਨਕ ਉਹ ਉਸ ਦੇ ਸਾਹਮਣੇ ਆ ਖਲੋਤਾ "ਤਾਂ ਕੀ ਤੈਨੂੰ ਸਾਡਾ ਪਿਆਰ ਭਾਇਆ ਨਹੀਂ, ਉਹ ਜਵਾਬ ਮੰਗਦਾ ਸੀ।"

ਉਹ ਕੁੱਝ ਨਾ ਬੋਲੀ। ਉਸ ਨੂੰ ਯਾਦ ਆਇਆ ਕਿ ਇਕ ਵਾਰ ਪਤੀ ਨੇ ਵੀ ਉਸ ਤੇ ਇਹੀ ਸਵਾਲ ਕੀਤਾ ਸੀ। ਖੁਸ਼ੀ ਦਾ ਅੰਤ ਬੱਸ ਇਸੇ ਤਰਾਂ ਦਾ ਹੰਦਾ।

ਬੋਲਡ ਟੇਲੈਂਟ ਨੇ ਉਸ ਨੂੰ ਕੱਸ ਕੇ ਫੜ ਲਿਆ ਅਤੇ ਪੁਛਿਆ "ਦੱਸ ਬੋਲ ਕੀ ਜਵਾਬ ਆ ਤੇਰਾ" "ਮਰਦ ਇਉਂ ਕਿਉਂ ਪੁੱਛਦੇ ਨੇ। ਕੀ ਸੂਰਜ ਨੂੰ ਪੁੱਛਦੇ ਨੇ ਕਿ ਧੁੱਪ ਉਸਨੂੰ ਚੁੱਭਦੀ ਆ" "ਕੀ ਤੈਨੂੰ ਪਛਤਾਵਾ?" "ਨਹੀਂ ਮੈਨੂੰ ਕੋਈ ਇਸਦਾ ਪਛਤਾਵਾ ਨਹੀਂ, ਅੱਜ ਸਾਨੂੰ ਵਿਛੜ ਜਾਣ ਦਾ, ਮੈਨੂੰ ਪਛਤਾਵਾ ਜਰੂਰ ਆ।" ਚੁੱਪ ਚਪੀਤੇ ਉਹ ਉਵੇਂ ਖੜੇ ਰਹੇ। "ਸ਼ਾਇਦ ਇਹ ਵਿਛੋੜਾ ਥੋੜੀ ਦੇਰ ਦਾ ਹੀ ਹੋਊ" ਉਹ ਬੋਲਿਆ।

ਉਹ ਉਸ ਦੀ ਜਕੜ ਵਿਚੋਂ ਨਿਕਲ ਗਈ ਅਤੇ ਮੇਜ਼ ਤੇ ਪਏ ਗਲੋਬ ਕੋਲ ਜਾ ਖੜੀ। ਗਲੋਬ ਨੂੰ ਘੁਮਾਕੇ ਸ਼ਾਂਤ ਚਿੱਤ ਬੋਲੀ ਉ ਇਹ ਸਦਾ ਦਾ ਪੱਕਾ ਵਿਛੋੜਾ ਅਤੇ ਅੱਜ ਈ, ਕੱਲ ਨਾਲੋਂ ਅੱਜ ਭਲੀ, ਮੇਰੀ ਸੱਸ ਵੀ ਤਾਂ ਜੋ ਉਸਦੀ ਬੁਰੀ ਹਾਲਤ ਹੋਈ ਆ, ਉਸ ਵਾਸਤੇ ਮੈਨੂੰ ਈ ਦੋਸ਼ੀ ਮੰਨਦੀ ਆ। ਜੇ ਉਸਦਾ ਸਰਦਾ ਹੁੰਦਾ ਤਾਂ ਮੈਨੂੰ ਕਿਉਂ ਸੱਦਦੀ। ਉਸ ਦੇ ਗੋਦ ਲਏ ਮੁੰਡੇ ਨੂੰ ਕੁੱਝ ਹੋ ਗਿਆ ਹੋਣਾ। ਹੁਣ ਉਸਦੀ ਮੈਂ ਈ ਇਕੋ ਇਕ ਡੰਗੋਰੀ ਆਂ। ਆਪਣੇ ਮਰੇ ਪਤੀ ਦੀ ਇੱਜ਼ਤ ਵਾਸਤੇ ਮੈਂ ਈ ਉਸ ਦੀ ਸੇਵਾ ਕਰਨੀ ਆ ਜਿਵੇਂ ਉਸਦਾ ਮੁੰਡਾ ਜੇ ਜਿਉਂਦਾ ਰਹਿੰਦਾ, ਕਰਦਾ। ਸਾਡੇ ਪਿੱਤਰ ਕਬਰਾਂ ਵਿੱਚ ਪਏ, ਤੇਰਾ ਤੇ ਮੇਰਾ ਸਬੰਧ ਕਬੂਲ ਨੀ ਕਰਦੇ। ਸਾਨੂੰ ਇਸ ਸਬੰਧ ਨੂੰ ਤੋੜ ਦੇਣਾ ਚਾਹੀਦਾ। ਹੋਰ ਕੋਈ ਵੀ ਬਦਲ ਨਹੀਂ" ਸਪਰਿੰਗ ਮੂਨ ਨੇ ਹੱਥਾਂ ਦੀਆਂ ਹਥੇਲੀਆਂ ਤੇ ਪਈਆਂ ਲੀਕਾਂ ਦੇਖੀਆਂ ਕੀ ਮੇਰੀ ਕਿਸਮਤ ਵਿੱਚ ਇਹੋ ਲਿਖਿਆ ਸੀ।

ਜਦੋਂ ਬੋਲਡ ਟੇਲੈਂਟ ਨੇ ਉਸ ਨਾਲ ਨਜ਼ਰ ਮਿਲਾਈ ਤਾਂ ਉਸ ਦੀਆਂ ਅੱਖਾਂ ਵਿੱਚੋਂ ਅੰਗਿਆਰ ਵਰ ਰਹੇ ਹੋਣ। "ਕੋਈ ਹੋਰ ਰਸਤਾ ਨਹੀਂ। ਕੋਈ ਤਾਂ ਰਸਤਾ ਹੋਣਾ ਚਾਹੀਦਾ। ਇਨਕਲਾਬ ਨੇ ਝੁੱਕ ਜਾਣ ਦੀ ਪ੍ਰੰਪਰਾ ਨੂੰ ਤੋੜ ਦਿੱਤਾ।" ਜਦੋਂ ਉਹ ਕੁੱਝ ਨਾ ਬੋਲੀ ਤਾਂ ਉਸ ਨੇ ਜੇਬ ਵਿੱਚੋਂ ਸਪਰਿੰਗ ਮੂਨ ਵੱਲੋਂ ਦਿੱਤੀ ਮਾਲਾ ਕੱਢ ਲਈ ਅਤੇ ਮਣਕੇ ਫੇਰਨ ਲੱਗ ਗਿਆ ਅਤੇ ਕਮਰੇ ਵਿੱਚ ਘੁਮਣ ਲੱਗਿਆ। ਉਹ ਜਿਉਂ ਜਿਉਂ ਕ੍ਰੋਧਤ ਹੁੰਦਾ ਜਾਂਦਾ, ਸਪਰਿੰਗ ਮੂਨ ਉਸੇ ਹਿਸਾਬ ਸ਼ਾਂਤ ਹੁੰਦੀ ਜਾਂਦੀ।

"ਤੈਨੂੰ ਕੀ ਮਾੜਾ ਦਿੱਸਦਾ ਸਾਡੇ ਵਿਚ। ਤੇਰੇ ਤੇ ਮੇਰੇ ਵਿਚ। ਗੋਲਡਨ ਵਰਚੂ ਵਿਚ, ਸਾਰੇ ਚੀਨੀਆਂ ਵਿਚ, ਪੁਰਾਣੇ ਸਾਮਰਾਜ ਅਤੇ ਪੁਰਾਣੇ ਤੌਰ ਤਰੀਕਿਆਂ ਵਿਚ। ਰੀਤੀ ਰਿਵਾਜ਼, ਬਦੇਸ਼ੀ, ਪਰਿਵਾਰ, ਹੁਕਮਰਾਨ, ਸਾਡੀ ਜ਼ਿਮੇਵਾਰੀ। ਸਾਰਿਆਂ ਅੱਗੇ, ਹਰ ਇਕ ਅੱਗੇ, ਜਿਉਂਦਿਆਂ ਅੱਗੇ, ਮੋਇਆਂ ਅੱਗੇ - ਸਾਡੀਆਂ ਆਪਣੀਆਂ ਲੋੜਾਂ ਨੂੰ ਛੱਡ ਕੇ ਸਭ ਅੱਗੇ, ਸਾਡੇ ਸੁਪਨੇ ਅਤੇ ਜਜਬਾਤ। ਜੇ ਅਸੀਂ ਨਿੱਜ ਵਾਸਤੇ ਜਿਉਂਦੇ ਆਂ ਤਾਂ ਥੋੜਾ ਚਿਰ ਲਈ। ਜਿੰਨਾ ਚਿਰ ਸਭ ਕੁੱਝ ਬਦਲ ਨਹੀਂ ਜਾਂਦਾ। ਬੱਸ ਅਸੀਂ ਝੁੱਕ ਜਾਂਦੇ ਆਂ ਅਤੇ ਉਵੇਂ ਜਿਉਂਦੇ ਹਾਂ ਜਿਵੇਂ ਦੂਜੇ ਚਾਹੁੰਦੇ ਨੇ ਕਿ ਅਸੀਂ "ਜੀਵੀਏ" ਇਕ ਦਮ ਉਹ ਚੱਪ ਹੋ ਗਿਆ ਅਤੇ ਖੁਲੀ ਬਾਰੀ ਵਿਚੋਂ ਬਾਹਰ ਦੇਖਣ ਲੱਗਿਆ। ਬਾਹਰ ਠੱਕਾ ਵਗ ਰਿਹਾ ਸੀ ਅਤੇ ਬਰਫ਼ ਜੰਮ ਰਹੀ ਸੀ। ਆਖਰ ਉਹ ਅੰਗੀਠੀ ਨੇੜੇ ਬੈਠ ਗਿਆ ਜਿਵੇਂ ਸਾਹ ਸੱਤ ਹੀਣ ਹੋਵੇ।

"ਭਾਵੇਂ ਮੈਂ ਵਿਰੋਧ ਕਰ ਰਿਹਾਂ ਪਰ ਮੈਨੂੰ ਪੱਕਾ ਪਤਾ ਇਸ ਦਾ ਕੋਈ ਅਸਰ ਨਹੀਂ।" ਤੂੰ ਮਰੇ ਪਤੀ ਦੀ ਇੱਜ਼ਤ ਪਾਲੇਂਗੀ। ਮੈਂ ਖਾਨਦਾਨ ਦੇ ਨਾਉਂ ਨੂੰ ਧੱਬਾ ਲਾਉਣ ਤੋਂ ਬਚੂੰ। ਇਸ ਕਰਕੇ ਅਸੀਂ ਅਲੱਗ ਹੋ ਜਾਵਾਂਗੇ। ਐਸੀ ਜ਼ਿੰਦਗੀ ਜੀਆਂਗੇ ਜਿਹੜੀ ਸਾਡੀ ਮਰਜ਼ੀ ਮੁਤਾਬਕ ਨਹੀਂ ਹੈ।"

ਸਪਰਿੰਗ ਮੂਨ ਉੱਠੀ। ਉਸ ਕੋਲ ਗਈ ਅਤੇ ਉਸ ਦਾ ਚਿਹਰਾ ਆਪਣੇ ਹੱਥਾਂ ਵਿੱਚ ਲੈ ਕੇ ਬੋਲੀ "ਅਸੀਂ ਇਹ ਸਮਾਂ ਵੀ ਕੱਢ ਲਵਾਂਗੇ। ਸਾਨੂੰ ਅਹਿਸਾਸ ਹੋ ਜਾਊ ਕਿ ਸਾਡਾ ਵਿਛੋੜਾ ਵੀ ਕੁਦਰਤੀ ਨਿਯਮ ਹੈ ਤੂੰ ਹੀ ਤਾਂ ਕਈ ਵਾਰ ਆਖਿਆ, ਝੁਕ ਜਾਣ ਨਾਲ ਸਾਡੀਆਂ ਇਛਾਵਾਂ ਘੱਟ ਜਾਂਦੀਆਂ ਨੇ, ਇਹੀ ਤਾਂ ਚੀਨ ਦਾ ਸੱਭਿਆਚਾਰ ਹੈ" ਸਹਿਜ ਨਾਲ ਉਸ ਦੇ ਬੁੱਲਾਂ ਨੂੰ ਚੁੰਮਿਆ ਪਰ ਉਹ ਦੂਰ ਹੱਟ ਗਿਆ। ਜ਼ੋਰ ਨਾਲ ਅੱਗ ਭੜਕਾਉਣ ਲੱਗਿਆ ਅਤੇ ਤਾਜ਼ੀਆਂ ਲੱਕੜਾਂ ਉਸ ਵਿੱਚ ਸੁੱਟ ਦਿੱਤੀਆਂ। ਫਿਰ ਬੋਲਿਆ ਉ ਜੋ ਦੂਜੇ ਲੋਕ ਸਹਿਣ ਨਹੀਂ ਕਰਦੇ ਮੈਂ ਕਰਾਂਗਾ ਕਿਉਂਕਿ ਮੈਂ ਚੀਨੀ ਆਂ। ਬਦੇਸ਼ੀ ਜੇ ਤੁਰਦੇ ਨੇ ਤਾਂ ਆਸ ਕਰਦੇ ਨੇ ਸਫ਼ਰ ਵਾਸਤੇ ਗੱਡਾ ਹੋਵੇ, ਜੇ ਗੱਡਾ ਮਿਲ ਜਾਵੇ ਸੋਚਦੇ ਨੇ ਘੋੜਾ ਹੋਵੇ, ਜੇ ਘੋੜਾ ਮਿਲ ਜਾਵੇ ਸੋਚਦੇ ਨੇ ਬੱਘੀ ਹੋਵੇ, ਜੇ ਬੱਘੀ ਮਿਲ ਜਾਵੇ ਸੋਚਦੇ ਨੇ ਮੋਟਰਕਾਰ ਹੋਵੇ। ਅਸੀਂ ਚੀਨੀ ਪੈਦਲ ਤੁਰਦੇ ਸ਼ੁਕਰ ਕਰਦੇ ਆਂ ਕਿ ਸਾਡੀਆਂ ਲੱਤਾਂ ਕੰਮ ਕਰਦੀਆਂ ਨੇ। ਜੇ ਕੋਈ ਲੱਤਾਂ ਵੱਢ ਦੇਵੇ ਤਾਂ ਗੁੱਸਾ ਕਾਬੂ ਰੱਖਾਂਗੇ, ਧਮਕੀਆਂ ਅਤੇ ਬੇਇੱਜ਼ਤੀ ਸਹਿਣ ਕਰਦੇ ਜਾਂਦੇ ਆਂ। ਜੇ ਫਿਰ ਵੀ ਗੱਲ ਨਾ ਬਣੇ ਤਾਂ ਘਰ ਦੇ ਕਿਸੇ ਖੂੰਜੇ ਪੈ ਕੇ ਸੋਚਦੇ ਆਂ, ਸ਼ੁਕਰ ਐ ਅਸੀਂ ਜਿਉਂਦੇ ਆਂ, ਕਬਰਾਂ ਵਿੱਚ ਪਿਆਂ ਨਾਲੋਂ ਚੰਗੇ ਆਂ, ਸਪਰਿੰਗ ਮੂਨ ਦੱਸ ਤਾਂ ਸਈ ਜਿਉਣ ਵਾਸਤੇ ਝੁਕ ਜਾਈਏ, ਇਸ ਦਾ ਕੀ ਫਾਇਦਾ।"

"ਸ਼ਹਾਦਤ, ਕੁਰਬਾਨੀ, ਫਰਜ਼ ਅਤੇ ਇੱਜਤ" ਸਪਰਿੰਗ ਮੂਨ ਦਾ ਜਵਾਬ ਸੀ।

"ਜੀਵਨ ਵਾਸਤੇ ਇਹ ਕਾਫੀ ਨਹੀਂ"

ਉਸਦਾ ਦਰਦ ਸਪਰਿੰਗ ਮੂਨ ਤੋਂ ਦੇਖਿਆ ਨਹੀਂ ਸੀ ਜਾਂਦਾ। ਇਸ ਕਰਕੇ ਹੋਰ ਬੋਲਣ ਤੋਂ ਪਹਿਲਾਂ ਮੂੰਹ ਤੇ ਹੱਥ ਰੱਖ ਉਸਨੇ ਚੁੱਪ ਕਰਵਾ ਦਿੱਤਾ। ਉ ਬੱਸ ਬੱਸ ਹੋਰ ਨੀ" ਬੋਲਡ ਟੇਲੈਂਟ ਨੇ ਵੀ ਹਾਮੀ ਭਰੀ। ਕਹਿਣ ਵਾਲਾ ਬਾਕੀ ਬਚਿਆ ਵੀ ਕੀ ਸੀ।

ਸਟੇਸ਼ਨ ਤੇ ਗੱਡੀ ਤੁਰਨ ਵੇਲੇ, ਉਸ ਨੇ ਵਿਦਾ ਵਜੋਂ ਸਪਰਿੰਗ ਮੂਨ ਦਾ ਹੱਥ ਛੂਹ ਲਿਆ ਅਤੇ ਨਾ ਚਾਹੁੰਦਾ ਹੋਇਆ ਵੀ ਮੁਸਕਰਾ ਪਿਆ ਅਤੇ ਸਪਰਿੰਗ ਮੂਨ ਦੇ ਕਸੇ ਭਰਵੱਟਿਆਂ ਨੂੰ ਦੇਖਦਾ ਰਿਹਾ। ਉਹ ਨਿੱਕੀ ਹੁੰਦੀ ਉਸਨੂੰ ਇਵੇਂ ਹੀ ਲੱਗਦੀ ਹੁੰਦੀ ਸੀ। ਸਾਰੇ ਖਾਨਦਾਨ ਵਿੱਚ ਸਪਰਿੰਗ ਮੂਨ ਹੀ ਤਾਂ ਸੀ ਜਿਸ ਨੇ ਉਸ ਨੂੰ ਧੁਰ ਅੰਦਰੋਂ ਪਛਾਣਿਆ ਹੋਇਆ ਸੀ ਰੱਬ ਨੇ ਐਂਵੇ ਈ ਉਸ ਨੂੰ ਇਵੇਂ ਘੜਿਆ ਸੀ ਜਦੋਂ ਸਪਰਿੰਗ ਮੂਨ ਜਨਮੀ ਤਾਂ ਉਸਦਾ ਵਜੂਦ ਉਸ ਨੂੰ ਸੰਭਾਲ ਦਿੱਤਾ ਸੀ।

ਵਾਪਸੀ ਤੇ ਮੇਜ਼ ਤੇ ਚਿੱਠੀ ਪਈ ਸੀ। ਉਸ ਨੇ ਚੱਕ ਕੇ ਖੋਹਲੀ, ਲਿਖਿਆ ਸੀ।

ਪਿਆਰੇ,

ਕਦੇ ਮੈਨੂੰ ਲੱਗਦਾ ਸੀ ਕਿ ਰੇਸ਼ਮ ਦੇ ਕੀੜੇ ਵਾਂਗ ਮੈਂ ਬੁਣੇ ਹੋਏ ਕਕੂਨ ਵਿੱਚ ਹੀ ਰਹੂੰ। ਤੂੰ ਮੈਨੂੰ ਸਿੱਖਿਆ ਦਿੱਤੀ ਤੇ ਉੱਡਣ ਜੋਗੀ ਕੀਤਾ।

ਪਰ ਚੰਦਰਮਾਂ ਕਦੋਂ ਸਥਿਰ ਰਹਿੰਦਾ। ਸਾਡਾ ਇਕੱਠਿਆਂ ਦਾ ਸਮਾਂ ਖਤਮ ਹੋ ਚੁੱਕਿਆ।ਮੇਰਾ ਜੀਅ ਭਰ ਗਿਆ। ਮੈਨੂੰ ਕੋਈ ਗਮ ਨਹੀਂ।


ਸਾਡਾ ਪਿਆਰ ਸਦਾ ਕਾਇਮ ਰਹੂ। ਪਰ ਜਿਹੜੇ ਸੁਪਨੇ ਅਸੀਂ ਪਰੋਏ ਨੇ ਉਹ ਖਤਮ ਹੋ ਜਾਣੇ ਚਾਹੀਦੇ ਹਨ। ਸਾਲ ਦੇ ਸਾਲ ਇਕ ਵਾਰ ਪਹਿਲੇ ਮਹੀਨੇ ਦੀ ਪਹਿਲੀ ਤਰੀਕ ਨੂੰ ਸਾਨੂੰ ਚਿੱਠੀ ਲਿਖਦੇ ਰਹਿਣਾ ਚਾਹੀਦਾ ਜਿਵੇਂ ਰਿਵਾਜ਼ ਹੈ। ਜੇ ਫਿਰ ਮਿਲੇ, ਤਾਂ ਅੱਜ ਤੋਂ, ਸਫ਼ਰ ਅਸੀਂ ਨਹੀਂ ਕਰ ਸਕਾਂਗੇ।"

ਤੁਹਾਡੀ ਭਤੀਜੀ

SHAHEED BHAGAT SINGH BOOK CENTRE



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote New Readership & Encourage New Writers!

Book Exhibition & Sale!

Contact: Master Bhajan Singh at 403-455-4220

# ਐਮਰਜੈਂਸੀ ਯਾਦਾਂ -ਬਰਗਾੜੀ ਸਕੂਲ



ਯਸ਼ ਪਾਲ
98145 35005

**ਸਮਾਂ ਸਵੇਰੇ 8.55 ਤਾਰੀਖ 8 ਨਵੰਬਰ 1975:** ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 25 ਜੂਨ 1975 ਤੋਂ ਮੁਲਕ ਭਰ ਅੰਦਰ ਐਮਰਜੈਂਸੀ ਲਾਈ ਐਮਰਜੈਂਸੀ ਦਾ ਕਾਲਾ ਦੌਰ। ਸਥਾਨ ਜ਼ਿਲ੍ਹਾ ਫਰੀਦਕੋਟ ਦੇ ਉੱਘੇ ਪਿੰਡ ਬਰਗਾੜੀ ਦਾ ਕੋਟਕਪੂਰਾ-ਬਠਿੰਡਾ ਸੜ੍ਹਕ ਉੱਪਰਲਾ ਬੱਸ ਅੱਡਾ ਅਤੇ ਬੱਸ ਅੱਡੇ ਦੇ ਨਾਲ ਹੀ ਸੜਕ 'ਤੇ 100 ਗਜ ਦੂਰ ਸਰਕਾਰੀ ਹਾਈ ਸਕੂਲ ਬਰਗਾੜੀ ਦਾ ਮੁੱਖ ਗੇਟ, ਜਿੱਥੇ ਮੈਂ ਉਸ ਸਮੇਂ ਲਗਭਗ ਡੇਢ ਸਾਲ ਤੋਂ ਬਤੌਰ ਸਾਇੰਸ ਮਾਸਟਰ ਸੇਵਾ ਨਿਭਾ ਰਿਹਾ ਸੀ। ਬਰਗਾੜੀ ਸਕੂਲ ਵਿੱਚ ਮੇਰੀ ਬਦਲੀ ਸਰਕਾਰ ਵਿਰੋਧੀ ਟਰੇਡ ਯੂਨੀਅਨ ਸਰਗਰਮੀਆਂ ਕਾਰਨ ਉਸ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਸਰਕਾਰੀ ਸਕੂਲ ਫੂਲ, ਜ਼ਿਲ੍ਹਾ ਬਠਿੰਡਾ ਤੋਂ ਮਈ 1974 'ਚ ਕੀਤੀ ਗਈ ਸੀ।

**ਗ੍ਰਿਫ਼ਤਾਰੀ ਅਤੇ ਲੰਬੀ ਜੇਲ੍ਹ ਯਾਤਰਾ**

ਉਸ ਦਿਨ ਮੈਂ ਬਰਗਾੜੀ ਪਿੰਡ ਅੰਦਰਲੀ ਆਪਣੀ ਰਿਹਾਇਸ਼ਗਾਹ, ਪੰਡਤਾਂ ਦੇ ਮੁਹੱਲੇ ਵਿਚਲੇ ਚੁਬਾਰੇ 'ਚੋਂ ਨਿੱਕਲ ਕੇ ਰਵਾਂ ਰਵੀਂ ਸਕੂਲ ਨੂੰ ਜਾਂਦਾ ਹੋਇਆ ਅਜੇ ਬੱਸ ਅੱਡੇ 'ਤੇ ਪਹੁੰਚਿਆ ਹੀ ਸੀ ਕਿ ਅੱਡੇ ਨੂੰ ਘੇਰਾ ਪਾਈ ਖੜ੍ਹੀ ਪੁਲਿਸ ਦੀ ਟੁਕੜੀ ਨੇ ਆ ਦਬੋਚਿਆ ਅਤੇ ਦਬਾਦਬ ਬਾਹੋਂ ਫੜ ਕੇ ਉਸੇ ਸਮੇਂ ਹੀ ਕੋਟ ਕਪੂਰੇ ਵੱਲੋਂ ਆਈ ਬੱਸ 'ਚ ਜ਼ਬਰਦਸਤੀ ਚੜ੍ਹਾ ਲਿਆ। ਜਦ ਬੱਸ 100 ਕੁ ਗਜ ਅੱਗੇ ਸਕੂਲ ਦੇ ਗੇਟ ਤੋਂ ਗੁਜਰੀ ਤਾਂ ਦੇਖਿਆ ਕਿ ਮੇਰੇ ਸਕੂਲ ਦੇ ਸਭ ਵਿਦਿਆਰਥੀ, ਜੋ ਉਸ ਸਮੇਂ ਸਕੂਲ ਦੀ ਸਵੇਰ ਦੀ ਸਭਾ ਲਈ ਜੁੜੇ ਹੋਏ ਸਨ, ਸਕੂਲ ਦੀ ਮੂਹਰਲੀ ਛੋਟੀ ਜਿਹੀ ਕੰਧ ਟੱਪ ਕੇ ਅਗੇ ਹੋ ਕੇ ਬੱਸ ਰੋਕਣ ਲਈ ਵਾਹੋਦਾਹੀ ਭੱਜੇ ਆ ਰਹੇ ਸਨ। ਪ੍ਰੰਤੂ ਬੱਸ ਦੇ ਡਰਾਈਵਰ ਨੇ ਪੁਲਿਸ ਵੱਲੋਂ ਮਾਰੇ ਦਬਕੇ ਤੋਂ ਡਰਦਿਆਂ ਬੱਸ ਤੇਜ਼ੀ ਨਾਲ ਭਜਾ ਕੇ ਲੰਘਾ ਲਈ ਤੇ ਮੈਨੂੰ ਥਾਣਾ ਫੂਲ (ਬਠਿੰਡਾ) ਲਿਜਾ ਕੇ ਬੰਦ ਕਰ ਦਿੱਤਾ ਗਿਆ। ਤਾਂ ਜਾਕੇ ਮੈਨੂੰ ਪਤਾ ਲੱਗਿਆ ਕਿ ਇਹ ਪੁਲਿਸ ਫੂਲ ਥਾਣੇ ਦੀ ਹੈ, ਜਿੱਥੇ ਮੇਰੇ ਖ਼ਿਲਾਫ਼ ਐਮਰਜੈਂਸੀ ਦਾ ਵਿਰੋਧ ਕਰਨ ਅਤੇ ਸਰਕਾਰ ਵਿਰੋਧੀ ਸਰਗਰਮੀਂ ਕਰਨ ਦੇ ਦੋਸ਼ ਲਾਕੇ ਡੀ. ਆਈ. ਆਰ. ਅਧੀਨ ਇਕ ਕੇਸ ਦਰਜ਼ ਕੀਤਾ ਹੋਇਆ ਸੀ; ਜਿਸ ਕਾਰਨ ਮੈਂ ਲਗਾਤਾਰ 5 ਮਹੀਨਿਆਂ ਤੋਂ ਅਰਧ ਗੁਪਤਵਾਸ ਰਹਿਕੇ ਬਚਦਾ ਬਚਾਉਂਦਾ ਆ ਰਿਹਾ ਸੀ। ਏਸੇ ਲਈ ਸਕੂਲ ਵਿੱਚ ਵੀ ਗਾਹੇ ਮੈਂ ਬਗਾਹੇ ਅੱਗੋਂ ਪਿੱਛੋਂ ਆਉਂਦਾ ਸੀ।

ਬਾਅਦ 'ਚ ਮੈਨੂੰ ਪਤਾ ਲੱਗਿਆ ਕਿ ਜਿਸ ਤਰ੍ਹਾਂ ਪਿਛਲੇ 5 ਮਹੀਨਿਆਂ ਤੋਂ, ਇਹ ਜਾਣ ਕੇ ਕਿ ਮੇਰੇ ਗ੍ਰਿਫਤਾਰੀ ਵਰੰਟ ਨਿੱਕਲੇ ਹੋਏ ਸਨ, ਮੇਰੇ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਲਗਾਤਾਰ ਪੁਲਿਸ ਦੀ ਮੌਜੂਦਗੀ ਅਤੇ ਨਿਗਰਾਨੀ ਬਾਰੇ ਮੈਨੂੰ ਸੂਚਿਤ ਕਰਦੇ ਰਹਿੰਦੇ ਸਨ। ਉਸ ਸੂਚਨਾ ਦੇ ਅਧਾਰ ਤੇ ਮੈਂ ਸਕੂਲ ਆਉਣ ਸਮੇਂ ਚੌਕਸੀ ਵਰਤ ਲੈਂਦਾ ਸੀ। ਉਸ ਦਿਨ ਵੀ ਮੇਰੇ ਸਕੂਲ ਦੇ ਅਧਿਆਪਕਾਂ ਨੇ ਬੱਸ ਅੱਡੇ ਉੱਪਰ ਪੁਲਿਸ ਦੀ ਮੌਜੂਦਗੀ ਦੇਖਕੇ, ਖਤਰੇ ਨੂੰ ਭਾਂਪਦਿਆਂ ਮੈਨੂੰ ਸੂਚਿਤ ਅਤੇ ਚੌਕਸ ਕਰਨ ਲਈ ਦੋ ਵਿਦਿਆਰਥੀਆਂ ਨੂੰ ਮੇਰੇ ਚੁਬਾਰੇ ਤੱਕ ਭੇਜਿਆ ਸੀ। ਪ੍ਰੰਤੂ ਉਹਨਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਮੈਂ "ਚੁਬਾਰੇ" ਤੋਂ ਸਕੂਲ ਨੂੰ ਨਿੱਕਲ ਚੁੱਕਾ ਸੀ ਅਤੇ ਵਿਦਿਆਰਥੀ ਮੇਰੇ ਮਗਰ ਮਗਰ ਆ ਰਹੇ ਸਨ। ਪਰ ਉਹ ਦੌੜ ਕੇ ਆਕੇ ਮੇਰੇ ਅੱਡੇ 'ਤੇ ਪਹੁੰਚਣ ਤੋਂ ਪਹਿਲਾਂ ਮੈਨੂੰ ਸੂਚਿਤ ਨਾ ਕਰ ਸਕੇ। ਤੇ ਜਦ ਪੁਲਿਸ ਨੇ ਘੇਰਾ ਪਾਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਉਹਨਾਂ ਨੇ ਹੀ ਭੱਜ ਕੇ ਸਕੂਲ ਵਿੱਚ ਜਾਕੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੈਨੂੰ ਗ੍ਰਿਫ਼ਤਾਰ ਕਰਕੇ ਬੱਸ ਵਿੱਚ ਚੜ੍ਹਾਉਣ ਬਾਰੇ ਦੱਸਿਆ; ਜਿਸਦੇ ਸੁਣਦੇ ਸਾਰ ਹੀ ਸਕੂਲ ਦੇ ਸਾਰੇ ਵਿਦਿਆਰਥੀ ਸਵੇਰ ਦੀ ਸਭਾ ਛੱਡ ਕੇ ਸਕੂਲੋਂ ਬਾਹਰ ਆ ਕੇ ਬੱਸ ਰੋਕਣ ਲਈ ਭੱਜੇ।





ਤੇ ਫੇਰ 10 ਦਿਨ ਥਾਣਾ ਫੂਲ (ਬਠਿੰਡਾ) ਵਿੱਚ 'ਪੁਲਸੀ ਪੁੱਛ ਪੜਤਾਲ' ਉਪਰੰਤ 17 ਨਵੰਬਰ 75 ਨੂੰ ਬਠਿੰਡਾ-ਸੰਗਰੂਰ ਜੇਲ੍ਹ ਯਾਤਰਾ ਸ਼ੁਰੂ, ਜੋ ਲਗਭਗ 8 ਮਹੀਨੇ ਚੱਲੀ।

**ਵਿਦਿਆਰਥੀ-ਮਾਪੇ ਕਿਵੇਂ ਮੁੱਲ ਤਾਰਦੇ ਹਨ, ਇਕ ਪ੍ਰਤੀਬੱਧ ਅਧਿਆਪਕ ਦਾ**

ਬਰਗਾੜੀ ਸਕੂਲ ਦੀ ਇਸ ਘਟਨਾ ਅਤੇ ਇਸੇ ਸਕੂਲ ਅੰਦਰ ਇਸਤੋਂ ਕੁਝ ਮਹੀਨੇ ਪਹਿਲਾਂ ਵਾਪਰੀ ਇੱਕ ਹੋਰ ਘਟਨਾ ਨੇ ਮੈਨੂੰ ਇਹ ਡੂੰਘਾ ਅਹਿਸਾਸ ਕਰਵਾਇਆ ਕਿ ਜੇ ਕੋਈ ਅਧਿਆਪਕ ਆਪਣੇ ਵਿਦਿਆਰਥੀਆਂ ਨਾਲ ਮੋਹ ਪਿਆਰ ਦਾ ਨੇੜਲਾ ਰਿਸ਼ਤਾ ਗੰਢ ਕੇ ਸਮਰਪਿਤ ਅਤੇ ਪ੍ਰਤੀਬੱਧ ਹੋਕੇ ਤਨ-ਮਨ ਲਾਕੇ ਸਿਰੜ ਨਾਲ ਉਹਨਾਂ ਨੂੰ ਸਿੱਖਿਆ ਦਿੰਦਾ ਹੈ ਤੇ ਉਹਨਾਂ ਦਾ ਭਰੋਸਾ ਜਿੱਤ ਲੈਂਦਾ ਹੈ ਤਾਂ ਉਸਦੇ ਵਿਦਿਆਰਥੀ ਤੇ ਉਹਨਾਂ ਦੇ ਮਾਪੇ ਵੀ ਅਧਿਆਪਕ ਉੱਪਰ ਪਈ ਭੜਿ ਸਮੇਂ ਉਸਦੇ ਸਤਿਕਾਰ ਵਜੋਂ ਉਸਦੀ ਮਦਦ ਲਈ ਬਹੁੜਦੇ ਹਨ। 'ਅੱਜ ਕੱਲ੍ਹ ਅਧਿਆਪਕ ਦਾ ਸਤਿਕਾਰ ਨਹੀਂ ਰਿਹਾ' -ਇਹ ਪ੍ਰਚੱਲਤ ਧਾਰਨਾ ਇਸ ਗੱਲੋਂ ਸਹੀ ਨਹੀਂ ਜਾਪਦੀ।

**ਖ਼ੈਰ ! ਉਹ ਦੂਜੀ ਘਟਨਾ ਕੀ ਸੀ ?**

ਉਹ ਇਹ ਸੀ ਕਿ ਜਦ ਮਈ 1974 ਵਿੱਚ ਮੇਰੀਆਂ ਟਰੇਡ ਯੂਨੀਅਨ ਸਰਗਰਮੀਆਂ ਕਾਰਨ ਮੇਰੀ ਵਿਕਟੇਮਾਈਜ਼ੇਸ਼ਨ ਅਧੀਨ ਮੇਰੀ ਬਦਲੀ ਬਰਗਾੜੀ ਸਕੂਲ ਵਿਖੇ ਕੀਤੀ ਗਈ ਤਾਂ ਮਈ 74 ਨੂੰ ਹਾਜ਼ਰ ਹੋ ਕੇ ਉਜੇ ਮਸਾਂ 6 ਕੁ ਮਹੀਨੇ ਹੀ ਵਿਦਿਆਰਥੀਆਂ ਨੂੰ ਸਮਰਪਿਤ ਹੋ ਕੇ ਪੜ੍ਹਾਇਆ ਸੀ ਅਤੇ ਆਪਣੇ ਕੁਦਰਤੀ ਸੁਭਾਅ ਅਤੇ ਨਿਸਚਿਤ ਸਮਝ ਅਨੁਸਾਰ ਉਹਨਾਂ ਨਾਲ ਨੇੜਤਾ ਵਾਲਾ ਰਿਸਤਾ ਬਣਾ ਕੇ, ਉਹਨਾਂ ਉੱਪਰ ਭਰੋਸਾ ਕਰਕੇ, ਉਹਨਾਂ ਅੰਦਰ ਵਿਗਿਆਨ ਵਿਸ਼ੇ ਪ੍ਰਤੀ ਰੁਚੀ ਜਗਾਕੇ, ਆਲ-ਦੁਆਲੇ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਸਮਝਣ ਦੀ ਜਾਗ ਲਾਕੇ ਪੜ੍ਹਾਈ ਦੇ ਨਾਲ ਨਾਲ ਉਹਨਾਂ ਅੰਦਰ ਲੁਕੀ ਪ੍ਰਤਿਭਾ ਤੇ ਸਮਰੱਥਾ ਜਗਾ ਕੇ ਸੱਭਿਆਚਾਰਕ ਗਤੀਵਿਧੀਆਂ 'ਚ ਵੀ ਭਾਗ ਲੈਣ ਲਈ ਪ੍ਰੇਰਿਤ ਕਰਨਾ ਸ਼ੁਰੂ ਕੀਤਾ ਸੀ ਕਿ ਮੇਰੀ ਬਦਲੀ ਦੁਬਾਰਾ ਜਨਵਰੀ 1975 'ਚ ਗੁਰਦਾਸਪੁਰ ਜ਼ਿਲ੍ਹੇ ਦੇ ਜੰਮੂ ਹਿਮਾਚਲ ਬਾਰਡਰ ਕੋਲ ਸਥਿਤ ਇਕ ਸਕੂਲ ਸ. ਮਿਡਲ ਸਕੂਲ ਲਹਿਰੂਣ (ਧਾਰ ਬਲਾਕ) ਵਿਖੇ ਕਰ ਦਿੱਤੀ ਗਈ, ਜਿਸਦਾ ਮੇਰੇ ਵਿਦਿਆਰਥੀਆਂ ਨੂੰ ਵੀ ਪਤਾ ਲੱਗ ਗਿਆ।

ਪ੍ਰੰਤੂ ਮੇਰੀ ਇਸ ਦੂਜੀ ਬਦਲੀ ਵਿੱਚ ਤਕਨੀਕੀ ਖਾਮੀ ਇਹ ਸੀ ਕਿ ਇਹ ਬਦਲੀ ਮੇਰੇ ਖ਼ਿਲਾਫ਼ ਚੱਲਦੀ ਪਹਿਲੀ ਫਾਈਲ ਦੇ ਅਧਾਰ 'ਤੇ ਹੀ, ਮੇਰੇ ਪਿਛਲੇ ਸਕੂਲ (ਹਾਈ ਸਕੂਲ ਫੂਲ-ਬਠਿੰਡਾ) ਤੋਂ ਹੀ ਕਰ ਦਿੱਤੀ ਗਈ ਸੀ। ਬਦਲੀ ਦੇ ਹੁਕਮਾਂ ਵਿੱਚ ਬਰਗਾੜੀ ਸਕੂਲ ਦਾ ਕਿਤੇ ਜ਼ਿਕਰ ਨਹੀਂ ਸੀ ਜਿਸ ਕਰਕੇ ਮੈਨੂੰ ਤਕਨੀਕੀ ਤੌਰ ਤੇ ਬਰਗਾੜੀ ਸਕੂਲ ਤੋਂ ਫਾਰਗ ਨਹੀਂ ਸੀ ਕੀਤਾ ਜਾ ਸਕਦਾ। ਜਿਸ ਅਧਾਰ ਤੇ ਉੱਪਰੋਂ ਡੀ. ਪੀ. ਆਈ. (ਸ) ਚੰਡੀਗੜ੍ਹ ਦੇ ਦਫ਼ਤਰੋਂ ਲਗਾਤਾਰ ਟੈਲੀਫੋਨ ਉੱਪਰ ਮੈਨੂੰ ਫਾਰਗ ਕਰਨ ਦੇ ਆ ਰਹੇ ਹੁਕਮਾਂ ਦੇ ਬਾਵਜੂਦ ਉਸ ਸਮੇਂ ਦੇ ਬਰਗਾੜੀ ਸਕੂਲ ਦੇ ਮੁੱਖ ਅਧਿਆਪਕ ਜੋਗਿੰਦਰ ਸਿੰਘ ਨੇ (ਜੋ ਕਿ ਇਕ ਨਿਹਾਇਤ ਨੇਕ ਤੇ ਸ਼ਰੀਫ਼ ਇਨਸਾਨ ਸਨ) ਮੈਨੂੰ ਫਾਰਗ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉੱਪਰ ਲਿਖਕੇ ਭੇਜ ਦਿੱਤਾ ਕਿ ਕਿਉਂਕਿ ਬਰਗਾੜੀ ਸਕੂਲ ਤੋਂ ਕਿਸੇ ਯਸ਼ਪਾਲ ਦੀ ਬਦਲੀ ਦੇ ਹੁਕਮ ਨਹੀਂ ਹੋਏ ਇਸ ਲਈ ਯਸ਼ਪਾਲ ਨੂੰ ਫਾਰਗ ਨਹੀਂ ਕੀਤਾ ਜਾ ਸਕਦਾ।

**ਮੇਰੀ ਮੁੜ ਬਦਲੀ ਵਿਰੁੱਧ ਵਿਦਿਆਰਥੀਆਂ-ਮਾਪਿਆਂ ਨੇ ਜੋ ਰੰਗ ਦਿਖਾਇਆ**

ਕਿਸੇ ਮੁੱਖ ਅਧਿਆਪਕ ਵੱਲੋਂ ਇਉਂ ਲਿਖਕੇ ਉੱਚ ਅਧਿਕਾਰੀ ਨੂੰ ਉੱਪਰ ਭੇਜਣਾ ਵੀ ਬਹੁਤ ਵੱਡੀ ਹਿੰਮਤ ਵਾਲੀ ਗੱਲ ਸੀ ਪ੍ਰੰਤੂ ਇਸਤੋਂ ਵੀ ਵੱਡੀ ਅਤੇ ਮਹੱਤਵਪੂਰਨ ਗੱਲ ਮੇਰੇ ਵਿਦਿਆਰਥੀਆਂ ਅਤੇ ਮੇਰੇ ਸਹਿਯੋਗੀ ਅਧਿਆਪਕਾਂ ਵੱਲੋਂ (ਜਿਨ੍ਹਾਂ ਨਾਲ ਮੈਂ ਅਜੇ 6-7 ਮਹੀਨੇ ਹੀ ਵਿਚਰਿਆ ਸੀ) ਦਿਖਾਇਆ ਪ੍ਰਤੀਕਰਮ। 6ਵੀਂ ਤੋਂ ਲੈ ਕੇ 10ਵੀਂ ਤੱਕ ਦੇ ਮੇਰੇ ਵਿਦਿਆਰਥੀ ਅਤੇ ਵਿਦਿਆਰਥਣਾਂ ਮੇਰੀ ਬਦਲੀ ਰੱਦ ਕਰਵਾਉਣ ਲਈ ਸਕੂਲ ਅੰਦਰ ਹੜਤਾਲ ਕਰਕੇ, ਪਿੰਡ ਬਰਗਾੜੀ ਵਿੱਚ ਭਾਰੀ ਮੁਜ਼ਾਹਰਾ ਵੀ ਕੀਤਾ। ਮੇਰੀ ਯਾਦਦਾਸ਼ਤ ਅਨੁਸਾਰ ਇਸ ਕਾਰਜ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਮੇਰੇ ਵਿਦਿਆਰਥੀਆਂ ਵਿੱਚ ਗਮਦੂਰ ਸਿੰਘ, ਪਿਰਥਾ ਸਿੰਘ (ਰਣ ਸਿੰਘ ਵਾਲਾ), ਜਲੰਧਰ ਸਿੰਘ, ਅਮਰਜੀਤ ਸਿੰਘ, ਰੁਪਿੰਦਰ ਸਿੰਘ (ਗੋਦਾਰਾ), ਸੁਰਿੰਦਰ ਸਿੰਘ, ਹਰਿੰਦਰ ਸਿੰਘ, ਪ੍ਰਦੀਪ ਕੁਮਾਰ, ਅਸ਼ੋਕ ਕੁਮਾਰ (ਬਰਗਾੜੀ) ਆਦਿ ਸਨ; ਜਿਨ੍ਹਾਂ ਵਿੱਚੋਂ ਇਸ ਸਮੇਂ ਕਈ ਅਧਿਆਪਕ, ਡਾਕਟਰ ਅਤੇ ਹੋਰ ਅਹੁਦਿਆਂ ਉੱਤੇ ਲੱਗੇ ਹੋਏ ਹਨ। ਸਕੂਲ਼ ਦੇ ਅਧਿਆਪਕਾਂ ਦਾ ਸਹਿਯੋਗ ਅਤੇ ਹਮਦਰਦੀ ਉਹਨਾਂ ਦੇ ਨਾਲ ਸੀ।

ਇਹਨਾਂ ਵਿਦਿਆਰਥੀਆਂ ਨੇ ਹੀ ਮੂਹਰੇ ਲੱਗ ਕੇ ਆਪਣੇ ਮਾਪਿਆਂ ਦੇ ਸਹਿਯੋਗ ਨਾਲ ਬਰਗਾੜੀ ਸਕੂਲ ਨੂੰ ਪੈਂਦੇ 15 ਪਿੰਡਾਂ ਦੀਆਂ ਪੰਚਾਇਤਾਂ ਤੱਕ ਪਹੁੰਚ ਕਰਕੇ ਮੇਰੀ ਬਦਲੀ ਰੱਦ ਕਰਨ ਸਬੰਧੀ ਇਹਨਾਂ ਪਿੰਡਾਂ ਦੀਆਂ ਪੰਚਾਇਤਾਂ ਦੇ ਮਤੇ ਪਵਾਕੇ ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) ਸਿੱਖਿਆ ਮੰਤਰੀ ਅਤੇ ਉੱਚ ਸਿੱਖਿਆ ਅਧਿਕਾਰੀਆਂ ਨੂੰ ਰਜਿਸਟਰੀ ਕਰਵਾ ਕੇ ਭੇਜੇ ਗਏ ਅਤੇ ਅਖ਼ਬਾਰਾਂ ਅੰਦਰ ਇਸ ਦੀਆਂ ਖ਼ਬਰਾਂ ਲਗਵਾਈਆਂ ਗਈਆਂ (ਉਸ ਸਮੇਂ ਅਖ਼ਬਾਰਾਂ/ਮੀਡੀਆ ਦਾ ਦਾਇਰਾ ਬੜਾ ਸੀਮਤ ਹੀ ਸੀ)।

ਇਉਂ ਇਹ ਸਿਲਸਿਲਾ ਦੋ ਤਿੰਨ ਮਹੀਨੇ ਚੱਲਦਾ ਰਿਹਾ, ਜਿਸਦਾ ਸਿੱਟਾ ਇਹ ਹੋਇਆ ਕਿ ਤਕਨੀਕੀ ਤੌਰ ਤੇ ਮੈਨੂੰ ਫਾਰਗ ਨਹੀਂ ਸੀ ਕੀਤਾ ਜਾ ਸਕਦਾ, ਜਿੰਨਾਂ ਚਿਰ ਬਦਲੀ ਦੇ ਹੁਕਮਾਂ ਵਿੱਚ ਸੋਧ ਨਹੀਂ ਕੀਤੀ ਜਾਂਦੀ। ਤੇ ਦੂਜੇ ਪਾਸੇ ਮੈਂ ਸਮਝਦਾ ਹਾਂ- ਉਹਨਾਂ ਪੰਚਾਇਤੀ ਮਤਿਆਂ ਅਤੇ ਵਿਦਿਆਰਥੀਆਂ ਦੀ ਵਿਰੋਧ ਦੀ ਆਵਾਜ਼ ਸਦਕਾ, ਜੰਮੂ-ਹਿਮਾਚਲ ਬਾਰਡਰ 'ਤੇ ਕੀਤੀ ਮੇਰੀ ਬਦਲੀ ਲਾਗੂ ਨਹੀਂ ਹੋ ਸਕੀ। ਉਹਨਾਂ ਹੁਕਮਾਂ 'ਚ ਸੋਧ ਨਹੀਂ ਹੋਈ ਤੇ ਬਦਲੀ ਦਾ ਇਹ ਮਸਲਾ ਉੱਥੇ ਹੀ ਠੱਪ ਹੋ ਗਿਆ। ਮੈਂ ਇਸ ਬਦਲੀ ਸਬੰਧੀ ਚੰਡੀਗੜ੍ਹ ਦੇ ਦਫ਼ਤਰ ਜਾਕੇ ਉਸਦਾ ਮੂੰਹ ਵੀ ਨਹੀਂ ਦੇਖਿਆ ਸਾਰੇ ਸਮੇਂ ਦੌਰਾਨ।

ਮਾਰਚ ਵਿੱਚ ਬੋਰਡ ਦੀਆਂ ਪ੍ਰੀਖਿਆਵਾਂ ਆ ਗਈਆਂ। ਜਦ ਬੋਰਡ ਦੀ ਪ੍ਰੀਖਿਆ ਦਾ ਨਤੀਜਾ ਅਇਆ ਤਾਂ ਮੇਰੀਆਂ ਬੋਰਡ ਦੀਆਂ ਜਮਾਤਾਂ ਦਾ ਨਤੀਜਾ ਲਗਭਗ 100% ਸੀ, ਜੋ ਕਿ ਬਰਗਾੜੀ ਸਕੂਲ ਦਾ ਸਾਇੰਸ ਵਿਸ਼ੇ ਦਾ ਕਾਫ਼ੀ ਲੰਮੇ ਸਮੇਂ ਬਾਅਦ ਆਇਆ ਇਕ ਚੰਗਾ ਨਤੀਜਾ ਸੀ। ਇਸ ਨਾਲ ਮੇਰੇ ਪ੍ਰਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਸਤਿਕਾਰ ਤੇ ਹਮਦਰਦੀ 'ਚ ਹੋਰ ਵਾਧਾ ਹੋਇਆ।

ਤੇ ਫਿਰ ਜੂਨ 1975 'ਚ ਐਮਰਜੈਂਸੀ ਲੱਗ ਗਈ ਅਤੇ ਮੇਰੀ ਗ੍ਰਿਫਤਾਰੀ ਵਾਲੀ ਘਟਨਾ ਵਾਪਰ ਗਈ। ਲਗਭਗ 8 ਮਹੀਨੇ ਬਠਿੰਡਾ ਜੇਲ੍ਹ ਤੇ ਸੰਗਰੂਰ ਜੇਲ੍ਹ 'ਚ ਬਿਤਾਏ। ਵਿਭਾਗ ਵੱਲੋਂ ਬਾਵਜੂਦ ਮੇਰੇ ਅਤੇ ਸਕੂਲ ਮੁਖੀ ਵੱਲੋਂ ਸੂਚਿਤ ਕਰਨ ਦੇ ਮੈਨੂੰ ਮੁਅੱਤਲ ਵੀ ਨਾ ਕੀਤਾ ਗਿਆ। ਜੂਨ 76 ਦੇ ਅੰਤ ਵਿੱਚ ਮੈਂ ਜ਼ਮਾਨਤ ਉੱਤੇ ਬਾਹਰ ਆਇਆ। ਆਕੇ ਖੁਦ ਮੁਅੱਤਲੀ ਦੇ ਕੇਸ ਦੀ ਪੈਰਵਾਈ ਕਰਕੇ, ਵਿਭਾਗ ਵੱਲੋਂ ਮੇਰੀ ਗ੍ਰਿਫਤਾਰੀ ਤੋਂ ਲਗਭਗ ਇਕ ਸਾਲ ਬਾਅਦ ਜਾਕੇ ਮੁਅੱਤਲੀ ਕਰਵਾਈ। ਕੁੱਲ ਦੋ ਸਾਲਾਂ ਦੀ ਮੁਅਤਲੀ ਤੋਂ ਬਾਅਦ, ਐਮਰਜੈਂਸੀ ਖ਼ਤਮ ਹੋਣ ਉਪਰੰਤ ਡੀ. ਆਈ. ਆਰ. ਦੇ ਪਾਏ ਕੇਸ ਵਾਪਸ ਹੋਣ ਤੇ ਮੈਂ ਮੁੜ ਬਹਾਲ ਹੋਇਆ।

ਐਮਰਜੈਂਸੀ ਖ਼ਤਮ ਹੋਣ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਹਾਰ ਗਈ। ਪੰਜਾਬ ਵਿੱਚ ਅਕਾਲੀ ਸਰਕਾਰ ਬਣ ਗਈ। ਐਮਰਜੈਂਸੀ ਤੋਂ ਪਹਿਲਾਂ ਅਤੇ ਐਮਰਜੈਂਸੀ ਦੇ ਦੌਰਾਨ ਪੰਜਾਬ ਪੱਧਰ ਤੇ ਹੋਈਆਂ ਅਧਿਆਪਕਾਂ ਦੀਆਂ ਬਦਲੀਆਂ ਦਾ ਮਸਲਾ ਉਸ ਸਮੇਂ ਦੀ ਸਾਂਝੀ ਜੱਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ (ਜਿਸਦੀ ਜ਼ਿਲ੍ਹਾ ਬਠਿੰਡਾ ਦੀ ਜ਼ਿਲ੍ਹਾ ਪ੍ਰਧਾਨਗੀ ਦੀ ਚੋਣ ਵੀ ਮੈਂ ਬਰਗਾੜੀ ਸਕੂਲ 'ਚ ਹੁੰਦੇ ਹੋਏ ਜੇਲ੍ਹੋਂ ਬਾਹਰ ਆ ਕੇ ਮੁੜ ਵਾਰੰਟਡ ਹੁੰਦੇ ਹੋਏ, ਅਕਤੂਬਰ 1976 ਵਿੱਚ ਰੂਪੋਸ਼ ਰਹਿਕੇ ਲੜੀ) ਸਰਕਾਰ ਕੋਲ ਉਠਾਉਣ ਉੱਤੇ ਸਾਡੀਆਂ ਬਦਲੀਆਂ ਰੱਦ ਹੋ ਗਈਆਂ ਤੇ ਮੈਂ ਬਰਗਾੜੀ ਸਕੂਲ ਤੋਂ ਫਾਰਗ ਹੋ ਕੇ 25 ਅਗਸਤ 1977 ਨੂੰ ਮੁੜ ਆਪਣੇ ਪਹਿਲੇ ਸਕੂਲ ਸਰਕਾਰੀ ਹਾਈ ਸਕੂਲ ਫੂਲ (ਬਠਿੰਡਾ) ਵਿਖੇ ਹਾਜ਼ਰ ਹੋ ਗਿਆ। ਇਉਂ ਬਰਗਾੜੀ ਸਕੂਲ ਦੇ ਮੇਰੇ ਕੁੱਲ ਸਵਾ ਤਿੰਨ ਸਾਲ ਦੇ ਅਰਸੇ ਦੌਰਾਨ ਮੈਂ ਉੱਥੋਂ ਦੇ ਵਿਦਿਆਰਥੀਆਂ ਨੂੰ ਡੇਢ ਸਾਲ ਹੀ ਪੜ੍ਹਾ ਸਕਿਆ।

**ਇਕ ਪ੍ਰਤੀਬੱਧ ਅਧਿਆਪਕ ਹੀ ਇਕ ਪ੍ਰਤੀਬੱਧ ਟਰੇਡ ਯੂਨੀਅਨਿਸਟ ਹੋ ਸਕਦਾ ਹੈ**

ਬਰਗਾੜੀ ਸਕੂਲ ਵਿੱਚ ਮੇਰੇ ਦੁਆਰਾ ਬਿਤਾਏ ਸਾਰੇ ਅਰਸੇ ਦੌਰਾਨ ਮੇਰੇ ਵਿਦਿਆਰਥੀਆਂ ਵੱਲੋਂ ਮੇਰੇ ਪ੍ਰਤੀ ਦਿਖਾਏ ਸਤਿਕਾਰ ਤੇ ਪਾਲੀ ਗਈ ਵਫ਼ਾ ਤੋਂ ਮੈਨੂੰ ਬੜੀ ਸ਼ਿੱਦਤ ਨਾਲ ਇਹ ਅਹਿਸਾਸ ਹੋਇਆ ਹੈ ਕਿ ਜੇ ਕੋਈ ਅਧਿਆਪਕ ਵਿਦਿਆਰਥੀਆਂ ਦੇ ਸੁਪਨ-ਸੰਸਾਰ ਨੂੰ ਸਮਝ ਕੇ ਉਹਨਾਂ ਦੇ ਜਜ਼ਬਾਤਾਂ ਤੇ ਵਲਵਲਿਆਂ ਨੂੰ ਟੁੰਬਣ ਵਾਲੀ ਧੁਨ ਛੇੜਦਾ ਹੈ, ਉਹਨਾਂ ਨੂੰ ਪਾਠਕ੍ਰਮ ਅਧਾਰਤ ਅਕਾਦਮਿਕ ਸਿੱਖਿਆ ਦੇ ਨਾਲ ਨਾਲ ਸਮਾਜਿਕ ਰਾਜਸੀ ਸੱਭਿਆਚਾਰਕ ਜ਼ਿੰਦਗੀ ਦੇ ਗਿਆਨ ਦਾ ਚਾਨਣ ਵੀ ਵੰਡਦਾ ਰਹਿੰਦਾ ਹੈ ਤਾਂ ਕੋਈ ਕਾਰਨ ਨਹੀਂ ਕਿ ਵਿਦਿਆਰਥੀ ਤੇ ਉਹਨਾਂ ਦੇ ਮਾਪੇ, ਉਸਦਾ ਆਦਰ ਮਾਣ ਅਤੇ ਸਤਿਕਾਰ ਨਾ ਕਰਨ।

ਜਿਹੜੇ ਵਿਦਿਆਰਥੀ ਅੱਜ ਤੋਂ 40-45 ਵਰ੍ਹੇ ਪਹਿਲਾਂ ਮੇਰੇ ਤੋਂ ਪੜ੍ਹੇ ਹਨ, ਉਹ ਜਦ ਵੀ ਮਿਲਦੇ ਹਨ ਤਾਂ ਉਹ ਓਨਾ ਹੀ ਸਤਿਕਾਰ ਕਰਦੇ ਹਨ ਜਿੰਨਾਂ ਵਿਦਿਆਰਥੀ ਹੋਣ ਸਮੇਂ ਕਰਦੇ ਸਨ; ਭਾਵੇਂ ਉਹ ਹੁਣ ਕਿਸੇ ਵੀ ਅਹੁਦੇ ਉੱਤੇ ਲੱਗੇ ਹੋਏ ਹਨ- ਇਹ ਮੇਰਾ ਆਪਣਾ ਪ੍ਰਤੱਖ ਜ਼ਾਤੀ ਤਜ਼ਰਬਾ ਹੈ।

ਉਂਝ ਮੈਂ ਆਪਣੀ ਸਾਰੀ ਅਧਿਆਪਕ ਕਿੱਤੇ ਦੀ, ਲਗਭਗ 39 ਸਾਲਾਂ ਦੀ ਸੇਵਾ ਦੌਰਾਨ, ਟਰੇਡ ਯੂਨੀਅਨ ਸਰਗਰਮੀਆਂ ਕਰਦੇ ਹੋਏ ਇਕ ਅਧਿਆਪਕ ਆਗੂ ਵਜੋਂ ਵਿਚਰਦੇ ਹੋਏ ਇਸ ਧਾਰਨਾ ਤਹਿਤ ਹੀ ਵਿਦਿਆਰਥੀਆਂ ਨੂੰ ਪੜ੍ਹਾਇਆ ਹੈ ਕਿ ਆਪਣੇ ਕਿੱਤੇ ਪ੍ਰਤੀ ਸਮਰਪਿਤ ਅਤੇ ਪ੍ਰਤੀਬੱਧ ਅਧਿਆਪਕ ਹੀ ਇਕ ਪ੍ਰਤੀਬੱਧ ਟਰੇਡ ਯੂਨੀਅਨਿਸਟ ਹੋ ਸਕਦਾ ਹੈ। ਜੇ ਕੋਈ ਅਧਿਆਪਕ ਆਗੂ ਆਪਣੇ ਵਿਦਿਆਰਥੀਆਂ ਪ੍ਰਤੀ ਅਤੇ ਆਪਣੇ ਕਿੱਤੇ ਪ੍ਰਤੀ ਪ੍ਰਤੀਬੱਧ ਨਹੀਂ ਹੈ ਤਾਂ ਉਹ ਆਗੂ ਆਪਣੀ ਯੂਨੀਅਨ/ਜਥੇਬੰਦੀ ਅੰਦਰ ਵੀ ਪ੍ਰਤੀਬੱਧ ਨਹੀਂ ਰਹਿ ਸਕਦਾ। ਸਾਂਝੀ ਜੱਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਤੇ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਅੰਦਰ ਲੰਬਾ ਸਮਾਂ ਕੰਮ ਕਰਦੇ ਹੋਏ, ਮੈਨੂੰ ਇਸ ਹਕੀਕਤ ਦਾ ਬੋਧ ਹੋਇਆ ਹੈ। ਇਸ ਸੰਦਰਭ ਵਿੱਚ ਅਧਿਆਪਕ ਜੱਥੇਬੰਦੀਆਂ ਦੇ ਵੱਖ-ਵੱਖ ਆਗੂਆਂ ਦੇ ਵਰਤਾਓ ਦਾ ਹਾਂ ਪੱਖੀ ਤੇ ਨਾਂਹ ਪੱਖੀ ਠੋਸ ਇਜ਼ਹਾਰ ਹੁੰਦਾ ਦੇਖਿਆ ਗਿਆ ਹੈ।

ਬਰਗਾੜੀ ਸਕੂਲ ਅੰਦਰ ਗੁਜ਼ਾਰੇ ਸਮੇਂ ਦੌਰਾਨ ਵਿਦਿਆਰਥੀਆਂ ਤੋਂ ਬਿਨਾਂ ਉਸ ਸਮੇਂ ਮੇਰੇ ਨਾਲ ਕੰਮ ਕਰਦੇ ਮੇਰੇ ਸਹਿਕਰਮੀ ਅਧਿਆਪਕ ਵੀ ਜਿਹਨ 'ਚ ਘੁੰਮ ਰਹੇ ਹਨ, ਜਿਨ੍ਹਾਂ ਨੇ ਮੇਰੀ ਜ਼ਿੰਦਗੀ ਦੇ ਉਸ ਨਾਜ਼ੁਕ ਦੌਰ ਸਮੇਂ ਮੇਰੇ ਵੱਲ ਹਰ ਪਲ ਸਹਿਯੋਗ ਦਾ ਹੱਥ ਵਧਾਇਆ। ਇਉਂ ਬਰਗਾੜੀ ਸਕੂਲ ਮੇਰੀਆਂ ਅਤੀਤ ਦੀਆਂ ਯਾਦਾਂ ਵਿੱਚ ਇਕ ਅਮਿੱਟ ਛਾਪ ਛੱਡ ਗਿਆ। ਬਰਗਾੜੀ ਸਕੂਲ ਦਾ ਦੌਰ ਮੇਰੀ ਜ਼ਿੰਦਗੀ ਦਾ ਸਭ ਤੋਂ ਨਾਜ਼ੁਕ ਤੇ ਉਥਲ-ਪੁਥਲ ਭਰਿਆ ਦੌਰ ਸੀ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।



# ਅੱਜ ਆਲਮੀ ਚਾਕਲੇਟ ਦਿਹਾੜੇ 'ਤੇ ਤੁਹਾਡੇ ਨਾਲ਼ ਸਾਂਝਾ ਕਰ ਰਹੇ ਹਾਂ ਇਸ ਮਿੱਠੀ ਸਨਅਤ ਪਿਛਲੇ ਕੌੜੇ, ਘਿਨਾਉਣੇ ਸੱਚ ਬਾਰੇ




- ਨਮਿਤਾ

ਚਾਕਲੇਟ ਦਾ ਨਾਮ ਸੁਣਦੇ ਹੀ ਸਭਨਾਂ ਲੋਕਾਂ ਦੇ ਮਨਾਂ ਵਿੱਚ ਮਿਠਾਸ ਘੁਲ ਜਾਂਦੀ ਹੈ? ਕੀ ਤੁਸੀਂ ਕਦੇ ਚਾਕਲੇਟ ਨੂੰ ਗਹੁ ਨਾਲ ਦੇਖਿਆ ਹੈ? ਜੇਕਰ ਨਹੀਂ ਤਾਂ ਇੱਕ ਵਾਰ ਉਸ ਨੂੰ ਚੁੱਕੋ, ਉਸਦੇ ਚਿਕਨੇ, ਮੁਲਾਇਮ, ਚਮਕਦਾਰ ਟੁਕੜਿਆਂ ਨੂੰ ਟਟੋਲੋ। ਸ਼ਾਇਦ ਉਸਦੇ ਅੰਦਰ ਤੁਹਾਨੂੰ ਉਨ੍ਹਾਂ ਬੱਚਿਆਂ ਦੀਆਂ ਚੀਕਾਂ ਸੁਣਾਈ ਦੇਣ ਜਿਨ੍ਹਾਂ ਨੇ ਇਸ ਨੂੰ ਤਿਆਰ ਕਰਨ ਵਿੱਚ ਆਪਣੇ ਹੱਥ, ਪੈਰ, ਮੋਢੇ ਆਦਿ ਜ਼ਖਮੀ ਕਰ ਲਏ ਹਨ, ਤੁਹਾਡੀ ਜੀਭ ਸਵਾਦੀ ਚਾਕਲੇਟ ਦਾ ਲੁਤਫ਼ ਲੈ ਸਕੇ ਇਸ ਲਈ ਆਪਣਾ ਬਚਪਨ ਗੁਆਇਆ ਹੈ।

ਜਿਸ ਚਾਕਲੇਟ ਨੂੰ ਖਾ ਕੇ ਲੋਕ ਮਾਨਸਿਕ ਸਕੂਨ ਹਾਸਲ ਕਰਦੇ ਹਨ, ਉਸ ਨੂੰ ਬਣਾਉਣ ਵਾਲੇ ਬਾਲ ਮਜਦੂਰਾਂ ਦਾ ਜੀਵਨ ਕਿਸ ਭਿਅੰਕਰ ਜ਼ਬਰ ਅਤੇ ਪੀੜਾਂ ਨੂੰ ਝੱਲਦਾ ਹੈ, ਇਸ ਨੂੰ ਜਾਨਣ ਲਈ ਪੱਛਮੀ ਅਫਰੀਕਾ ਅਤੇ ਆਈਵਰੀ ਕੋਸਟ ਦੇ ਜੰਗਲਾਂ ਵਿੱਚ ਚੱਲਦੇ ਹਾਂ।

ਚਾਕਲੇਟ ਕੋਕੋਆ ਦੀਆਂ ਫ਼ਲੀਆਂ ਤੋਂ ਬਣਿਆ ਇੱਕ ਉਤਪਾਦ ਹੈ ਜੋ ਪੱਛਮੀ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਗਰਮ-ਖੰਡੀ ਮੁਲਕਾਂ ਵਿੱਚ ਪੈਦਾ ਹੁੰਦਾ ਹੈ। ਕੋਕੋਆ ਦੀਆਂ ਫ਼ਲੀਆਂ ਤੋਂ ਹੀ ਕੋਕੋਆ ਬਣਦਾ ਹੈ। ਪੱਛਮੀ ਅਫਰੀਕਾ ਦੇ ਮੁਲਕ, ਖ਼ਾਸ ਤੌਰ ਉੱਤੇ ਘਾਨਾ ਅਤੇ ਆਈਵਰੀ ਕੋਸਟ ਪੂਰੇ ਸੰਸਾਰ ਵਿੱਚ ਕੋਕੋਆ ਫ਼ਲੀਆਂ ਦਾ 70% ਤੋਂ ਵੀ ਜ਼ਿਆਦਾ ਹਿੱਸਾ ਸਪਲਾਈ ਕਰਦੇ ਹਨ।

ਚਾਕਲੇਟ ਸਨਅਤ ਬਹੁਤ ਹੀ ਗੁਪਤ ਤਰੀਕੇ ਨਾਲ ਕੰਮ ਕਰਦੀ ਹੈ। ਉੱਥੋਂ ਦੇ ਬਾਲ-ਮਜ਼ਦੂਰਾਂ ਦੇ ਭਿਅੰਕਰ ਸ਼ੋਸ਼ਣ ਅਤੇ ਗੁਲਾਮੀ ਦੀਆਂ ਤਸਵੀਰਾਂ ਜਲਦ ਸਾਹਮਣੇ ਨਹੀਂ ਆ ਪਾਉਂਦੀਆਂ ਕਿਉਂਕਿ ਜੋ ਪੱਤਰਕਾਰ ਸਰਕਾਰੀ ਭ੍ਰਿਸ਼ਟਾਚਾਰ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਉਸ ਨੂੰ ਜਾਂ ਤਾਂ ਅਗਵਾ ਕਰ ਲਿਆ ਜਾਂਦਾ ਹੈ ਜਾਂ ਮਾਰ ਦਿੱਤਾ ਜਾਂਦਾ ਹੈ। 2010 ਦੇ ਇੱਕ ਮਾਮਲੇ ਵਿੱਚ ਆਈਵਰੀ ਕੋਸਟ ਦੀ ਸਰਕਾਰ ਨੇ ਤਿੰਨ ਪੱਤਰਕਾਰਾਂ ਨੂੰ ਉਹ ਰਿਪੋਰਟ ਨਾ ਛਾਪਣ ਦੀ ਧਮਕੀ ਦਿੱਤੀ ਜੋ ਕੋਕੋਆ ਸੈਕਟਰ ਦੇ ਅਣ-ਮਨੁੱਖੀ ਹਾਲਤਾਂ ਨੂੰ ਉਜਾਗਰ ਕਰਦੀ ਸੀ।

ਪੱਛਮੀ ਅਫਰੀਕਾ ਅੰਤਰਰਾਸ਼ਟਰੀ ਪੱਧਰ ਉੱਤੇ ਕੋਕੋਆ ਸਪਲਾਈ ਕਰਦਾ ਹੈ। ਵੱਡੀਆਂ-ਵੱਡੀਆਂ ਕੰਪਨੀਆਂ (ਜਿਵੇਂ ਕਿ ਹਰਸ਼ਲੇ, ਨੈਸਲੇ, ਮਾਰਕ ਆਦਿ) ਵੀ ਏਥੋਂ ਹੀ ਕੋਕੋਆ ਖਰੀਦਦੀਆਂ ਹਨ। ਅਮਰੀਕਾ ਦੀ ਸਭ ਤੋਂ ਵੱਡੀ ਕੰਪਨੀ ਹਰਸ਼ਲੇ ਸਾਲਾਨਾ 40 ਕਰੋੜ ਕਿੱਲੋ ਚਾਕਲੇਟ ਦੀ ਪੈਦਾਵਾਰ ਕਰਦੀ ਹੈ। ਇੱਕ ਰਿਪੋਰਟ ਅਨੁਸਾਰ 2010 ਵਿੱਚ ਚਾਕਲੇਟ ਦਾ ਬਾਜ਼ਾਰ 4244 ਕਰੋੜ ਡਾਲਰ ਸੀ ਜੋ 2016 ਵਿੱਚ ਵਧਕੇ 5014 ਕਰੋੜ ਹੋ ਗਿਆ। ਪੱਛਮੀ ਅਫਰੀਕਾ ਵਿੱਚ ਕੋਕੋਆ ਅਜਿਹੀ ਫ਼ਸਲ ਹੈ ਜੋ ਮੁੱਖ ਤੌਰ ਉੱਤੇ ਬਾਜ਼ਾਰ ਲਈ ਹੀ ਪੈਦਾ ਕੀਤੀ ਜਾਂਦੀ ਹੈ। ਅਤੇ ਆਈਵਰੀ ਕੋਸਟ ਦਾ 60% ਮਾਲੀਆ ਕੋਕੋਆ ਦੀ ਬਰਾਮਦ ਤੋਂ ਹੀ ਆਉਂਦਾ ਹੈ। ਕਿਉਂਕਿ ਚਾਕਲੇਟ ਸਨਅਤ ਵਿੱਚ ਲਗਭਗ ਹਰ ਸਾਲ ਹੀ ਵਾਧਾ ਹੁੰਦਾ ਹੈ, ਇਸ ਲਈ ਕੋਕੋਆ ਦੀ ਮੰਗ ਵੀ ਵਧਦੀ ਜਾਂਦੀ ਹੈ। ਜੋ ਕਿਸਾਨ ਸਿਰਫ਼ ਕੋਕੋਆ ਪੈਦਾ ਕਰਦੇ ਹਨ ਉਹ ਰੋਜ਼ਾਨਾ 2 ਡਾਲਰ ਤੋਂ ਵੀ ਘੱਟ ਕਮਾ ਪਾਉਂਦੇ ਹਨ। ਇਸ ਲਈ ਉਹ ਗਰੀਬੀ ਰੇਖਾ ਤੋਂ ਵੀ ਕਿਤੇ ਹੇਠਾਂ ਰਹਿਣ ਲਈ ਮਜਬੂਰ ਹੁੰਦੇ ਹਨ। ਇਸ ਲਈ ਖ਼ੁਦ ਨੂੰ ਜਿਉਂਦਾ ਰੱਖਣ ਲਈ ਉਹ ਬੱਚਿਆਂ ਤੋਂ ਕੰਮ ਕਰਵਾਉਂਦੇ ਹਨ।

ਪੱਛਮੀ ਅਫਰੀਕਾ ਦੇ ਜਿਆਦਾਤਰ ਬੱਚੇ ਭਿਅੰਕਰ ਗਰੀਬੀ ਦੀ ਹਾਲਤ ਵਿੱਚ ਹਨ, ਇਸ ਲਈ ਆਪਣੇ ਪਰਿਵਾਰਾਂ ਦਾ ਆਸਰਾ ਬਣਨ ਲਈ ਉਹ ਛੋਟੀ ਉਮਰ ਤੋਂ ਹੀ ਕੰਮ ਕਰਨ ਲੱਗ ਜਾਂਦੇ ਹਨ। ਕੁੱਝ ਬੱਚੇ ਤਸਕਰਾਂ ਰਾਹੀਂ ਕੋਕੋਆ ਫਾਰਮਾਂ ਵਿੱਚ ਲਿਆਏ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਕੰਮ ਦੀ ਲੋੜ ਹੁੰਦੀ ਹੈ ਅਤੇ ਤਸਕਰ ਉਹਨਾਂ ਦੇ ਰਿਸ਼ਤੇਦਾਰਾਂ ਅਤੇ ਪਰਿਵਾਰ ਵਾਲਿਆਂ ਨੂੰ ਚੰਗੀ ਤਨਖ਼ਾਹ ਦਾ ਵਾਅਦਾ ਕਰਕੇ ਲੈ ਆਉਂਦੇ ਹਨ ਅਤੇ ਅੱਗੇ ਫਾਰਮ ਮਾਲਕਾਂ ਕੋਲ ਵੇਚ ਦਿੰਦੇ ਹਨ। ਕਿਉਂਕਿ ਬੱਚਿਆਂ ਦੇ ਪਰਿਵਾਰ ਵਾਲੇ ਕੰਮ ਦੀਆਂ ਖ਼ਤਰਨਾਕ ਹਾਲਤਾਂ ਤੋਂ ਬੇਖ਼ਬਰ ਹੁੰਦੇ ਹਨ ਅਤੇ ਉਹਨਾਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉੱਥੇ ਪੜ੍ਹਾਈ ਦਾ ਪ੍ਰਬੰਧ ਨਹੀਂ ਹੈ, ਇਸ ਲਈ ਉਹ ਤਸਕਰਾਂ ਦੇ ਝਾਂਸੇ ਵਿੱਚ ਆ ਕੇ ਬੱਚਿਆਂ ਨੂੰ ਭੇਜ ਦਿੰਦੇ ਹਨ। ਇਹ ਤਸਕਰ ਇਹਨਾਂ ਬੱਚਿਆਂ ਨੂੰ ਅਫਰੀਕਾ ਦੇ ਆਸ-ਪਾਸ ਦੇ ਛੋਟੇ-ਛੋਟੇ ਮੁਲਕਾਂ, ਜਿਵੇਂ ਕਿ ਬੁਰਕਿਨਾ ਫਾਸੋ ਅਤੇ ਮਾਲੀ ਆਦਿ (ਜੋ ਸੰਸਾਰ ਦੇ ਸਭ ਤੋਂ ਗਰੀਬ ਮੁਲਕਾਂ ਵਿੱਚੋਂ ਹਨ) ਵਿੱਚ ਲੈ ਜਾਂਦੇ ਹਨ। ਇੱਕ ਵਾਰ ਕੋਕੋਆ ਫਾਰਮ ਵਿੱਚ ਲੱਗ ਜਾਣ ਤੋਂ ਬਾਅਦ ਇਹਨਾਂ ਬੱਚਿਆਂ ਨੂੰ ਕਈ-ਕਈ ਸਾਲਾਂ ਤੱਕ ਪਰਿਵਾਰ ਵਾਲਿਆਂ ਨਾਲ ਮਿਲਣ ਨਹੀਂ ਦਿੱਤਾ ਜਾਂਦਾ। ਆਉਣ ਵਾਲੇ ਇਹਨਾਂ ਬੱਚਿਆਂ ਦੀ ਔਸਤ ਉਮਰ 12-16 ਸਾਲ ਹੁੰਦੀ ਹੈ ਪਰ ਕਈ ਤਾਂ 5-5 ਸਾਲਾਂ ਦੇ ਵੀ ਹੁੰਦੇ ਹਨ . ਇਹਨਾਂ ਬੱਚਿਆਂ ਦਾ 40% ਹਿੱਸਾ ਕੁੜੀਆਂ ਹੁੰਦੀਆਂ ਹਨ।

ਇਹਨਾਂ ਦੇ ਦਿਨ ਦੀ ਸ਼ੁਰੂਆਤ ਸਵੇਰੇ 6 ਵਜੇ ਤੋਂ ਹੋ ਜਾਂਦੀ ਹੈ ਜੋ 12-14 ਘੰਟੇ ਲਗਾਤਾਰ ਚਲਦੀ ਹੈ। ਇਹਨਾਂ ਛੋਟੇ-ਛੋਟੇ ਬੱਚਿਆਂ ਵਿੱਚੋਂ ਕੁੱਝ ਆਰਿਆਂ ਨਾਲ ਪਹਿਲਾਂ ਜੰਗਲਾਂ ਨੂੰ ਸਾਫ਼ ਕਰਦੇ ਹਨ, ਕੁੱਝ ਕੋਕੋਆਂ ਦੇ ਰੁੱਖਾਂ ਉੱਤੇ ਚੜ੍ਹ ਕੇ ਬੀਜ ਤੋੜਦੇ ਹਨ (ਗੌਰਤਲਬ ਹੈ ਕਿ ਕੋਕੋਆ ਫ਼ਾਰਮਾਂ ਵਿੱਚ ਵਰਤੇ ਜਾਂਦੇ ਛੁਰੇ ਬੇਹੱਦ ਭਾਰੇ, ਲੰਬੇ ਅਤੇ ਤੇਜ਼ਧਾਰੀ ਹਥਿਆਰ ਹੁੰਦੇ ਹਨ)। ਬੀਜ ਤੋੜਨ ਤੋਂ ਮਗਰੋਂ ਉਨ੍ਹਾਂ ਨੂੰ ਲੰਬੇ ਬੋਰੇ ਵਿੱਚ ਭਰਕੇ ਜੰਗਲਾਂ ਤੋਂ ਬਾਹਰ ਲਿਜਾਇਆ ਜਾਂਦਾ ਹੈ। ਇੱਕ ਕੋਕੋਆ ਬਾਲ ਮਜ਼ਦੂਰ ਏਲੀ ਡਾਇਬੇਟ ਦੇ ਦੱਸਣ ਮੁਤਾਬਕ ਕੁੱਝ ਬੈਗ ਤਾਂ ਸਾਡੇ ਤੋਂ ਵੀ ਵੱਡੇ ਹੁੰਦੇ ਹਨ ਜਿਨ੍ਹਾਂ ਨੂੰ ਦੋ ਵਿਅਕਤੀ ਮਿਲਕੇ ਸਾਡੇ ਸਿਰ ਉੱਤੇ ਰੱਖ ਦਿੰਦੇ ਹਨ ਅਤੇ ਥੋੜ੍ਹੀ ਜਿਹੀ ਦੇਰੀ ਹੋਣ ਉੱਤੇ ਵੀ ਬੁਰੀ ਤਰਾਂ ਕੁੱਟਿਆ ਜਾਂਦਾ ਹੈ। ਸਿਰ ਉੱਤੇ ਭਾਰੀ ਬੋਝ ਰੱਖਣ ਤੋਂ ਇਲਾਵਾ ਇੱਕ ਹੱਥ ਵਿੱਚ ਬੀਜਾਂ ਦਾ ਵੱਡਾ ਗੁੱਛਾ ਵੀ ਫੜ੍ਹਨਾ ਪੈਂਦਾ ਹੈ।

ਅਤੇ ਇਹ ਕੰਮ ਐਥੇ ਹੀ ਖ਼ਤਮ ਨਹੀਂ ਹੋ ਜਾਂਦਾ? ਰੁੱਖਾਂ ਤੋਂ ਬੀਜ ਲਾਹੁਣ ਤੋਂ ਮਗਰੋਂ ਛੁਰੇ ਦੀ ਮਦਦ ਨਾਲ ਉਹਨਾਂ ਦਾ ਉੱਪਰੀ ਹਿੱਸਾ ਖੋਲ੍ਹਣਾ ਹੁੰਦਾ ਹੈ ਜਿਸ ਤੋਂ ਕਿ ਚਾਕਲੇਟ ਬਣਦਾ ਹੈ। ਵਾਰ-ਵਾਰ ਭਾਰੀ ਛੁਰੇ ਦੇ ਵਾਰ ਬੀਜਾਂ ਉੱਤੇ ਕਰਨੇ ਪੈਂਦੇ ਹਨ ਜਿਸ ਕਰਕੇ ਮਾਸ ਕੱਟ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜਿਆਦਾਤਰ ਬੱਚਿਆਂ ਦੇ ਹੱਥ, ਪੈਰ, ਬਾਹਾਂ, ਮੋਢਿਆਂ ਉੱਤੇ ਛੁਰੇ ਦੇ ਡੂੰਘੇ ਜ਼ਖਮ ਅਕਸਰ ਹੁੰਦੇ ਹਨ। ਇਸ ਤੋਂ ਇਲਾਵਾ, ਘਾਨਾ ਅਤੇ ਆਈਵਰੀ ਕੋਸਟ ਗਰਮ-ਖੰਡੀ ਖ਼ੇਤਰ ਹੋਣ ਕਾਰਨ ਬੀਜਾਂ ਉੱਤੇ ਬਹੁਤ ਸਾਰੇ ਕੀੜੇ ਲੱਗ ਜਾਂਦੇ ਹਨ ਜਿਨ੍ਹਾਂ ਨੂੰ ਖ਼ਤਮ ਕਰਨ ਲਈ ਜਿਆਦਾ ਮਾਤਰਾ ਵਿੱਚ ਕੈਮੀਕਲ ਦਾ ਇਸਤੇਮਾਲ ਕਰਨਾ ਪੈਂਦਾ ਹੈ। ਘਾਨਾ ਵਿੱਚ 10-10 ਸਾਲਾਂ ਦੇ ਇਹ ਬੱਚੇ ਬਿਨਾਂ ਕਿਸੇ ਸੁਰੱਖਿਆ ਇੰਤਜਾਮਾਂ ਤੋਂ ਇਹਨਾਂ ਖ਼ਤਰਨਾਕ ਰਸਾਇਣਾਂ ਦਾ ਛਿੜਕਾਅ ਕਰਦੇ ਹਨ? 12-14 ਘੰਟੇ ਹੱਡ-ਭੰਨਵੀਂ ਮਿਹਨਤ ਤੋਂ ਮਗਰੋਂ ਵੀ ਇਹਨਾਂ ਬੱਚਿਆਂ ਨੂੰ ਫ਼ਾਰਮ ਮਾਲਕ ਖਾਣੇ ਦੇ ਵਿੱਚ ਕੇਲੇ ਅਤੇ ਮੱਕ ਦਾ ਪੇਸਟ ਆਦਿ ਜਿਹਾ ਥੋੜਾ ਅਤੇ ਘਟਿਆ ਖਾਣਾ ਹੀ ਦਿੰਦੇ ਹਨ। ਨਾਲ ਹੀ, ਇਹਨਾਂ ਬੱਚਿਆਂ ਨੂੰ ਅਜਿਹੀਆਂ ਇਮਾਰਤਾਂ ਵਿੱਚ ਰਹਿਣਾ ਪੈਂਦਾ ਹੈ ਜਿੱਥੇ ਕੋਈ ਬਾਰੀਆਂ ਤੱਕ ਨਹੀਂ ਹੁੰਦੀਆਂ ਅਤੇ ਪੀਣ ਵਾਲੇ ਸਾਫ਼ ਪਾਣੀ ਜਾਂ ਗੁਸਲਖਾਨੇ ਦਾ ਇੰਤਜਾਮ ਵੀ ਨਹੀਂ ਹੁੰਦਾ। ਇਹਨਾਂ ਨੂੰ ਸੌਣਾ ਵੀ ਲੱਕੜ ਦੇ ਸਖ਼ਤ ਤਖਤਿਆਂ ਉੱਤੇ ਹੀ ਪੈਂਦਾ ਹੈ।

ਜੇਕਰ ਕੋਈ ਬੱਚਾ ਹੌਲੀ ਗਤੀ ਨਾਲ ਕੰਮ ਕਰਦਾ ਹੈ ਜਾਂ ਕੰਮ ਵਿੱਚ ਸੁਸਤੀ ਦਿਖਾਉਂਦਾ ਹੈ ਤਾਂ ਉਸ ਨੂੰ ਬੁਰੀ ਤਰਾਂ ਕੁੱਟਿਆ-ਮਾਰਿਆ ਜਾਂਦਾ ਹੈ। ਉਹਨਾਂ ਦੇ ਜਬਰ ਤੋਂ ਤੰਗ ਆ ਕੇ ਬੱਚੇ ਭੱਜ ਨਾ ਜਾਣ ਇਸ ਲਈ ਰਾਤ ਨੂੰ ਉਹਨਾਂ ਦੇ ਕਮਰਿਆਂ ਨੂੰ ਬਾਹਰੋਂ ਤਾਲੇ ਲਾ ਦਿੱਤੇ ਜਾਂਦੇ ਹਨ। ਘਾਨਾ ਦੇ ਕੋਕੋਆ ਫ਼ਾਰਮਾਂ ਵਿੱਚ 10% ਅਤੇ ਆਈਵਰੀ ਕੋਸਟ ਦੇ 40% ਬੱਚੇ ਸਕੂਲ ਨਹੀਂ ਜਾਂਦੇ। ਸਿੱਖਿਆ ਦੀ ਘਾਟ ਕਰਕੇ ਇਹਨਾਂ ਬੱਚਿਆਂ ਕੋਲ ਗਰੀਬੀ ਹਟਾਉਣ ਦਾ ਵੀ ਕੋਈ ਹੋਰ ਰਾਹ ਨਹੀਂ ਬਚਦਾ। ਇੱਕ ਕੋਕੋਆ ਗੁਲਾਮ ਨੇ ਦੱਸਿਆ ਕਿ ਮਾਰ-ਕੁਟਾਈ ਉਹਨਾਂ ਦੀ ਜ਼ਿੰਦਗੀ ਦਾ ਇੱਕ ਅੰਗ ਬਣ ਚੁੱਕੀ ਹੈ? ਦ੍ਰਿਸ਼ਾ, ਜੋ ਹੁਣੇ-ਹੁਣੇ ਕੋਕੋਆ ਫ਼ਾਰਮ ਦੀ ਗੁਲਾਮੀ ਤੋਂ ਮੁਕਤ ਹੋਇਆ ਹੈ, ਨੇ ਕਦੇ ਚਾਕਲੇਟ ਖਾ ਕੇ ਨਹੀਂ ਦੇਖੀ? ਉਸਨੇ ਕਿਹਾ ਕਿ ਜੋ ਲੋਕ ਸਾਨੂੰ ਮੁਸੀਬਤਾਂ ਵਿੱਚ ਪਾ ਕੇ ਆਨੰਦ ਲੈਂਦੇ ਹਨ, ਜੋ ਲੋਕ ਚਾਕਲੇਟ ਖਾਂਦੇ ਹਨ, ਉਹ ਸਾਡਾ ਮਾਸ ਖਾਂਦੇ ਹਨ?

ਪੂਰੇ ਸੰਸਾਰ ਨੂੰ ਇੱਕ ਬਾਜ਼ਾਰ ਵਿੱਚ ਤਬਦੀਲ ਕਰਕੇ ਜਿੱਥੇ ਵਿਕਾਸ ਦੀਆਂ ਸਿਖਰਾਂ ਛੂਹਣ ਦੇ ਦਾਅਵੇ ਕੀਤੇ ਜਾ ਰਹੇ ਹਨ, ਉੱਥੇ ਇਹਨਾਂ ਬੱਚਿਆਂ ਨੂੰ ਨਰਕਾਂ ਦੇ ਹਨ੍ਹੇਰੇ ਵਿੱਚ ਸੁੱਟਣ ਵਾਲੇ ਹੱਥਾਂ ਦੀ ਵੀ ਸ਼ਨਾਖਤ ਕੀਤੀ ਜਾਣੀ ਚਾਹੀਦੀ ਹੈ। ਮੁਨਾਫ਼ੇ ਦੀ ਅੰਨ੍ਹੀ ਹਵਸ ਕਰਕੇ ਸਰਮਾਏਦਾਰ ਸਸਤੇ ਤੋਂ ਸਸਤਾ ਖ਼ਰੀਦਣ ਅਤੇ ਉਸ ਨੂੰ ਮਹਿੰਗੇ ਤੋਂ ਮਹਿੰਗਾ ਵੇਚਣ ਦੇ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਰਹਿੰਦੇ ਹਨ। ਅਤੇ ਉਹਨਾਂ ਨੂੰ ਸਸਤੀ ਕਿਰਤ ਔਰਤਾਂ ਅਤੇ ਬੱਚਿਆਂ ਤੋਂ ਮਿਲ ਜਾਂਦੀ ਹੈ, ਇਸ ਲਈ ਉਹ ਤਮਾਮ ਮਾਸੂਮ ਜ਼ਿੰਦਗਿਆਂ ਨੂੰ ਦਾਅ ਉੱਤੇ ਲਾ ਕੇ ਖੁੱਲ੍ਹੇ ਮੁਨਾਫ਼ੇ ਕਮਾ ਰਹੇ ਹਨ। ਲੁੱਟ, ਸ਼ੋਸ਼ਣ ਅਤੇ ਮੁਨਾਫ਼ੇ ਉੱਤੇ ਟਿਕੇ ਇਸ ਆਦਮਖ਼ੋਰ ਢਾਂਚੇ ਨੂੰ ਤਬਾਹ ਕੀਤੇ ਬਿਨਾਂ ਅਸੀਂ ਬੱਚਿਆਂ ਨੂੰ ਬਚਾਅ ਨਹੀਂ ਸਕਦੇ ਕਿਉਂਕਿ ਜੋ ਢਾਂਚਾ ਹਰ ਹੱਥ ਨੂੰ ਕੰਮ ਦੇਣ ਦੀ ਥਾਵੇਂ ਬੇਰੁਜ਼ਗਾਰਾਂ ਦੀ ਫੌਜ ਖੜ੍ਹੀ ਕਰ ਰਿਹਾ ਹੈ, ਜੋ ਢਾਂਚਾ ਸਿੱਖਿਆ ਨੂੰ ਖਰੀਦ-ਵੇਚ ਦਾ ਸਮਾਨ ਬਣਾ ਰਿਹਾ ਹੈ, ਉਸ ਢਾਂਚੇ ਦੇ ਅੰਦਰੋਂ ਬਾਲ ਮਜ਼ਦੂਰਾਂ ਅਤੇ ਗੁਲਾਮਾਂ ਦੀਆਂ ਕਤਾਰਾਂ ਪੈਦਾ ਹੁੰਦੀਆਂ ਰਹਿਣਗੀਆਂ।

# ਸਾਡੇ ਬਰੈਂਪਟਨ ਸ਼ਹਿਰ ਦੀ ਸਰਕਾਰ

ਕਰੋਨਾ ਕੌਵਿਡ-19 ਕਰਕੇ ਸਿਟੀ ਸਰਕਾਰ ਕਈ ਮਹੀਨਿਆਂ ਤੋਂ ਕੰਮ ਤੋਂ ਛੁੱਟੀ 'ਤੇ ਚਲੀ ਆ ਰਹੀ ਹੈ। ਕਈ ਫ਼ੈਸਲੇ ਆਨਲਾਈਨ ਸਿਸਟਮ 'ਤੇ ਲਏ ਜਾ ਰਹੇ ਹਨ। ਕਿਸੇ ਵੀ ਅਹਿਮ ਫ਼ੈਸਲੇ ਲਈ ਸਲਾਹ ਮਸ਼ਵਰੇ ਵੀ ਆਨਲਾਈਨ ਰਾਹੀਂ ਹੀ ਲਏ ਜਾ ਰਹੇ ਹਨ। ਆਹਮੋ-ਸਾਹਮਣੇ ਹੋ ਕੇ ਪਬਲਿਕ ਨਜ਼ਰੀਆ ਲੈਣਾ ਬੰਦ ਹੈ। ਲਗਦੈ ਸਰਕਾਰੀ ਕਾਨੂੰਨੀ ਘਾੜੇ ਅਤੇ bi-law enforcements ਚਾਹੁੰਦੇ ਕਿ ਇਉਂ ਹੀ ਕੰਮ ਚੱਲਦਾ ਰਹੇ। ਕੋਈ ਕਿੰਤੂ ਪ੍ਰੰਤੂ ਕਰਨ ਵਾਲਾ ਇਹਨਾਂ ਨਜ਼ਦੀਕ ਜਾ ਕੇ ਅਪਣਾ ਦੁੱਖ ਰੋ ਹੀ ਨਾਂ ਸਕੇ। ਲੋਕਾਂ ਦੇ ਕੰਮ ਟੁੱਟ ਗਏ ਹਨ ਜਾਂ ਲਗਾਤਾਰ ਟੁੱਟ ਰਹੇ ਹਨ...। ਚੱਲਦੇ ਕੰਮਾਂ ਵਾਲੇ ਅਦਾਰੇ ਬਾਹਰ ਕੰਮਾਂ ਦੀ ਘਾਟ ਦਾ ਲਾਹਾ ਲੈ ਕੇ ਅਪਣੇ ਵਰਕਰਾਂ ਨੂੰ ਘੱਟ ਰੇਟਾਂ ਤੇ ਕੰਮ ਕਰਨ ਲਈ ਮਜਬੂਰ ਕਰ ਰਹੇ ਹਨ। ਕੁੱਝ ਹੀ ਦਿਨਾਂ ਤੋਂ ਹਰ ਚੀਜ਼ ਦੀਆਂ ਕੀਮਤਾਂ ਉੱਤੇ ਹਜਾ ਰਹੀਆਂ ਹਨ ਜਦਕਿ ਆਮਦਨ ਥੱਲੇ ਡਿਗ ਰਹੀ ਹੈ ਪਰ ਸਿਟੀ ਲੋਕਾਂ ਤੇ ਟੈਕਸ ਵਧਾਈ ਜਾ ਰਹੀ ਹੈ, ਪਬਲਿਕ ਸਰਵਿਸ ਤੇ ਕੱਟ ਵੱਧ ਰਹੇ ਹਨ। ਕੀ ਸਿਟੀ ਆਪਦੇ ਖ਼ਰਚਿਆਂ ਤੇ ਵੀ ਕੰਟਰੋਲ ਕਰ ਰਹੀ ਹੈ ਬਾਹਰ ਲੋਕਾਂ ਦੀ ਹਾਲਤ ਦੇਖ ਕੇ? ਕੀ ਸਿਟੀ ਕੌਂਸਲਰ, ਮੈਨਜਮੈਂਟਾਂ ਵਾਲ਼ਿਆਂ ਦੀ ਤਨਖ਼ਾਹ ਚ ਫਰਕ ਪਿਆ ਹੈ? ਸਿਟੀ ਸਟਾਫ਼ ਛੋਟੀ ਛੋਟੀ ਗੱਲ ਤੇ ਬਾਤ ਦੇ ਬਤੰਗੜ ਬਣਾ ਕੇ ਲੋਕਾਂ ਨੂੰ ਪਹਿਲਾ ਨਾਲ਼ੋਂ ਵੀ ਵੱਧ ਹਰਾਸ ਕਰ ਰਹੀ ਹੈ। ਇੱਕ ਛੋਟੀ ਜਿਹੀ ਕੰਪਲੇਟ ਤੇ ਇੰਸਪੈਕਟਰ ਇਕ ਘਰ ਜਾਂਦਾ ਹੈ ਕਿ ਤੁਹਾਡੀ unauthorized ਬੇਸਮਿੰਟ ਕਿਰਾਏ ਤੇ ਕਿਉਂ ਚੜ੍ਹੀ ਹੋਈ ਹੈ। ਸਬੂਤ ਭਾਲਣ ਲਈ ਇੰਸਪੈਕਟਰ ਫ਼ਰਿੱਜ ਨੂੰ ਖੋਲ ਕੇ ਚਿੱਕ ਕਰਦਾ ਹੈ। ਇਹ ਕਿਸ ਕਿਸਮ ਦੀ ਇੰਸਪੈਕਸ਼ਨ ਹੈ? ਕਿਧਰੇ ਕੋਈ ਸੁਣਵਾਈ? ਲੋਕ ਕੰਮਾਂ ਤੋਂ ਘਰ ਬੈਠੇ ਹਨ। ਬਿੱਲ ਬੱਤੀਆਂ ਦੇ ਨਹੀਂ ਹੋ ਰਹੀਆਂ, ਘਰਾਂ ਦੀਆਂ ਕਿਸ਼ਤਾਂ ਟੁੱਟ ਰਹੀਆਂ ਹਨ। ਅਜਿਹੇ ਸਮੇਂ ਕੁੱਝ ਵੱਜਿਵ ਰਾਹਤਾਂ ਦੀ ਜ਼ਰੂਰਤ ਹੈ। ਇਹਨਾਂ ਗੱਲਾਂ ਨੂੰ ਵਿਚਾਰਨ ਲਈ ਅਕਲਾਂ ਦੀ ਜ਼ਰੂਰਤ ਹੈ ਪਰ ਇਹਨਾਂ ਆਪਹੁਦਰੇ ਕੌਂਸਲਰਾਂ ਨੂੰ ਅਕਲ ਤਾਂ ਹੀ ਆਵੇ ਅਗਰ ਇਹ ਖ਼ੁਦ ਅਜਿਹੀਆਂ ਸਮੱਸਿਆਵਾ 'ਚੋਂ ਲੰਘ ਰਹੇ ਹੋਣ। ਅਖੇ-ਜੇ ਕਿਸੇ ਨੇ ਬੇਸਮਿੰਟ ਕਿਰਾਏ ਤੇ ਦੇਣ ਵਾਲੀ ਬਣਾਉਣੀ ਹੋਵੇ ਤਾਂ ਸਿਟੀ ਚਾਲੀ-ਪੰਜਾਹ ਹਜ਼ਾਰ ਤੱਕ ਕਰਜ਼ਾ ਦੇ ਦੇਵੇਗੀ। ਭਲਿਓ ਮਾਣਸੋ- ਪਹਿਲੀਆਂ ਕਿਸ਼ਤਾਂ 'ਚ ਤਾਂ ਲੋਕਾ ਨੂੰ ਕਰੋਨਾ ਨੇ ਪਹਿਲਾ ਹੀ ਮਧੋਲ਼ਿਆ ਹੋਇਆ ਹੈ ਤੁਸੀਂ ਹੋਰ ਹੀ ਤਮਾਸ਼ਾ ਲੈ ਆਏ! ਤੁਸੀਂ ਇਸ ਮਸਲੇ 'ਤੇ ਆਹਮਣੇ ਸਾਹਮਣੇ ਹੋ ਕੇ ਗੱਲ ਕਾਹਤੋਂ ਕਰਨੋ ਭੱਜਦੇ ਹੋ। ਅਜਿਹੇ ਰੰਘੜਊ ਤੌਰ ਤਰੀਕੇ ਬਦਲਣੇ ਪੈਣੇ ਹਨ। ਕੋਰੋਨਾ ਦੇ ਬਹਾਨੇ ਬਹੁਤਾ ਸਮਾਂ ਨਹੀਂ ਨਿਕਲਣਾ ਟਲਣ ਲਈ। ਅਸੀਂ ਵੀ ਤਿਆਰੀ ਕਰ ਰਹੇ ਹਾਂ ਤੁਹਾਨੂੰ ਲੋਕਾਂ ਦੀ ਸੱਥ 'ਚ ਲਿਆਉਣ ਲਈ। ਲੋਕਾਂ ਨੂੰ ਫ੍ਰੀ ਦੇ ਟਕੇ ਦੇ ਮੁੱਲ ਦੇ musk ਦੇ ਕੇ ਵਧਾਏ ਜਾ ਰਹੇ ਟੈਕਸਾਂ ਨੂੰ justify ਨਹੀਂ ਕਰ ਸਕਦੇ। ਅਸੀਂ ਇਹ ਸਵਾਲ ਜ਼ਰੂਰ ਪੁੱਛਾਂਗੇ। ਕੁਲਦੀਪ ਬੋਪਾਰਾਏ, ਬਕਦੇਵ ਰਹਿਪਾ, ਹਰਬੰਸ ਸਿੰਘ, ਹਰਿੰਦਰ ਹੁੰਦਲ਼, ਹਰਪਰਮਿੰਦਰ ਗਦਰੀ -of Brampton Collisions




# ਵਿਦੇਸ਼ੀ ਧਰਤੀ ਦੇਸੀ ਬੌਸ



ਲੈਕ:ਮਹਿੰਦਰ ਸਿੰਘ ਮੋਹੀ
ਰਟਾਇਰਡ
416- 659 -1232

ਨਵਾਂ ਸੁਪਰਵਾਈਜ਼ਰ ਪਹਿਲੇ ਦਿਨ ਤੋ ਹੀ ਕੰਪਨੀ ਵਿੱਚ ਆਮ ਨਾਲੋਂ ਕੁੱਝ ਜਿਆਦਾ ਹੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ।ਗੋਰਿਆਂ ਦੀ ਇਸ ਕੰਪਨੀ ਵਿੱਚ ਸੁਪਰਵਾਈਜ਼ਰਾਂ ਦਾ ਆਉਣ ਜਾਣ ਬਣਿਆ ਹੀ ਰਹਿੰਦਾ ਸੀ। ਕੋਈ ਕੰਪਨੀ ਦੇ ਫਿੱਟ ਨਹੀਂ ਬੈਠਦਾ ਸੀ ਤੇ ਕਿਸੇ ਤੋ ਜਿਆਦਾ ਕੰਮ ਦਾ ਲੋਡ ਝਲ ਨਹੀਂ ਹੁੰਦਾ ਸੀ। ਪਿਛਲੇ ਦੋ ਸਾਲ ਤੋਂ ਕੰਮ ਕਰ ਰਿਹਾ ਗਿਆਨਾ ਦਾ ਸੁਪਰਵਾਈਜ਼ਰ,ਜਿਸਨੂੰ ਲਗਭਗ ਸਾਰੇ ਕਾਮੇ ਪਸੰਦ ਕਰਦੇ ਸਨ, ਲਗਾਤਾਰ ਸੱਤੇ ਦਿਨ ਕੰਮ ਦੀ ਟੈਨਸ਼ਨ ਕਾਰਨ ਰਿਟਾਇਰ ਹੋ ਰਿਹਾ ਸੀ ਤੇ ਹੁਣ ਉਸਦੀ ਜੋਬ ਨਵੇਂ ਸੁਪਰਵਾਈਜ਼ਰ ਨੂੰ ਕੁਝ ਦਿਨਾਂ ਲਈ ਟਰੇਨਿੰਗ ਦੇਣ ਦੀ ਸੀ। ਪਰ ਪਹਿਲੇ ਹੀ ਦਿਨ ਜਦੋ ਪੁਰਾਣਾ ਤੇ ਨਵਾ ਬੌਸ ਸਾਡੇ ਕੰਮ ਕਰਦਿਆਂ ਦੇ ਨੇੜ ਦੀ ਲੰਘ ਰਹੇ ਸਨ, ਤਾਂ ਇਉਂ ਲੱਗਿਆ ਜਿਵੇਂ ਨਵਾਂ, ਪੁਰਾਣੇ ਨੂੰ ਟਰੇਨਿੰਗ ਤੇ ਲੈ ਕੇ ਜਾ ਰਿਹਾ ਹੋਵੇ। ਕੰਪਨੀ ਦਾ ਰਾਉਡ ਲਾਉਣ ਵੇਲੇ ਸਿਖਣ ਵਾਲਾ, ਸਿਖਾਉਣ ਵਾਲੇ ਤੋਂ ਦੋ ਕਦਮ ਅੱਗੇ ਜਾ ਰਿਹਾ ਸੀ। ਸਾਡੇ ਵਲੋ ਹਰ ਵਾਰ ਦੀ ਤਰ੍ਹਾਂ ਨਵੇ ਬੋਸ ਦੇ ਮੁਢਲੇ ਦੇਸ਼ ਤੇ ਕੌਮ ਬਾਰੇ ਅੰਦਾਜ਼ੇ ਲਗ ਰਹੇ ਸਨ। ਗੋਰਾ ਚਿੱਟਾ ਰੰਗ, ਛੋਟਾ ਕਦ ਤੇ ਚਾਰੇ ਪਾਸੇ ਤੇਜ ਘੁੰਮਦੀਆ ਅੱਖਾਂ, ਉਸਦੇ ਗੋਰਾ ਹੋਣ ਦਾ ਭੁਲੇਖਾ ਪਾ ਰਹੇ ਸਨ। ਪਰ ਵੀਅਤਨਾਮੀ ਡਰ ਤੇ ਘਬਰਾਹਟ ਦੇ ਇਸ਼ਾਰੇ ਕਰਦੇ ਹੋਏ ਉਸਦੇ ਇੰਡੀਅਨ ਹੋਣ ਵਾਰੇ, ਆਪਣੇ ਲੀਡ ਹੈਡ ਰਾਹੀਂ ਜਾਣ ਗਏ ਸਨ। ਕੈਨੇਡਾ ਵਿਚ ਲਗਭਗ ਸਾਰੇ ਕੰਪਨੀਆਂ ਵਿੱਚ ਵੱਖ ਵੱਖ ਕਮਿਊਨਿਟੀ ਦੇ ਕਾਮਿਆਂ ਦੀ ਪਹਿਲੀ ਪਸੰਦ ਗੋਰੇ ਸੁਪਰਵਾਈਜ਼ਰ ਹੁੰਦੇ ਹਨ ਤੇ ਇੰਡੀਅਨ ਤੇ ਖਾਸ ਤੌਰ ਤੇ ਪੰਜਾਬੀ ਸੁਪਰਵਾਈਜ਼ਰ, ਆਖਰੀ ਪਸੰਦ।

ਅਜੇ ਨਵੇਂ ਸੁਪਰਵਾਈਜ਼ਰ ਦੀ ਟਰੇਨਿੰਗ ਪੂਰੀ ਵੀ ਨਹੀਂ ਹੋਈ ਸੀ ਕਿ ਸਾਰੇ ਲੀਡ ਹੈਡਜ ਵਰਕਰਜ਼ ਨੂੰ ਮੀਟਿੰਗ ਲਈ ਸਨੇਹਾ ਦੇਣ ਲਈ ਤੇਜੀ ਨਾਲ ਘੁੰਮਣ ਲੱਗੇ। "ਲਗਦਾ ਨਵੇਂ ਸੁਪਰਵਾਈਜ਼ਰ ਦੀ ਜਾਣ ਪਹਿਚਾਣ ਕਰਵਾਉਣ ਲਈ ਮੀਟਿੰਗ ਹੋ ਰਹੀ ਹੈ", ਮੈਂ ਅੰਦਾਜ਼ਾ ਲਾਉਂਦਿਆਂ ਸੋਹੀ ਨੂੰ ਕਿਹਾ "ਦੇਖੀ ਜਾਂਦੀ ਆ ,ਪਰ ਹਾਲਾਤ ਠੀਕ ਨੀ ਲਗਦੇ!" ਉਸਨੂੰ ਅਗਾਉਂ ਹੀ ਕੋਈ ਡਰ ਮਹਿਸੂਸ ਹੋ ਰਿਹਾ ਸੀ। ਨਵਾਂ ਸੁਪਰਵਾਈਜ਼ਰ ਘੁੰਮਦੀ ਕੁਰਸੀ ਤੇ ਬੈਠ ਕੇ ਹਰ ਵਰਕਰ ਨੂੰ ਘੋਖਵੀਂ ਨਿਗਾਹ ਨਾਲ ਵਾਚਣ ਲਗਾ ਤੇ ਸਾਡਾ ਪਹਿਲਾ ਬੋਸ ਕਮਰੇ ਦੇ ਇਕ ਖੂੰਜੇ ਤੇ ਕੁਰਸੀ ਤੇ ਬੈਠਾ ਮੁਸਕਰਾ ਰਿਹਾ ਸੀ। ਆਪਣੇ ਵਾਰੇ ਤੇ ਆਪਣੇ ਕੰਮ ਦੇ ਤਜਰਬੇ ਵਾਰੇ ਦਸਣ ਦੀ ਥਾਂ ਸੁਪਰਵਾਈਜ਼ਰ ਨੇ ਫਿਲਮੀ ਡਾਨ ਦੀ ਤਰਾਂ ਦੋ ਵਾਰ ਆਪਣੀ ਕੁਰਸੀ ਨੂੰ ਇਧਰ ਉਧਰ ਘੁਮਾਇਆ ਤੇ ਫਰਾਟੇਦਾਰ ਅੰਗਰੇਜੀ 'ਚ ਸ਼ੁਰੂ ਹੋ ਗਿਆ,"ਹੈਲੋ ਗਾਈਜ! ਮੈਂ ਪਿਛਲੇ ਤੀਹ ਸਾਲਾਂ ਤੋਂ ਕਨੇਡਾ ਵਿਚ ਵਖ ਵਖ ਕੰਪਨੀਆ ਵਿੱਚ ਸੁਪਰਵਾਈਜ਼ਰ ਦੇ ਤੌਰ ਤੇ ਕੰਮ ਕਰ ਚੁਕਿਆ ਹਾਂ ਪਰ ਮੈਨੂੰ ਤੁਹਾਡਾ ਕੰਮ ਕਰਨ ਦਾ ਢੰਗ ਜਚਿਆ ਨਹੀਂ। ਤੁਹਾਡੀ ਨਿਗਾਹ ਇਧਰ ਉਧਰ ਘੁੰਮਦੀ ਰਹਿੰਦੀ ਹੈ ਤੇ ਤੁਸੀਂ ਦਿਲ ਲਾਕੇ ਕੰਮ ਨਹੀਂ ਕਰਦੇ ਤੇ ਤੁਸੀਂ ਕੋਲ ਦੀ ਲੰਘ ਰਹੇ ਆਪਣੇ ਸੁਪਰਵਾਈਜ਼ਰ ਨੂੰ ਦੇਖ ਕੇ ਵੀ ਸੀਰੀਅਸ ਨਹੀਂ ਹੁੰਦੇ। ਤੁਸੀਂ ਵਾਸ਼ਰੂਮ ਨੂੰ ਤੇ ਪਾਣੀ ਦੀ ਬੋਤਲ ਭਰਨ ਲਈ ਤੁਰੇ ਹੀ ਰਹਿੰਦੇ ਹੋ। ਹੋਰ ਸੁਣਨਾ ਬਰਦਾਸ਼ਤ ਤੋਂ ਬਾਹਰ ਹੋ ਰਿਹਾ ਸੀ। "ਜਦੋਂ ਪਰੈਸ ਰੁਕੀ ਹੁੰਦੀ ਹੈ ਤੇ ਫੋਰਕ ਲਿਫਟ ਨੇ ਬਿਨ ਨੂੰ ਮੂਵ ਕਰਨਾ ਹੁੰਦਾ ਹੈ ਤੇ ਉਸ ਵੇਲੇ ਵਾਸ਼ਰੂਮ ਜਾਦੇ ਹਾਂ। ਕਿਉਂਕਿ ਇਹ ਚਾਰ ਵਰਕਰਜ਼ ਦੀ ਗਰੁੱਪ ਜੋਬ ਹੈ ਇਸ ਲਈ ਇਕੱਠੇ ਜਾਕੇ ਵਾਪਸ ਆ ਜਾਦੇ ਹਾ, ਤੇ ਬਾਕੀ ਵਾਸ਼ਰੂਮ ਜਾਣ ਤੇ ਪਾਣੀ ਪੀਣ ਤੋਂ ਕੋਈ ਰੋਕ ਵੀ ਨਹੀਂ ਸਕਦਾ!" ਮੈਂ ਥੋੜ੍ਹੀ ਤਲਖੀ ਨਾਲ ਅੰਗਰੇਜੀ ਵਿੱਚ ਸ਼ਪਸ਼ਟ ਕਰਨ ਦੀ ਕੋਸ਼ਿਸ਼ ਕੀਤੀ, "ਵਾਸ਼ਰੂਮ ਵਿੱਚ ਕਿਹੜਾ ਟੀਵੀ ਲਗਿਆ 'ਤੇ ਸੋਫਾ ਰਖਿਆ ਹੋਇਆ ਜੋ ਅਸੀਂ ਬੈਠ ਕੇ ਦੇਖਦੇ ਰਹਿੰਦੇ ਹਾਂ!!" ਸਰਪੰਚ ਨੇ ਠੇਠ ਪੰਜਾਬੀ 'ਚ ਠਾਹ ਸੋਟਾ ਮਾਰਿਆ ਤੇ ਜਤਾ ਵੀ ਦਿੱਤਾ ਕਿ ਅਸੀਂ ਏਡੇ ਸੌਖੇ ਦਬਣ ਵਾਲੇ ਨਹੀਂ, ਸਾਰੇ ਪੰਜਾਬੀ ਸਮਝਣ ਵਾਲੇ ਤਾਂ ਹਸਣ ਲੱਗੇ ਤੇ ਉਹਨਾਂ ਨੂੰ ਵੇਖ ਹੋਰ ਕੌਮਾਂ ਦੇ ਕਾਮਿਆਂ ਦੇ ਬੁਲਾ ਤੇ ਵੀ ਮੁਸਕਰਾਹਟ ਆ ਗਈ। ਸੁਪਰਵਾਈਜ਼ਰ ਨੂੰ ਵਰਕਰਜ਼ ਤੋ ਅਜਿਹੇ ਜੁਆਬ ਦੀ ਬਿਲਕੁਲ ਆਸ ਨਹੀਂ ਸੀ ਉਹ ਥੋੜ੍ਹਾ ਘਬਰਾ ਗਿਆ ਤੇ ਉਹ ਆਪਣੀ ਗਲਬਾਤ ਨੂੰ ਨਰਮ ਹੁੰਦਿਆ ਬਦਲ ਗਿਆ ਤੇ ਆਰਡਰ ਦੇਣ ਦੀ ਥਾ ਸੁਝਾਅ ਦੇਣ ਲੱਗਾ, ਤੇ ਮੀਟਿੰਗ ਸਮਾਪਤ ਹੋ ਗਈ। ਅੰਗਰੇਜ਼ੀ ਦੀ ਜਿਆਦਾ ਸਮਝ ਨਾ ਰੱਖਣ ਵਾਲਾ ਧਾਲੀਵਾਲ ਮੈਨੂੰ ਪੁਛਣ ਲਗਿਆ ਇਹ ਸੁਪਰਵਾਈਜ਼ਰ ਕਿਹੋ ਜਿਹਾ ਬੰਦਾ?" ਇਹ ਆਪਾ ਨੂੰ ਥੱਲੇ ਲਾ ਕੇ ਤੇ ਘਸਾ ਕੇ ਕੰਮ ਕਰਵਾਉਣਾ ਚਾਹੀਦਾ ਤੇ ਆਪਾਂ ਇਉ ਹੋਣ ਨੀ ਦੇਣਾ, ਕੰਪਨੀ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਰਹਿਣਾ ਹੈ" 'ਮੈਂ ਆਪਣੇ ਤਜਰਬੇ ਤੋ ਉਸਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ।

ਮੀਟਿੰਗ ਵਿੱਚ ਵੀਅਤਨਾਮ ਦੇ ਵਰਕਰਜ਼ ਵਲੋਂ ਕੋਈ ਵੀ ਪ੍ਰਤੀਕਰਮ ਨਾਂ ਦਿਖਾਉਣਾ ਮੇਰੀ ਸਮਝ ਤੋਂ ਬਾਹਰ ਸੀ। ਮੈਂ ਤਾਂ ਆਪਣੇ ਪੰਜਾਬੀ ਸਾਥੀਆਂ ਨੂੰ ਵੀਅਤਨਾਮ ਵਲੋਂ ਅਮਰੀਕਾ ਹਮਲਾਵਰਾਂ ਨਾਲ ਲਈ ਗਈ ਟਕਰ ਤੇ ਉਹਨਾਂ ਦੀ ਕੋਮਪ੍ਰਸਤੀ ਦੀ ਜਿੱਤ ਦੀਆਂ ਕਹਾਣੀਆਂ ਸੁਣਾਉਂਦਾ ਰਹਿੰਦਾ ਸੀ। ਇੰਨੀ ਬਹਾਦਰ ਕੌਮ ਦੇ ਯੋਧਿਆਂ ਨੂੰ ਅਜ ਕੀ ਹੋ ਗਿਆ ਸੀ ? ਦਿਨਾਂ ਵਿੱਚ ਹੀ ਸੁਪਰਵਾਈਜ਼ਰ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ।ਦਹਿਸ਼ਤ ਪਾਉਣ ਲਈ ਕੰਮ ਵਾਲੀਆਂ ਥਾਵਾਂ ਦੇ ਨੇੜੇ ਪ੍ਰਿੰਟ ਕਰਕੇ ਆਰਡਰ ਪੇਸਟ ਕਰਨੇ ਸ਼ੁਰੂ ਕਰ ਦਿੱਤੇ ਤੇ ਕੰਮ ਦੇ ਨੇੜੇ ਸਫਾਈ ਨਾ ਰੱਖਣ ਵਾਲਿਆਂ ਨੂੰ ਸਖਤ ਸ਼ਬਦਾਂ ਵਿੱਚ ਘਰ ਭੇਜਣ ਦੀ ਚੇਤਾਵਨੀ ਦਿੱਤੀ ਗਈ ।ਪਿਛਲੇ ਤੇਰਾ ਸਾਲ ਤੋਂ ਮੈ ਇਸ ਕੰਪਨੀ ਵਿੱਚ ਕੰਮ ਕਰ ਰਿਹਾ ਸੀ ਤੇ ਕਦਵਾਰ ਲੰਮੇ ਕਾਮੇ ਜੋ ਆਮ ਤੋਰ ਤੇ ਪੰਜਾਬੀ ਜਾਂ ਪਾਕਿਸਤਾਨੀ ਹੁੰਦੇ ਸਨ ਉਚੀਆਂ ਮਸ਼ੀਨਾਂ ਤੇ ਕੰਮ ਕਰਦੇ ਸਨ ਤੇ ਵੀਅਤਨਾਮੀ ਜਾਂ ਛੋਟੇ ਕਦ ਵਾਲੇ ਨੀਵੀਆਂ ਮਸ਼ੀਨਾਂ ਚਲਾਉਂਦੇ ਸਨ ।ਸਾਡੀ ਕੰਮ ਦੀ ਪ੍ਰੋਡਕਸ਼ਨ ਵੀ ਬਾਕੀ ਸ਼ਿਫਟਾ ਦੇ ਮੁਕਾਬਲੇ ਵਧੀਆ ਹੁੰਦੀ ਸੀ ਤੇ ਹਰ ਕੋਈ ਖੁਸ਼ ਰਹਿ ਕੇ ਮਿਹਨਤ ਨਾਲ ਕੰਮ ਕਰ ਰਿਹਾ ਸੀ।ਪਰ ਇਸ ਨੇ ਤਾਂ ਸਭ ਕੁੱਝ ਉਲਟਾ ਪੁਲਟਾ ਕਰ ਦਿੱਤਾ।ਮੈਨੂੰ ਲਗਿਆ ਜਿਵੇਂ ਸਾਡੇ ਵਾਲਾ ਸੁਪਰਵਾਈਜ਼ਰ ਕੰਪਨੀ ਵਿੱਚ ਮੁਹੰਮਦ ਤੁਗਲਕ ਵਾਲੀ ਨੀਤੀ ਅਪਣਾਕੇ ਇਤਿਹਾਸ ਨੂੰ ਦੁਹਰਾਉਣ ਜਾ ਰਿਹਾ ਹੈ। ਹਰ ਰੋਜ਼ ਕੰਮ ਕਰਨ ਲਈ ਥਾਵਾਂ ਦੀ ਲਿਸਟ ਬਣਕੇ ਬੋਰਡ ਤੇ ਚਿਪਕਾਈ ਜਾਂਦੀ ਤੇ ਵਰਕਰਜ਼ ਉਹਨਾਂ ਨੂੰ ਪੜ ਕੇ ਆਪਣੇ ਕੰਮ ਦੀਆ ਥਾਵਾਂ ਲੱਭਦੇ ਰਹਿੰਦੇ।ਪ੍ਰੋਡਕਸ਼ਨ ਬੇਹੱਦ ਘਟਣ ਲਗ ਪਈ ਤੇ ਕਾਮਿਆਂ ਨੂੰ ਵਾਰ ਵਾਰ ਦਫਤਰ ਬੁਲਾ ਕੇ ਦਬਕੇ ਮਾਰੇ ਜਾਣ ਲੱਗੇ। ਜਦੋਂ ਇਕ ਮੀਟਿੰਗ ਵਿਚ ਮੈ ਪ੍ਰੋਡਕਸ਼ਨ ਵਧਾਉਣ ਲਈ ਮਸ਼ੀਨਾਂ ਦੀ ਉਚਾਈ ਅਨੁਸਾਰ ਵਰਕਰਜ਼ ਦੀਆਂ ਤਬਦੀਲੀਆਂ ਕਰਨ ਦੀ ਸਲਾਹ ਦਿੱਤੀ ਤੇ ਛੋਟੇ ਕਦ ਵਾਲੇ ਵੀਅਤਨਾਮੀਆਂ ਨੂੰ ਜੋ ਪੈਰਾ ਥਲੇ ਸਕਿਡਾਂ ਰਖ ਕੇ ਮਸ਼ੀਨਾਂ ਦੀ ਉਚਾਈ ਤਕ ਮੁਸ਼ਕਲ ਨਾਲ ਪਹੁੰਦੇ ਸਨ ਨੂੰ ਬਦਲਣ ਲਈ ਕਿਹਾ ਤਾਂ ਉਹ ਹੋਰ ਵੀ ਰੋਹਬ ਨਾਲ ਬੋਲਣ ਲਗਿਆ ।"ਮੈਨੂੰ ਤੇਰੀ ਸਲਾਹ ਦੀ ਲੋੜ ਨੀ ਮੈ ਆਪਣਾ ਕੰਮ ਜਾਣਦਾ ਹਾ।ਮੈ ਤਾਂ ਥੋਡੇ ਸਾਰਿਆਂ ਵਿੱਚ ਵਰਕ ਕਲਚਰ ਪੈਦਾ ਕਰਕੇ ਰਹਿਣਾ ਹੈ!",ਹੁਣ ਹਾਲਾਤ ਵਸੋਂ ਬਾਹਰ ਹੋਣ ਲੱਗੇ ਤੇ ਉਸਨੇ ਮੈਨੂੰ ਟਾਰਗਿਟ ਕਰਨਾ ਸ਼ੁਰੂ ਕਰ ਦਿੱਤਾ।ਪਹਿਲੀਆਂ ਸਮਿਆਂ ਵਿੱਚ ਜਥੇਬੰਦੀ ਦੀਆਂ ਮੋਹਰਲੀਆਂ ਸਫਾਂ ਵਿੱਚ ਰਹਿ ਕੇ ਮੈ ਹਰ ਸ਼ੰਘਰਸ਼ ਵਿੱਚ ਸ਼ਾਮਲ ਹੁੰਦਾ ਰਿਹਾ ਸੀ ।ਹੁਣ ਮੈਨੂੰ ਸਾਫ ਹੁੰਦਾ ਜਾ ਰਿਹਾ ਸੀ ਕਿ ਵਿਦੇਸ਼ੀ ਧਰਤੀ ਤੇ ਇਕ ਲੜਾਈ ਹੋਰ ਲੜਨੀ ਪੈਣੀ ਹੈ ,ਪਰ ਇਥੇ ਪਿਛਲੇ ਸਮਿਆਂ ਵਾਲੇ ਦਾਅ ਪੇਚ ਲਾਗੂ ਨਹੀਂ ਹੋ ਸਕਣੇ। ਸਾਡੀ ਕੰਪਨੀ ਵਿੱਚ ਯੂਨੀਅਨ ਨਹੀਂ ਸੀ ।ਬੌਸ ਦੇ ਹੁਕਮ ਨੂੰ ਚੈਲੰਜ ਕਰਨ, ਉਚੀ ਅਵਾਜ਼ ਵਿੱਚ ਬੋਲਣ ਤੇ ਜਾਂ ਕਿਸੇ ਨੂੰ ਧਮਕੀ ਦੇਣ ਜਾਂ ਟਚ ਕਰਨ ਤੇ ਫਾਇਰ ਕਰ ਦਿੱਤਾ ਜਾਂਦਾ ਸੀ।ਪਿਛਲੇ ਤੇਰਾ ਸਾਲਾਂ ਵਿੱਚ ਮੈ ਵੱਡੀ ਗਿਣਤੀ ਵਿੱਚ ਪੰਜਾਬੀ ਗੁਜਰਾਤੀ ਤੇ ਚੀਨਿਆ ਨੂੰ ਮਾਮੂਲੀ ਗਲ ਤੇ ਘਰ ਨੂੰ ਤੋਰੇ ਜਾਦੇਂ ਵੇਖਿਆ ਸੀ।ਪਰ ਮੇਰੀ ਜਮੀਰ ਤੇ ਸ਼ੰਘਰਸ਼ ਪਖੀ ਵਿਚਾਰਧਾਰਾ ਤੇ ਸਚ ਨਾਲ ਖੜਨ ਦੀ ਆਦਤ ਕੋਈ ਕਦਮ ਚੁਕਣ ਵਾਸਤੇ ਬੇਤਾਬ ਹੋ ਰਹੀ ਸੀ। ,ਉਸ ਵਲੋਂ ਕੰਪਨੀ ਦੇ ਰੂਲਜ਼ ਦੇ ਉਲਟ ਜਾ ਕੇ ਕੀਤੀ ਜਾ ਰਹੀਆਂ ਕਾਰਵਾਈ ਨੂੰ ਮੈ ਈ ਮੇਲ ਰਾਹੀਂ ਜੀਐਮ ਕੋਲ ਪਹੁੰਚਦੇ ਕਰ ਦਿੱਤਾ। ਮੈ ਇਸ ਈ ਮੇਲ ਵਿੱਚ ਸ਼ਕਾਇਤ ਕਰਤਾ ਵਜੋਂ ਆਪਣਾ ਨਾਂ ਲਕੋਇਆ ਨਹੀਂ ਸੀ ।ਇਹ ਇਸ ਕੰਪਨੀ ਵਿੱਚ ਬਹੁਤ ਵੱਡੀ ਗਲ ਸੀ ,ਕਿਉਂਕਿ ਬਹੁਤ ਸ਼ਕਾਇਤ ਕਰਨ ਵਾਲੇ ਬਾਅਦ ਦੀਆਂ ਸਮੱਸਿਆਵਾਂ ਤੋਂ ਬਚਣ ਲਈ ਗੁਪਤ ਸ਼ਕਾਇਤ ਕਰਦੇ ਸਨ ।ਅਗਲੇ ਹੀ ਦਿਨ ਕੰਪਨੀ ਦੇ ਜੀਐਮ ਨੇ ਸਾਰੇ ਵਰਕਰਜ਼,ਲੀਡ ਹੈਡ ਦੀਆਂ ਜੌਬਾ ਕਰਨ ਵਾਲਿਆਂ ਦੀ ਮੀਟਿੰਗ ਬੁਲਾ ਕੇ ਸਾਰੀ ਸਥਿਤੀ ਸਪਸ਼ਟ ਕਰਦਿਆਂ ਇਕ ਤਰ੍ਹਾਂ ਨਾਲ ਸੁਪਰਵਾਈਜ਼ਰ ਨੂੰ ਕੰਪਨੀ ਦੀਆਂ ਗਾਈਡ ਲਾਈਨਜ਼ ਤੇ ਚਲਣ ਦੀ ਲੁਕਵੀਂ ਜਿਹੀ ਨਸੀਹਤ ਵੀ ਦੇ ਦਿੱਤੀ, ਨਿਯਮਾਂ ਵਿੱਚ ਰਹਿ ਕੇ ਕਾਮਿਆਂ ਨਾਲ ਠੀਕ ਵਰਤਾਓ ਕਰਨ ਲਈ ਵੀ ਕਹਿ ਦਿੱਤਾ।ਕੰਧਾਂ ਤੇ ਡਰਾਉਣ ਲਈ ਲਗਾਏ ਗਏ ਸਾਰੇ ਪੇਪਰ ਉਤਾਰਨ ਦਾ ਆਰਡਰ ਕਰ ਦਿੱਤਾ ।ਸਾਰੇ ਵਰਕਰਜ਼ ਨੂੰ ਵਿਸ਼ਵਾਸ ਦਵਾਇਆ ਕਿ ਕੋਈ ਤੁਹਾਨੂੰ ਗਲਤ ਨਹੀਂ ਬੋਲ ਸਕਦਾ ਤੇ ਦਹਿਸ਼ਤ ਪਾਉਣ ਲਈ ਘਰ ਜਾਣ ਨੂੰ ਨਹੀਂ ਕਹਿ ਸਕਦਾ।ਅਸੀਂ ਸਾਰੇ ਬਹੁਤ ਖੁਸ਼ ਸਾ ਕਿ ਸਾਡੀ ਗਲ ਸੁਣੀ ਗਈ ਸੀ ਤੇ ਬੇਲਗਾਮ ਹੁੰਦੇ ਜਾ ਰਹੇ ਸੁਪਰਵਾਈਜ਼ਰ ਲਈ ਪਹਿਲੀ ਚੇਤਾਵਨੀ ਸੀ ਜੋ ਸਾਡੇ ਸਾਹਮਣੇ ਦਿੱਤੀ ਗਈ ਸੀ ਤੇ ਸਾਨੂੰ ਅਗੇ ਤੋਂ ਸੁਪਰਵਾਈਜ਼ਰ ਦੇ ਵਤੀਰੇ ਵਿੱਚ ਤਬਦੀਲੀ ਆਉਣ ਦਾ ਵਿਸ਼ਵਾਸ਼ ਬਣ ਗਿਆ।

ਨਵੇਂ ਆਰਡਰ ਨਾ ਮਿਲਣ ਕਾਰਨ ਤੇ ਬਹੁਤ ਜਿਆਦਾ ਓਵਰਟਾਈਮ ਨੇ ਤੇ ਆਫਸ ਜੌਬ ਕਰਨ ਵਾਲਿਆਂ ਦੀਆਂ ਮੋਟੀਆਂ ਤਨਖਾਹਾਂ ਨੇ ਕੰਪਨੀ ਦੀ ਆਰਥਿਕ ਹਾਲਤ ਡਾਵਾਂਡੋਲ ਕਰ ਦਿੱਤੀ ਸੀ ਤੇ ਬੈਂਕਰਪਸੀ ਦੀਆਂ ਅਫਵਾਹਾਂ ਉਡ ਰਹੀਆਂ ਸਨ। ਇਕ ਦਿਨ ਯੂਨੀਅਨ ਵਾਲੇ ਸੜਕ ਤੇ ਇਸ਼ਤਿਹਾਰ ਵੰਡਣ ਲਈ ਆ ਗਏ ਤੇ ਵਰਕਰਜ਼ ਨੂੰ ਯੂਨੀਅਨ ਬਣਾਉਣ ਲਈ ਪ੍ਰੇਰਨ ਲੱਗੇ। ਮੈਂ ਵੀ ਬਹੁਤ ਸਾਰੇ ਪੰਜਾਬੀਆ ਨੂੰ ਮੈਂਬਰ ਬਣ ਜਾਣ ਲਈ ਤਿਆਰ ਕਰ ਲਿਆ ਪਰ ਵੀਅਤਨਾਮ ਵਾਲੇ ਜੋ ਬਹੁਤ ਵੱਡੀ ਗਿਣਤੀ ਵਿੱਚ ਇੱਥੇ ਕੰਮ ਕਰ ਰਹੇ ਸਨ, ਨੇ ਕੋਈ ਹੁੰਗਾਰਾ ਨਾ ਭਰਿਆ। ਮੈਂ ਉਹਨਾਂ ਦੇ ਗੌਰਵਮਈ ਇਤਿਹਾਸ ਦਾ ਵਾਸਤਾ ਪਾਇਆ। ਪਰ ਉਹਨਾਂ ਸਾਫ ਕਰ ਦਿੱਤਾ ਕਿ ਉਹ ਤਾ ਸਾਇਗਾਨ ਵਾਲੇ ਪਾਸੇ ਤੋਂ ਨੇ ਜਿਸ ਹਿੱਸੇ ਨੇ ਸ਼ੁਰੂ ਵਿੱਚ ਅਮਰੀਕੀ ਸਾਮਰਾਜ ਦਾ ਸਾਥ ਦਿੱਤਾ ਸੀ। ਲੜਾਈ ਤਾਂ ਵੀਅਤਨਾਮ ਦੇ ਹੈਨੋਈ ਸਾਈਡ ਵਾਲਿਆਂ ਨੇ ਲੜੀ ਸੀ। ਮੈਨੂੰ ਇਕ ਦਮ ਸਮਝ ਆ ਗਈ ਕਿ ਕਿਓ ਇਸ ਦੇਸ਼ ਦੇ ਵਰਕਰਜ਼ ਬੋਸ ਦੇ ਗਲਤ ਫੈਸਲੇ ਨੂੰ ਵੀ ਸਿਰ ਝੁਕਾਈ ਮੰਨੀ ਜਾ ਰਹੇ ਸਨ ਤੇ ਆਪਣੇ ਹੱਕਾ ਲਈ ਲੜਨ ਵਾਸਤੇ ਯੁਨੀਅਨ ਬਣਾਉਣ ਦਾ ਵਿਰੋਧ ਕਰ ਰਹੇ ਹਨ? ਹਮਲਾਵਰ ਸਾਮਰਾਜੀਆਂ ਦੇ ਹਕ ਵਿੱਚ ਖੜਨ ਕਾਰਨ ਇਸ ਹਿੱਸੇ ਦੇ ਲੋਕਾਂ ਦੀ ਕੌਮਪ੍ਰਸਤੀ ਦੀ ਭਾਵਨਾ ਹੀ ਖਤਮ ਹੋ ਗਈ ਸੀ ਤੇ ਉਹ ਆਪਣੇ ਨਿੱਜੀ ਹਿੱਤਾਂ ਤੇ ਹੱਕਾ ਲਈ ਲੜਾਈ ਲੜਨ ਜੋਗੇ ਵੀ ਨਹੀਂ ਰਹਿ ਗਏ ਲਗਦੇ ਸਨ। ਬਹੁਗਿਣਤੀ ਨੇ ਕੰਪਨੀ ਦੇ ਡਰ ਕਾਰਨ ਯੂਨੀਅਨ ਦੇ ਹਕ ਵਿੱਚ ਫਾਰਮ ਨਾ ਭਰੇ ਤੇ ਇਹ ਯਤਨ ਵੀ ਅਸਫਲ ਰਿਹਾ।

1. ਹੁਣ ਸੁਪਰਵਾਈਜ਼ਰ ਨੂੰ ਮੇਰੇ ਵੱਲੋ ਈਮੇਲ ਰਾਹੀਂ ਸ਼ਕਾਇਤ ਕਰਨ ਦਾ ਪਤਾ ਲੱਗਣ ਤੇ ਮੈਨੂੰ ਹੋਰ ਵੀ ਤੰਗ ਕਰਨ ਦੀ ਕੋਸ਼ਿਸ਼ ਕਰਨ ਲੱਗ ਗਿਆ। ਔਖੇ 'ਤੇ ਵਾਰ ਵਾਰ ਹੇਠਾਂ ਝੁਕਣ ਵਾਲੀ ਜੌਬ ਤੇ ਭੇਜਣ ਦਾ ਹੁਕਮ ਦੇ ਦਿਤਾ , ਪਰ ਮੈਂ ਪਿਛਲੇ ਸਮੇਂ ਵਿੱਚ ਕੰਮ ਦੇ ਦੌਰਾਨ ਬੈਕ ਦੀ ਸਮੱਸਿਆ ਆ ਜਾਣ ਬਾਰੇ ਦਸ ਦਿੰਦਾ ਤੇ ਸੇਫਟੀ ਵਾਲੇ ਸੁਪਰਵਾਈਜ਼ਰ ਕੋਲ ਰਿਕਾਰਡ ਚੈਕ ਕਰਨ ਲਈ ਕਹਿ ਦਿੱਤਾ। ਜ਼ਿਆਦਾ ਮਜਬੂਰ ਕਰਨ ਤੇ ਮੈਂ ਜੀਐਮ ਕੋਲ ਪਹੁੰਚ ਗਿਆ ਤੇ ਆਪਣੀ ਮੈਡੀਕਲ ਦੀ ਸਮੱਸਿਆ ਦਸਦਿਆਂ ਸੁਪਰਵਾਈਜ਼ਰ ਵਲੋਂ ਪਰੇਸ਼ਾਨ ਕਰਨ ਦੀ ਸ਼ਿਕਾਇਤ ਲਾ ਦਿੱਤੀ। ਜੀਐਮ ਨੇ ਵਰਕਰਜ਼ ਦੀ ਮੀਟਿੰਗ ਬੁਲਾ ਕੇ ਹਰ ਇਕ ਨੂੰ ਕੰਪਨੀ ਦੇ ਅਸੈਂਬਲੀ ਵਾਲੇ ਪਾਸੇ ਸੋਖਾ ਕੰਮ ਕਰਨ ਦੀ ਪੇਸ਼ਕਸ਼ ਕਰ ਦਿਤੀ।ਉਹ ਹਰ ਹਾਲਤ ਵਿਚ ਇਸ ਆਪਸੀ ਤਲਖੀ ਨੂੰ ਖਤਮ ਕਰਨਾ ਚਾਹੁੰਦਾ ਸੀ ਤੇ ਸਥਿਤੀ ਨੂੰ ਨਾਰਮਲ ਬਣਾਉਣਾ ਚਾਹੁੰਦਾ ਸੀ। ਮੈਂ ਅਸੈਂਬਲੀ ਵਾਲੇ ਪਾਸੇ ਜਾਣ ਤੋਂ ਜੁਆਬ ਦੇ ਦਿੱਤਾ ਤੇ ਜੀਐਮ ਨੇ ਸੁਪਰਵਾਈਜ਼ਰ ਨੂੰ ਮੈਡੀਕਲ ਸਮੱਸਿਆ ਕਾਰਨ ਮੈਨੂੰ ਮੇਰੀ ਮਰਜ਼ੀ ਦੀ ਥਾਂ ਤੇ, ਜਿੱਥੇ ਮੈ ਕਈ ਸਾਲਾਂ ਤੋਂ ਕੰਮ ਕਰ ਰਿਹਾ ਸੀ, ਟਿਕੇ ਰਹਿਣ ਲਈ ਹੁਕਮ ਦੇ ਦਿੱਤਾ। ਇਹ ਸਾਡੇ ਬੌਸ ਲਈ ਵੱਡਾ ਝਟਕਾ ਸੀ। ਪਰ ਉਹ ਸਾਡੇ ਵਾਲੇ ਪਾਸੇ ਤੋਂ ਦੋ ਕਾਮਿਆਂ ਨੂੰ ਅਸੈਂਬਲੀ ਵਾਲੇ ਪਾਸੇ ਭੇਜਣ ਵਿੱਚ ਕਾਮਯਾਬ ਹੋ ਗਿਆ।ਭਾਵੇ ਉਹ ਸੌਖਾ ਕੰਮ ਕਰਕੇ ਆਪਣੀ ਮਰਜ਼ੀ ਨਾਲ ਗਏ ਸਨ,ਪਰ ਉਹ ਸਾਡਾ ਗਰੁੱਪ ਤੋੜਨ ਤੇ ਖੁਸ਼ ਸੀ। ਸਾਡੀ ਪਾਸੇ ਵਾਲੀ ਸ਼ਿਫਟ ਦੂਜੇ ਸ਼ਿਫਟਾਂ ਵਾਲਿਆਂ ਲਈ ਹਾਸਾ ਮਜ਼ਾਕ ਦੀ ਪਾਤਰ ਬਣ ਚੁੱਕੀ ਸੀ।ਵਾਰ ਵਾਰ ਦਫਤਰ ਵਿੱਚ ਵਰਕਰਾਂ ਦੀਆਂ ਪੇਸ਼ੀਆਂ ਦਾ ਦੌਰ ਜਾਰੀ ਸੀ। ਮੇਰੇ ਖਿਲਾਫ ਸੁਪਰਵਾਈਜ਼ਰ ਵਲੋਂ ਲੀਡ ਹੈਂਡ ਨੂੰ ਸ਼ਕਾਇਤ ਕਰਨ ਲਈ ਕਈ ਵਾਰ ਉਕਸਾਇਆ ਗਿਆ। ਪਰ ਮੈਂ ਮੌਕਾ ਨਹੀਂ ਦੇ ਰਿਹਾ ਸੀ ਤੇ ਕੰਪਨੀ ਦੇ ਰੂਲਜ਼ ਅਨੁਸਾਰ ਕੰਮ ਕਰਨ ਕਰਕੇ ਬਚਿਆ ਰਿਹਾ।

ਹੁਣ ਸੁਪਰਵਾਈਜ਼ਰ ਨੇ ਓਵਰਟਾਈਮ ਦੇਣ ਵਿੱਚ ਵਿਤਕਰਾ ਕਰਨਾਂ ਸ਼ੁਰੂ ਕਰ ਦਿੱਤਾ। ਕੰਪਨੀ ਦਾ ਆਮ ਪ੍ਰਚਲਤ ਨਿਯਮ ਸੀ ਕਿ ਸਭ ਤੋਂ ਪਹਿਲਾਂ ਜੌਬ ਤੇ ਕੰਮ ਕਰਨ ਵਾਲਿਆਂ ਨੂੰ ਓਵਰਟਾਈਮ ਲਈ ਪਹਿਲ ਦਿੱਤੀ ਜਾਂਦੀ ਸੀ। ਪਰ ਉਸ ਦੁਆਰਾ ਨਿਯਮਾਂ ਦੇ ਉਲਟ ਜਾਕੇ ਕੰਪਨੀ ਦੇ ਦੂਜੇ ਡਿਪਾਰਟਮੈਂਟ 'ਚੋਂ ਵਰਕਰਜ਼ ਨੂੰ ਤੇ ਖਾਸਕਰ ਲੇਡੀਜ਼ ਨੂੰ ਓਵਰਟਾਈਮ ਲਈ ਬੁਲਾਇਆ ਜਾਣ ਲਗਿਆ। ਸੁਪਰਵਾਈਜ਼ਰ ਦੇ ਵਿਹਾਰ ਤੇ ਕੰਮ ਢੰਗ ਖਿਲਾਫ, ਤੇ ਮੇਰੇ ਵਲੋਂ ਸਲਾਹ ਦੇਣ ਤੇ, ਜੀਐਮ ਕੋਲ ਲਗਾਤਾਰ ਸ਼ਿਕਾਇਤਾਂ ਜਾ ਰਹੀਆਂ ਸਨ। ਇਕ ਦਿਨ ਸਾਨੂੰ ਕੰਮ ਸ਼ੁਰੂ ਕੀਤਿਆਂ ਇਕ ਘੰਟੇ ਤੋਂ ਵੀ ਘਟ ਸਮਾਂ ਹੋਇਆ ਸੀ ਕਿ ਮੈਨੂੰ ਮੇਰੇ ਨਾਲ ਕੰਮ ਕਰ ਰਹੇ ਹੇਅਰ ਨੇ ਪਿੱਛੇ ਵੇਖਣ ਦਾ ਇਸ਼ਾਰਾ ਕੀਤਾ। ਸਾਡਾ ਸੁਪਰਵਾਈਜ਼ਰ ਆਪਣੇ ਹਥ ਵਿੱਚ ਲੰਚ ਬੈਗ ਲੈਕੇ ਦਫਤਰ ਵਿੱਚੋਂ ਨਿਕਲ ਕੇ ਵਾਪਸ ਕਾਰ ਪਾਰਕਿੰਗ ਵਲ ਨੂੰ ਜਾ ਰਿਹਾ ਸੀ। ਉਸਦੇ ਇਕ ਪਾਸੇ ਸਵੇਰੇ ਦੀ ਸ਼ਿਫਟ ਵਾਲਾ ਸੀਨੀਅਰ ਗੋਰਾ ਸੁਪਰਵਾਈਜ਼ਰ ਸੀ ਤੇ ਦੂਜੇ ਪਾਸੇ ਪ੍ਰੋਡਕਸ਼ਨ ਮੈਨੇਜਰ ਸੀ। ਸੁਪਰਵਾਈਜ਼ਰ ਨੇ ਨੀਵੀਂ ਪਾਈ ਹੋਈ ਸੀ ਤੇ ਉਹ ਹੌਲੀ ਹੌਲੀ ਕਦਮ ਪੁੱਟ ਰਿਹਾ ਸੀ। ਇਕ ਮਿੰਟ ਲਈ ਕੰਪਨੀ ਦਾ ਸਾਰਾ ਕੰਮ ਰੁਕ ਗਿਆ ਤੇ ਸਾਰੇ ਵਰਕਰਜ਼ ਮੁਸਕਰਾ ਕੇ ਇਹ ਸੀਨ ਵੇਖਣ ਲਗ ਪਏ। ਕੰਪਨੀ ਦੇ ਕਾਮਿਆਂ ਨੂੰ ਹਰ ਰੋਜ਼ ਬੇਹੱਦ ਪ੍ਰੇਸ਼ਾਨ ਕਰਨ ਵਾਲਾ ਤੇ ਵਰਕ ਕਲਚਰ ਸਿਖਾਉਣ ਵਾਲਾ, ਸਾਡੇ ਸਾਰਿਆਂ ਦੇ ਸਾਹਮਣੇ, ਕੰਪਨੀ ਦੇ ਦੋ ਸੀਨੀਅਰ ਅਹੁਦੇਦਾਰਾਂ ਦੇ ਪਹਿਰੇ ਹੇਠ ਉਸਦੀ ਕਾਰ ਵਿੱਚ ਬਿਠਾਉਣ ਲਈ ਲਜਾਇਆ ਜਾ ਰਿਹਾ ਸੀ। ਬਿਨਾਂ ਕਿਸੇ ਗਲਤੀ ਦੇ ਸਾਰੇ ਵਰਕਰਜ਼ ਨੂੰ ਵਾਰ ਵਾਰ ਘਰ ਭੇਜਣ ਦੇ ਡਰਾਵੇ ਦੇਣ ਵਾਲੇ ਨੂੰ ਕੰਪਨੀ ਵਲੋਂ ਪੱਕੇ ਤੌਰ ਤੇ ਘਰ ਨੂੰ ਭੇਜਿਆ ਜਾ ਰਿਹਾ ਸੀ!





ਐਨ.ਆਰ.ਆਈ.ਇਨਕਲਾਬੀ ਮੰਚ ਵੱਲੋਂ


# ਕੈਨੇਡਾ ਸਰੀ (ਬੀ.ਸੀ), ਓਕਵਿਲ(ਟੋਰਾਂਟੋ), ਸਸਕੈਚਵਨ ਸੂਬੇ ਦੇ ਯੋਰਕਟੋਨ ਅਤੇ ਐਸਟਵਨ ਵਿਖੇ

**• ਆਜ਼ਾਦੀ ਸੰਗਰਾਮੀ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਸਮਾਗਮ • ਸ਼ਹੀਦ ਊਧਮ ਸਿੰਘ, ਇਨਕਲਾਬੀ ਸ਼ਹੀਦ ਬਾਬਾ ਬੂਝਾ ਸਿੰਘ ਅਤੇ ਸ਼ਹੀਦ ਪ੍ਰਿਥੀਪਾਲ ਰੰਧਾਵਾ ਨੂੰ ਸ਼ਰਧਾਂਜਲੀਆਂ • ਇਨਕਲਾਬੀ ਤੇਲਗੂ ਕਵੀ ਪ੍ਰੋ: ਵਰਵਰਾ ਰਾਓ ਅਤੇ ਹੋਰ ਗ੍ਰਿਫਤਾਰ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ**













ਸਰੀ,ਬੀ.ਸੀ., ਓਕਵਿਲ (ਟੋਰਾਂਟੋ), ਯੋਰਕਟੋਨ (ਸਸਕੈਚਵਨ), ਐਸਟਵਨ (ਸਸਕੈਚਵਨ) (25-26 ਜੁਲਾਈ) ਐਨ. ਆਰ. ਆਈ. ਇਨਕਲਾਬੀ ਮੰਚ, ਕੈਨੇਡਾ ਵੱਲੋਂ ਸ਼ਹੀਦ ਊਧਮ ਸਿੰਘ ਦੇ ਸਬੰਧ ਵਿੱਚ ਕੈਨੇਡਾ ਦੇ ਵੱਖ-ਵੱਖ ਪਰੋਵਿੰਸ ਅਤੇ ਸ਼ਹਿਰਾਂ ਵਿੱਚ ਸ਼ਹੀਦੀ ਸਮਾਗਮਾਂ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਸਰੀ (ਬੀ.ਸੀ), ਓਕਵਿਲ (ਟੋਰਾਂਟੋ), ਸਸਕੈਚਵਨ ਸੂਬੇ ਦੇ ਯੋਰਕਟੋਨ ਅਤੇ ਐਸਟਵਨ ਸ਼ਹਿਰ ਵਿਖੇ ਸ਼ਹੀਦੀ ਸਮਾਗਮ ਦੌਰਾਨ ਬ੍ਰਿਟਿਸ਼ ਸਾਮਰਾਜ ਦੇ ਖਿਲਾਫ ਭਾਰਤੀ ਕੌਮੀ ਆਜ਼ਾਦੀ ਦੇ ਸ਼ਹੀਦ ਊਧਮ ਸਿੰਘ ਦੇ ਜੀਵਨ ਸੰਘਰਸ਼ ਨੂੰ ਯਾਦ ਕੀਤਾ ਗਿਆ। ਇਨਕਲਾਬੀ ਨਕਸਲਬਾੜੀ ਲ਼ਹਿਰ ਦੇ ਸ਼ਹੀਦ ਬਾਬਾ ਬੂਝਾ ਸਿੰਘ ਅਤੇ ਇਨਕਲਾਬੀ ਵਿਦਿਆਰਥੀ ਲ਼ਹਿਰ ਦੇ ਸ਼ਹੀਦ ਪ੍ਰਿਥੀਪਾਲ ਰੰਧਾਵਾ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਸਾਰੇ ਪ੍ਰੋਗਰਾਮਾਂ ਵਿੱਚ ਭਾਰਤੀ ਫਾਸ਼ੀਵਾਦੀ ਸੰਘੀ ਭਾਜਪਾ ਸਰਕਾਰ ਦੁਆਰਾ ਇਨਕਲਾਬੀ ਤੇਲਗੂ ਕਵੀ ਪ੍ਰੋ: ਵਰਵਰਾ ਰਾਓ ਅਤੇ ਹੋਰ ਬੁੱਧੀਜੀਵੀਆਂ ਦੀ ਗ੍ਰਿਫਤਾਰੀ ਦੀ ਨਿੰਦਾ ਕਰਦੇ ਹੋਏ, ਰਿਹਾਈ ਦੀ ਮੰਗ ਕੀਤੀ ਗਈ।





ਬੀਤੇ ਐਤਵਾਰ, ਸਰੀ ਬੀ.ਸੀ. ਵਿਖੇ ਇਨਕਲਾਬੀ ਮੰਚ ਵੱਲੋਂ ਇਹ ਸ਼ਹੀਦੀ ਸਮਾਗਮ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਆਯੋਜਨ ਕੀਤਾ ਗਿਆ ਕਰੋਨਾ ਪਾਬੰਦੀਆਂ ਦੇ ਬਾਵਜੂਦ ਕਾਫੀ ਗਿਣਤੀ ਵਿੱਚ ਅਗਾਂਹਵਧੂ ਲੋਕਾਂ ਵੱਲੋਂ ਉਤਸਾਹ ਭਰਪੂਰ ਸ਼ਾਮੂਲੀਅਤ ਕੀਤੀ ਗਈ। ਇਹ ਸਮਾਗਮ ਵਿੱਚ ਇਨਕਲਾਬੀ ਸ਼ਹੀਦ ਬਾਬਾ ਬੂਝਾ ਸਿੰਘ ਅਤੇ ਸ਼ਹੀਦ ਪ੍ਰਿਥੀਪਾਲ ਰੰਧਾਵਾ ਨੂੰ ਵੀ ਸ਼ਰਧਾਂਜਲੀ ਅਰਪਿਤ ਕੀਤੀ ਗਈ। ਹਾਜ਼ਰ ਇਕੱਠ ਵੱਲੋਂ ਭਾਰਤ ਦੀ ਮੌਜੂਦਾ ਮੋਦੀ-ਭਾਜਪਾ ਹਕੂਮਤ ਵੱਲੋਂ ਇਨਕਲਾਬੀ ਤੇਲਗੂ ਕਵੀ ਪ੍ਰੋ:ਵਰਾਵਰਾ ਰਾਓ ਅਤੇ ਹੋਰ ਗ੍ਰਿਫਤਾਰ ਕੀਤੇ ਖੱਬੇਪੱਖੀ ਬੁੱਧੀਜੀਵੀਆਂ ਦੀ ਗ੍ਰਿਫਤਾਰੀ ਦੀ ਨਿੰਦਾ ਕੀਤੀ ਗਈ ਅਤੇ ਇਨ੍ਹਾਂ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਹਾਦੁਰ ਮੱਲੀ ਨੇ ਨਿਭਾਈ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਹਾਜ਼ਰ ਇਕੱਠ ਦਾ ਸਵਾਗਤ ਕਰਦੇ ਹੋਏ, ਇਨਕਲਾਬੀ ਮੰਚ, ਕੈਨੇਡਾ ਦੇ ਕੌਮੀ ਪ੍ਰਧਾਨ ਜਗਰੂਪ ਸਿੰਘ ਧਾਲੀਵਾਲ ਨੇ ਬਸਤੀਵਾਦੀ ਭਾਰਤ ਨੂੰ ਬ੍ਰਿਟਿਸ਼ ਸਮਾਰਾਜ ਤੋਂ ਮੁਕਤ ਕਰਨ ਲਈ ਆਪਣੀ ਜਾਨ ਦੀ ਬਾਜ਼ੀ ਲਾਉਣ ਵਾਲੇ ਸ਼ਹੀਦ ਊਧਮ ਸਿੰਘ, ਇਨਕਲਾਬੀ ਨਕਸਲਬਾੜੀ ਲਹਿਰ ਦੇ ਬਜ਼ੁਰਗ ਸ਼ਹੀਦ ਬਾਬਾ ਬੂਝਾ ਸਿੰਘ ਅਤੇ ਇਨਕਲਾਬੀ ਵਿਦਿਆਰਥੀ ਲ਼ਹਿਰ ਦੇ ਸ਼ਹੀਦ ਪ੍ਰਿਥੀਪਾਲ ਰੰਧਾਵਾ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਇਨਕਲਾਬੀ ਮੰਚ ਕੈਨੇਡਾ ਦੇ ਆਦਰਸ਼ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ। ਮੰਚ ਦੇ ਕੌਮੀ ਮੀਤ-ਪ੍ਰਧਾਨ ਹਰਦੇਵ ਸਿੰਘ ਨੇ ਸ਼ਹਦਿ ਊਧਮ ਸਿੰਘ ਦੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਜੀਵਨ ਸੰਘਰਸ਼, ਆਜ਼ਾਦ ਨਵ-ਭਾਰਤ ਦੇ ਸੁਪਨੇ ਅਤੇ ਅਜੋਕੇ ਸਾਮਰਾਜੀ ਦੌਰ ਵਿੱਚ ਉਨ੍ਹਾਂ ਦੇ ਆਦਰਸ਼ਾਂ ਦੀ ਪ੍ਰਸੰਗਤਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਗੱਲ ਦਰੁਸਤ ਨਹੀਂ ਹੈ ਕਿ ਸ਼ਹੀਦ ਊਧਮ ਸਿੰਘ ਦੇ ਜੀਵਨ ਦਾ ਆਦਰਸ਼ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਨਿਰਦੋਸ਼ ਲੋਕਾਂ ਦੇ ਕਤਲਾਂ ਦਾ ਬਦਲਾ ਲੈਣਾ ਸੀ। ਸ਼ਹੀਦ ਉਧਮ ਸਿੰਘ ਦੇ ਆਦਰਸ਼ ਇਸ ਤੋਂ ਕਿਤੇ ਉਚੇ ਅਤੇ ਮਹਾਨ ਸਨ ਜੋਕਿ ਸਮੇਂ ਦੇ ਸਾਮਰਾਜ ਵਲੋਂ ਭਾਰਤ ਸਮੇਤ ਸੰਸਾਰ ਦੇ ਸਾਰੇ ਮੁਲਕਾਂ ਵਿੱਚ ਮਿਹਨਤਕਸ਼ ਲੋਕਾਂ ਦੀ ਗਰੀਬੀ, ਬੇਰੋਜ਼ਗਾਰੀ ਅਤੇ ਜ਼ੁਲਮਾਂ ਦੀ ਲੁੱਟ ਦੇ ਖਿਲਾਫ ਸੰਘਰਸ਼ ਸੀ। ਉਹ ਇੰਗਲੈਂਡ ਵਿੱਚ ਗਦਰ ਪਾਰਟੀ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਅਤੇ ਭਾਰਤ ਦੀ ਭਗਤ ਸਿੰਘ ਤੇ ਸਾਥੀਆਂ ਵਾਲੀ ਹਿੰਦੋਸਤਾਨ ਸਮਾਜਵਾਦੀ ਰਿਪਬਲੀਕਨ ਪਾਰਟੀ ਦੇ ਇਨਕਲਾਬੀ ਉਦੇਸ਼ਾਂ ਦੇ ਸਹਿਯੋਗੀ ਸਨ। ਉਨ੍ਹਾਂ ਦਾ ਉਦੇਸ਼ ਭਾਰਤੀ ਇਨਕਲਾਬ ਦੀ ਹਮਾਇਤ ਅਤੇ ਸਾਮਰਾਜ ਖਿਲਾਫ ਸੰਘਰਸ਼ ਕਰਕੇ ਮਿਹਨਤਕਸ਼ ਆਵਾਮ ਲਈ ਧਰਮ ਨਿਰਪੱਖ ਜਾਤਿ-ਪਾਤਿ ਮੁਕਤ ਨਵ-ਭਾਰਤ ਦੀ ਸਿਰਜਣਾ ਸੀ। ਅੱਜ ਦੀ ਭਾਰਤ ਦੀ ਸੰਘੀ-ਭਾਜਪਾ ਸਰਕਾਰ ਸ਼ਹੀਦਾਂ ਦੇ ਆਦਰਸ਼ਾਂ ਨੂੰ ਛਿੱਕੇ ਟੰਗ ਘਟ-ਗਿਣਤੀਆਂ ਪ੍ਰਤੀ ਨਫਰਤ ਦੀ ਰਾਜਨੀਤੀ ਕਰਕੇ

(ਬਾਕੀ ਸਫ਼ਾ 36 'ਤੇ)



Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk 416-357-1818
7003 Steeles Ave. W,Unit 10 Etobicoke,ON, M9W 0A2

Harveer Kaur Grewal 416-671-1919

GALAXY Freightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਕੈਲਗਰੀ ਵਿੱਚ ਭਾਰਤ ਸਰਕਾਰ ਵਲੋਂ ਝੂਠੇ ਕੇਸਾਂ ਵਿੱਚ ਜ਼ੇਲ੍ਹੀਂ ਬੰਦ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਦੇ ਹੱਕ ਵਿੱਚ ਕਰੋਨਾ ਦੇ ਚੱਲਦਿਆਂ ਪ੍ਰਭਾਵਸ਼ਾਲੀ ਰੋਸ ਪ੍ਰਦਰਸ਼ਨ !





ਕੈਲਗਰੀ (ਹਰਚਰਨ ਪਰਹਾਰ): ਪਿਛਲ਼ੇ ਕੁਝ ਸਾਲਾਂ ਤੋਂ ਭਾਰਤ ਦੀ ਮੋਦੀ-ਅਮਿਤ ਸ਼ਾਹ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵਲੋਂ ਲੋਕ ਵਿਰੋਧੀ ਕਾਲੇ ਕਨੂੰਨਾਂ ਅਧੀਨ ਲੋਕ-ਪੱਖੀ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਤੇ ਜਿਥੇ ਵੱਡੀ ਪੱਧਰ ਤੇ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ, ਉਥੇ ਉਨ੍ਹਾਂ ਨੂੰ ਜ਼ੇਲੀਂ ਡੱਕਿਆ ਜਾ ਰਿਹਾ ਹੈ। ਪੰਜਾਬ ਸਮੇਤ ਸਮੁੱਚੇ ਭਾਰਤ ਵਿੱਚ ਲੋਕ ਪੱਖੀ ਸਮਾਜਿਕ ਤੇ ਰਾਜਨੀਤਕ ਜਥੇਬੰਦੀਆਂ ਵਲੋਂ ਉਨ੍ਹਾਂ ਦੀ ਰਿਹਾਈ ਤੇ ਝੂਠੇ ਕੇਸ ਵਾਪਿਸ ਲੈਣ ਲਈ ਰੋਸ ਪਰਦਰਸ਼ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਗ੍ਰਿਫਤਾਰ ਤੇ ਝੂਠੇ ਕੇਸਾਂ ਦਾ ਸਾਹਮਣਾ ਕਰ ਰਹੇ ਬੁੱਧੀਜੀਵੀਆਂ ਅਤੇ ਸਮਾਜਿਕ ਤੇ ਰਾਜਨੀਤਕ ਕਾਰਕੁੰਨਾਂ ਦੇ ਹੱਕ ਵਿੱਚ ਕੈਲਗਰੀ ਨਾਰਥ ਈਸਟ ਦੇ ਜੈਨੇਸਿਸ ਸੈਂਟਰ ਦੇ ਬਾਹਰ ਮੰਗਲਵਾਰ ਜੁਲਾਈ 21 ਨੂੰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਦਾ ਪ੍ਰਬੰਧ ਚਾਰ ਸੰਸਥਾਵਾਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ, ਪ੍ਰੌਗਰੈਸਿਵ ਕਲਾ ਮੰਚ ਕੈਲਗਰੀ, ਅਦਾਰਾ ਸਰੋਕਾਰਾਂ ਦੀ ਆਵਾਜ਼ ਟਰਾਂਟੋ ਵਲੋ ਕੀਤਾ ਗਿਆ ਸੀ। ਇਸ ਮੌਕੇ ਤੇ ਬੋਲਦਿਆਂ ਮਾਸਟਰ ਭਜਨ ਸਿੰਘ ਨੇ ਭਾਰਤ ਦੀ ਮੌਜੂਦਾ ਫਾਸ਼ੀ ਤੇ ਫਿਰਕੂ ਸਰਕਾਰ ਦੀਆਂ ਗੈਰ ਲੋਕਤੰਤਰੀ ਤੇ ਲੋਕ ਵਿਰੋਧੀ ਨੀਤੀਆਂ ਦੀ ਨਿਖੇਧੀ ਕੀਤੀ ਅਤੇ ਬੁੱਧੀਜੀਵੀਆਂ ਤੇ ਕਾਰਕੁੰਨਾਂ ਦੀ ਰਿਹਾਈ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਦੀ ਸ਼ਲਾਘਾ ਕੀਤੀ। ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਮੁਜ਼ਾਹਰੇ ਵਿੱਚ ਸ਼ਾਮਲ ਸਭ ਦਾ ਧੰਨਵਾਦ ਕੀਤਾ ਗਿਆ ਅਤੇ ਫੜੇ ਹੋਏ ਤੇ ਝੂਠੇ ਕੇਸਾਂ ਦਾ ਸਾਹਮਣਾ ਕਰ ਰਹੇ ਬੁੱਧੀਜੀਵੀਆਂ, ਪੱਤਰਕਾਰਾਂ, ਕਾਰਕੁੰਨਾਂ ਦੀ ਤੁਰੰਤ ਰਿਹਾਈ ਤੇ ਝੂਠੇ ਕੇਸ ਵਾਪਸ ਲੈਣ ਦੀ ਮੰਗ ਕੀਤੀ। ਇਸ ਮੌਕੇ ’ਤੇ ਪ੍ਰਦਰਸ਼ਨਕਾਰੀਆਂ ਵਲੋਂ ਜਿਥੇ ਫੜੇ ਹੋਏ ਤੇ ਝੂਠੇ ਕੇਸਾਂ ਦਾ ਸਾਹਮਣਾ ਕਰ ਰਹੇ ਬੁੱਧੀਜੀਵੀਆਂ ਤੇ ਕਾਰਕੁੰਨਾਂ ਦੇ ਹੱਕ ਵਿੱਚ ਜਮ ਕੇ ਨਾਹਰੇ ਲਗਾਏ ਗਏ, ਉਥੇ ਭਾਰਤ ਸਰਕਾਰ ਵਲੋਂ ਬਣਾਏ ਕਾਲੇ ਕਨੂੰਨਾਂ ਦੇ ਵਿਰੋਧ ਵਿੱਚ ਵੀ ਨਾਹਰੇ ਲਾਏ ਗਏ। ਇਸ ਮੌਕੇ ਤੇ ਮੁਜ਼ਾਹਰਕਾਰੀਆਂ ਵਲੋਂ ਕਰੋਨਾ ਨੂੰ ਮੁੱਖ ਰੱਖ ਕੇ ਜਿਥੇ ਫੇਸ ਮਾਸਕ ਪਾਏ ਹੋਏ ਸਨ, ਉਥੇ ਸੋਸ਼ਲ ਡਿਸਟੈਂਸ ਦਾ ਵੀ ਵੀ ਪੂਰਾ ਖਿਆਲ ਰੱਖਿਆ ਗਿਆ। ਮੁਜ਼ਾਹਰਾਕਾਰੀਆਂ ਵਲੋਂ ਬੁੱਧੀਜੀਵੀਆਂ ਦੀ ਰਿਹਾਈ ਤੇ ਕੇਸ ਵਾਪਿਸ ਲੈਣ ਨਾਲ ਸਬੰਧਤ ਪਲੈਕ ਕਾਰਡ ਚੁੱਕੇ ਹੋਏ ਸਨ ਤੇ ਜੈਨੇਸਸਿ ਸੈਂਟਰ ਦੇ ਬਾਹਰ ਮੇਨ ਰੋਡ ਦੇ ਨਾਲ-ਨਾਲ ਰੋਸ ਮਾਰਚ ਵੀ ਕੀਤਾ ਗਿਆ।ਹੋਰਨਾਂ ਤੋਂ ਇਲਾਵਾ ਮੁਜ਼ਾਹਰੇ ਵਿੱਚ ਰੇਡੀਉ ਰੈਡ ਐਫ ਐਮ ਤੋਂ ਰਿਸ਼ੀ ਨਾਗਰ, ਨੌਜਵਾਨ ਲੇਖਕ ਬਲਜਿੰਦਰ ਸੰਘਾ, ਲੇਖਿਕਾ ਗੁਰਚਰਨ ਕੌਰ ਥਿੰਦ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਤੇ ਮਾਸਟਰ ਭਜਨ ਸਿੰਘ ਵਲੋਂ ਜ਼ਲ੍ਹਿਆਂਵਾਲਾ ਬਾਗ ਵਿੱਚ ਰੈਨੋਵੇਸ਼ਨ ਦੀ ਆੜ ਵਿੱਚ ਸਰਕਾਰ ਵਲੋਂ ਸ਼ਹੀਦਾਂ ਦੀ ਫੋਟੋ ਗੈਲਰੀ ਵਿੱਚ ਆਰਟ ਦੇ ਨਾਮ ਤੇ ਅਰਧ ਨਗਨ ਔਰਤਾਂ ਦੀਆਂ ਤਸਵੀਰਾਂ ਲਗਾਉਣ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਇਹ ਸ਼ਹੀਦਾਂ ਦਾ ਅਪਮਾਨ ਹੈ।


APC ENDORSE AND SUPPORT INITIATIVE TAKEN BY "SAROKARON DE AAWAZ' TO PROTEST AGAINST ARREST OF INDIAN INTELLECTUALS AND POLITICAL ACTIVIST BY FASCIST MODI REGIME

PROTEST AGAINST ARREST OF VOICE OF DISSENT IN INDIA

Sunday August 2nd ,2020
Chinguacousy Park 9050 Bramalea Rd. Brampton at 4:00 PM Onwards

In solidarity with *Prof Varavara Rao * Prof GN Saibaba * Prof Anand Teltumbde *Sudha Bharadwaj * Gautam Navlakha * Vernon Gonsalves *Arun Ferreira * Shoma Sen * Dr Kafeel Khan * Akhil Gogoi and many others

Call Harparminder Gadri : 416 625 4363
Shamshad: 647 520 0661


“ਰੋਸ ਪ੍ਰਦਰਸ਼ਨ”
2ਅਗਸਤ ਐਤਵਾਰ

ਇਨਕਲਾਬੀ ਤੇਲਗੂ ਕਵੀ ਵਰਾਵਰਾ ਰਾਓ ਅਤੇ ਹੋਰ ਬੁੱਧੀਜੀਵੀਆਂ ਨੂੰ ਰਿਹਾ ਕਰੋ

ਭਾਰਤੀ ਹਕੂਮਤ ਵੱਲੋਂ ਇਨਕਲਾਬੀ ਤੇਲਗੂ ਕਵੀ ਵਰਾਵਰਾ ਰਾਓ ਅਤੇ ਹੋਰ ਬੁੱਧੀਜੀਵੀਆਂ ਦੀ ਗਿਫ੍ਰਤਾਰੀ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਅਤੇ ਰਿਹਾਈ ਦੀ ਮੰਗ ਕਰਨ ਲਈ ਸਮੂਹ ਜੱਥੇਬੰਦੀਆਂ ,ਸਾਹਿਤਕ ਲਿਖਾਰੀ ਸਭਾਵਾਂ ਅਤੇ ਇਨਸਾਫਪਸੰਦ ਲੋਕਾਂ ਨੂੰ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ ।

ਮਿਤੀ 2ਅਗਸਤ; ਦਿਨ ਐਤਵਾਰ ; ਸਮਾਂ :4:00 ਵਜੇ ਸ਼ਾਮ
CHINGUACOUSY PARK
9050 BRAMALEA ROAD, BRAMPTON
CENTRAL PARK DRIVE & QUEEN STREET EAST ,

ਬੇਨਤੀ ਵੱਲੋਂ :
ਦੇਵਿੰਦਰ ਤੂਰ(416) 902-9372 ਅਤੇ ਡਾ: ਹਰਦੀਪ ਸਿੰਘ(416)209 6363 (ਸਰੋਕਾਰਾਂ ਦੀ ਅਵਾਜ)
ਬਲਦੇਵ ਰੀਹਪਾ (416) 881-7202; ਤਰਕਸ਼ੀਲ ਸੁਸਾਈਟੀ
ਸੁਰਜੀਤ ਸਹੋਤਾ (416) 704-0745; ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀ:
ਹਰਿੰਦਰ ਹੁੰਦਲ (647) 818-6880, ਜੀ.ਟੀ.ਏ. ਵੈਸਟ ਕਲੱਬ
ਮਲੂਕ ਸਿੰਘ ਕਾਹਲੋਂ (905) 497-1216,ਕੈਨੇਡਿਅਨ ਪੰਜਾਬੀ ਸਾਹਿਤ ਸਭਾ
ਕੁਲਵਿੰਦਰ ਖੈਹਿਰਾ (647) 407-1955, ਕਲਮਾਂ ਦਾ ਕਾਫਲਾ
ਹਰਪਰਮਿੰਦਰ ਗਦਰੀ(416) 625-4363 ਪ੍ਰੋਗਰੈਸਿਵ ਅਲਾਇੰਸ
ਨੋਟ:- ਬੇਨਤੀ ਹੈ ਕਿ ਸਾਰੇ ਮਾਸਕ ਲਾਕੇ ਆਉਣ ਅਤੇ ਸਰੀਰਕ ਵਿੱਥ ਰੱਖੀ ਜਾਵੇ


ਮੈਟਰੋ ਇਮੀਗ੍ਰੇਸ਼ਨ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ।ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੈਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ )
11. ਪੀ.ਆਰ. ਕਾਰਡ ਰਿਨੀਉਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਉਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

ਸੁਰੇਸ਼ ਗੁਪਤਾ
ਸਰਟੀਫਾਇਡ ਇਮੀਗਰੇਸ਼ਨ ਪਰੈਕਟੀਸ਼ਨਰ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6



HOMELIFE SILVERCITY REALTY INC.,BROKERAGE
Homelife SilverCity Realty Inc.
BROKERAGE Independently Owned & Operated
Mandeep Dhaliwal
Sales Representative
416-648-9053
905-913-8500
mkdsm0713@gmail.com
11775 Bramalea Rd., Unit #201, Brampton ON L6R3S9



Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6

## ਜਮਹੂਰੀ ਅਧਿਕਾਰ ਸਭਾ ਦੇ ਸੱਦੇ 'ਤੇ ਪੰਜਾਬ ਭਰ 'ਚ ਰੋਸ ਪ੍ਰਦਰਸ਼ਨ

(ਸਫ਼ਾ 1 ਦੀ ਬਾਕੀ)









ਐਡਵੋਕੇਟ ਅਰੁਣ ਫ਼ਰੇਰਾ ਅਤੇ 90 ਫੀਸਦੀ ਅਪਾਹਜ ਪ੍ਰੋ ਸਾਈਬਾਬਾ ਅਤੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸੰਘਰਸ਼ ਕਰਨ ਵਾਲੀਆਂ ਵਿਦਿਆਰਥਣਾਂ ਅਤੇ ਹੋਰ ਕਾਰਕੁੰਨਾਂ ਨੂੰ ਜ਼ਮਾਨਤ ਨਾ ਦੇਣਾ ਦਿਖਾਉਂਦਾ ਹੈ ਕਿ ਹੁਕਮਰਾਨ ਸਰਕਾਰ ਦੀਆਂ ਨੀਤੀਆਂ ਉੱਪਰ ਸਵਾਲ ਉਠਾਉਣ ਵਾਲਿਆਂ ਨੂੰ ਜਾਣ-ਬੁੱਝ ਕੇ ਕਰੋਨਾ ਇਨਫ਼ੈਕਸ਼ਨ ਦੇ ਮੂੰਹ ਧੱਕ ਕੇ ਉਹਨਾਂ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਬੁਲਾਰਿਆਂ ਨੇ ਕਿਹਾ ਕਿ ਪ੍ਰੋਫੈਸਰ ਵਰਾਵਰਾ ਰਾਓ ਦੀ ਗੰਭੀਰ ਸਰੀਰਕ ਤੇ ਮਾਨਸਿਕ ਹਾਲਤ ਅਤੇ ਕਰੋਨਾ ਇਨਫੈਕਸ਼ਨ ਦੇ ਮੱਦੇਨਜ਼ਰ ਉਹਨਾਂ ਨੂੰ ਹਸਪਤਾਲ ਦਾਖ਼ਲ ਕਰਾਉਣਾ ਹੀ ਕਾਫ਼ੀ ਨਹੀਂ ਹੈ। ਉਹਨਾਂ ਨੂੰ ਤੁਰੰਤ ਰਿਹਾਅ ਕਰਕੇ ਪਰਿਵਾਰ ਦੀ ਦੇਖਭਾਲ ਹੇਠ ਏਮਜ਼ ਪੱਧਰ ਦੇ ਹਸਪਤਾਲ ਵਿਚ ਇਲਾਜ ਸ਼ੁਰੂ ਕਰਾਉਣਾ ਚਾਹੀਦਾ ਹੈ। ਜੇ ਪ੍ਰੋਫੈਸਰ ਰਾਓ ਜਾਂ ਕਿਸੇ ਵੀ ਹੋਰ ਬੁੱਧੀਜੀਵੀ ਜਾਂ ਰਾਜਨੀਤਕ ਕਾਰਕੁੰਨ ਨੂੰ ਕੋਈ ਜਾਨੀ ਨੁਕਸਾਨ ਪਹੁੰਚਦਾ ਹੈ ਤਾਂ ਇਸ ਦੇ ਲਈ ਕੇਂਦਰ ਦੀ ਭਾਜਪਾ ਸਰਕਾਰ, ਕੌਮੀ ਜਾਂਚ ਏਜੰਸੀ ਅਤੇ ਅਦਾਲਤਾਂ ਦੇ ਉਹ ਜੱਜ ਹੋਣਗੇ ਜੋ ਉਹਨਾਂ ਨੂੰ ਰਿਹਾ ਨਹੀਂ ਕਰ ਰਹੇ। ਬੁਲਾਰਿਆਂ ਨੇ ਮੰਗ ਕੀਤੀ ਸਾਰੇ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ। ਬੁੱਧੀਜੀਵੀਆਂ ਵਿਰੁੱਧ ਭੀਮਾ-ਕੋਰੇਗਾਓਂ ਸਾਜ਼ਿਸ਼ ਦਾ ਝੂਠਾ ਕੇਸ ਵਾਪਸ ਲਿਆ ਜਾਵੇ ਅਤੇ ਹਿੰਸਾ ਲਈ ਅਸਲ ਜ਼ਿੰਮੇਵਾਰ ਆਰਐੱਸਐੱਸ ਪੱਖੀ ਆਗੂਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਯੂਏਪੀਏ ਅਤੇ ਹੋਰ ਕਾਲੇ ਕਾਨੂੰਨ ਵਾਪਸ ਲਏ ਜਾਣ। ਕਰੋਨਾ ਦੇ ਬਹਾਨੇ ਲੋਕਾਂ ਦੇ ਆਪਣੇ ਹਿਤਾਂ ਦੀ ਰਾਖੀ ਲਈ ਇਕੱਠੇ ਹੋਣ ਅਤੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਉੱਪਰ ਹਮਲੇ ਬੰਦ ਕੀਤੇ ਜਾਣ। ਲੌਕਡਾਊਨ ਦੀ ਉਲੰਘਣਾ ਦੇ ਦੋਸ਼ ਹੇਠ ਜਨਤਕ ਆਗੂਆਂ ਅਤੇ ਸੰਘਰਸ਼ਸ਼ੀਲ ਲੋਕਾਂ ਉੱਪਰ ਦਰਜ ਪਰਚੇ ਰੱਦ ਕੀਤੇ ਜਾਣ ਅਤੇ ਕਰੋਨਾ ਇਨਫ਼ੈਕਸ਼ਨ ਦੇ ਬਹਾਨੇ ਥੋਪੀਆਂ ਤਰਕਹੀਣ ਪਾਬੰਦੀਆਂ ਤੁਰੰਤ ਖ਼ਤਮ ਕੀਤੀਆਂ ਜਾਣ।

Shaheed Bhagat Singh Book Centre Calgary
Call Master Bhajan Singh at 403-455-4220 to buy or order books.
ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।



STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call Sukhi for FREE Estimate
7 Days A Week
416.230.4000 • 647.409.1092
www.starlinepainting.com



MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com




# ਕੇਂਦਰ ਸਰਕਾਰ ਦੇ ਖੇਤੀ ਆਰਡੀਨੈਂਸ ਰੱਦ ਕਰਵਾਉਣ ਲਈ ਦਰਜ਼ਨ ਕਿਸਾਨ ਜਥੇਬੰਦੀਆਂ ਵੱਲੋਂ ਸੂਬੇ-ਭਰ 'ਚ ਟਰੈਕਟਰ-ਮਾਰਚ




## ਕਾਰਪੋਰੇਟ ਘਰਾਣਿਆਂ ਲਈ ਕੇਂਦਰ ਸਰਕਾਰ 'ਤੇ ਖੇਤੀ ਅਰਥਚਾਰੇ ਨੂੰ ਝਪਟਣ ਦੀਆਂ ਤਿਆਰੀਆਂ ਦਾ ਦੋਸ਼

ਚੰਡੀਗੜ੍ਹ, (ਬਲਜਿੰਦਰ ਸਿੰਘ) : ਕੇਂਦਰ ਸਰਕਾਰ ਵੱਲੋਂ ਖੇਤੀ-ਸੁਧਾਰਾਂ ਦੇ ਨਾਂਅ 'ਤੇ ਲਿਆਂਦੇ 3 ਆਰਡੀਨੈਂਸਾਂ ਅਤੇ ਬਿਜਲੀ-ਐਕਟ-2020 ਨੂੰ ਰੱਦ ਕਰਵਾਉਣ, ਤੇਲ ਦੀਆਂ ਕੀਮਤਾਂ ਦੇ ਵਾਧੇ ਨੂੰ ਵਾਪਸ ਕਰਵਾਉਣ ਅਤੇ ਜੇਲ੍ਹਾਂ 'ਚ ਬੰਦ ਬੁੱਧੀਜੀਵੀਆਂ ਦੀ ਰਿਹਾਈ ਲਈ ਪੰਜਾਬ ਦੀਆਂ ਇੱਕ ਦਰਜ਼ਨ ਕਿਸਾਨ ਜਥੇਬੰਦੀਆਂ ਵੱਲੋਂ ਇੱਕਜੁੱਟਤਾ ਵਿਖਾਉਂਦਿਆਂ ਪੰਜਾਬ ਭਰ 'ਚ ਟਰੈਕਟਰ-ਮਾਰਚ ਕਰਦਿਆਂ ਅਕਾਲੀ-ਭਾਜਪਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀਆਂ ਕੋਠੀਆਂ ਅਤੇ ਦਫਤਰਾਂ ਦਾ ਘਿਰਾਓ ਕੀਤਾ ਗਿਆ। ਪਿੰਡ ਬਾਦਲ ਵੱਲ ਵਧਦੇ ਕਿਸਾਨਾਂ ਨੂੰ ਪੁਲਿਸ ਵੱਲੋਂ ਰਸਤੇ 'ਚ ਰੋਕਿਆ ਵੀ ਗਿਆ। ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ, ਪੰਜਾਬ ਦੇ ਕਨਵੀਨਰ ਡਾ. ਦਰਸ਼ਨਪਾਲ ਨੇ ਦੱਸਿਆ ਕਿ ਕਮੇਟੀ 'ਚ ਸ਼ਾਮਿਲ 10 ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ(ਡਕੌਂਦਾ), ਕਿਰਤੀ ਕਿਸਾਨ ਯੂਨੀਅਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ-ਪੰਜਾਬ, ਪੰਜਾਬ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਕੁੱਲ ਹਿੰਦ ਕਿਸਾਨ ਸਭਾ-ਪੰਜਾਬ, ਕੁੱਲ ਹਿੰਦ ਕਿਸਾਨ ਸਭਾ (ਅਜੈ-ਭਵਨ), ਕਿਸਾਨ ਸੰਘਰਸ਼ ਕਮੇਟੀ ਪੰਜਾਬ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ, ਜੈ ਕਿਸਾਨ ਅੰਦੋਲਨ ਅਤੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਤੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਵੱਲੋਂ ਤਾਲਮੇਲ-ਸੰਘਰਸ਼ ਦੇ ਸੱਦੇ ਤਹਿਤ ਅਕਾਲੀ-ਭਾਜਪਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀਆਂ ਕੋਠੀਆਂ/ਦਫ਼ਤਰਾਂ ਦਾ ਘਿਰਾਓ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ-ਆਰਡੀਨੈਂਸ ਫਸਲਾਂ ਦੇ ਖ੍ਰੀਦ-ਪ੍ਰਬੰਧ ਨੂੰ ਕਾਰਪੋਰੇਟ-ਹੱਥਾਂ 'ਚ ਸੌਂਪਣ ਵਾਲੇ ਹਨ। 22 ਜ਼ਿਲ੍ਹਿਆਂ ਵਿੱਚੋਂ 21 ਵਿੱਚ ਟਰੈਕਟਰ ਮਾਰਚ ਕਰਕੇ ਆਗੂਆਂ ਦੇ ਦਫ਼ਤਰਾਂ, ਘਰਾਂ ਤੱਕ ਰੋਸ ਮਾਰਚ ਕੀਤੇ ਗਏ। ਲੋਕ-ਸਭਾ ਮੈਂਬਰ ਤੇ ਪ੍ਰਧਾਨ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਘਰ ਅੱਗੇ ਪਿੰਡ ਬਾਦਲ 'ਚ, ਬਠਿੰਡਾ 'ਚ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੇ ਦਫ਼ਤਰ, ਪਟਿਆਲਾ ਵਿਖੇ ਇਕ ਟਰੈਕਟਰ ਮਾਰਚ ਸੀਨੀਅਰ ਅਕਾਲੀ ਲੀਡਰ ਸੁਰਜੀਤ ਸਿੰਘ ਰੱਖੜਾ ਦੇ ਲੀਲਾ ਭਵਨ ਵਿਖੇ ਦਫ਼ਤਰ ਅੱਗੇ ਜਦੋਂਕਿ ਦੂਸਰਾ ਨਾਭਾ ਰੋਡ ਉੱਤੇ ਸਥਿਤ ਉਨ੍ਹਾਂ ਦੇ ਘਰ ਅੱਗੇ, ਜ਼ਿਲ੍ਹਾ ਤਰਨ ਤਾਰਨ ਵਿਚ ਟਰੈਕਟਰ ਮਾਰਚ ਆਦੇਸ਼ ਪ੍ਰਤਾਪ ਕੈਰੋਂ ਦੇ ਦਫ਼ਤਰ ਅੱਗੇ, ਜਲੰਧਰ ਜ਼ਿਲ੍ਹੇ ਵਿਚ ਫਗਵਾੜਾ ਵਿਖੇ ਕਾਫ਼ਲਾ ਸੋਮ ਪ੍ਰਕਾਸ਼ ਕੇਂਦਰੀ ਮੰਤਰੀ ਅਤੇ ਨਕੋਦਰ ਵਿਖੇ ਅਕਾਲੀ ਵਿਧਾਇਕ ਵਡਾਲਾ ਦੇ ਦਫ਼ਤਰ/ਘਰ ਵੱਲ, ਮਾਨਸਾ ਵਿਖੇ ਹਰਸਿਮਰਤ ਕੌਰ ਬਾਦਲ ਦੇ ਦਫਤਰ ਅੱਗੇ, ਬਲਵਿੰਦਰ ਸਿੰਘ ਭੂੰਦੜ ਦੇ ਘਰ ਵਿਚਲੇ ਦਫ਼ਤਰ ਤੱਕ, ਫ਼ਰੀਦਕੋਟ ਜ਼ਿਲ੍ਹੇ ਵਿਚ ਮਨਤਾਰ ਸਿੰਘ ਬਰਾੜ ਦੇ ਘਰ ਅੱਗੇ ਕੋਟਕਪੂਰੇ ਅਤੇ ਫ਼ਰੀਦਕੋਟ ਵਿਖੇ ਬੰਟੀ ਰੋਮਾਣਾ ਕੇਂਦਰੀ ਯੂਥ ਅਕਾਲੀ ਦਲ ਦੇ ਆਗੂ ਦੇ ਘਰ ਵੱਲ, ਫਿਰੋਜ਼ਪੁਰ ਵਿਚ ਸੁਖਪਾਲ ਸਿੰਘ ਨੰਨੂ, ਭਾਜਪਾ ਆਗੂ ਅਤੇ ਜਨਮੇਜਾ ਸਿੰਘ ਸੇਖੋਂ, ਜਨਰਲ ਸਕੱਤਰ ਅਕਾਲੀ ਦਲ (ਬਾਦਲ) ਦੇ ਘਰ ਵੱਲ ਮਾਰਚ ਕੀਤਾ ਜਾਵੇਗਾ, ਫਿਰੋਜ਼ਪੁਰ 'ਚ ਹੀ ਜ਼ੀਰਾ ਵਿਖੇ ਹਰੀ ਸਿੰਘ ਜ਼ੀਰੇ ਦੇ ਘਰ ਵੱਲ, ਰੋਪੜ ਵਿਖੇ ਬੀ.ਜੇ.ਪੀ. ਦੇ ਸੂਬਾਈ ਆਗੂ ਵਿਜੈ ਪੁਰੀ ਅਤੇ ਇਕਬਾਲ ਸਿੰਘ ਲਾਲਪੁਰਾ ਦੇ ਘਰਾਂ ਅੱਗੇ, ਮੋਗਾ ਵਿਖੇ ਅਕਾਲੀ ਆਗੂ ਤੋਤਾ ਸਿੰਘ ਦੇ ਘਰ/ਦਫਤਰ ਅੱਗੇ, ਭਾਜਪਾ ਦੇ ਕਿਸਾਨ ਵਿੰਗ ਦੇ ਪ੍ਰਧਾਨ ਤਰਲੋਚਨ ਸਿੰਘ ਦੇ ਦਫ਼ਤਰ, ਅੰਮ੍ਰਿਤਸਰ ਵਿਚ ਰਾਜ ਸਭਾ ਦੇ ਮੈਂਬਰ ਅਤੇ ਭਾਜਪਾ ਦੇ ਸੀਨੀਅਰ ਲੀਡਰ ਸ਼ਵੇਤ ਮਲਿਕ ਦੇ ਘਰ ਅੱਗੇ, ਕਪੂਰਥਲਾ ਵਿਚ ਪਰਮਜੀਤ ਸਿੰਘ ਅਕਾਲੀ ਆਗੂ ਅਤੇ ਨਵਾਂਸ਼ਹਿਰ ਵਿਚ ਵੀ ਸੁਖਵਿੰਦਰ ਸੁੱਖੀ ਅਕਾਲੀ ਲੀਡਰ ਦੇ ਘਰ ਅੱਗੇ, ਗੁਰਦਾਸਪੁਰ ਵਿਚ 7 ਵੱਖ-ਵੱਖ ਥਾਵਾਂ 'ਤੇ, ਲੁਧਿਆਣਾ ਵਿਖੇ ਅਕਾਲੀ ਲੀਡਰ ਮਨਪ੍ਰੀਤ ਸਿੰਘ ਇਆਲੀ ਦੇ ਮੁੱਲਾਂਪੁਰ ਦਫ਼ਤਰ ਦੇ ਸਾਹਮਣੇ, ਫ਼ਾਜ਼ਿਲਕਾ ਵਿਖੇ ਸੁਰਜੀਤ ਕੁਮਾਰ ਜਿਆਣੀ ਸੀਨੀਅਰ ਭਾਜਪਾ ਲੀਡਰ ਦੇ ਘਰ ਅੱਗੇ, ਇਸੇ ਤਰ੍ਹਾਂ ਸੰਗਰੂਰ ਵਿਚ ਸੀਨੀਅਰ ਅਕਾਲੀ ਆਗੂ ਪ੍ਰਕਾਸ਼ ਚੰਦ ਗਰਗ ਦੇ ਭਵਾਨੀਗੜ੍ਹ ਵਿਖੇ ਦਫ਼ਤਰ ਅੱਗੇ, ਹੁਸ਼ਿਆਰਪੁਰ ਵਿਖੇ ਭਾਜਪਾ ਆਗੂ ਵਿਜੈ ਸਾਂਪਲਾ ਦੇ ਦਫਤਰ, ਬਰਨਾਲਾ ਵਿਖੇ ਅਕਾਲੀ ਆਗੂ ਬਲਬੀਰ ਸਿੰਘ ਘੁੰਨਸ, ਕੁਲਵੰਤ ਸਿੰਘ ਕੀਤੂ ਅਤੇ ਲੌਂਗੋਵਾਲ ਵਿਖੇ ਸੀਨੀਅਰ ਅਕਾਲੀ ਆਗੂ ਗੋਬਿੰਦ ਸਿੰਘ ਲੌਂਗੋਵਾਲ, ਫ਼ਤਿਹਗੜ੍ਹ ਦੇ ਕਿਸਾਨ ਟਰੈਕਟਰ ਲੈ ਕੇ ਸੁਰਜੀਤ ਸਿੰਘ ਰੱਖੜਾ ਦੇ ਦਫ਼ਤਰ, ਪਠਾਨਕੋਟ ਵਿਖੇ ਸੀਨੀਅਰ ਭਾਜਪਾ ਲੀਡਰ ਅਤੇ ਐਮ. ਐਲ. ਏ ਦਿਨੇਸ਼ ਬੱਬੂ ਦੇ ਦਫਤਰ ਅੱਗੇ ਟਰੈਕਟਰ ਮਾਰਚ ਉਪਰੰਤ ਧਰਨੇ ਦਿੱਤੇ ਗਏ। ਕਿਸਾਨ ਆਗੂਆਂ ਕਿਹਾ ਕਿ ਭਾਵੇਂ ਕੇਂਦਰੀ ਖੇਤੀਬਾੜੀ ਮੰਤਰੀ ਤੋਮਰ ਨੇ ਇਹ ਕਿਹਾ ਕਿ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਜਾਰੀ ਰਹੇਗਾ, ਪਰ ਕਿਸਾਨ ਆਗੂਆਂ ਨੇ ਦਲੀਲ ਦਿੱਤੀ ਕਿ ਫਸਲਾਂ ਦੀ ਬਿਨਾਂ ਖ੍ਰੀਦ ਦੀ ਗਰੰਟੀ ਸਮਰਥਨ-ਮੁੱਲ ਦਾ ਕੋਈ ਅਰਥ ਨਹੀਂ। ਜਿਸ ਤਰ੍ਹਾਂ ਇਹ ਤਿੰਨ ਆਰਡੀਨੈਂਸ ਫਸਲਾਂ ਦੇ ਮੰਡੀਕਰਨ ਨੂੰ ਕਾਰਪੋਰੇਟ-ਘਰਾਣਿਆਂ ਦੇ ਹੱਥਾਂ 'ਚ ਸੌਂਪਣ ਦਾ ਰਾਹ ਪੱਧਰਾ ਕਰਦੇ ਹਨ, ਉਵੇਂ ਹੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਖਤਮ ਕਰ ਦੇਵੇਗੀ। ਆਗੂਆਂ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਇਹ ਆਰਡੀਨੈਂਸ ਰੱਦ ਨਹੀਂ ਹੁੰਦੇ ਤਾਂ ਦੇਸ਼ ਦੇ ਕਿਸਾਨ ਕਰੋ ਜਾਂ ਮਰੋ ਦੀ ਨੀਤੀ ਤਹਿਤ ਦੇਸ਼-ਵਿਆਪੀ ਤਿੱਖੇ ਘੋਲ ਵਿੱਢਣਗੇ।

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6


HOMELIFE
HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
MLS
11775 Bramalea Rd., Unit #201, Brampton L6R3S7

Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans

Hardeep Atwal
Insurance Advisor
416-209-6363
e-mail: weprotecturfamily@gmail.com



# ਪਰਮਿੰਦਰ ਸਵੈਚ ਦੀਆਂ ਕਵਿਤਾਵਾਂ

## ਚੁੱਪ ਦੀ ਮੌਤ

**(ਸਿਆਹ ਰੰਗ ਦੇ ਅਮਰੀਕਨ ਜੌਰਜ ਫਲਾਊਡ ਦੇ ਨਾਂ)**

ਗੋਡੇ ਨੇ ਅੱਜ ਹੀ ਨਹੀਂ
ਨੱਪੀ ਸੀ ਮੇਰੀ ਸੰਘੀ
ਇਹ ਤਾਂ ਯੁੱਗਾਂ ਤੋਂ ਮੇਰੀ ਧੌਣ ਤੇ ਹੈ
ਕਦੇ ਜਾਤਾਂ, ਕਦੇ ਧਰਮਾਂ,
ਕਦੇ ਰੰਗਾਂ, ਕਦੇ ਭਾਸ਼ਾਵਾਂ ਦੇ ਰੂਪ ਵਿੱਚ
ਮੈਂ ਹਮੇਸ਼ਾਂ ਤੋਂ ਰੋਇਆ ਹਾਂ
ਚੀਕਿਆ ਹਾਂ
ਹੱਥ ਜੋੜ ਕੀਤੀਆਂ ਨੇ
ਅਰਜੋਈਆਂ ਪਰ
ਮੇਰੇ ਹੱਕਾਂ ਨੂੰ ਡੱਸਣ ਵਾਲੀ ਨਸਲੀ ਡੈਣ
ਡਰਾਉਂਦੀ ਰਹੀ
ਧਮਕਾਉਂਦੀ ਰਹੀ
ਮਾਰਦੀ ਰਹੀ ਮੇਰੇ ਹੱਕਾਂ ਤੇ ਡਾਕਾ

ਮੇਰੇ ਸਾਹ ਦਾ ਰੁਕਣਾ
ਮਾਮੂਲੀ ਗੱਲ ਹੀ ਤਾਂ ਸੀ
ਹਜ਼ਾਰਾਂ ਮੇਰੇ ਵਾਂਗ ਦਿੱਤੀਆਂ
ਕੁਰਬਾਨੀਆਂ ਦੇ ਵਾਂਗ
ਪਰ ਮੇਰੀ ਕੁਰਬਾਨੀ ਬਣੀ ਹੈ ਮਿਸਾਲ
ਇੱਕੀਵੀਂ ਸਦੀ ਦਾ ਅਟੱਲ ਇਤਿਹਾਸ
ਮੇਰੀ ਬੇਟੀ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ
ਜੋ ਲਿਖਣਗੀਆਂ ਇੱਕ ਨਵਾਂ ਇਤਿਹਾਸ
ਫਿਜ਼ਾ ਵਿੱਚ ਹੁਣ ਹਾਉਕੇ-ਹਾਵੇ,
ਮਿੰਨਤਾਂ, ਰੋਣੇ ਨਹੀਂ
ਨਾਹਰੇ ਗੂੰਜਣਗੇ ਜੋ ਦੇਣਗੇ
ਮਨੁੱਖਤਾ ਨੂੰ ਸਵੱਲਾ ਰਾਹ
ਸਾਡੀ ਲੰਬੀ ਚੁੱਪ,
ਸਾਡੇ ਜਿਸਮਾਂ ਤੇ ਉਕਰੇ
ਲਾਸਾਂ ਦੇ ਨਕਸ਼ੇ ਤੇ
ਉਸਰੇਗਾ ਮਨੁੱਖੀ ਹੱਕਾਂ ਦਾ ਅਹਿਦ
ਉਸਾਰਣਗੇ ਅੱਜ ਦੇ ਪੈਰੋਕਾਰ
ਜਿਨ੍ਹਾਂ ਦੇ ਚਿੰਤਨ ਨੇ
ਚੇਤਨਤਾ ਦਾ ਫੜਿਆ ਹੈ ਪੱਲਾ
ਵਗਾਹ ਮਾਰਿਆ ਹੈ ਜਾਤਾਂ,
ਧਰਮਾਂ, ਰੰਗਾਂ, ਭਸ਼ਾਵਾਂ ਦਾ ਮਖੌਟਾ
ਹੁਣ ਕਰਨਗੇ ਚਿੱਤ ਨਸਲੀ ਦੁਸ਼ਮਣ ਨੂੰ
ਉਹ ਸਾਡੇ ਵਰਗੇ ਤੁਰਦੇ ਫਿਰਦੇ
ਬੇਸਿਰੇ ਧੜ ਨਹੀਂ
ਉਹਨਾਂ ਦੇ ਧੜ੍ਹਾਂ ਤੇ ਸਿਰ ਉੱਗ ਆਏ ਹਨ।

• • •

## ਘੁੰਗਰੂਆਂ ਵਾਲੀ ਤੜਾਗੀ

**(ਮਾਂ ਬਨਣ ਵਾਲੀ ਪ੍ਰਵਾਸੀ ਔਰਤ ਦੇ ਨਾਂ ਮਾਂ ਦਿਵਸ ਤੇ ਵਿਸ਼ੇਸ਼)**

ਫੁੱਟਪਾਥ ਤੇ ਜਾਂਦੀ ਹੋਈ
ਨਿਰਵਸਤਰ ਭੁੱਖ
ਕੜ੍ਹਕਦੀਆਂ ਧੁੱਪਾਂ ਵਿੱਚ
ਨੰਗੇ ਪੈਰਾਂ ਦੀ ਅਗਨ
ਵਰ੍ਹਦੇ ਮੀਹਾਂ ਵਿੱਚ
ਹੱਥਾਂ ਦੀ ਕੰਬਣੀ
ਭੁੱਖ ਦੀ ਅੱਗ
ਉਗਲਦੀ ਹੈ ਸਵਾਲ
ਆਪਣੇ ਹੀ ਦੇਸ਼ ਵਿੱਚ
ਮਿਹਣਾ ਤਾਂ ਨਹੀਂ ਸੀ ਪਰਵਾਸ।

ਵੱਡੀਆਂ ਬਿਲਡਿੰਗਾਂ, ਕਾਰੋਬਾਰਾਂ,
ਗੁੰਬਦਾਂ ਤੇ ਖੁਸ਼ਹਾਲੀ ਦੇ ਝਰੋਖੇ ਵਿੱਚੋਂ
ਮਿਲਿਆ ਹੈ ਮੁੜ੍ਹਕੇ ਦਾ ਮੁੱਲ ----
ਸੁੱਕੀਆਂ ਹਿੱਕਾਂ, ਉਧੜੀ ਚਮੜੀ
ਡੱਬ-ਖੜੱਬੀਆਂ ਬੂਥੀਆਂ
ਲੰਬਾ ਪੈਂਡਾ, ਸਿਰ ਤੇ ਗੰਢੜੀ ਵਿੱਚ
ਪੂਰਾ ਸੂਰਾ ਘਰ
ਫਿਰ ਵੀ ਤੁਰੀ ਜਾਂਦੀ ਹੈ ਉਹ
ਆਂਦਰਾਂ ਵਿੱਚ ਜੁਗਨੂੰ ਲੁਕਾਈ
ਹਨ੍ਹੇਰਿਆਂ ਦੇ ਗੰਦੇ ਸਾਹਾਂ ਵਿੱਚੋਂ
ਮੁਸਕਾਨਾਂ ਦੀ ਭਾਲ ਵਿੱਚ

ਉਹ ਚਾਹੁੰਦੀ ਹੈ ਆਪਣੇ
ਚੁੱਲ੍ਹੇ ਦੇ ਗੁਰੀਲ੍ਹੇ ਯੁੱਧ ਨੂੰ
ਹਰ ਹਾਲਤ ਮੱਘਦਾ ਰੱਖਣਾ
ਉਦਾਸ, ਗਮਗੀਨ ਮੌਸਮ ਦੀਆਂ
ਵਿਧਵਾ ਰੁੱਤਾਂ ਵਿੱਚੋਂ
ਚਮਕਦੇ ਸੂਰਜ ਨੂੰ ਜਨਮ ਦੇਣਾ
ਚਾਰੇ ਪਾਸੇ ਸੂਹੀ ਲਾਲੀ ਬਿਖੇਰਨਾ

ਦੇਸ਼ ਦੀ ਵਾਗਡੋਰ ਦੇ ਮਾਲਕੋ
ਜੋਬਨ ਰੁੱਤੀ
ਲਹਿਲਹਾਂਦੀ ਫਸਲ ਦੇ ਕਾਤਲੋ
ਘੁੰਗਰੂਆਂ ਵਾਲੀ ਤੜਾਗੀ ਤਾਂ
ਤਾਂ ਜ਼ਰੂਰ ਬੱਝੇਗੀ
ਜੋ ਛਣਕਣਗੇ ਇਸ ਜੰਗਲ ਰਾਜ ਵਿੱਚ
ਕਰਨਗੇ ਹਰਾਮ ਤੁਹਾਡੀ ਨੀਂਦ
ਬਣਨਗੇ ਉਸ ਯੁੱਧ ਦੀ ਲਲਕਾਰ
ਕਿਰਤੀਆਂ ਲਈ ਇਨਸਾਫ਼
ਹਾਲਾਤਾਂ ਨੇ ਵਾਕਿਆਤ ਨੂੰ ਦਿੱਤਾ ਹੈ ਜਨਮ
ਵਾਕਿਆਤ ਦੇਵੇਗਾ ਹੁਣ ਜ਼ਿੰਦਗੀ ਨੂੰ ਮੋੜ
ਇਹ ਮਾਂ ਦਾ ਅਹਿਦ ਹੈ
ਇੱਕ ਪਰਵਾਸੀ ਕਿਰਤੀ ਮਾਂ ਦਾ ਅਹਿਦ ਹੈ।

• • •

## ਮੂਲ ਨਿਵਾਸੀ

ਨਿੱਕੇ ਨਿੱਕੇ ਵਿਉਪਾਰਾਂ ਦੇ ਬਹਾਨੇ
ਤੁਸੀਂ ਆਏ
ਲੂੰਬੜਚਾਲਾਂ ਤੋਂ ਬੇਖਬਰ
ਅਸੀਂ ਕਲਾਵੇ 'ਚ ਲੈ,
ਹਿੱਕ ਨਾਲ ਲਾ ਲਿਆ
ਸੋਚਿਆ
ਇਹ ਧਰਤੀ ਸਾਡੀ ਇਕੱਲਿਆਂ ਦੀ ਨਹੀਂ
ਇਹ ਮੇਵਿਆਂ ਲੱਦੀ,
ਦਿਲਕਸ਼ ਨਜ਼ਾਰਿਆਂ ਨਾਲ ਭਰਭੂਰ,
ਜ਼ਰਖੇਜ਼ ਕੁੱਖ, ਵਿਸ਼ਾਲ ਚਰਾਂਦਾਂ,
ਕਲਕਲ ਕਰਦੇ ਦਰਿਆਵਾਂ ਦੀ ਧਰਤੀ
ਸਭਦੀ ਸਾਂਝੀ ਹੈ

ਸਾਨੂੰ ਨਹੀਂ ਸੀ ਪਤਾ ਕਿ
ਜੱਫੀਆਂ ਦੇ ਰੂਪ ਵਿੱਚ
ਸਿੱਕਿਆਂ ਦੇ ਢੇਰ ਤੇ
ਬੈਠਾ ਫਨੀਅਰ
ਸਾਡੇ ਗਲ੍ਹ ਨੂੰ ਇੰਜ ਲਿਪਟੇਗਾ
ਸੜ੍ਹਾਕ ਜਾਵੇਗਾ ਸਾਡਾ
ਪੂਰੇ ਦਾ ਪੂਰਾ ਖੂਨ
ਹਥਿਆ ਲਵੇਗਾ
ਸਾਡੀ ਅਜ਼ਾਦੀ, ਭਾਸ਼ਾ, ਬੋਲੀ,
ਸੰਸਕ੍ਰਿਤੀ ਤੇ ਖਣਿਜ ਪਦਾਰਥ
ਪਾ ਦੇਵੇਗਾ ਸਾਨੂੰ ਪੜ੍ਹਨੇ
ਡੱਕ ਕੇ ਸਾਡੇ ਬੱਚਿਆਂ ਨੂੰ
ਰੈਜ਼ੀਡੈਂਸ਼ਲ ਸਕੂਲਾਂ ਵਿੱਚ
ਚੜ੍ਹਾ ਦੇਵੇਗਾ ਭੇਂਟ ਜ਼ੁਲਮਾਂ ਦੀ
ਅਣਭੋਲ ਪਿਆਰੀਆਂ ਜ਼ਿੰਦਾ ਨੂੰ
ਧੱਕ ਦੇਵੇਗਾ ਸਾਨੂੰ ਪਿੰਡਾਂ ਵਿੱਚ
ਲ਼ਾ ਦੇਵੇਗਾ ਰਿਜ਼ਰਵਾਂ ਵਿੱਚ ਖੂੰਜੇ
ਸਰਕਾਰੀ ਭੱਤਿਆਂ ਦਾ ਲਾਲਚ ਦੇਕੇ
ਲੁੱਟ ਪੁੱਟ ਕੇ ਸਭ ਕੁੱਝ ਤਰਸਾ ਦੇਵੇਗਾ
ਇੱਕ ਸਾਫ਼ ਪਾਣੀ ਦੀ ਘੁੱਟ ਨੂੰ
ਦੋ ਵਕਤ ਦੇ ਖਾਣੇ ਤੇ ਰਜਾਈ ਬਦਲੇ
ਕਰ ਦੇਵੇਗਾ ਸਾਨੂੰ ਨਿਕਾਰੇ
ਵੰਡ ਕੇ ਸਾਡੇ ਵਿਚਕਾਰ
ਜ਼ਹਿਰਾਂ ਦੀਆਂ ਪੁੜੀਆਂ
ਜੋ ਸਰੀਰ ਹੀ ਨਹੀਂ
ਕਰਨਗੇ ਅਪਾਹਜ਼ ਸਾਡੀ ਸੋਚ ਨੂੰ
ਸੋਹਲ ਕੰਜਕਾਂ ਨਾਲ ਕਰਕੇ ਬਲਾਤਕਾਰ
ਕਰਕੇ ਟੁਕੜੇ ਪਾ ਦੇਵੇਗਾ ਸੂਰਾਂ ਨੂੰ
ਸ਼ੈਤਾਨ ਦੀ ਚਰਖੀ ਨੇ
ਸਮਝੌਤਿਆਂ ਦੀ ਆੜ ਹੇਠ
ਸਾਨੂੰ ਦਿੱਤਾ ਹੈ ਅਜਿਹਾ ਗੇੜਾ
ਕਰ ਦਿੱਤਾ ਹੈ ਖੱਖੜੀ ਖੱਖੜੀ।
ਬਣਕੇ ਬਹਿ ਗਏ
ਸਾਡੇ ਸਿਰਾਂ ਤੇ--ਸ਼ਹਿਨਸ਼ਾਹ

ਸੱਚ ਤਾਂ ਇਹ ਹੈ ਕਿ
ਤੁਹਾਡੇ ਜ਼ੁਲਮਾਂ ਨੇ
ਦਿੱਤਾ ਹੈ ਚਿੰਤਨ ਦਾ ਰਾਹ
ਹੁਣ ਨਹੀਂ ਹੋਵਾਂਗੇ ਅਵੇਸਲੇ
ਨਸ਼ਿਆਂ ਦੀ ਲੋਰ ਵਿੱਚ
ਲੜਾਂਗੇ ਆਪਣੇ ਹੱਕਾਂ ਲਈ
ਸਮਝ ਲਈ ਹੈ ਅਸੀਂ ਵੀ ਕੂਟਨੀਤੀ
ਅਸੀਂ ਮੁੱਢ ਤੋਂ ਥੋੜ੍ਹੇ ਸੀ,
ਥੋੜ੍ਹੇ ਹਾਂ, ਪਰ ਮੂਲ਼ ਨਿਵਾਸੀ ਹਾਂ
ਅਸੀਂ ਜੜ੍ਹਾਂ ਹਾਂ ਇਸ ਧਰਤ ਦੀਆਂ
ਸਾਨੂੰ ਪੁੱਟਣਾ ਸੌਖਾ ਨਹੀਂ
ਅਸੀਂ ਮੂਲ ਨਿਵਾਸੀ ਹਾਂ
ਅਸੀਂ ਇਸ ਦੇਸ਼ ਦੇ ਵਾਸੀ ਹਾਂ।

• • ••

## ਮੈਂ ਬਿਹਬਲ ਨਹੀਂ ਹਾਂ

ਮੈਂ ਬਿਹਬਲ ਨਹੀਂ ਹਾਂ
ਰੰਗਾਂ ਦੀ ਤਲਾਸ਼ ਵਿੱਚ
ਮੈਂ ਤਾਂ ਲੱਭਦੀ ਹਾਂ
ਰੰਗਾਂ ਵਿੱਚੋਂ ਤਰੰਗਾਂ
ਜੋ ਭਰ ਦਿੰਦੀਆਂ ਹਨ ਨਜ਼ਰਾਂ ਵਿੱਚ
ਸਤਰੰਗੀ ਪੀਂਘ ਦਾ ਹੁਲਾਰ
ਬਿਜਲੀਆਂ ਜਿਹੀ ਚਮਕਾਰ
ਚੇਤਨਾ ਵਿੱਚ ਸੂਹੀਆਂ ਸੁਨਹਿਰੀ
ਕਿਰਣਾਂ ਦਾ ਚਾਨਣ

ਮੈਂ ਬਿਹਬਲ ਨਹੀਂ ਹਾਂ
ਸੁਰਾਂ ਦੀ ਤਲਾਸ਼ ਵਿੱਚ
ਮੈਂ ਤਾਂ ਮਹਿਸੂਸ ਕਰਨਾ ਚਾਹੁੰਦੀ ਹਾਂ
ਉਹਨਾਂ ਵਿਚਲੀ ਕੰਬਣੀ
ਜੋ ਮੇਰੇ ਜਿਸਮ ਵਿੱਚ ਝਰਨਾਹਟ ਛੇੜੇ
ਮੇਰੀ ਸੁੱਤੀ ਚੇਤਨਾ ਨੂੰ ਜ਼ੋਰ ਜ਼ੋਰ ਨਾਲ ਝੰਜੋੜੇ
ਮਨੁੱਖਤਾ ਦਾ ਰਾਗ ਅਲਾਪੇ
ਸਭ ਸੰਸਾਰ ਮੈਨੂੰ ਆਪਣਾ ਆਪਣਾ ਜਾਪੇ

ਮੈਂ ਬਿਹਬਲ ਨਹੀਂ ਹਾਂ
ਵੰਨ ਸਵੰਨੇ ਸ਼ਬਦਾਂ ਦੀ ਤਲਾਸ਼ ਵਿੱਚ
ਮੈਂ ਹਰ ਵਕਤ ਖੋਜਦੀ ਹਾਂ
ਸ਼ਬਦਾਂ ਵਿਚਲੇ ਅਰਥ
ਜੋ ਮੇਰੇ ਸਾਹਾਂ ਵਿੱਚ ਰਚ ਕੇ
ਉਤਸ਼ਾਹ ਦਾ ਪੈਗਾਮ ਬਣ ਜਾਣ
ਹਕੀਕਤਾਂ ਨਾਲ ਟਕਰਾ ਕੇ
ਨਿਰਬਲਾਂ ਦਾ ਬਲ ਬਣ ਜਾਣ
ਮਦਹੋਸ਼ ਮੌਸਮਾਂ ਵਿੱਚ ਵੀ
ਕ੍ਰਾਂਤੀ ਦੀ ਲੈਅ ਬਣ ਜਾਣ
ਮੁਖ਼ਾਲਿਫ਼ ਹਵਾਵਾਂ ਦੇ ਬਾਵਜੂਦ
ਜ਼ਿੰਦਗੀ ਦਾ ਮਕਸਦ ਸਮਝਾ ਜਾਣ

ਮੈਂ ਬਿਹਬਲ ਨਹੀਂ ਹਾਂ
ਮਹਿਲ ਮੁਨਾਰਿਆਂ, ਮਹਿੰਗੀਆਂ ਕਾਰਾਂ ਜਾਂ
ਐਸ਼ੋ-ਇਸ਼ਰਤ ਦੀ ਤਲਾਸ਼ ਵਿੱਚ
ਮੇਰਾ ਤਾਂ ਇੱਕ ਸੁਫਨਾ ਹੈ
ਤੋੜ ਸਕਾਂ ਇਹ ਕਾਣੀ-ਵੰਡ
ਮੇਰੇ ਜਿੰਨੀ ਰਹਿਣ ਦੀ ਥਾਂ
ਮੇਰੇ ਗੁਆਂਢੀ ਕੋਲ ਵੀ ਹੋਵੇ
ਤੇ ਉਸਦੇ ਗੁਆਂਢੀਆਂ ਕੋਲ ਵੀ
ਖਾ ਸਕਣ ਸਾਰੇ ਰੱਜਵੀਂ ਰੋਟੀ
ਸੌਂ ਸਕਣ ਸਭ ਸੁੱਖ ਦੀ ਨੀਂਦ
ਸਿਰਜ ਸਕਣ ਉਹ ਵੀ
ਗੁਲਮੋਹਰ ਦੇ ਫੁੱਲਾਂ ਜਿਹੇ ਸੁਨਹਿਰੀ ਸੁਫਨੇ
ਤੁਰ ਸਕੀਏ ਅਸੀਂ ਕਦਮ ਮਿਲਾ ਕੇ
ਇੱਕ ਦੂਜੇ ਦੇ ਸੰਗ
ਹਾਂ ਫਿਰ ਮੈਂ ਬਿਹਬਲ ਹੋਵਾਂਗੀ
ਰੰਗਾਂ, ਸ਼ਬਦਾਂ, ਸੁਰਾਂ ਤੇ
ਭਰਭੂਰ ਜ਼ਿੰਦਗੀ ਦੀ ਤਲਾਸ਼ ਵਿੱਚ
ਫਿਰ ਮੈਂ ਬਿਹਬਲ ਹੋਵਾਂਗੀ।

# ਐਨ.ਆਰ.ਆਈ.ਇਨਕਲਾਬੀ ਮੰਚ ਵੱਲੋਂ

**(ਸਫ਼ਾ 32 ਦੀ ਬਾਕੀ)**

ਭਾਰਤੀ ਜਮਹੂਰੀਅਤ ਨੂੰ ਖਤਮ ਕਰਨ ਦੇ ਰਾਹ ਪੈ ਚੁੱਕੀ ਹੈ ਇਸੇ ਕਰਕੇ ਸ਼ਹੀਦਾਂ ਦੀ ਸੋਚ ਵਾਲੇ ਧਰਮ-ਨਿਰਪੱਖ ਮਜਦੂਰ-ਕਿਸਾਨ ਲਹਿਰਾਂ ਦੇ ਨੁਮਾਇੰਦੇ ਕਾਰਕੁਨਾਂ ਅਤੇ ਬੁੱਧੀਜੀਵੀਆਂ ਨੂੰ ਗੈਰ-ਕਨੂੰਨੀ ਕੇਸਾਂ ਵਿੱਚ ਫਸਾਕੇ ਗ੍ਰਿਫਤਾਰ ਕਰ ਰਹੀ ਹੈ। ਕੋਰੋਨਾ ਦੇ ਬਹਾਨੇ ਮਿਹਨਤਕਸ਼ ਜਮਾਤ ਦੇ ਸ਼ੰਘਰਸ਼ਾਂ ਤੇ ਪਾਬੰਦੀਆਂ ਲਾਕੇ ਜਮਹੂਰੀ ਹੱਕਾਂ ਨੂੰ ਖਤਮ ਕਰਣ ਅਤੇ ਦੇਸ਼ ਦੇ ਪਬਿਲਕ ਖੇਤਰ ਨੂੰ ਸਾਮਰਜੀ ਸਰਮਾਏਦਾਰੀ ਦੇ ਹਵਾਲੇ ਕਰ ਰਹੀ ਹੈ। ਹਰਦੇਵ ਸਿੰਘ ਨੇ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਦੇ ਭਾਰਤ ਦੀ ਸਿਰਜਣਾ ਕਰਨ ਲਈ, ਅੱਜ ਦੀ ਸਾਮਰਾਜੀ ਪੱਖੀ ਫਾਸ਼ੀਵਾਦੀ ਸੰਘੀ ਹਕੂਮਤ ਖਿਲਾਫ ਮਜਦੂਰ-ਕਿਸਾਨ ਜਮਹੂਰੀ ਲੋਕਾਂ ਦੇ ਏਕੇ ਨਾਲ ਸੰਘਰਸ਼ ਸਮੇਂ ਦੀ ਲੋੜ ਹੈ। ਇਸ ਤੋਂ ਬਾਅਦ ਸੁਰਿੰਦਰ ਮੰਗੁਵਾਲ ਨੇ ਨਕਸਲਬਾੜੀ ਲਹਿਰ ਦੇ ਬਜ਼ੁਰਗ ਸ਼ਹੀਦ ਬਾਬਾ ਬੂਝਾ ਸਿੰਘ ਦੇ ਇਨਕਲਾਬੀ ਜੀਵਨ ਸੰਘਰਸ਼ ਪ੍ਰਤੀ ਜਾਣਕਾਰੀ ਦਿੱਤੀ ਅਤੇ ਅਜੋਕੇ ਸਮੇਂ ਅੰਦਰ ਸਾਮਰਾਜੀ-ਸਰਮਾਏਦਾਰੀ ਲੋਕ-ਦੋਖੀ ਪ੍ਰਬੰਧ ਦੇ ਸੰਦਰਭ ਵਿੱਚ ਉਨ੍ਹਾਂ ਦੇ ਸੱਚੇ-ਸੁਚੇ ਸਮਾਜਵਾਦੀ ਆਦਰਸ਼ਾਂ ਦੀ ਲੋੜ ਤੇ ਜਾਣਕਾਰੀ ਦਿੱਤੀ। ਇਸ ਮੌਕੇ ਸੁਰਿੰਦਰ ਚਾਹਿਲ ਨੇ ਇਨਕਲਾਬੀ ਵਿਦਿਆਰਥੀ ਲ਼ਹਿਰ ਦੇ ਸ਼ਹੀਦ ਸ਼ਹੀਦ ਪ੍ਰਿਥੀਪਾਲ ਰੰਧਾਵਾ ਦੇ ਜੀਵਨ ਸੰਘਰਸ਼ ਬਾਰੇ ਜਾਣਕਾਰੀ ਦਿੰਦੇ ਹੋਏ ਸਭ ਵਲੋਂ ਸ਼ਰਧਾਂਜਲੀ ਦਿੱਤੀ। ਤਰਕਸ਼ੀਲ ਆਗੂ ਅਵਤਾਰ ਗਿੱਲ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ, ਭਾਰਤ ਦੀ ਫਾਸ਼ੀਵਾਦੀ ਸੰਘੀ-ਭਾਜਪਾ ਹਕੂਮਤ ਖਿਲਾਫ ਸੰਘਰਸ਼ ਕਰਨ ਲਈ ਸਾਰੀਆਂ ਜਮਹੂਰੀ-ਇਨਕਲਾਬੀ ਤਾਕਤਾਂ ਨੂੰ ਇੱਕ-ਜੁੱਟ ਹੋਣ ਦੀ ਅਪੀਲ ਕੀਤੀ। ਭੀਮ-ਕੋਰੇਗਾਂਵ ਵਿਖੇ ਦਲਿਤ ਚੇਤਨਾ ਦੇ ਨੁਮਾਇੰਦਾ ਇਤਿਹਾਸਕ ਸਮਾਗਮ ਅਤੇ ਘੱਟ-ਗਿਣਤੀਆਂ ਜੁਲਮਾਂ ਦੇ ਖਿਲਾਫ ਆਵਾਜ਼ ਵਾਲੇ ਬੁੱਧੀਜੀਵੀਆਂ ਨੂੰ ਸੰਘੀ-ਭਾਜਪਾ ਹਕੂਮਤ ਦੁਆਰਾ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਕੀਤੇ ਪ੍ਰੋ: ਵਰਾਵਰਾ ਰਾਓ, ਪ੍ਰੋ: ਜੀ. ਐਨ. ਸਾਈਬਾਬਾ, ਪ੍ਰੋ: ਆਨੰਦ ਤੇਲਤੁੰਬੜੇ, ਸੁਧਾ ਭਾਰਦਵਾਜ, ਗੌਤਮ ਨਵਲੱਖਾ, ਵਰਨੋਨ ਗੋਨਸਾਲਵੇਸ, ਅਰੂਨ ਫਰੇਰਾ, ਸ਼ੋਮਾ ਸੇਨ, ਡਾ: ਕਾਫੀਲ ਖਾਨ, ਅਖੀਲ ਗੋਗੋਈ ਅਤੇ ਹੋਰ ਬੁੱਧੀਜੀਵੀਆਂ ਦੀ ਗ੍ਰਿਫਤਾਰੀ ਦੀ ਨਿੰਦਾ ਕੀਤੀ। ਇਸ ਮੌਕੇ ਸਟੇਜ ਵੱਲੋਂ ਇਨ੍ਹਾਂ ਸਾਰੇ ਬੱਧੀਜੀਵੀਆਂ ਦੀ ਰਿਹਾਈ ਦੀ ਮੰਗ ਕਰਦਾ ਮਤਾ ਵੀ ਪਾਸ ਕੀਤਾ ਗਿਆ। ਨਿਰਮਲ ਸਿੰਘ ਘੁੰਮਣ ਨੇ ਇਨਕਲਾਬੀ ਗੀਤ ਅਤੇ ਕਵਿਤਰੀ ਪਰਮਿੰਦਰ ਸਵੈਚ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਨਕਲਾਬੀ ਮੰਚ ਦੇ ਜਾਇੰਟ-ਸਕੱਤਰ ਪਰਗਣ ਮੱਟੂ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

**ਓਕਵਿਲ (ਟੋਰਾਂਟੋ)** ਇਨਕਲਾਬੀ ਮੰਚ ਵੱਲੋਂ ਟੋਰਾਂਟੋ ਨਜ਼ਦੀਕ ਓਕਵਿਲ ਵਿਖੇ ਵੀ ਓਕਵਿਲ ਵਿਖੇ ਸ਼ਹੀਦੀ ਸਮਾਗਮ ਦੌਰਾਨ ਬ੍ਰਿਟਿਸ਼ ਸਾਮਰਾਜ ਵਿਰੋਧੀ ਜੰਗ ਅਤੇ ਭਾਰਤੀ ਕੌਮੀ ਆਜ਼ਾਦੀ ਦੇ ਹੀਰੋ ਸ਼ਹੀਦ ਉਧਮ ਸਿੰਘ ਦੇ ਜੀਵਨ ਸੰਘਰਸ਼ ਨੂੰ ਯਾਦ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਇਨਕਲਾਬੀ ਮੰਚ, ਕੈਨੇਡਾ ਦੇ ਕੌਮੀ ਜਨਰਲ ਸਕੱਤਰ ਨਵਦੀਪ ਜੋਧਾਂ ਸੰਬੋਧਨ ਵਿੱਚ ਬਸਤੀਵਾਦੀ ਭਾਰਤ ਨੂੰ ਬ੍ਰਿਟਿਸ਼ ਸਮਾਰਾਜ ਤੋਂ ਮੁਕਤ ਕਰਨ ਲਈ ਆਪਣੀ ਜਾਨ ਦੀ ਬਾਜ਼ੀ ਲਾਉਣ ਵਾਲੇ ਸ਼ਹੀਦ ਊਧਮ ਸਿੰਘ ਦੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਜੀਵਨ ਸੰਘਰਸ਼, ਆਜ਼ਾਦ ਨਵ-ਭਾਰਤ ਦੇ ਸੁਪਨੇ ਅਤੇ ਅਜੋਕੇ ਸਾਮਰਾਜੀ ਦੌਰ ਵਿੱਚ ਉਨ੍ਹਾਂ ਦੇ ਆਦਰਸ਼ਾਂ ਦੀ ਪ੍ਰਸੰਗਤਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਇਨਕਲਾਬੀ ਮੰਚ ਦੇ ਜੱਥੇਬੰਦਕ ਸਕੱਤਰ ਡਾ:ਹਰਦੀਪ ਸਿੰਘ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਦੇ ਜੀਵਨ ਦਾ ਆਦਰਸ਼ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਨਿਰਦੋਸ਼ ਲੋਕਾਂ ਦੇ ਕਤਲਾਂ ਦਾ ਬਦਲਾ ਲੈਣ ਵਾਲੀ ਗੱਲ ਤੋਂ ਕਿਤੇ ਉਚੇ ਅਤੇ ਮਹਾਨ ਆਦਰਸ਼ ਸਨ ਜੋਕਿ ਸਮੇਂ ਦੇ ਸਾਮਰਾਜ ਵਲੋਂ ਭਾਰਤ ਸਮੇਤ ਸੰਸਾਰ ਦੇ ਸਾਰੇ ਮੁਲਕਾਂ ਵਿੱਚ ਮਿਹਨਤਕਸ਼ ਲੋਕਾਂ ਦੀ ਗਰੀਬੀ, ਬੇਰੋਜ਼ਗਾਰੀ ਅਤੇ ਜ਼ੁਲਮਾਂ ਦੀ ਲੁੱਟ ਦਾ ਖਾਤਮਾ ਕਰਨਾ ਸੀ। ਉਹ ਇੰਗਲੈਂਡ ਵਿੱਚ ਗਦਰ ਪਾਰਟੀ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਇਨਕਲਾਬੀ ਉਦੇਸ਼ਾਂ ਦੇ ਸਰਗਰਮ ਵਰਕਰ ਸਨ। ਮੰਚ ਦੇ ਸਰਪਰਸਤ ਡਾ: ਪ੍ਰਦੀਪ ਜੋਧਾਂ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਭਾਰਤ ਦੀ ਸੰਘੀ-ਭਾਜਪਾ ਸਰਕਾਰ ਸ਼ਹੀਦਾਂ ਦੇ ਆਦਰਸ਼ਾਂ ਦੇ ਉਲਟ ਘਟ-ਗਿਣਤੀਆਂ ਪ੍ਰਤੀ ਨਫਰਤ ਦੀ ਰਾਜਨੀਤੀ ਕਰਕੇ ਭਾਰਤੀ ਜਮਹੂਰੀਅਤ ਨੂੰ ਖਤਮ ਕਰਨ ਦੇ ਰਾਹ ਪੈ ਚੁੱਕੀ ਹੈ ਇਸੇ ਕਰਕੇ ਸ਼ਹੀਦਾਂ ਦੀ ਸੋਚ ਵਾਲੇ ਧਰਮ-ਨਿਰਪੱਖ ਮਜਦੂਰ-ਕਿਸਾਨ ਲਹਿਰਾਂ ਦੇ ਨੁਮਾਇੰਦੇ ਕਾਰਕੁਨਾਂ ਅਤੇ ਬੁੱਧੀਜੀਵੀਆਂ ਨੂੰ ਗੈਰ-ਕਨੂੰਨੀ ਕੇਸਾਂ ਵਿੱਚ ਫਸਾਕੇ ਗ੍ਰਿਫਤਾਰ ਕਰ ਰਹੀ ਹੈ। ਉਨ੍ਹਾਂ ਪ੍ਰੋ: ਵਰਵਰਾ ਰਾਓ ਅਤੇ ਹੋਰ ਲੋਕ-ਪੱਖੀ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਕੀਤੀ। ਇਸ ਮੌਕੇ ਮੰਚ ਦੇ ਵਿੱਤ ਸਕੱਤਰ ਮਨਦੀਪ ਬਡਬਾਲ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਮੰਚ ਦੇ ਮੈਂਬਰ ਨਿਹਾ ਕਪੂਰ, ਸ਼ੈੱਕੀ ਜੋਧਾਂ, ਡਾ. ਕੁਲਜੀਤ ਕੌਰ, ਡਾ. ਮੋਨਿਕਾ, ਨਵਨੀਤ ਬੱਬੂ, ਮੀਨੂ ਮੁੰਗਲ, ਕਰਨ ਜੋਧਾਂ, ਗੌਰਵਦੀਪ, ਗੁਲਸ਼ਨ ਆਦਿ ਵੀ ਹਾਜ਼ਰ ਸਨ।

**ਯੌਰਕਟੋਨ (ਸਸਕੈਚਵਨ)** ਵਿਖੇ ਵੀ ਇਨਕਲਾਬੀ ਮੰਚ ਦੇ ਸ਼ਹੀਦੀ ਸਮਾਗਮ ਦੌਰਾਨ ਭਾਰਤੀ ਕੌਮੀ ਆਜ਼ਾਦੀ ਦੇ ਸ਼ਹੀਦ ਉਧਮ ਸਿੰਘ ਦੇ ਜੀਵਨ ਸੰਘਰਸ਼ ਨੂੰ ਯਾਦ ਕੀਤਾ ਗਿਆ। ਮੰਚ ਦੇ ਆਗੂ ਸੰਗਰਾਮਵੀਰ ਤੇ ਵਿਜੇ ਬਹਿਲ ਨੇ ਸੰਬੋਧਨ ਕੀਤਾ। ਇਸ ਮੌਕੇ ਮਧੂ ਬਹਿਲ, ਰਛਮੀ ਕਪੂਰ, ਰਵਿੰਦਰ ਸਿੰਘ, ਕੁਲਦੀਪ ਸਿੰਘ, ਪਰਮਿੰਦਰ ਸਿੰਘ ਹਾਜ਼ਰ ਸਨ।

**ਐਸਟਵਨ (ਸਸਕੈਚਵਨ)** ਵਿਖੇ ਵੀ ਇਨਕਲਾਬੀ ਮੰਚ ਦੇ ਸ਼ਹੀਦੀ ਸਮਾਗਮ ਦੌਰਾਨ ਭਾਰਤੀ ਕੌਮੀ ਆਜ਼ਾਦੀ ਦੇ ਸ਼ਹੀਦ ਉਧਮ ਸਿੰਘ ਦੇ ਜੀਵਨ ਸੰਘਰਸ਼ ਨੂੰ ਯਾਦ ਕੀਤਾ ਗਿਆ। ਮੰਚ ਦੇ ਆਗੂ ਮਨੀ ਸ਼ਰਮਾ ਫੱਲੇਵਾਲ, ਤੇ ਸੁਮਰਿ ਵਰਮਾ ਲੁਧਿਆਣਾ ਨੇ ਸੰਬੋਧਨ ਕੀਤਾ। ਇਸ ਮੌਕੇ ਸੁਹੇਲ ਵਰਮਾ, ਭਾਵੁਕ ਪਟੇਲ ਤੇ ਰੁਮੇਲ ਪਟੇਲ ਹਾਜ਼ਰ ਸਨ।

## ਬਲਵੰਤ ਮੱਖੂ ਦੀਆਂ ਵਰਵਰਾ ਰਾਓ ਅਤੇ ਸਾਈਂ ਬਾਬੇ ਨੂੰ ਸਮਰਪਿਤ ਦੋ ਕਵਿਤਾਵਾਂ

ਹੋਰ ਲੋਕ ਪੱਖੀ-ਬੁੱਧੀਜੀਵੀਆਂ ਨਾਲ ਮਿਲਕੇ,
ਜ਼ਾਤੀ ਅਤੇ ਜਮਾਤੀ ਦਾਬੇ ਦੇ
ਦੋ ਪੁੜਾਂ 'ਚ ਨਿੱਤ ਪਿਸਦੇ

ਹਾਸ਼ੀਏ 'ਤੇ ਧੱਕੇ
ਦਲਿਤਾਂ ਦੇ ਹੱਕ ਵਿੱਚ
ਆਵਾਜ਼ ਬੁਲੰਦ ਕਰਨ ਕਰਕੇ

ਜ਼ਾਲਿਮ ਹਕੂਮਤ ਵੱਲੋਂ
ਦੇਸ਼ ਧ੍ਰੋਹੀ ਕਹਿ ਕੇ
ਜੇਲ੍ਹ 'ਚ ਬੰਦ ਕੀਤੇ
ਜ਼ਿੰਦਗੀ/ਮੌਤ ਦੀ
ਜੰਗ ਲੜ ਰਹੇ
ਯੁੱਗ ਕਵੀ
ਵਰਵਰਾ ਰਾਓ
ਤੁਸੀਂ ਇਕੱਲੇ ਨਹੀਂ
ਪੂਰਾ ਦੇਸ਼ ਤੁਹਾਡੇ ਨਾਲ ਹੈ।

ਕਿਉਂ ਕਿ ਤੁਹਾਡੀਆਂ ਕਵਿਤਾਵਾਂ
ਹੁਕਮਰਾਨਾਂ ਦੇ ਮਨਪਰਚਾਵੇ ਲਈ
ਕਿੱਲ-ਕਿੱਲ ਕੇ ਲਿਖੀਆਂ
ਖੁਸ਼ਾਮਦੀ ਸਤਰਾਂ ਨਹੀਂ ਹਨ।

ਤੁਹਾਡੀਆਂ ਕਵਿਤਾਵਾਂ ਤਾਂ
ਲਹੂ-ਵੀਟਵੀਂ ਜਮਾਤੀ ਜੰਗ 'ਚੋਂ
ਨਿਕਲੇ ਸੱਚੇ-ਸੁੱਚੇ,
ਵਿਦਰੋਹੀ ਬੋਲ ਹਨ।

ਬੋਲ ਜਿਸ 'ਚੋਂ
ਹੁਕਮਰਾਨਾਂ ਨੂੰ ਦੇਸ਼-ਧਰੋਹ ਦੀ
ਬਦਬੂ ਆਉਂਦੀ ਹੈ।

ਤੁਸੀਂ ਇਹ ਸੱਚੇ-ਸੁੱਚੇ
ਲਹੂ ਭਿੱਜੇ ਵਿਦਰੋਹੀ ਬੋਲ
ਪਹਾੜਾਂ ਦੀਆਂ ਖ਼ੂਬਸੂਰਤ
ਵਾਦੀਆਂ 'ਚ ਬਣੇ ਕਿਸੇ
ਮਨਮੋਹਕ ਬੰਗਲੇ 'ਚ
ਬੈਠ ਕੇ ਨਸ਼ੇ ਦੇ ਸਰੂਰ 'ਚ
ਨਹੀਂ ਲਿਖੇ
ਅਤੇ ਨਾ ਹੀ ਤੁਸੀਂ ਕਿਸੇ ਝੀਲ ਦੇ
ਰਮਣੀਕ ਕਿਨਾਰੇ ਬੈਠ ਕੇ
ਜਵਾਨੀ ਦੀ ਦਹਿਲੀਜ਼ 'ਤੇ
ਪੈਰ ਧਰਦੀਆਂ,
ਤਿੱਤਲੀਆਂ ਵਾਂਗੂੰ ਉੱਡਦੀਆਂ
ਮੋਰਾਂ ਵਾਂਗੂੰ ਪੈਲਾਂ ਪਾਉਂਦੀਆਂ
ਭਵਿੱਖ ਦੇ ਸੋਨ-ਸੁਨਹਿਰੇ
ਸੁਫ਼ਨੇ ਬੁਣਦੀਆਂ
ਧੀਆਂ-ਧਿਆਣੀਆਂ
ਵੱਲ ਵੇਖ ਕੇ ਕਵਿਤਾਵਾਂ ਝਰੀਟਣ
ਅਤੇ ਕਵੀ ਬਨਣ ਦਾ
ਭਰਮ ਪਾਲਣ ਵਾਲੇ
ਕਲਮ ਝਰੀਟਾਂ ਵਾਂਗੂੰ
ਲਿਖੇ ਹਨ।

ਤੁਸੀਂ ਤਾਂ ਆਪਣੇ-ਆਪ ਨੂੰ
ਜਮਾਤੀ ਸੰਗਰਸ਼ ਦੀ
ਮਘਦੀ- ਤਪਦੀ ਭੱਠੀ ਵਿੱਚ
ਬੇ-ਪਰਵਾਹ ਹੋ ਕੇ ਝੋਕਿਆ ਹੈ।

ਇਸ ਵਿੱਚੋਂ ਪੈਦਾ ਹੋਏ
ਨਫ਼ਰਤ, ਗੁੱਸਾ 'ਤੇ ਅਨੁਭਵ
ਚੇਤਨਤਾ ਦੀ ਲੋਅ
ਉਮੀਦਾਂ ਦੇ ਪਹਾੜ
ਜਿੱਤਣ ਦਾ ਅਟੱਲ ਵਿਸ਼ਵਾਸ
ਕੁਦਰਤ 'ਤੇ ਮਨੁੱਖੀ ਜੀਵਨ ਦਾ ਸੁਹਜ
ਤੁਹਾਡੀਆਂ ਕਵਿਤਾਵਾਂ ਵਿੱਚ
ਰੂਪਮਾਨ ਹੋਇਆ ਹੈ।

ਤੁਹਾਡੀਆਂ ਕਵਿਤਾਵਾਂ ਪੜ੍ਹ ਕੇ
ਤੁਹਾਡੇ ਜੀਵਨ ਸੰਗਰਾਮ ਬਾਰੇ
ਪੜ੍ਹ ਅਤੇ ਸੁਣਕੇ ਲੱਗਿਆ
ਤੁਸੀਂ ਖ਼ੁਦ ਇੱਕ ਖ਼ੂਬਸੂਰਤ
ਇਨਕਲਾਬੀ ਕਵਿਤਾ ਵਰਗੇ ਹੋ।

ਉਮੀਦ ਹੈ,
ਤੁਸੀਂ ਇਸ ਕਵਿਤਾ ਦੇ
ਅਜੇ ਹੋਰ ਹਰਫ਼ ਲਿਖੋਗੇ।
ਉਹ ਹਰਫ਼ ਤੁਹਾਡੇ ਵੱਲੋਂ ਹੁਣ ਤੱਕ ਲਿਖੇ
ਸਭ ਤੋਂ ਖ਼ੂਬਸੂਰਤ ਹਰਫ਼ ਹੋਣਗੇ।

ਤੁਸੀਂ ਸਿਰਫ਼ ਤੇਲਗੂ ਕਵੀ ਨਹੀਂ ਹੋ
ਤੁਹਾਨੂੰ ਲੋਕ ਕਵੀ ਕਹਿਣਾ ਵੀ ਹੁਣ
ਛੋਟਾ-ਛੋਟਾ ਲੱਗਦਾ ਹੈ।
ਤੁਸੀਂ ਵਿਦਰੋਹੀ ਸੁਰ ਦੇ
ਯੁੱਗ ਕਵੀ ਹੋ।

ਤੁਹਾਡੀਆਂ ਕਵਿਤਾਵਾਂ ਅਤੇ ਜ਼ਿੰਦਗੀਨਾਮਾ
ਲੋਕ ਯੁੱਗਾਂ-ਯੁਗਾਂਤਰਾ ਤੱਕ
ਪੜ੍ਹਦੇ ਰਹਿਣਗੇ।

ਯੁੱਗ ਕਵੀ ਵਰਵਰਾ ਰਾਓ
ਦਿਲ ਦੀਆਂ ਗਹਿਰਾਈਆਂ 'ਚੋਂ ਤੈਨੂੰ
ਸਲਾਮ -ਲਾਲ ਸਲਾਮ

ਤੇਰੀ ਘਾਲਣਾ ਲੋਕਾਂ ਦਾ
ਰਾਹ-ਦਰਸਾਵਾ ਹੈ
ਪ੍ਰੇਰਣਾ ਸ੍ਰੋਤ ਹੈ ।

ਤੁਸੀਂ ਲਿਖੀ ਜਾਓ, ਅਸੀਂ ਪੜ੍ਹੀ ਜਾਈਏ।
ਇਸੇ ਕਾਮਨਾ ਨਾਲ਼ ਸਾਥੀ ਵਰਵਰਾ ਰਾਓ
ਤੈਨੂੰ ਇੱਕ ਵਾਰ ਫੇਰ ਸਲਾਮ
ਲਾਲ ਸਲਾਮ
ਲਾਲ ਸਲਾਮ
• • •

ਦੋਵਾਂ ਲੱਤਾਂ ਤੋਂ ਆਰ੍ਹੀ
90% ਅਪਾਹਜ
ਵੀਲ ਚੇਅਰ 'ਤੇ ਚੱਲਦੇ
ਸਾਡੇ ਯੁੱਧ ਸਾਥੀ
ਪ੍ਰੋਫੈਸਰ ਜੀ.ਐੱਨ.ਸਾਂਈ ਬਾਬਾ
ਤੂੰ ਸਾਬਤ-ਸਬੂਤ
ਲੱਤਾਂ ਵਾਲਿਆਂ ਨੂੰ
ਜ਼ਿੰਦਗੀ ਦੇ ਸਫ਼ਰ ਦੀ
ਮਟਕ ਦੱਸੀ ਹੈ।

ਜੂਨ ਭੋਗਣ ਅਤੇ
ਜ਼ਿੰਦਗੀ ਜਿਉਣ ਵਿਚਲੇ
ਫ਼ਰਕ ਦੇ ਅਰਥ ਦੱਸੇ ਹਨ।

ਨਾਗਪੁਰ ਜੇਲ੍ਹ ਦੀਆਂ
ਉੱਚੀਆਂ ਕੰਧਾਂ
ਮੋਟੀਆਂ ਸਲਾਖਾਂ
ਦੇ ਪਿੱਛੇ
ਅੰਡਾ ਆਕਾਰ
ਪਿੰਜਰੇ 'ਚ ਬੰਦ

ਪ੍ਰੋਫੈਸਰ ਜੀ.ਐਨ. ਸਾਂਈਬਾਬਾ
ਤੇਰੇ ਸਿਰੜ, ਸਿਦਕ
ਅਤੇ ਘਾਲਣਾ ਨੂੰ ਸਲਾਮ।

## ਕੀ ਤੁਸੀਂ ਸੁੱਤੇ ਹੋ ?

ਜੇਕਰ ਤੁਹਾਨੂੰ
ਗੁਆਂਢ ਵਿਚ ਨਸ਼ੇ ਨਾਲ ਮਰੇ
ਇਕਲੌਤੇ ਪੁੱਤ ਦੀ ਮਾਂ ਦੇ
ਵੈਣ ਨਹੀਂ ਸੁਣਦੇ
ਪਰ ਨਸ਼ਾਬੰਦ ਕਰਾਉਣ ਵਾਲੇ
ਨੇਤਾ ਦੇ ਲਾਰੇ ਦੇ ਨਾਹਰੇ
ਬੜੀ ਦੂਰੋਂ ਵੀ ਸੁਣਦੇ ਹਨ

ਜੇਕਰ ਤੁਹਾਨੂੰ
ਤੁਹਾਡੇ ਪਿੰਡ
ਜੇਲ੍ਹਾਂ ਵਿਚ ਡੱਕੇ ਨਿਰਦੋਸ਼ਿਆਂ ਦੇ
ਹੱਕ ਵਿਚ ਹੁੰਦੀ
ਤਕਰੀਰ ਨਹੀਂ ਸੁਣਦੀ
ਪਰ ਅਕਾਰਨ
ਪ੍ਰਸੰਸਾ ਪੱਤਰ ਵੰਡਦਾ
ਨੇਤਾ ਦੋ ਕੋਹ ਤੋਂ ਵੀ ਦਿੱਸਦਾ ਹੈ

ਜੇਕਰ ਤੁਹਾਨੂੰ
ਤੁਹਾਡੇ ਸ਼ਹਿਰ ਵਿਚ
ਲੋਕਾਂ ਹੱਕਾਂ ਦੀ ਚੇਤਨਾ ਲਈ
ਹੋ ਰਹੀ ਰੈਲੀ ਦਾ ਇਕੱਠ
'ਤੇ ਤਣਦੇ ਮੁੱਕੇ ਨਹੀਂ ਦਿਸਦੇ
ਪਰ ਕਿਸੇ ਹਾਲ ਵਿਚ
ਲੱਚਰ ਗਾਇਕ ਨੂੰ ਸੁਣਨ ਆਈ
ਭੀੜ ਦਿਸਦੀ ਤੇ ਨਸ਼ਈਆਂ ਦੇ ਲਲਕਾਰੇ
ਸਾਫ਼ ਸੁਣਦੇ ਹਨ

ਤਾਂ ਮੁਆਫ਼ ਕਰਨਾ
ਤੁਸੀਂ ਸਿਰਫ਼ ਸੁੱਤੇ ਹੋਏ ਨਹੀਂ
ਬੋਲ਼ੇ ਵੀ ਹੋ।
ਚਾਹੇ ਤੁਸੀਂ ਲੇਖਕ ਹੋਵੇ ਜਾਂ ਪੱਤਰਕਾਰ

**ਬਲਜਿੰਦਰ ਸੰਘਾ**

## ਵਰਵਰਾ ਰਾਓ ਵੀ ਕੋਈ ਹੈ

ਅਜੇ ਤੀਕ
ਜੇ ਨਹੀਂ ਅੱਪੜਿਆ
ਦਾਵਾਨਲ ਦਾ ਸੇਕ ਸਾਡੇ ਘਰਾਂ ਤੀਕ
ਇਹਦਾ ਮਤਲਬ ਇਹ ਨਹੀ ਕਿ ਅਸੀਂ ਬਚੇ ਰਹਾਂਗੇ
ਫ਼ਨਾਹ ਹੋਣ ਜਾ ਰਹੀ ਬਸਤੀ ਦੀ
ਕਿਸੇ ਨੁੱਕਰ ਵਿੱਚ !

ਜੇ ਨਹੀਂ ਲੀਰਾਂ ਹੋਇਆ
ਤੁਹਾਡੇ ਵਿਸ਼ਵਾਸ ਦਾ ਮੁੱਗੜ ਹਾਲੇ ਵੀ
ਜੇ ਨਹੀਂ ਛੱਲਣੀ ਹੋਈ
ਅਜੇ ਵੀ ਅੰਤਰ ਆਤਮਾ ਤੁਹਾਡੀ
ਇਹਦਾ ਮਤਲਬ ਇਹ ਨਹੀਂ ਕਿ ਕੋਹੇ ਗਏ ਲੋਕ
ਦੇਸ਼ ਨੂੰ ਪਿਆਰ ਨਹੀਂ ਕਰਦੇ ਸੀ !

ਧੁੱਖਦੇ ਹੋਏ ਦੇਸ਼ ਦੀਆਂ
ਵਿਕੀਆਂ ਅਖ਼ਬਾਰਾਂ ਲੱਖ ਕਹਿਣ ਕਿ ਸਭ ਅੱਛਾ ਹੈ
ਚਗਲੇ ਹੋਏ ਚੈਨਲ ਚਾਹੇ ਗੁਆਚੇ ਰਹਿਣ
ਅਮਿਤਾਭ ਦੇ ਜਾਂਘੀਏ ਵਿੱਚ
ਪਰ ਇਹਦਾ ਮਤਲਬ ਇਹ ਨਹੀਂ ਕਿ
ਦੇਸ਼ ਵਿਚ ਸਿਰਫ ਭਗਤ ਹੀ ਰਹਿ ਗਏ ਨੇ ਬਾਕੀ !

ਜਿਨ੍ਹਾਂ ਦੇ ਮੱਥੇ ਦੀ ਸ਼ਿਕਨ
ਘਾਤਕ ਵਰਤਾਰਿਆਂ ਨੂੰ ਚਾਕ ਕਰਦੀ ਹੈ
ਜਿਨ੍ਹਾਂ ਦੇ ਚਿਹਰੇ ਦੀ ਮੁਸਕਾਨ
ਘੋਰ ਆਂਧੀਆਂ ਵਿਚ ਵੀ ਫਿੱਕੀ ਨਹੀਂ ਪਈ
ਅਜੇ ਵੀ ਜਿਉਂਦੇ ਨੇ ਉਹ ਲੋਕ !

ਜਿਨ੍ਹਾ ਲਈ ਸਿਰਜਣਾ
ਸਫ਼ਿਆਂ ਤੇ ਅੰਕਿਤ ਹੋਏ ਸ਼ਬਦ ਹੀ ਨਹੀਂ
ਜਿਨ੍ਹਾਂ ਦੀ ਕਵਿਤਾ ਪੁਰਸਕਾਰਾਂ ਵਾਸਤੇ ਨਹੀਂ
ਸਜ਼ਾ ਦੇ ਲਈ ਹੋਈ ਏ ਨਾਮਜ਼ਦ
ਅਜੇ ਵੀ ਜਿਉਂਦੇ ਨੇ ਉਹ ਕਵੀ
ਜਿੰਨ੍ਹਾ ਨਾਲ ਬਚਿਆ ਹੈ
ਕਵਿਤਾ ਦਾ ਗੌਰਵ !

**-ਸਰਬਜੀਤ ਸਿੰਘ ਸੋਹੀ**

## ਧੰਨਵਾਦ ਥੋਡਾ ਸਭ ਸੱਜਣਾ ਦਾ

ਲਿਖਣ ਦੀ ਆਦਤ ਪਾ ਚਲੇਓ
ਜੇ ਨਾ ਡਿਗਦੇ ਤਾਂ ਮਲਮ ਕੀ ਕਰਦੇ,
ਚੰਗਾ ਤੁਸੀਂ ਲਗਾ ਚਲੇਓ
ਆਪਣੇ ਬਾਰੇ ਨਹੀਂ ਪਤਾ ਸੀ ਮੈਨੂੰ,
ਚੰਗਾ ਤੁਸੀਂ ਸੁਣਾ ਚਲੇਓ
ਜਗਦਾ ਸੀ ਕਿਸੇ ਆਸ ਦਾ ਦੀਵਾ,
ਚੰਗਾ ਤੁਸੀਂ ਬੁਝਾ ਚਲੇਓ।
ਜਿੰਦਗੀ ਰਹੀ ਤਾਂ ਯਾਦ ਕਰਾਂਗੇ,
ਚੰਗਾ ਤੁਸੀਂ ਭੁਲਾ ਚਲੇਓ
ਸੌਂਗਿਆ ਸੀ ਮੈ ਆਪਣਿਆ ਵਿੱਚ,
ਚੰਗਾ ਤੁਸੀਂ ਜਗਾ ਚਲੇਓ
ਜਿੰਦਗੀ ਚਾਰ ਦਿਨਾਂ ਦਾ ਮੇਲਾ,
ਘੜੀਆਂ ਵਿੱਚ ਮੁਕਾ ਚਲੇਓ
ਸੱਚੀ ਸੌਂਹ ਵੀ ਚੰਗੀ ਨਹੀਓਂ,
ਪਰ ਤੁਸੀਂ ਝੂਠੀ ਹੀ ਖਾ ਚਲੇਓ
ਜਿੰਦਗੀ ਦੀ ਕਿਸ਼ਤੀ ਚਲਦੀ ਨੂੰ
ਘੁੰਮਣ ਘੇਰੀ ਲਾ ਚਲੇਓ
ਭਰੋਵਾਲ ਨੇ ਸੀ ਵਹਿਮ ਪਾਲਿਆ,
ਚੰਗਾ ਤੁਸੀਂ ਮਿਟਾ ਚਲੇਓ।

**ਦਵਿੰਦਰ ਸ਼ੇਰਗਿੱਲ**
+14312762749

## 'ਵਿਕਾਸ' ਦਾ ਐਨਕਾਉਂਟਰ

ਤੁਹਾਨੂੰ ਕੀ ਲਗਦਾ ਹੈ
'ਵਿਕਾਸ' ਦਾ ਐਨਕਾਉਂਟਰ ਹੋ ਗਿਆ ਹੈ ?
ਹੂੰਅ...
ਬਹੁਤ ਭੋਲੇ ਪਾਤਸ਼ਾਹ ਹੋ ਪਿਆਰਿਓ...
ਵਿਕਾਸ ਤਾਂ ਸੱਤਾ ਨੂੰ ਬਹੁਤ ਪਿਆਰਾ ਹੁੰਦਾ ਹੈ
ਤਾਂ ਹੀ ਤਾਂ ਇਹ ਸੱਤਾ ਦਾ
ਯੁਗਾਂ-ਯੁੱਗਾਂ ਦਾ ਨਾਅਰਾ ਹੁੰਦਾ ਹੈ..
ਸੱਤਾ ਨੂੰ ਜਦ ਲੋੜ ਪੈਂਦੀ ਹੈ
ਵਿਕਾਸ ਨੂੰ ਅੱਗੇ ਲਾ ਲੈਂਦੀ ਹੈ
ਸੱਤਾ ਦਾ ਜਦ ਮਤਲਬ ਹੱਲ ਹੋ ਜਾਂਦਾ ਹੈ
ਤਾਂ ਵਿਕਾਸ ਨੂੰ ਪਿੱਠ ਪਿੱਛੇ ਲੁਕਾ ਲੈਂਦੀ ਹੈ...
ਕਦੇ ਇਹ ਸੱਤਾ
ਵਿਕਾਸ ਨੂੰ ਬੁੱਕਲ ਵਿਚ ਬਿਠਾ ਲੋਰੀਆਂ ਦਿੰਦੀ ਹੈ
ਤੇ ਕਦੇ ਵਾਹਣਾਂ ਵਿਚ ਭਜਾ
ਗੋਲੀਆਂ ਦਿੰਦੀ ਹੈ...
ਵਿਕਾਸ ਵੀ ਉਂਝ ਘੱਟ ਨਹੀਂ ਹੈ
ਅਜਿਹਾ ਜਾਦੂਗਰ ਹੈ
ਜੋ ਸੱਤਾ ਨੂੰ ਆਪਣੇ ਇਸ਼ਾਰਿਆਂ ਤੇ ਨਚਾਉਂਦਾ ਹੈ
ਉਸ ਨਾਲ ਹੱਥ ਮਿਲਾਉਂਦਾ ਹੈ
ਐਸ਼ ਕਰਾਉਂਦਾ ਹੈ
ਤੇ ਐਸ਼ ਉਡਾਉਂਦਾ ਹੈ....
ਮੀਡੀਆ ਚੀਕ ਰਿਹਾ ਹੈ
ਕਿ ਵਿਕਾਸ ਦਾ ਐਨਕਾਉਂਟਰ ਹੋ ਗਿਆ ਹੈ
ਤੇ ਤੁਹਾਡੇ ਸੀਨੇ ਠੰਡ ਪੈ ਗਈ ਹੈ
ਤੁਹਾਨੂੰ ਕਦੇ ਸਮਝ ਨਹੀਂ ਆਉਣਾ
ਕਿ ਜਿਸ ਵਿਕਾਸ ਦਾ
ਐਨਕਾਉਂਟਰ ਹੋਇਆ ਹੈ
ਉਹ ਤਾਂ ਇਹਨਾਂ ਦੁਆਰਾ ਹੀ ਅਸਮਾਨ ਤੇ ਚੜ੍ਹਾਈ
ਪਤੰਗ ਸੀ
ਡੋਰ ਢਿੱਲੀ ਛੱਡੀ ਤਾਂ ਅੰਬਰਾਂ ਤੇ
ਕੱਟ ਦਿੱਤੀ ਤਾਂ ਧਰਤੀ ਤੇ..
ਵਿਕਾਸ ਹਮੇਸ਼ਾ ਹੀ
ਸੱਤਾ ਦਾ ਲਾਡਲਾ ਪੁੱਤ ਹੁੰਦਾ ਹੈ
ਜਿਸ ਨੂੰ ਉਹ ਆਪ ਘੜਦੀ ਹੈ
ਕਦੇ ਉਸ ਦਾ ਸਿੰਗਾਰ ਕਰਦੀ ਹੈ
ਤੇ ਕਦੇ ਸ਼ਿਕਾਰ ਕਰਦੀ ਹੈ
ਬਿਲਕੁਲ ਦਸ਼ਹਿਰੇ ਵਾਲੇ ਰਾਵਣ ਵਾਂਗ..
ਹਰ ਵਾਰ ਫੂਕਣ ਦੇ ਬਾਵਜੂਦ
ਨਾ ਉਹ ਰਾਵਣ ਹੀ ਮਰਿਆ ਹੈ
ਤੇ ਨਾ ਇਹ ਵਿਕਾਸ
ਸਗੋਂ ਰਾਵਣ ਦੇ ਦਸ ਸਿਰਾਂ ਦੀ ਥਾਂ
ਵਿਕਾਸ ਦੇ ਹਜ਼ਾਰ ਸਿਰ ਉੱਗ ਆਏ ਨੇ
ਤੇ ਇਹ ਸ਼ਾਤਿਰ ਵਿਕਾਸ
ਸਿਰਫ਼ ਇਕ ਦਿਖਾਉਂਦਾ ਹੈ
ਨੌਂ ਸੋ ਨੜਿੰਨਵੇਂ ਛਪਾਉਂਦਾ ਹੈ
ਇਸੇ ਲਈ ਤਾਂ
ਭੂਤਰੇ ਹੋਏ ਸਾਨ੍ਹ ਵਾਂਗ
ਗਲੀਆਂ ਵਿਚ ਦਨਦਨਾਉਂਦਾ ਹੈ...
ਹੁਣ ਉਹਨਾਂ ਹੀ ਹਜ਼ਾਰ ਸਿਰਾਂ ਨੇ
ਤੁਹਾਨੂੰ ਜਚਾ ਦਿੱਤਾ ਹੈ
ਕਿ ਚੈਨ ਦੀ ਨੀਂਦ ਸੌਂ ਜਾਓ
ਵਿਕਾਸ ਦਾ ਐਨਕਾਉਂਟਰ ਹੋ ਗਿਆ ਹੈ
ਤੇ ਤੁਸੀਂ ਬੀਬੇ ਰਾਣੇ ਬਣ
ਉਹਨਾਂ ਦੀ ਵਾਹ ਵਾਹ ਕਰ
ਫੇਰ ਸਿਰਹਾਣੇ ਥੱਲੇ ਬਾਂਹ ਧਰ ਕੇ ਸੌਂ ਜਾਓਗੇ
ਜਦ ਤੱਕ ਵਿਕਾਸ ਦਾ ਭੂਤ
ਦੋਬਾਰਾ ਨਹੀਂ ਜਾਗਦਾ...
ਵਿਕਾਸ ਦਾ ਐਨਕਾਉਟਰ ਕਦੇ ਨੀਂ ਹੁੰਦਾ...
ਇਹ ਤਾਂ ਛੁਪਣਗਾਹ ਹੈ
ਵਿਕਾਸਵਾਦੀਆਂ ਦੀ..

**ਕੁਲਦੀਪ ਸਿੰਘ ਦੀਪ**
**ਦੀਪ ਦੁਨੀਆਂ**
98768-20600

## ਵਰਵਰਾ ਅਤੇ ਸਾਥੀਆਂ ਨੂੰ

ਖਿਆਲ ਖੰਜਰ ਤੇ ਕਲਮ ਕਟਾਰ ਥੋਡੀ...
ਕੰਬੇ ਤਾਂਹੀਓ ਕਲ਼ੇਜੀ ਨਿੱਤ ਵੈਰੀਆਂ ਦੀ
ਉਮਰਾਂ ਜੇਡ ਕੁਰਬਾਨੀ ਸਾਹਵੇਂ ਜੇਲ੍ਹ ਬੌਣੀ
ਕੀ ਔਕਾਤ ਹੈ ਠਾਣੇ ਕਚਹਿਰੀਆਂ ਦੀ

ਸੁਰਤ ਸੰਭਲ਼ੀ ਤੱਕਿਆ ਦੈਂਤ ਭੈੜਾ
ਲੁੱਟ ਜ਼ਬਰ ਤੇ ਬੇਇਨਸਾਫ਼ੀਆਂ ਦਾ
ਕੋਮਲ ਹਿਰਦਿਆਂ ਨੂੰ ਜਰਾ ਨਾ ਜਰ ਹੋਵੇ
ਕਿਰਤ ਗਲ਼ੇ ਗੁਲਾਮੀ ਦੀਆਂ ਕਾਠੀਆਂ ਦਾ

ਸੋਚਾਂ ਨਿੱਖਰ ਕੇ ਤੇਜ ਤਰਾਰ ਹੋਈਆਂ
ਜਾ ਮੱਲਿਆ ਕਾਫ਼ਲਾ ਬਾਗੀਆਂ ਦਾ
ਬੜੀ ਵਾਰ ਹਿਸਾਬ ਕੀਤਾ ਪਿੰਡਿਆਂ ਨੇ
ਜ਼ੁਲਮੀ ਨਹੁੰਦਰਾਂ ਬੇਹਿਸਾਬੀਆਂ ਦਾ

ਇਹ ਪਹਿਲਾ ਵੀ ਨਹੀਂ ਤੇ ਸੌਖੜਾ ਵੀ ਨਹੀਂ
ਬੜੀ ਵਾਰ ਥੋਡੇ ਇਮਤਿਹਾਨ ਹੋ ਗਏ
ਉਹ ਹੋਰ ਨੇ ਜੋ ਡਰ ਤੇ ਝੁਕ ਜਾਂਦੇ
ਅਸਲੀ ਬਾਗੀਆਂ ਦੇ ਤੁਸੀਂ ਪ੍ਰਮਾਣ ਹੋ ਗਏ

ਵਰਵਰਾ ਵਰਵਰਾ ਗੂੰਜਦੈ ਹਰ ਪਾਸੇ
ਸਾਈਂ ਬਾਬਾ ਹਰ ਜ਼ੁਬਾਨ ਤੇ ਛਾ ਗਿਆ ਹੈ
ਤੇਲਤੂੰਬੜੇ ਸੁਧਾ ਨਵਲੱਖਿਆਂ ਨੇ
ਲੋਕ ਦਿਲਾਂ ਵਿੱਚ ਥਾਂ ਬਣਾ ਲਿਆ ਹੈ

ਜਿਹੜੀ ਜੀਭਾ ਤੇ ਕਲਮ ਸੱਚ ਸਦਾ ਉਚਰੇ
ਜੇਲ੍ਹਾਂ ਪਿੰਜਰਿਆਂ ਤੋਂ ਕਿੱਥੇ ਡਰਦੀਆਂ ਨੇ
ਲੈ ਮੁਕਤੀ ਦੀ ਰੌਸ਼ਨੀ ਇਹਨਾਂ ਕੋਲ਼ੋਂ
ਇਨਕਲਾਬ ਤੇ ਰਾਜ ਕੌਮਾਂ ਕਰਦੀਆਂ।

**ਲੇਖਕ ਗੁਰਮੇਲ ਸਿੰਘ ਭੁਟਾਲ਼**
9417759042

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਜਲ੍ਹਿਆਂਵਾਲੇ ਬਾਗ ਵਿਚ ਵਿਰਾਸਤ ਦੇ ਨਾਂ 'ਤੇ ਭਾਜਪਾ ਨੰਗੇਜ਼ ਪਰੋਸਣਾ ਬੰਦ ਕਰੇ : ਇਸਤਰੀ ਜਾਗਰਿਤੀ ਮੰਚ



ਜਲੰਧਰ (ਬਲਜਿੰਦਰ ਸਿੰਘ) : ਇਸਤਰੀ ਜਾਗਰਿਤੀ ਮੰਚ ਨੇ ਜਲ੍ਹਿਆਂਵਾਲੇ ਬਾਗ ਵਿਚ ਸੁੰਦਰੀਕਰਨ ਅਤੇ ਪੁਰਾਤਨ ਵਿਰਾਸਤ ਬਚਾਉਣ ਦੇ ਨਾਮ ਹੇਠ ਭਾਜਪਾ ਸਰਕਾਰ ਵਲੋਂ ਨੰਗੇਜ਼ ਪਰੋਸਣ ਦਾ ਨੋਟਿਸ ਲੈਂਦਿਆਂ ਨਿਖੇਧੀ ਕੀਤੀ ਹੈ ਅਤੇ ਮੰਚ ਦੇ ਆਗੂਆਂ ਨੇ ਕਿਹਾ ਕਿ ਜੇਕਰ ਇਹ ਨੰਗੇਜ਼ ਬੰਦ ਨਾ ਕੀਤਾ ਗਿਆ ਤਾਂ ਇਸਤਰੀ ਜਾਗਰਿਤੀ ਮੰਚ ਆਪਣੀਆਂ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਕਰਨ ਲਈ ਮਜ਼ਬੂਰ ਹੋਵੇਗਾ।

ਇਸ ਸਮੇਂ ਇਸਤਰੀ ਜਾਗਿਰੀ ਮੰਚ ਦੇਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ ਅਤੇ ਜਨਰਲ ਸਕੱਤਰ ਅਮਨਦੀਪ ਕੌਰ ਦਿਓਲ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਦੀ ਵਿਰਾਸਤ ਜੋ ਕਿ ਹਰ ਤਰ੍ਹਾਂ ਦੇ ਭੇਦ-ਭਾਵ ਤੋਂ ਉਪਰ ਉੱਠ ਕੇ ਨਾ-ਬਰਾਬਰੀ ਖਿਲਾਫ਼ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੰਦੀ ਹੈ, ਨੂੰ ਸਰਕਾਰ ਤਹਿਸ਼-ਨਹਿਸ਼ ਕਰਨ ਦੇ ਰਾਹ ਪਈ ਹੋਈ ਹੈ। ਅੰਗਰੇਜ਼ਾਂ ਦੇ ਸਮੇਂ ਜਿਸ ਤਰ੍ਹਾਂ ਲੋਕਾਂ ਨੇ ਰੌਲਟ ਐਕਟ ਦਾ ਡਟ ਕੇ ਵਿਰੋਧ ਕੀਤਾ ਸੀ, ਉਸੇ ਤਰ੍ਹਾਂ ਹੀ ਭਾਜਪਾ ਸਰਕਾਰ ਅਜੋਕੇ ਸਮੇਂ 'ਚ ਯੂਏਪੀਏ ਲੋਕਾਂ 'ਤੇ ਮੜ੍ਹ ਰਹੀ ਹੈ। ਅਜਿਹੇ ਸਮਿਆਂ ਵਿਚ ਜਲ੍ਹਿਆਂਵਾਲੇ ਬਾਗ ਦਾ ਵਿਰਸਾ ਹਰ ਇਕ ਵਰਗ ਲਈ ਪ੍ਰੇਰਣਾ ਦਾ ਸਰੋਤ ਹੈ।

ਆਗੂਆਂ ਨੇ ਕਿਹਾ ਕਿ ਅੱਜ ਸਾਡੇ ਦੇਸ਼ ਵਿਚ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅੱਤਿਆਚਾਰ ਦਾ ਬੋਲਬਾਲਾ ਹੈ ਤੇ ਲੋਕ ਆਪਣੀ ਇਸ ਵਿਰਾਸਤ ਤੋਂ ਪ੍ਰੇਰਣਾ ਲੈ ਕੇ ਇਨ੍ਹਾਂ ਖਿਲਾਫ਼ ਸੰਘਰਸ਼ ਕਰ ਰਹੇ ਹਨ। ਭਾਜਪਾ ਸਰਕਾਰ ਆਪਣੇ ਫਾਸ਼ੀ ਏਜੰਡੇ ਤਹਿਤ ਇਸ ਤਰ੍ਹਾਂ ਦੀ ਇਤਿਹਾਸਕ ਵਿਰਾਸਤ ਦਾ ਤੱਤ ਖਤਮ ਕਰਕੇ ਇਸ ਨੂੰ ਸਿਰਫ਼ ਸੈਰ ਸਪਾਟੇ ਦੀ ਥਾਂ ਬਣਾਉਣਾ ਚਾਹੁੰਦੀ ਹੈ ਤਾਂ ਕਿ ਲੋਕ ਘੋਲਾਂ ਨੂੰ ਦਬਾਇਆ ਜਾ ਸਕੇ।

ਇਸ ਮੌਕੇ ਇਸਤਰੀ ਜਾਗਰਿਤੀ ਮੰਚ ਨੇ ਮੰਗ ਕੀਤੀ ਕਿ ਇਸ ਤਰ੍ਹਾਂ ਦਾ ਨੰਗੇਜ਼ ਪਰੋਸਣ ਦੀ ਥਾਂ ਜਲ੍ਹਿਆਂਵਾਲੇ ਬਾਗ ਨਾਲ ਸ਼ਹੀਦਾਂ ਦੀ ਤਸਵੀਰਾਂ ਬਾਗ ਅੰਦਰ ਲਾਈਆਂ ਜਾਣ।


ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794



Reliance Immigration

Reliance Immigration Inc

K.P. Singh
RCIC




#205 - 13737 72 Ave
Surrey, BC, V3W 2P2
kp@relianceimmigration.ca

Off. : 604-597-0440
Fax : 604-597-2332



SHAAN CONSTRUCTION LTD.

25+ years of experience

Call for a Free Estimate
MALKIT SWAICH
778.889.9526

- General Contracting
- Quality Custom Homes
- Quality Framing
- 2-5-10 Year Warranty

2-5-10 Year Warranty



A Class Granite Ltd.

A CLASS GRANITE
PRICED RIGHT AND DONE RIGHT





WWW.ACLASSGRANITE.ORG

CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS



WEST COAST HOME & TRUSS LTD.

Manufacturers of Quality Pre-Engineered Metal Plate Connected Wood Trusses

CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

HOMELIFE HIGHER STANDARDS

HOMELIFE SILVERCITY
REALTY INC.,BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS

HOMELIFE HIGHER STANDARDS

HOMELIFE SILVERCITY
REALTY INC.,BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract

JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Dubra : 403-690-2885
Rani Dubra : 403-612-7881
Amar Dubra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.